EVEREST TRANSPORT INC
We are Hiring
Company Drivers
Solo driver 50 cents per miles+Safety Bonus
*3000 plus miles per week.*
Call, Goldy Ph: 260-797-1122



BIG BAZAAR
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
*Chat House is OPEN 7 Days *New meat shop is open now, next to big bazaar
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery



Buying/Selling *in Michigan*
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150, Plymouth, MI 48170
Call: 734-751-4455
rajsshergill@yahoo.com
Raj Shergill
*Associate Broker*



Twentieth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 30, July 27, 2019 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਕੈਪਟਨ ਸਰਕਾਰ ਦੀ ਨੀਅਤ 'ਤੇ ਫਿਰ ਉਠੇ ਸਵਾਲ

## ਨਸ਼ਿਆਂ ਖਿਲਾਫ ਮੁਹਿੰਮ

**ਚੰਡੀਗੜ੍ਹ:** ਕੈਪਟਨ ਸਰਕਾਰ ਵਲੋਂ ਨਸ਼ਿਆਂ ਖਿਲਾਫ ਮੁਹਿੰਮ ਲਈ ਬਣਾਈ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਦਾ ਮੁਖੀ ਇਕ ਵਾਰ ਮੁੜ ਬਦਲ ਦਿੱਤਾ ਗਿਆ ਹੈ। ਦੋ ਸਾਲ ਵਿਚ ਇਹ ਚੌਥਾ ਮੌਕਾ ਹੈ, ਜਦੋਂ ਨਸ਼ਿਆਂ ਖਿਲਾਫ ਮੁਹਿੰਮ ਦਾ ਮੁਖੀ ਬਦਲਿਆ ਗਿਆ ਹੈ। ਸਰਕਾਰ ਨੇ ਐਸ.ਟੀ.ਐਫ. ਦੇ ਪਹਿਲੇ ਮੁਖੀ ਏ.ਡੀ.ਜੀ.ਪੀ. ਹਰਪ੍ਰੀਤ ਸਿੰਘ ਸਿੱਧੂ ਨੂੰ ਮੁੜ ਇਸ ਮੁਹਿੰਮ ਦੀ ਅਗਵਾਈ ਸੌਂਪੀ ਹੈ। ਇਸ ਫੈਸਲੇ ਪਿਛੋਂ ਵਿਰੋਧੀ ਧਿਰਾਂ ਨੇ ਕੈਪਟਨ ਸਰਕਾਰ ਨੂੰ ਘੇਰਿਆ ਹੋਇਆ ਹੈ।




ਮੰਨਿਆ ਜਾ ਰਿਹਾ ਹੈ ਕਿ ਪਿਛਲੇ ਕੁਝ ਮਹੀਨਿਆਂ ਤੋਂ ਪੰਜਾਬ ਅੰਦਰੋਂ ਤੇ ਸਰਹੱਦ ਉਤੇ ਹੈਰੋਇਨ, ਅਫੀਮ ਅਤੇ ਨਸ਼ੀਲੀਆਂ ਦਵਾਈਆਂ ਦੀਆਂ ਵੱਡੀਆਂ ਖੇਪਾਂ ਫੜੇ ਜਾਣ ਤੇ ਨਸ਼ਿਆਂ ਦੀ ਵੱਧ ਮਾਤਰਾ ਨਾਲ ਨੌਜਵਾਨਾਂ ਦੀਆਂ ਰੋਜ਼ਾਨਾ ਮੌਤਾਂ ਕਾਰਨ ਪੰਜਾਬ ਸਰਕਾਰ ਦੇ ਨਸ਼ਿਆਂ ਨੂੰ ਠੱਲ੍ਹ ਪਾਉਣ ਦੇ ਦਾਅਵਿਆਂ ਉਤੇ ਸਵਾਲ ਉਠਣ ਲੱਗੇ ਸਨ। ਹੁਣ ਅਣਸਰਦੇ ਨੂੰ ਸਰਕਾਰ ਨੂੰ ਇਹ ਕਦਮ ਚੁੱਕਣਾ ਪਿਆ ਹੈ। ਕੈਪਟਨ ਸਰਕਾਰ ਬਣਦਿਆਂ ਹੀ ਨਸ਼ਿਆਂ ਖਿਲਾਫ ਮੁਹਿੰਮ ਚਲਾਉਣ ਲਈ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਦਾ ਗਠਨ ਕਰਦਿਆਂ ਪੁਲਿਸ ਦੇ ਸਖਤ ਅਫਸਰ ਸਮਝੇ ਜਾਂਦੇ ਏ.ਡੀ.ਜੀ.ਪੀ. ਹਰਪ੍ਰੀਤ ਸਿੰਘ ਸਿੱਧੂ ਨੂੰ ਇਸ ਦੀ ਕਮਾਨ ਸੰਭਾਲੀ ਸੀ। ਉਹ ਉਸ ਸਮੇਂ ਸੀ.ਆਰ.ਪੀ.ਐਫ. ਵਿਚ ਡੈਪੂਟੇਸ਼ਨ 'ਤੇ ਸਨ ਅਤੇ ਛੱਤੀਸਗੜ੍ਹ 'ਚ ਨਕਸਲੀ ਲਹਿਰ ਨੂੰ ਕੁਚਲਣ ਲਈ ਚਲਾਈ ਮੁਹਿੰਮ ਵਿਚ ਸਰਗਰਮ ਸਨ।

ਸ੍ਰੀ ਸਿੱਧੂ ਦੀਆਂ ਵਾਗਾਂ ਇੰਨੀਆਂ ਖੁੱਲ੍ਹੀਆਂ ਕੀਤੀਆਂ ਗਈਆਂ ਸਨ ਕਿ ਉਹ ਡੀ.ਜੀ.ਪੀ. ਅਧੀਨ ਨਹੀਂ ਸਨ ਅਤੇ ਸਿੱਧਾ ਮੁੱਖ ਮੰਤਰੀ ਦੀ ਕਮਾਨ ਹੇਠ ਸਨ। ਉਨ੍ਹਾਂ ਨੂੰ ਨਾਲ ਹੀ ਏ.ਡੀ.ਜੀ.ਪੀ. (ਸਰਹੱਦੀ ਖੇਤਰ) ਦਾ ਚਾਰਜ ਵੀ ਦਿੱਤਾ ਗਿਆ ਸੀ ਪਰ ਐਸ.ਟੀ.ਐਫ. ਦੀ ਨਸ਼ਿਆਂ ਵਿਰੋਧੀ ਮੁਹਿੰਮ ਦਾ ਸੇਕ ਜਦੋਂ ਵੱਡੇ ਅਫਸਰਾਂ ਤੱਕ ਪੁੱਜਣ ਲੱਗਾ ਤਾਂ ਅਫਸਰਸ਼ਾਹੀ ਵਿਚ ਹਲਚਲ ਮੱਚ ਗਈ। ਪੁਲਿਸ ਅਫਸਰਸ਼ਾਹੀ 'ਚ ਪੈਦਾ ਹੋਈ ਧੜੇਬੰਦੀ ਸ੍ਰੀ ਸਿੱਧੂ ਦੀ ਮੁੱਖ ਮੰਤਰੀ ਦਫਤਰ ਨਾਲ ਨੇੜਤਾ ਨੂੰ ਵੀ ਪ੍ਰਭਾਵਿਤ ਕਰਨ ਲੱਗੀ ਅਤੇ ਇਹ ਪ੍ਰਭਾਵ ਬਣਿਆ ਕਿ ਸ੍ਰੀ ਸਿੱਧੂ ਡੀ.ਜੀ.ਪੀ. ਚਟੋਉਪਾਧਿਆ ਦੀ ਹਮਾਇਤ ਕਰ ਹਨ ਜਿਨ੍ਹਾਂ ਪੰਜਾਬ ਦੇ ਦੋ ਡੀ.ਜੀ.ਪੀ. ਰੈਂਕ ਦੇ ਅਧਿਕਾਰੀਆਂ 'ਤੇ ਨਸ਼ਿਆਂ ਦੇ ਵਪਾਰ 'ਚ ਉਲਝੇ ਕਈ ਅਧਿਕਾਰੀਆਂ ਦੀ ਹਮਾਇਤ ਕੀਤੇ ਜਾਣ ਦਾ ਖੁਲਾਸਾ ਹਾਈਕੋਰਟ ਵਿਚ ਕੀਤਾ ਸੀ। ਇਸੇ ਕਾਰਨ ਤਤਕਾਲੀ ਡੀ.ਜੀ.ਪੀ. ਸੁਰੇਸ਼ ਅਰੋੜਾ ਅਤੇ ਮੌਜੂਦਾ ਡੀ.ਜੀ.ਪੀ.ਦਿਨਕਰ ਗੁਪਤਾ ਜੋ ਉਸ ਸਮੇਂ ਖੁਫੀਆ ਵਿੰਗ ਦੇ ਮੁਖੀ ਸਨ, ਨਾਲ ਸ੍ਰੀ ਸਿੱਧੂ ਵੀ ਟਕਰਾਅ 'ਚ ਆ ਗਏ ਤੇ ਆਖਰ ਅਫ਼ਸਰਸ਼ਾਹੀ 'ਚ ਪੈਦਾ ਹੋਈ ਧੜੇਬੰਦੀ ਦਾ ਤਵਾਜ਼ਨ ਕਾਇਮ ਰੱਖਣ ਦੀ ਮਜਬੂਰੀ ਵਿਚ ਮੁੱਖ ਮੰਤਰੀ ਨੂੰ ਆਪਣੇ ਚਹੇਤੇ ਹਰਪ੍ਰੀਤ ਸਿੰਘ ਸਿੱਧੂ ਨੂੰ ਇਸ ਅਹੁਦੇ ਤੋਂ ਹਟਾਉਣ ਦਾ ਕੌੜਾ ਘੁੱਟ ਭਰਨਾ ਪਿਆ ਸੀ।

ਸਤੰਬਰ 2018 ਨੂੰ ਸ੍ਰੀ ਸਿੱਧੂ ਨੂੰ ਬਦਲ ਕੇ ਮੁੱਖ ਮੰਤਰੀ ਦਫਤਰ 'ਚ ਵਿਸ਼ੇਸ਼ ਸਕੱਤਰ ਦੇ ਬਹੁਤ ਹੀ ਘੱਟ ਅਹਿਮ ਅਹੁਦੇ 'ਤੇ ਤਾਇਨਾਤ ਕਰ ਦਿੱਤਾ ਗਿਆ ਸੀ। ਉਨ੍ਹਾਂ ਤੋਂ ਬਾਅਦ ਐਸ.ਟੀ.ਐਫ. ਦਾ ਮੁਖੀ ਡੀ.ਜੀ.ਪੀ. ਮੁਹੰਮਦ ਮੁਸਤਫਾ ਅਤੇ ਫਿਰ ਏ.ਡੀ.ਜੀ.ਪੀ.ਗੁਰਪ੍ਰੀਤ ਕੌਰ ਦਿਓ ਨੂੰ ਬਣਾਇਆ ਗਿਆ ਸੀ। ਸਿੱਧੂ ਨੂੰ ਐਸ.ਟੀ.ਐਫ. ਵਿਚੋਂ ਬਦਲੇ ਜਾਣ ਬਾਅਦ ਬਹੁਤ ਸਾਰੇ ਅਹਿਮ ਪੁਲਿਸ ਅਧਿਕਾਰੀਆਂ ਨੇ ਬਦਲੀਆਂ ਕਰਵਾ ਲਈਆਂ ਤੇ ਐਸ.ਟੀ.ਐਫ. ਡੀ.ਜੀ.ਪੀ. ਦੇ ਅਧੀਨ ਕਰ ਦਿੱਤੀ ਗਈ। ਹੁਣ ਇਸ ਗੱਲ 'ਤੇ ਸਵਾਲੀਆ ਚਿੰਨ੍ਹ ਹੀ ਲੱਗਾ ਹੈ ਕਿ ਸਿੱਧੂ ਦੀ


*(ਬਾਕੀ ਸਫਾ 8 ਉਤੇ)*


# ਫਿਰ ਟੁੱਟੀਆਂ ਨਿਆਂ ਦੀਆਂ ਉਮੀਦਾਂ

## ਸਿੱਖ ਕਤਲੇਆਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 1984 ਸਿੱਖ ਕਤਲੇਆਮ ਦੇ 33 ਦੋਸ਼ੀਆਂ ਨੂੰ ਜ਼ਮਾਨਤ ਦੇ ਦਿੱਤੀ। ਇਨ੍ਹਾਂ ਦੋਸ਼ੀਆਂ ਨੇ ਦਿੱਲੀ ਹਾਈਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਸੀ। ਦਿੱਲੀ ਦੇ ਤ੍ਰਿਲੋਕਪੁਰੀ ਇਲਾਕੇ 'ਚ ਦਰਜ ਕੇਸ ਵਿਚ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਇਨ੍ਹਾਂ ਨੂੰ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਸੀ। ਤ੍ਰਿਲੋਕਪੁਰੀ ਵਿਚ 77 ਸਿੱਖਾਂ ਨੂੰ ਜਿਊਂਦੇ ਸਾੜ ਦਿੱਤਾ ਸੀ। ਇਸ ਮਾਮਲੇ 'ਚ ਅਦਾਲਤ ਨੇ 89 ਲੋਕਾਂ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਪੰਜ ਸਾਲ ਦੀ ਸਜ਼ਾ ਸੁਣਾਈ ਸੀ। ਪੁਲਿਸ ਨੇ ਹੁਣ ਤੱਕ 55 ਲੋਕਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜਿਆ ਸੀ ਜਿਨ੍ਹਾਂ ਵਿਚੋਂ 33 ਨੂੰ ਸੁਪਰੀਮ ਕੋਰਟ ਨੇ ਜ਼ਮਾਨਤ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ 15 ਦੋਸ਼ੀਆਂ ਨੂੰ ਬਰੀ ਕਰ ਦਿੱਤਾ ਸੀ।

ਇਹ ਲੋਕ ਦੰਗੇ ਭੜਕਾਉਣ, ਘਰਾਂ ਨੂੰ ਅੱਗ ਲਾਉਣ ਤੇ ਕੌਮੀ ਰਾਜਧਾਨੀ ਦੇ ਤ੍ਰਿਲੋਕਪੁਰੀ ਇਲਾਕੇ ਵਿਚ ਕਰਫਿਊ ਦੀ ਉਲੰਘਣਾ ਕਰਨ ਦੇ ਦੋਸ਼ੀ ਹਨ। ਸੁਪਰੀਮ ਕੋਰਟ ਨੇ 30 ਅਪਰੈਲ ਨੂੰ ਇਸ ਮਾਮਲੇ ਵਿਚ ਦੋਸ਼ੀ ਠਹਿਰਾਏ ਗਏ 15 ਜਣਿਆ ਨੂੰ ਬਰੀ ਕਰ ਦਿੱਤਾ ਸੀ। ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਨੇ ਦਿੱਲੀ ਹਾਈਕੋਰਟ ਦੇ 28 ਨਵੰਬਰ, 2018 ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੇ 15 ਦੋਸ਼ੀਆਂ ਵਲੋਂ ਪੰਜ ਅਪੀਲਾਂ ਦੀ ਇਜਾਜ਼ਤ ਦਿੱਤੀ ਸੀ, ਜਿਸ ਨੇ ਮੁਲਜ਼ਮਾਂ ਨੂੰ ਦੋਸ਼ੀ ਠਹਿਰਾਉਣ ਵਾਲੇ ਇਕ ਹੇਠਲੀ ਅਦਾਲਤ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਸੀ।

ਸੁਪਰੀਮ ਕੋਰਟ ਨੇ 5 ਜੁਲਾਈ ਨੂੰ ਐਨ. ਸੀ. ਟੀ., ਸਰਕਾਰ ਤੇ ਦਿੱਲੀ ਪੁਲਿਸ ਨੂੰ ਹਾਈਕੋਰਟ ਵੱਲੋਂ ਪੰਜ ਸਾਲ ਦੀ ਕੈਦ ਦੀ ਸਜ਼ਾ ਨੂੰ ਚੁਣੌਤੀ ਦੇਣ ਵਾਲੇ 33 ਮੁਲਜ਼ਮਾਂ ਵੱਲੋਂ ਦਾਇਰ ਪਟੀਸ਼ਨਾਂ ਦਾ ਜਵਾਬ ਦੇਣ ਲਈ ਕਿਹਾ ਸੀ। ਯਾਦ ਰਹੇ, ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਪਿਛੋਂ 31 ਅਕਤੂਬਰ 1984 ਨੂੰ ਹੋਏ ਦੰਗਿਆਂ 'ਚ ਕਰੀਬ 3000 ਸਿੱਖ ਮਾਰੇ ਗਏ ਸਨ। ਤ੍ਰਿਲੋਕਪੁਰੀ 'ਚ 31 ਅਕਤੂਬਰ ਤੇ 3 ਨਵੰਬਰ 1984 ਦਰਮਿਆਨ ਦੰਗੇ ਹੋਏ। ਜਿਸ ਦੌਰਾਨ ਸਿੱਖਾਂ ਦਾ ਵੱਡਾ ਜਾਨੀ ਤੇ ਮਾਲੀ ਨੁਕਸਾਨ ਕੀਤਾ ਗਿਆ।


India Palace Restaurant
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550
Amber Indian Restaurant
*Restaurant-Fine Indian Cuisine*
12510 N. Meridian St., Carmel, IN
Ph: 317-580-0828
We do private party's & catering at your home or business.
*Call, Lakhvir S. Johal*
*Ph: 317-709-7800*
www.indianpalaceindy.com
www.AmberIndianRestaurantCarmel.com



BEST FARE GUARANTEE
WorldWide Travel
www.fly2world.com
866 66 INDIA
46342
734 838 9998
24 ਘੰਟੇ ਐਮਰਜੈਂਸੀ ਸੇਵਾ
Please call our office for more details on latest fares



ੴ ਸਤਿ ਸ਼੍ਰੀ ਅਕਾਲ
Regal Jewels
Ph: 773-262-4377
www.Regaljewels.Com
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ
Diamonds
ਡਾਇਮੰਡ
22kt Gold
22kt ਸੋਨਾ
24kt Gold
24kt ਸੋਨਾ
Rajveer S. Gill
847-907-1525
2625 W. Devon Ave.
Chicago, IL 60659
E-mail: regaljewelsinc@gmail.com

# ਸਾਲਵੇਸ਼ਨ ਆਰਮੀ ਵਲੋਂ ਸਿੱਖ ਰਿਲੀਜੀਅਸ ਸੁਸਾਇਟੀ ਦਾ ਸਨਮਾਨ

**ਸ਼ਿਕਾਗੋ (ਬਿਊਰੋ):** ਸਾਲਵੇਸ਼ਨ ਆਰਮੀ ਨੇ ਸ਼ਿਕਾਗੋ ਦੀ ਸਬਰਬ ਪੈਲਾਟਾਈਨ ਦੀ ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਦਾ 'ਲਾਈਫ ਟਾਈਮ ਸਰਵਿਸ ਐਵਾਰਡ' (ਸੇਵਾ ਲਈ ਤਾ-ਉਮਰ ਇਨਾਮ) ਨਾਲ ਸਨਮਾਨ ਕੀਤਾ ਹੈ। ਇਹ ਐਵਾਰਡ ਦੇਣ ਲਈ ਸਾਲਵੇਸ਼ਨ ਆਰਮੀ, ਸ਼ਿਕਾਗੋ ਵਲੋਂ ਮੇਜਰ ਨੈਂਸੀ ਪਾਵਰਜ਼ ਗੁਰਦੁਆਰਾ ਪੈਲਾਟਾਈਨ ਉਚੇਚਾ ਪਹੁੰਚੇ।



ਮੇਜਰ ਨੈਂਸੀ ਪਾਵਰਜ਼ ਤੋਂ ਅਵਾਰਡ ਪ੍ਰਾਪਤ ਕਰਦੇ ਹੋਏ ਗੁਰਦੁਆਰਾ ਪੈਲਾਟਾਈਨ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾ. ਪਰਦੀਪ ਸਿੰਘ ਗਿੱਲ ਅਤੇ ਹੋਰ ਬੋਰਡ ਮੈਂਬਰ

ਮੇਜਰ ਨੈਂਸੀ ਪਾਵਰਜ਼ ਤੋਂ ਪਲੇਕ ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾ. ਪਰਦੀਪ ਸਿੰਘ ਗਿੱਲ ਅਤੇ ਟਰਸਟੀਆਂ-ਪ੍ਰੇਮਪਾਲ ਸਿੰਘ, ਗੁਰਮੀਤ ਸਿੰਘ ਬੈਂਸ, ਇਰਵਿਨਪ੍ਰੀਤ ਸਿੰਘ, ਅਮਰਦੇਵ ਸਿੰਘ ਬਦੇਸ਼ਾ, ਜੈਰਾਮ ਸਿੰਘ ਕਾਹਲੋਂ, ਡਾ. ਬਲਵੰਤ ਸਿੰਘ ਹੰਸਰਾ ਅਤੇ ਗੁਰਦੀਪ ਸਿੰਘ ਸੰਘਾ ਨੇ ਹਾਸਲ ਕੀਤਾ। ਮਿਡਵੈਸਟ ਵਿਚ ਸਿੱਖ ਰਿਲੀਜੀਅਸ ਸੁਸਾਇਟੀ ਅਜਿਹੀ ਪਹਿਲੀ ਸੰਸਥਾ ਬਣ ਗਈ ਹੈ, ਜਿਸ ਨੂੰ ਸਾਲਵੇਸ਼ਨ ਆਰਮੀ ਨੇ ਇਹ ਮਾਣ ਦਿੱਤਾ ਹੈ।

ਯਾਦ ਰਹੇ, ਸਾਲਵੇਸ਼ਨ ਆਰਮੀ ਇੰਟਰਨੈਸ਼ਨਲ ਵੱਡੀ ਈਸਾਈ ਮਿਸ਼ਨਰੀ ਸੰਸਥਾ ਹੈ, ਜੋ 150 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਕਰੀਬ 130 ਦੇਸ਼ਾਂ ਵਿਚ ਸੇਵਾਵਾਂ ਕਰ ਰਹੀ ਹੈ। ਇਸ ਦਾ ਮੁੱਖ ਕਰਾਜ ਖੇਤਰ ਸਮਾਜਕ ਨਿਆਂ, ਬਜੁਰਗਾਂ ਦੀ ਸਾਂਭ-ਸੰਭਾਲ, ਬੇਘਰੇ ਨੌਜਵਾਨਾਂ ਦੀ ਮਦਦ ਆਦਿ ਹੈ।

ਇਸ ਮੌਕੇ ਸਾਲਵੇਸ਼ਨ ਆਰਮੀ ਵਲੋਂ ਸਰਵਣ ਸਿੰਘ ਰਾਜੂ ਨੂੰ 'ਮੇਕਿੰਗ ਦਿ ਡਿਫਰੈਂਸ ਐਵਾਰਡ' (ਵਿਲੱਖਣ ਇਨਾਮ) ਦਿੱਤਾ ਗਿਆ। ਗੁਰੂ ਘਰ ਵਲੋਂ ਮੇਜਰ ਨੈਂਸੀ ਪਾਵਰਜ਼ ਦਾ ਪਲੈਕ ਦੇ ਕੇ ਸਨਮਾਨ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਸਰਵਣ ਸਿੰਘ ਰਾਜੂ, ਹਰਦਿਆਲ ਸਿੰਘ ਦਿਓਲ, ਇਕਬਾਲ ਸਿੰਘ ਚੋਪੜਾ, ਠਾਕਰ ਸਿੰਘ ਬਸਾਤੀ, ਜਸਬੀਰ ਸਿੰਘ ਭੱਲਾ, ਸ਼ਿਵਾ ਸਿੰਘ ਖਾਲਸਾ, ਸ਼ਬਦ ਕੌਰ, ਡਾ. ਜਸਵੀਰ ਕੌਰ, ਅਮਰਦੇਵ ਸਿੰਘ ਬਦੇਸ਼ਾ, ਕੁਲਦੀਪ ਸਿੰਘ ਮੱਕੜ, ਕਮਲਜੀਤ ਸਿੰਘ ਵਿਰਦੀ, ਖੁਸ਼ਪਾਲ ਸਿੰਘ ਸੋਢੀ, ਕੁਲਦੀਪ ਸਿੰਘ ਸਿੱਬਲ, ਲਾਡੀ ਕੇ. ਸਿੰਘ, ਸੁਖਮੇਲ ਸਿੰਘ ਅਟਵਾਲ, ਗੁਰ ਸਿੰਘ, ਸੁਰਿੰਦਰਪਾਲ ਸਿੰਘ ਕਾਲੜਾ, ਜੈਰਾਮ ਸਿੰਘ ਕਾਹਲੋਂ, ਲਖਬੀਰ ਸਿੰਘ, ਓਂਕਾਰ ਸਿੰਘ ਲਾਲ, ਕੁਲਦੀਪ ਸਿੰਘ ਸਰਾਂ, ਲਾਲ ਸਿੰਘ, ਗੀਤਾ ਸਿੰਘ, ਅਮਰਜੀਤ ਸਿੰਘ ਚਾਵਲਾ, ਟਿਮਕੀ ਕੌਰ ਅਤੇ ਸਿੱਖ ਭਾਈਚਾਰੇ ਦੇ ਹੋਰ ਪਤਵੰਤੇ ਸੱਜਣ ਸ਼ਿਕਾਗੋ ਅਤੇ ਇਸ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਪਿਛਲੇ ਦੋ ਦਹਾਕਿਆਂ ਤੋਂ ਕਰਮਸ਼ੀਲ ਹਨ। ਉਹ ਸਾਲਵੇਸ਼ਨ ਆਰਮੀ ਵਲੋਂ ਥੈਂਕਸ ਗਿਵਿੰਗ ਡੇਅ ਅਤੇ ਕ੍ਰਿਸਮਸ ਡੇਅ ਮੌਕੇ ਕਰਵਾਏ ਜਾਂਦੇ ਸਮਾਗਮਾਂ ਵਿਚ ਵੀ ਹਿੱਸਾ ਲੈਂਦੇ ਰਹਿੰਦੇ ਹਨ।



ਸਰਵਣ ਸਿੰਘ ਰਾਜੂ ਮੇਜਰ ਨੈਂਸੀ ਪਾਵਰਜ਼ ਤੋਂ 'ਮੇਕਿੰਗ ਦਿ ਡਿਫਰੈਂਸ ਐਵਾਰਡ' ਪ੍ਰਾਪਤ ਕਰਦੇ ਹੋਏ



ਇਸ ਮੌਕੇ ਡਾ. ਪਰਦੀਪ ਸਿੰਘ ਗਿੱਲ ਨੇ ਕਿਹਾ ਕਿ ਸਿੱਖ ਭਾਈਚਾਰਾ ਪਹਿਲੇ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾ ਰਿਹਾ ਹੈ, ਜਿਨ੍ਹਾਂ ਸਮੁੱਚੀ ਲੋਕਾਈ ਨੂੰ ਸਰਬੱਤ ਦੇ ਭਲੇ ਦਾ ਸੁਨੇਹਾ ਦਿੱਤਾ ਸੀ।

# ਸਿੱਖ ਰਿਸੋਰਸ ਸੁਸਾਇਟੀ, ਸ਼ਿਕਾਗੋ ਨੇ ਕੀਤੀ ਆਜ਼ਾਦੀ ਜਸ਼ਨਾਂ 'ਚ ਸ਼ਮੂਲੀਅਤ

**ਸ਼ਿਕਾਗੋ (ਬਿਊਰੋ):** ਸਥਾਨਕ ਸੰਸਥਾ ਸਿੱਖ ਰਿਸੋਰਸ ਸੁਸਾਇਟੀ ਨੇ ਅਮਰੀਕੀ ਆਜ਼ਾਦੀ ਦੇ ਜਸ਼ਨਾਂ ਸਬੰਧੀ ਪਿਛਲੇ ਦਿਨੀਂ ਹੋਈ ਪਰੇਡ ਵਿਚ ਸ਼ਮੂਲੀਅਤ ਕੀਤੀ। ਪਰੇਡ ਵਿਚ ਯੂਨੀਵਰਸਿਟੀ ਦੇ ਵਿਦਿਆਰਥੀਆਂ, ਗੁਰਦੁਆਰਾ ਵ੍ਹੀਟਨ ਦੀ ਸੰਗਤ, ਲਿਟਲ ਸਿੱਖ ਅਤੇ ਕਾਰ ਸੇਵਾ



ਜਥੇ ਦੇ ਸੇਵਾਦਾਰਾਂ ਨੇ ਹਿੱਸਾ ਲਿਆ। ਪਰੇਡ ਅਰਦਾਸ ਨਾਲ ਨਿਸ਼ਾਨ ਸਾਹਿਬ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ। ਉਦੋਂ ਇਕ ਵੱਖਰਾ ਹੀ ਮਾਹੌਲ ਸਿਰਜਿਆ ਗਿਆ ਜਦੋਂ ਪਰੇਡ ਵਿਚ ਸ਼ਾਮਲ









ਸਿੱਖੀ ਬਾਣੇ ਵਿਚ ਸਜੇ ਸਿੰਘਾਂ-ਸਿੰਘਣੀਆਂ ਨੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਅਤੇ 'ਹੈਪੀ ਫੋਰਥ ਆਫ ਜੁਲਾਈ' ਦੇ ਬੋਲੇ ਫਿਜ਼ਾ ਵਿਚ ਗਜਾਏ। ਤਪਦੀ ਧੁੱਪ ਵਿਚ ਬੈਠੇ ਦਰਸ਼ਕਾਂ ਲਈ ਬੱਚਿਆਂ ਤੇ ਵੱਡਿਆਂ ਨੇ ਪਾਣੀ ਦੀ ਸੇਵਾ ਕੀਤੀ। ਦਰਸ਼ਕਾਂ ਨੇ ਤਾੜੀਆਂ ਮਾਰ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਕੁਝ ਸਿੰਘਾਂ ਨੇ ਸਿੱਖ ਮਾਰਸ਼ਲ ਆਰਟ ਗਤਕੇ ਦੇ ਕਰਤੱਵ ਵੀ ਦਿਖਾਏ। ਬਾਰਟਲੈਟ ਕਲਚਰਲ ਫੈਸਟੀਵਲ ਵਿਚ ਵੀ ਗਤਕਾ ਟੀਮ ਨੇ ਆਪਣਾ ਹੁਨਰ ਦਿਖਾਇਆ। ਸਿੱਖ ਫਲੋਟ ਲਈ 'ਮੇਅਰ'ਸ ਸਪਿਰਟ ਅਵਾਰਡ' ਘੋਸ਼ਿਤ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਸਿੱਖ ਰਿਸੋਰਸ ਸੁਸਾਇਟੀ ਕਾਲਜ ਤੇ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਸਿੱਖੀ ਬਾਰੇ ਜਾਣੂ ਕਰਵਾਉਣ ਦੇ ਨਾਲ ਨਾਲ ਬਾਰਟਲੈਟ ਟਾਊਨ ਵਿਚ ਪੱਗ ਬੰਨਣੀ ਸਿਖਾਉਂਦੀ ਹੈ ਅਤੇ ਇਹ ਵੀ ਦੱਸਿਆ ਜਾਂਦਾ ਹੈ ਕਿ ਪੱਗ ਕਿਉਂ ਤੇ ਕੌਣ ਬੰਨਦੇ ਹਨ ਤੇ ਇਹ ਕਿੰਨੇ ਤਰ੍ਹਾਂ ਦੀ ਹੁੰਦੀ ਹੈ। ਸੁਸਾਇਟੀ ਦੀ ਸੇਵਾ ਤੇ ਪ੍ਰਾਜੈਕਟ ਸੰਗਤ ਵਲੋਂ ਦਿੱਤੇ ਦਾਨ ਨਾਲ ਚਲਦੇ ਹਨ।

ਸੁਸਾਇਟੀ ਨੂੰ ਮਦਦ ਵੈਬਸਾਈਟ: www.paypal.me/SikhResourceSociety ਰਾਹੀਂ ਦਿੱਤੀ ਜਾ ਸਕਦੀ ਹੈ।







Windermere Western View Properties
484 Bovard, Dallas, OR 97338

To Buy Or Sell Properties
House Or Business
ਘਰ ਜਾਂ ਬਿਜਨਸ ਖਰੀਦਣ/ਵੇਚਣ
ਲਈ ਸੰਪਰਕ ਕਰੋ, ਸੰਨੀ ਪਾਲ
Cell: 503-400-9883
Office: 503-623-2333



Sunny Pal
Real Estate Broker
(Licensed In Oregon)

Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
●Residential Loans (Purchase, Refinance & Cash Out Refinance). ●Self Employed and H1 Visa ●Jumbo loans ●Commercial Property With Business or Business Only. ●Business Equity Line of Credit. ●Multi Unit Investment Property.

Need Professional Non Veg. and Veg. Experienced cook in Missouri
ਮਿਜ਼ੋਰੀ ਸਟੇਟ ਵਿਚ ਅਨੁਭਵੀ ਪ੍ਰੋਫੈਸ਼ਨਲ ਵੈਸ਼ਨੂੰ ਤੇ ਗੈਰ ਵੈਸ਼ਨੂੰ ਕੁੱਕ ਦੀ ਲੋੜ ਹੈ
ਮਿਜ਼ੋਰੀ ਸਟੇਟ ਦੇ ਸਿਟੀ ਜੋਪਲਿਨ ਵਿਚ ਫਰੀਵੇ I-44 'ਤੇ ਨਵੇਂ ਬਣੇ ਤੇ ਛੇਤੀ ਖੁਲ੍ਹ ਰਹੇ ਫੁੱਲ ਸਰਵਿਸ ਟਰੱਕ ਸਟਾਪ (ਪੰਜਾਬੀ ਰੈਸਟੋਰੈਂਟ) ਲਈ ਅਨੁਭਵੀ ਪ੍ਰੋਫੈਸ਼ਨਲ ਵੈਸ਼ਨੂੰ ਤੇ ਗੈਰ ਵੈਸ਼ਨੂੰ ਕੁੱਕ ਦੀ ਲੋੜ ਹੈ
ਚੰਗੀ ਤਨਖਾਹ ਅਤੇ ਹੋਰ ਸਹੂਲਤਾਂ
ਸੰਪਰਕ ਕਰੋ: ਦਰਸ਼ਨ ਸਿੰਘ ਗਿੱਲ
ਫੋਨ 909-367-5846

Michigan Truck Driving School
6405 Middlebelt Road, Romulus, MI 48174
ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298



ਸ੍ਰੀ ਹਰਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਏ॥
ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ ਹੋਵੇ
ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥
ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਸਬੰਧੀ ਵਿਸ਼ੇਸ਼ ਸਮਾਗਮ ਗੁਰਦੁਆਰਾ ਦੀਵਾਨ ਐਵੇਨਿਊ, ਸ਼ਿਕਾਗੋ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕੀਤਾ ਜਾ ਰਿਹਾ ਹੈ। ਆਪ ਸਭ ਨੂੰ ਪ੍ਰਕਾਸ਼ ਪੁਰਬ ਸਮਾਗਮ ਵਿਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ ਜੀ।
ਪ੍ਰੋਗਰਾਮ ਦਾ ਵੇਰਵਾ
26 ਜੁਲਾਈ 2019 (ਸ਼ੁੱਕਰਵਾਰ): ਅਰੰਭ ਅਖੰਡ ਪਾਠ ਸਵੇਰੇ 9 ਵਜੇ
28 ਜੁਲਾਈ 2019 (ਐਤਵਾਰ): ਭੋਗ ਅਖੰਡ ਪਾਠ ਸਵੇਰੇ 9 ਵਜੇ
ਉਪਰੰਤ ਕੀਰਤਨ ਅਤੇ ਲੰਗਰ ਦੀ ਸੇਵਾ
ਹੋਰ ਜਾਣਕਾਰੀ ਲਈ ਸੰਪਰਕ ਕਰੋ: ਰਵਿੰਦਰ ਕਪੂਰ ਤੇ ਪਰਮਜੀਤ ਕਪੂਰ, ਫੋਨ: 847-387-2923

Haldiram's Hawkins SHUDH FOODS



# The Gary Chapter of Universal Health Aid Free Screening Camp

The Universal Health Aid Organization started as a response to the absence of preventive health care for the considerable uninsured and under-insured population within the United States. The lack of preventive medicine in the United States has led to health issues including diabetes, high-blood pressure, high cholesterol, and obesity. The US education system has failed to address these issues effectively both in schools and in communities at large. Universal Health Aid recognizes that regular medical checkups, health education, and improved lifestyles can play a large part in improving the overall well-being of the community. The overall mission is to address these concerns to improve the overall health conditions of present and future generations.

The organization's goals include providing free preventive health screenings for the uninsured and under-insured, organizing health education initiatives, offering medical services in under-served regions, increasing awareness about declining health conditions within the United States, and building a new generation of community oriented young leaders to continue these programs in the future.

As of 2019, Universal Health Aid is operating five chapters in Gary, Indiana; Monroe, Ann Arbor & Detroit, MI; Ypsilanti, MI; Toledo, OH; and Columbus, OH.

The Gary Chapter of Universal Health Aid successfully organized its second annual free medical screening on June 22nd, 2019. Gary, Indiana became an interest for the organization especially with the poor logistics it presented. Poverty was represented as one of the highest compared to the other chapters. This made it difficult for the citizens of Gary, Indiana to obtain healthcare. The team decided to explore local Free Health Clinics in hopes that they would provide the answer. The Free Health Clinics, however, still required a co-pay as well as not much leeway of seeing different physicians. After realizing that Gary was in need of this event, the team lead their first successful Health Event last year. The program not only helped to provide preventative medicine, but also provide leadership opportunities and health education. Due to the scale of the event, the chapter centralized majority of their time to the annual event. The event included seeking sponsorships, doctor recruitments, nurse recruitments, volunteer recruitments, and advertising. The volunteers were all put through two days of training, in which they learned hands on of their duties, HIPPA regulations, event coordination, and expectations.








Such advancements should help Gary in terms of the uninsured citizens, estimated to be at 18.1% of people under age 65 in the township of Gary. As mentioned earlier, a vast number of citizens do not have insurance so they resort to free health clinics. Lacking insurance can be quite problematic for this population as this increases the difficulty of seeing the appropriate health provider to diagnose immediate or chronic health issues. The free health clinics were explored and presented some drawbacks that were resolved via our program, however, this event and a free health clinic are incomparable. This event provides with a variety of physicians from renown hospitals volunteering their precious time as well as a nurse's team in order to provide accurate vitals. The health event also provided free snacks and drinks as well as a lunch for free.


The team will continue further with more programs. We thank all members of the UHA team who helped to run this free medical Screening. You made it such a success. UHA Organization would like to thank people, especially the Sangat from Oak Creek Gurudwara Sahib and Palatine Gurudwara Sahib for their generous gift to UHA organization. We are thrilled to have your support. Through your donation we have been able to accomplish Free Medical Services and continue working towards a healthier future. Your donations have provided a paramount difference in this nonprofit organization, UHA can't thank you enough for your generosity. Thank you!

Today your donation is going toward underprivileged people of Gary, IN. If you have specific questions about how your gift including how it is being used or our organization as whole, please do not hesitate to contact Raskirth Singh via phone (219)-256-0089 or email at raskirth.singh@universalhealthaid.org. Please check out their website: UHAGary.org, for more information!



























*Sponsored Page*

# ਹਾਈਕਮਾਨ ਨਾਲ ਯਾਰੀ ਵੀ ਨਾ ਬਚਾ ਸਕੀ ਸਿੱਧੂ ਦੀ ਕੁਰਸੀ

## ਕੈਪਟਨ ਅਮਰਿੰਦਰ ਨੇ ਦਿੱਤਾ ਪੰਜਾਬ ਕਾਂਗਰਸ ਦਾ 'ਅਸਲ ਕਪਤਾਨ' ਹੋਣ ਦਾ ਸਬੂਤ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਰਾਜਪਾਲ ਵੀ.ਪੀ.ਐਸ. ਬਦਨੌਰ ਦੋਵਾਂ ਨੇ ਨਵਜੋਤ ਸਿੰਘ ਸਿੱਧੂ ਦਾ ਅਸਤੀਫਾ ਪ੍ਰਵਾਨ ਕਰ ਲਿਆ ਹੈ ਜਿਸ ਨਾਲ ਉਹ ਪੰਜਾਬ ਵਜ਼ਾਰਤ ਵਿਚੋਂ ਬਾਹਰ ਹੋ ਗਏ ਹਨ। ਸਿੱਧੂ ਅਤੇ ਮੁੱਖ ਮੰਤਰੀ ਦੋਵਾਂ ਵਿਚਾਲੇ ਲੋਕ ਸਭਾ ਤੋਂ ਪਹਿਲਾਂ ਅਤੇ ਚੋਣਾਂ ਸਮੇਂ ਪੈਦਾ ਹੋਏ ਮੱਤਭੇਦ ਕਾਂਗਰਸ ਪਾਰਟੀ ਦੀ ਜਨਰਲ ਸਕੱਤਰ ਪ੍ਰਿਅੰਕਾ ਦੇ ਦਖਲ ਨਾਲ ਵੀ ਹੱਲ ਨਹੀਂ ਹੋ ਸਕੇ ਕਿਉਂਕਿ ਦੋਵਾਂ ਧਿਰਾਂ ਆਪੋ ਆਪਣੇ ਸਟੈਂਡ 'ਤੇ ਅੜਿੰਗ ਰਹੀਆਂ। ਸਿੱਧੂ ਚਾਹੁੰਦੇ ਸਨ ਕਿ ਉਨ੍ਹਾਂ ਨੂੰ ਸਥਾਨਕ ਸਰਕਾਰਾਂ ਵਿਭਾਗ ਹੀ ਦਿੱਤਾ ਜਾਵੇ ਪਰ ਮੁੱਖ ਮੰਤਰੀ ਨੇ ਇਹ ਵਿਭਾਗ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਮੁੱਖ ਮੰਤਰੀ ਨੇ ਸਿੱਧੂ ਦਾ ਅਸਤੀਫਾ ਪ੍ਰਵਾਨ ਕਰਕੇ ਵੱਲੋਂ ਰਾਜਪਾਲ ਨੂੰ ਭੇਜ ਦਿੱਤਾ ਤੇ ਕੁਝ ਘੰਟਿਆਂ ਵਿਚ ਹੀ ਉਨ੍ਹਾਂ ਨੇ ਇਸ ਨੂੰ ਪ੍ਰਵਾਨ ਕਰਕੇ ਇਸ ਦੀ ਜਾਣਕਾਰੀ ਮੁੱਖ ਮੰਤਰੀ ਦਫਤਰ ਨੂੰ ਦੇ ਦਿੱਤੀ। ਸਿੱਧੂ ਦੇ ਅਸਤੀਫੇ ਬਾਰੇ ਜਿਸ ਤਰ੍ਹਾਂ ਦੀ ਫੁਰਤੀ ਵਿਖਾਈ ਗਈ, ਇਹ ਇਹੀ ਸੰਕੇਤ ਦੇ ਗਈ ਕਿ ਪੰਜਾਬ ਕਾਂਗਰਸ ਵਿਚ ਕੈਪਟਨ ਅਮਰਿੰਦਰ ਸਿੰਘ ਹੀ 'ਅਸਲੀ ਕਪਤਾਨ' ਹਨ ਤੇ ਉਨ੍ਹਾਂ ਦੇ ਫੈਸਲੇ ਨੂੰ ਹਾਈਕਮਾਨ ਵੀ ਟਾਲ ਨਹੀਂ



ਸਕਦੀ। ਦੱਸ ਦਈਏ ਕਿ ਸਿੱਧੂ ਦੀ ਹਾਈਕਮਾਨ ਦੀ ਚੋਟੀ ਦੀ ਲੀਡਰਸ਼ਿਪ ਨਾਲ ਕਾਫੀ ਨੇੜਤਾ ਹੈ। ਰਾਹੁਲ ਗਾਂਧੀ ਤੋਂ ਲੈ ਕੇ ਸਿੱਧੂ ਕਈ ਸੀਨੀਅਰ ਆਗੂਆਂ ਨੂੰ ਮਿਲੇ ਤੇ ਕੈਪਟਨ ਤੱਕ ਇਹ ਸਿਫਾਰਸ਼ਾਂ ਪਹੁੰਚੀਆਂ ਵੀ ਪਰ ਇਨ੍ਹਾਂ ਉਤੇ ਕੋਈ ਗੌਰ ਨਾ ਹੋਈ। ਸਿੱਧੂ ਦਾ ਅਸਤੀਫਾ ਇਕ ਮਹੀਨਾ ਰਾਹੁਲ ਗਾਂਧੀ ਕੋਲ ਪਿਆ ਰਿਹਾ ਪਰ ਜਦੋਂ ਇਹ ਕੈਪਟਨ ਤੱਕ ਪਹੁੰਚਿਆ ਤਾਂ ਕੁਝ ਘੰਟਿਆਂ ਵਿਚ ਹੀ ਸਿੱਧੂ ਦੀ ਹੋਣੀ ਤੈਅ ਹੋ ਗਈ।

ਦੱਸ ਦਈਏ ਕਿ ਲੋਕ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਨੂੰ ਹੋਈ ਲੱਕ ਤੋੜਵੀਂ ਹਾਰ ਕਰਨ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਕਮਜ਼ੋਰ ਪੈ ਗਏ ਹਨ ਤੇ ਉਨ੍ਹਾਂ ਨੇ ਖੁਦ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ ਹੈ ਤੇ ਪੰਜਾਬ ਵਿਚ 13 ਵਿਚੋਂ ਅੱਠ ਲੋਕ ਸਭਾ ਸੀਟਾਂ ਜਿੱਤਣ ਕਰਕੇ ਕੈਪਟਨ ਦੀ ਸਥਿਤੀ ਮਜ਼ਬੂਤ ਹੋ ਗਈ ਹੈ ਜਿਸ ਸਦਕਾ ਕਾਂਗਰਸ ਹਾਈਕਮਾਂਡ ਉਨ੍ਹਾਂ ਕੋਲੋਂ ਮਨਮਰਜ਼ੀ ਦੇ ਫੈਸਲੇ ਨਹੀਂ ਕਰਵਾ ਸਕਦੀ। ਕ੍ਰਿਕਟ ਖਿਡਾਰੀ ਤੋਂ ਮੰਤਰੀ ਬਣੇ ਸਿੱਧੂ ਵੀ ਇਸ ਬਦਲੀ ਹੋਈ ਸਥਿਤੀ ਨੂੰ ਸਮਝਣ ਵਿਚ ਅਸਮਰਥ ਰਹੇ ਹਨ ਤੇ ਇਸ ਕਰਕੇ ਉਨ੍ਹਾਂ ਨੂੰ ਵਜ਼ਾਰਤ ਵਿਚੋਂ ਬਾਹਰ ਹੋਣਾ ਪੈ ਗਿਆ ਹੈ। ਦੱਸਣਯੋਗ ਹੈ ਕਿ ਮੁੱਖ ਮੰਤਰੀ ਨਾਲ ਮਤਭੇਦ ਪੈਦਾ ਹੋਣ ਕਰਕੇ ਸਿੱਧੂ ਨੇ 10 ਜੂਨ ਨੂੰ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਆਪਣਾ ਅਸਤੀਫਾ ਦੇ ਦਿੱਤਾ ਸੀ ਅਤੇ ਇਕ ਮਹੀਨੇ ਪਿਛੋਂ 14 ਜੂਨ ਨੇ ਉਨ੍ਹਾਂ ਨੇ ਟਵੀਟ ਰਾਹੀ ਇਸ ਦੀ ਜਾਣਕਾਰੀ ਦਿੱਤੀ ਸੀ। ਇਸ ਨਾਲ ਹੀ ਕਿਹਾ ਸੀ ਕਿ ਉਹ ਆਪਣਾ ਅਸਤੀਫਾ ਮੁੱਖ ਮੰਤਰੀ ਨੂੰ ਭੇਜ ਦੇਣਗੇ ਅਤੇ ਅਗਲੇ ਦਿਨ 15 ਜੂਨ ਉਨ੍ਹਾਂ ਦੇ ਇਕ ਕਰੀਬੀ ਮਿੱਤਰ ਅਸਤੀਫਾ ਮੁੱਖ ਮੰਤਰੀ ਦੇ ਓ. ਐਸ. ਡੀ. ਐਮ.ਪੀ. ਸਿੰਘ ਨੂੰ ਦੇ ਆਏ ਸਨ। ਉਸ ਸਮੇਂ ਦੋ ਕੈਬਨਿਟ ਮੰਤਰੀਆਂ ਨੇ ਕਿਹਾ ਸੀ ਕਿ ਸਿੱਧੂ ਅਸਤੀਫੇ ਬਾਰੇ ਡਰਾਮਾ ਕਰ ਰਹੇ ਹਨ ਤੇ ਉਨ੍ਹਾਂ ਨੂੰ ਕਾਂਗਰਸ ਪ੍ਰਧਾਨ ਨੂੰ ਅਸਤੀਫਾ ਭੇਜਣ ਦੀ ਥਾਂ ਮੁੱਖ ਮੰਤਰੀ ਨੂੰ ਅਸਤੀਫਾ ਭੇਜਣਾ ਚਾਹੀਦਾ ਹੈ।

ਛੇ ਜੂਨ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਪਣੀ ਵਜ਼ਾਰਤ ਦੀ ਮੀਟਿੰਗ ਕਰ ਰਹੇ ਸਨ ਤਾਂ ਉਸ ਸਮੇਂ ਸਿੱਧੂ ਨੇ ਆਪਣੇ ਨਿਵਾਸ ਸਥਾਨ 'ਤੇ ਕੁਝ ਪੱਤਰਕਾਰਾਂ ਨੂੰ ਸੱਦ ਕੇ ਮੁੱਖ ਮੰਤਰੀ ਵੱਲੋਂ ਕਾਂਗਰਸ ਨੂੰ ਸ਼ਹਿਰੀ ਖੇਤਰਾਂ ਵਿਚ ਘੱਟ ਵੋਟਾਂ ਪੈਣ ਦੇ ਲਾਏ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਸੀ ਕਿ ਸ਼ਹਿਰੀ ਖੇਤਰਾਂ ਵਿਚ ਪਿਛਲੀਆਂ ਚੋਣਾਂ ਦੇ ਮੁਕਾਬਲੇ ਵੱਧ ਵੋਟਾਂ ਪਈਆਂ ਹਨ ਅਤੇ ਉਨ੍ਹਾਂ ਨੇ ਇਸ ਦੀ ਜਾਣਕਾਰੀ ਕਾਂਗਰਸ ਹਾਈਕਮਾਂਡ ਨੂੰ ਦੇ ਦਿੱਤੀ ਹੈ। ਉਸੇ ਸ਼ਾਮ ਮੁੱਖ ਮੰਤਰੀ ਨੇ ਆਪਣੀ ਵਜ਼ਾਰਤ ਦੇ 13 ਮੰਤਰੀਆਂ ਦੇ ਵਿਭਾਗਾਂ ਵਿਚ ਫੇਰਬਦਲ ਕਰਦਿਆਂ ਸਿੱਧੂ ਕੋਲੋਂ ਸਥਾਨਕ ਸਰਕਾਰਾਂ, ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ ਵਿਭਾਗ ਲੈ ਕੇ ਬਿਜਲੀ ਵਿਭਾਗ ਅਤੇ ਨਵੀਂ ਅਤੇ ਨਵਿਆਉਣ ਊਰਜਾ ਵਿਭਾਗ ਦੇ ਦਿੱਤਾ ਸੀ ਜਿਸ ਦਾ ਸਿੱਧੂ ਨੇ ਚਾਰਜ ਨਹੀਂ ਸੀ ਲਿਆ। ਉਨ੍ਹਾਂ ਦਾ ਤਰਕ ਸੀ ਇਹ ਵਿਭਾਗ ਦਾ ਚਾਰਜ ਲੈ ਕੇ ਉਹ ਲਾਏ ਜਾ ਦੋਸ਼ਾਂ ਨੂੰ ਪ੍ਰਵਾਨ ਨਹੀਂ ਕਰਨਾ ਚਾਹੁੰਦੇ। ਉਂਜ ਵੀ ਉਨ੍ਹਾਂ ਨੇ ਉਸ ਦਿਨ ਇਕ ਸ਼ੇਅਰ ਪੜ੍ਹਿਆ ਸੀ 'ਅਸੂਲੋਂ ਪੇ ਆਂਚ ਆਏ ਤੋ ਟਕਰਾਨਾ ਚਾਹੀਏ, ਜ਼ਿੰਦਾ ਹੈਂ ਤੋ ਜ਼ਿੰਦਾ ਨਜ਼ਰ ਆਨਾ ਚਾਹੀਏ'। ਇਸ ਤੋਂ ਸਪਸ਼ਟ ਸੀ ਕਿ ਉਨ੍ਹਾਂ ਅਤੇ ਮੁੱਖ ਮੰਤਰੀ ਵਿਚਾਲੇ ਸਮਝੌਤਾ ਹੋਣ ਦੇ ਆਸਾਰ ਮੱਧਮ ਹਨ ਤੇ ਇਸੇ ਕਰਕੇ ਕਾਂਗਰਸ ਪਾਰਟੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਦੇ ਦਖਲ ਨਾਲ ਵੀ ਮਾਮਲਾ ਸੁਲਝ ਨਹੀਂ ਸਕਿਆ।

### ਸਿੱਧੂ ਦੇ ਤੀਜੀ ਸਿਆਸੀ ਧਿਰ ਨਾਲ ਜੁੜਨ ਦੇ ਚਰਚੇ

ਸਿੱਧੂ ਦਾ ਕਾਂਗਰਸ ਛੱਡ ਕੇ ਪੰਜਾਬ ਵਿਚ ਤੀਸਰੀ ਸਿਆਸੀ ਧਿਰ ਨਾਲ ਹੱਥ ਮਿਲਾਉਣ ਦੀ ਚਰਚਾ ਚੱਲ ਰਹੀ ਹੈ ਪਰ ਇਸ ਦੇ ਅਸਾਰ ਵੀ ਨਾਮਾਤਰ ਹੀ ਹਨ। ਦਰਅਸਲ, ਪੰਜਾਬ ਵਿਚ ਕਾਂਗਰਸ, ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਤੋਂ ਇਲਾਵਾ ਤੀਸਰੀ ਧਿਰ ਵਜੋਂ ਆਮ ਆਦਮੀ ਪਾਰਟੀ (ਆਪ) ਅਤੇ ਪੰਜਾਬ ਜਮਹੂਰੀ ਗੱਠਜੋੜ (ਪੀ.ਡੀ.ਏ.) ਹੀ ਸਰਗਰਮ ਹਨ। ਜਿਥੋਂ ਤੱਕ 'ਆਪ' ਦਾ ਸਵਾਲ ਹੈ ਸ੍ਰੀ ਸਿੱਧੂ ਸਾਲ 2017 ਵਿਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਸ ਪਾਰਟੀ ਨਾਲ ਹੱਥ ਮਿਲਾਉਣ ਦਾ ਯਤਨ ਕਰਨ ਦਾ ਤਜਰਬਾ ਕਰ ਚੁੱਕੇ ਹਨ ਅਤੇ ਲੋਕ ਸਭਾ ਚੋਣਾਂ 'ਚ ਮਿਲੀ ਭਾਰੀ ਹਾਰ ਤੋਂ ਬਾਅਦ ਪੀ.ਡੀ.ਏ. ਦੀਆਂ ਧਿਰਾਂ ਵੀ ਤਕਰੀਬਨ ਖਿੰਡ ਚੁੱਕੀਆਂ ਹਨ। ਪੀ.ਡੀ.ਏ. ਵਿਚਲੀ ਇਕ ਮੁੱਖ ਧਿਰ ਬਹੁਜਨ ਸਮਾਜ ਪਾਰਟੀ (ਬਸਪਾ) ਦੀ ਸੁਪਰੀਮੋ ਮਾਇਆਵਤੀ ਪਹਿਲਾਂ ਹੀ ਕਿਸੇ ਵੀ ਧਿਰ ਨਾਲ ਗੱਠਜੋੜ ਕਰਕੇ ਚੋਣ ਨਾ ਲੜਨ ਦਾ ਐਲਾਨ ਕਰ ਚੁੱਕੀ ਹੈ। ਇਸ ਤੋਂ ਇਲਾਵਾ ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨੇ ਪੀ.ਡੀ.ਏ. ਤੋਂ ਦੂਰੀਆਂ ਬਣਾ ਕੇ ਆਪਣੇ ਪੱਧਰ 'ਤੇ ਸਿਆਸੀ ਸਰਗਰਮੀਆਂ ਵਿੱਢ ਦਿੱਤੀਆਂ ਹਨ। ਇਸ ਤਰ੍ਹਾਂ ਸ੍ਰੀ ਸਿੱਧੂ ਕੋਲ ਫਿਲਹਾਲ ਪੰਜਾਬ ਵਿਚ ਕੋਈ ਤੀਸਰੀ ਸਿਆਸੀ ਧਿਰ ਉਸਾਰਨ ਦਾ ਵੀ ਬਦਲ ਨਾਮਾਤਰ ਹੀ ਹੈ।

### ਨਵਜੋਤ ਸਿੰਘ ਸਿੱਧੂ ਦੀ ਗੁੰਮਸ਼ੁਦਗੀ ਦੇ ਲੱਗੇ ਪੋਸਟਰ

**ਬਠਿੰਡਾ:** ਬਠਿੰਡਾ ਦੇ ਸਾਬਕਾ ਅਕਾਲੀ ਕੌਂਸਲਰ ਵਿਜੇ ਕੁਮਾਰ ਨੇ ਪੰਜਾਬ ਕਾਂਗਰਸ ਦੇ ਆਗੂ ਤੇ ਸਾਬਕਾ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਆਪਣੀ ਸਰਕਾਰ ਨਾਲ ਚੱਲ ਰਹੇ ਕਲੇਸ਼ ਮਗਰੋਂ ਅਸਤੀਫਾ ਦੇਣ 'ਤੇ ਸ੍ਰੀ ਸਿੱਧੂ ਦੇ ਗੁੰਮਸ਼ੁਦਾ ਹੋਣ ਵਾਲਾ ਫਲੈਕਸ ਬਠਿੰਡਾ ਦੇ ਪਰਸ ਰਾਮ ਚੌਕ ਵਿਚ ਵਿਚ ਰੱਖ ਦਿੱਤਾ ਹੈ। ਇਹ ਫਲੈਕਸ ਹਰ ਰਾਹਗੀਰ ਦਾ ਧਿਆਨ




ਆਪਣੇ ਵੱਲ ਖਿੱਚਦਾ ਹੈ ਤੇ ਲੋਕਾਂ 'ਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਪੋਸਟਰ ਸਬੰਧੀ ਗੱਲ ਕਰਦਿਆਂ ਉਨ੍ਹਾਂ ਨੇ ਨਵਜੋਤ ਸਿੰਘ ਸਿੱਧੂ 'ਤੇ ਟਿੱਪਣੀਆਂ ਕੀਤੀਆਂ। ਪੋਸਟਰ ਵਿਚ ਨਵਜੋਤ ਸਿੰਘ ਸਿੱਧੂ ਦੇ ਗੁੰਮ ਹੋਣ ਵਾਲੇ ਦਿਨ ਦੀ ਪੱਗ ਅਤੇ ਕੱਪੜਿਆਂ ਦਾ ਜ਼ਿਕਰ ਕੀਤਾ ਗਿਆ ਹੈ। ਉਨ੍ਹਾਂ ਨੇ ਆਖਿਆ ਕਿ ਨਵਜੋਤ ਸਿੰਘ ਸਿੱਧੂ ਸਰਕਾਰ ਛੱਡ ਕੇ ਭਗੌੜਾ ਹੋ ਗਿਆ ਹੈ ਅਤੇ ਜੇ ਉਨ੍ਹਾਂ ਨੂੰ ਪੰਜਾਬ ਦਾ ਸੱਚਮੁੱਚ ਦਰਦ ਸੀ ਤਾਂ ਉਹ ਬਿਜਲੀ ਮੰਤਰਾਲਾ ਸੰਭਾਲਦੇ ਅਤੇ ਲੋਕਾਂ ਨੂੰ ਬਿਜਲੀ ਚਾਰ ਰੁਪਏ ਪ੍ਰਤੀ ਯੂਨਿਟ ਪ੍ਰਦਾਨ ਕਰਦੇ।

# ਮਾਲੀ ਤੰਗੀ ਅੱਗੇ ਬੇਵੱਸ ਹੋਈ ਕੈਪਟਨ ਸਰਕਾਰ

**ਚੰਡੀਗੜ੍ਹ:** ਪੰਜਾਬ ਦਾ ਸਰਕਾਰੀ ਤੰਤਰ ਵਿੱਤੀ ਸੰਕਟ ਅਤੇ ਮੁਲਾਜ਼ਮਾਂ ਦੀ ਘਾਟ ਕਾਰਨ ਡਾਵਾਂਡੋਲ ਹੈ। ਦਫਤਰਾਂ 'ਚ ਮੁਲਾਜ਼ਮਾਂ ਅਤੇ ਅਧਿਕਾਰੀਆਂ ਦੀਆਂ ਅਸਾਮੀਆਂ ਵੱਡੇ ਪੱਧਰ 'ਤੇ ਖਾਲੀ ਹੋਣ ਕਾਰਨ ਸਰਕਾਰੀ ਤੰਤਰ 'ਚ ਵੱਡੇ ਪੱਧਰ 'ਤੇ ਖਲਾਅ ਪੈਦਾ ਹੋ ਗਿਆ ਹੈ।



ਮੁੱਖ ਵਿਭਾਗਾਂ ਦੀ ਘੋਖ ਕਰਨ 'ਤੇ ਪਤਾ ਲੱਗਾ ਹੈ ਕਿ ਤਕਰੀਬਨ ਹਰੇਕ ਵਿਭਾਗ ਵਿਚ ਮੁਲਾਜ਼ਮਾਂ ਅਤੇ ਅਧਿਕਾਰੀਆਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਵੱਡੇ ਪੱਧਰ 'ਤੇ ਖਾਲੀ ਹਨ। ਇਸ ਕਾਰਨ ਜਿਥੇ ਦਫਤਰੀ ਕੰਮ ਪ੍ਰਭਾਵਿਤ ਹੋ ਰਹੇ ਹਨ, ਉਥੇ ਹੀ ਮੌਜੂਦਾ ਮੁਲਾਜ਼ਮਾਂ 'ਤੇ ਵਾਧੂ ਦਫਤਰੀ ਬੋਝ ਵੀ ਪਿਆ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਵਰ੍ਹੇ ਦੇ ਪਹਿਲੇ ਦਿਨ ਮੰਨਿਆ ਸੀ ਕਿ ਸਰਕਾਰੀ ਵਿਭਾਗਾਂ ਵਿਚ 1.2 ਲੱਖ ਅਸਾਮੀਆਂ ਖਾਲੀ ਹਨ। ਉਨ੍ਹਾਂ ਨੇ ਇਹ ਅਸਾਮੀਆਂ ਪੜਾਅਵਾਰ ਭਰਨ ਦਾ ਐਲਾਨ ਕੀਤਾ ਸੀ। ਇਸ ਤਹਿਤ ਪਹਿਲੇ ਪੜਾਅ ਵਿਚ ਸਿਹਤ, ਸਿੱਖਿਆ ਅਤੇ ਡਾਕਟਰੀ ਖੋਜ ਵਰਗੇ ਅਹਿਮ ਵਿਭਾਗਾਂ ਵਿਚਲੀਆਂ ਖਾਲੀ ਅਸਾਮੀਆਂ ਭਰਨ ਦਾ ਫੈਸਲਾ ਲਿਆ ਗਿਆ ਸੀ। ਹੈਰਾਨੀ ਵਾਲੀ ਗੱਲ ਇਹ ਹੈ ਕਿ ਪਿਛਲੇ ਦਿਨੀਂ ਮੁੱਖ ਮੰਤਰੀ ਨੇ 1.2 ਲੱਖ ਅਸਾਮੀਆਂ ਖਾਲੀ ਹੋਣ ਅਤੇ ਇਨ੍ਹਾਂ ਵਿਚੋਂ ਸਿਰਫ 44,000 ਅਸਾਮੀਆਂ ਦੋ ਪੜਾਵਾਂ ਵਿਚ ਭਰਨ ਦੀ ਗੱਲ ਆਖੀ ਹੈ। ਇਸ ਤੋਂ ਸਾਫ ਹੋ ਗਿਆ ਹੈ ਕਿ ਮੁੱਖ ਮੰਤਰੀ ਵੱਲੋਂ ਪਹਿਲੀ ਜਨਵਰੀ, 2019 ਨੂੰ 1.2 ਲੱਖ ਖਾਲੀ ਅਸਾਮੀਆਂ ਭਰਨ ਦੇ ਕੀਤੇ ਐਲਾਨ ਤਹਿਤ ਕੋਈ ਪ੍ਰਗਤੀ ਨਹੀਂ ਹੋਈ, ਉਲਟਾ ਸਰਕਾਰ ਨੇ 1.2 ਲੱਖ ਅਸਾਮੀਆਂ ਭਰਨ ਤੋਂ ਵੀ ਬੈਕ ਗੇਅਰ ਲਾ ਕੇ 44 ਹਜ਼ਾਰ ਤੱਕ ਹੀ ਭਰਤੀ ਕਰਨ 'ਤੇ ਬਰੇਕਾਂ ਲਾ ਦਿੱਤੀਆਂ ਹਨ।

ਸਰਕਾਰੀ ਅੰਕੜਿਆਂ ਅਨੁਸਾਰ ਹਰੇਕ ਸਾਲ ਸੈਂਕੜੇ ਸਰਕਾਰੀ ਮੁਲਾਜ਼ਮ ਸੇਵਾਮੁਕਤ ਹੁੰਦੇ ਹਨ। ਸਰਕਾਰ ਦੇ ਤਾਜ਼ਾ ਅੰਕੜਿਆਂ ਅਨੁਸਾਰ ਇਸ ਵੇਲੇ ਸਾਰੇ ਵਿਭਾਗਾਂ ਵਿਚ 1.08 ਲੱਖ ਦੇ ਕਰੀਬ ਸਰਕਾਰੀ ਅਸਾਮੀਆਂ ਖਾਲੀ ਹਨ। ਇਨ੍ਹਾਂ ਖਾਲੀ ਅਸਾਮੀਆਂ ਤੋਂ ਇਲਾਵਾ 15,000 ਤੋਂ ਵੱਧ ਸਿੱਧੀ ਭਰਤੀ ਵਾਲੀਆਂ ਅਸਾਮੀਆਂ ਭਰਨ ਲਈ ਇਸ਼ਤਿਹਾਰ ਦੇ ਦਿੱਤਾ ਹੈ। ਇਨ੍ਹਾਂ ਤੋਂ ਇਲਾਵਾ ਸਿੱਧੀ ਭਰਤੀ ਵਾਲੀਆਂ 29,000 ਤੋਂ ਵੱਧ ਖਾਲੀ ਅਸਾਮੀਆਂ 31 ਅਗਸਤ, 2020 ਤੱਕ ਅਤੇ 16,000 ਦੇ ਕਰੀਬ ਹੋਰ ਖਾਸ ਖਾਲੀ ਅਸਾਮੀਆਂ 31 ਅਗਸਤ, 2021 ਤੱਕ ਭਰਨ ਦਾ ਟੀਚਾ ਮਿਥਿਆ ਗਿਆ ਹੈ। ਦੱਸਣਯੋਗ ਹੈ ਕਿ ਕੈਪਟਨ ਸਰਕਾਰ ਦੀ ਮਿਆਦ ਫਰਵਰੀ 2022 ਤਕ ਹੈ ਅਤੇ ਸਰਕਾਰ ਨੇ ਆਪਣੇ ਅਖੀਰਲੇ ਪੜਾਅ ਵਿਚ ਇਹ ਸੀਮਤ ਅਸਾਮੀਆਂ ਭਰਨ ਦਾ ਟੀਚਾ ਮਿਥਿਆ ਹੈ। ਇਨ੍ਹਾਂ ਤੋਂ ਇਲਾਵਾ ਪੰਜਾਬ ਸਰਕਾਰ ਦੇ ਸਭ ਤੋਂ ਸਿਖਰਲੇ ਤੇ ਅਹਿਮ ਸਕੱਤਰੇਤ ਪ੍ਰਸ਼ਾਸਨ ਵਿਚ ਹੀ ਕਲਰਕਾਂ ਤੇ ਸੀਨੀਅਰ ਸਹਾਇਕਾਂ ਦੀਆਂ ਸੈਂਕੜੇ ਅਸਾਮੀਆਂ ਖਾਲੀ ਹਨ। ਸਰਕਾਰੀ ਭਰਤੀ ਦੀ ਪ੍ਰਕਿਰਿਆ ਲੰਮੀ ਹੈ, ਜਿਸ ਕਾਰਨ ਨੇੜਲੇ ਭਵਿੱਖ ਵਿਚ ਬੇਰੁਜ਼ਗਾਰਾਂ ਨੂੰ ਨੌਕਰੀਆਂ ਮਿਲਣੀਆਂ ਦੂਰ ਦੀ ਗੱਲ ਜਾਪਦੀ ਹੈ।

ਹੋਰ ਜਾਣਕਾਰੀ ਅਨੁਸਾਰ ਵਿੱਤ ਵਿਭਾਗ ਨੇ ਸੂਬੇ ਭਰ ਦੇ ਖਜ਼ਾਨਾ ਦਫਤਰਾਂ ਨੂੰ ਚੁੱਪ-ਚੁਪੀਤੇ ਫਰਮਾਨ ਜਾਰੀ ਕਰ ਕੇ ਪਿਛਲੇ ਦੋ ਮਹੀਨਿਆਂ ਤੋਂ ਤਨਖਾਹਾਂ ਤੋਂ ਬਿਨਾਂ ਬਾਕੀ ਅਦਾਇਗੀਆਂ 'ਤੇ ਰੋਕ ਲਾ ਦਿੱਤੀ ਹੈ। ਇਸ ਤੋਂ ਇਲਾਵਾ ਸਰਕਾਰ ਲੱਖਾਂ ਰੈਗੂਲਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਵੀ ਕਰਜ਼ਾਈ ਹੈ। ਸਰਕਾਰ ਇਨ੍ਹਾਂ ਵਰਗਾਂ ਦਾ 15 ਫੀਸਦੀ ਡੀ.ਏ. ਦੱਬੀ ਬੈਠੀ ਹੈ। ਸਰਕਾਰ ਪਿਛਲੀਆਂ ਕਿਸ਼ਤਾਂ ਦੇ ਕਈ ਮਹੀਨਿਆਂ ਦੇ ਬਕਾਏ ਦੇਣ ਤੋਂ ਵੀ ਇਨਕਾਰੀ ਹੈ। ਇਸੇ ਤਰ੍ਹਾਂ ਤਨਖਾਹ ਕਮਿਸ਼ਨ ਦੀ ਰਿਪੋਰਟ ਲਟਕਾ ਕੇ 1 ਜਨਵਰੀ, 2016 ਤੋਂ ਮੁਲਾਜ਼ਮਾਂ ਦੀਆਂ ਤਨਖਾਹਾਂ ਅਤੇ ਪੈਨਸ਼ਨਰਾਂ ਦੀਆ ਪੈਨਸ਼ਨਾਂ ਵਿਚ ਵਾਧਾ ਨਹੀਂ ਕੀਤਾ ਜਾ ਰਿਹਾ। ਇਸ ਤੋਂ ਇਲਾਵਾ ਸਰਕਾਰ ਹਜ਼ਾਰਾਂ ਠੇਕਾ ਤੇ ਆਊਟ ਸੋਰਸ ਮੁਲਾਜ਼ਮਾਂ ਨੂੰ ਨਿਗੂਣੀਆਂ ਤਨਖਾਹਾਂ ਦੇ ਕੇ ਸ਼ੋਸ਼ਣ ਕਰ ਰਹੀ ਹੈ। ਹਰੇਕ ਵਿਭਾਗ ਅਜਿਹੇ ਖਲਾਅ ਵਿਚ ਉਲਝਿਆ ਪਿਆ ਹੈ, ਜਿਸ ਕਾਰਨ ਸਰਕਾਰੀ ਕੰਮ ਪ੍ਰਭਾਵਿਤ ਹੋ ਰਹੇ ਹਨ।

# ਚੋਣ ਕਮਿਸ਼ਨ ਨੇ ਜਾਗਰੂਕਤਾ ਪੋਸਟਰਾਂ 'ਤੇ ਛਾਪੀ ਨਿਰਭਿਆ ਕਾਂਡ ਦੇ ਦੋਸ਼ੀ ਦੀ ਫੋਟੋ

**ਹੁਸ਼ਿਆਰਪੁਰ:** ਪੰਜਾਬ ਚੋਣ ਕਮਿਸ਼ਨ ਦੀ ਹੈਰਾਨੀਜਨਕ ਗੜਬੜੀ ਸਾਹਮਣੇ ਆ ਰਹੀ ਹੈ। ਕਮਿਸ਼ਨ ਨੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਆਪਣੇ ਚੋਣ ਜਾਗਰੂਕਤਾ ਪ੍ਰੋਗਰਾਮ ਦੇ ਤਹਿਤ ਪੋਸਟਰਾਂ ਤੇ ਬੈਨਰਾਂ 'ਤੇ ਨਿਰਭਿਆ ਕਾਂਡ ਦੇ ਦੋਸ਼ੀ ਦੀ ਤਸਵੀਰ ਛਾਪ ਦਿੱਤੀ ਹੈ। ਪੋਸਟਰਾਂ 'ਤੇ ਚਰਚਿਤ ਚਿਹਰਿਆਂ ਦੇ ਨਾਲ ਮੁਕੇਸ਼ ਸਿੰਘ ਦੀ ਵੀ ਫੋਟੋ ਲੱਗੀ ਹੋਈ ਹੈ।

ਦੱਸ ਦੇਈਏ ਮੁਕੇਸ਼ ਸਿੰਘ ਨੂੰ 2012 ਵਿਚ ਨਿਰਭਿਆ ਬਲਾਤਕਾਰ ਮਾਮਲੇ ਵਿਚ ਦੋਸ਼ੀ ਕਰਾਰ ਦਿੰਦਿਆਂ ਸਜ਼ਾ-ਏ-ਮੌਤ ਦਿੱਤੀ ਗਈ ਹੈ। ਇਹ ਪੋਸਟਰ ਕਥਿਤ ਤੌਰ 'ਤੇ ਜ਼ਿਲ੍ਹਾ ਹੁਸ਼ਿਆਰਪੁਰ ਚੋਣ ਅਧਿਕਾਰੀ ਵੱਲੋਂ ਲਵਾਏ ਗਏ ਹਨ। ਪੰਜਾਬ ਦੇ ਉਦਯੋਗ ਤੇ ਵਣਜ ਮੰਤਰੀ ਸੁੰਦਰ ਸ਼ਾਮ ਅਰੋੜਾ ਨੇ ਕਿਹਾ ਕਿ ਸਰਕਾਰ ਪਤਾ ਲਾਏਗੀ ਕਿ ਇਸ ਕੰਮ ਪਿੱਛੇ ਕਿਸ ਦਾ ਹੱਥ ਹੈ।




ਸੁੰਦਰ ਸ਼ਾਮ ਅਰੋੜਾ ਨੇ ਪਛਾਣ ਦੀ ਭੁੱਲ ਦਾ ਮਾਮਲਾ ਦੱਸਿਆ। ਉਨ੍ਹਾਂ ਕਿਹਾ ਕਿ ਇਹ ਨਹੀਂ ਲਿਖਿਆ ਹੋਇਆ ਕਿ ਉਹ ਨਿਰਭਿਆ ਮਾਮਲੇ ਦਾ ਦੋਸ਼ੀ ਹੈ, ਇਸ ਲਈ ਪਛਾਣ ਦੀ ਭੁੱਲ ਦਾ ਮਾਮਲਾ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਉਹ ਜਲਦ ਹੀ ਇਸ ਦਾ ਪਤਾ ਲਾਉਣਗੇ। ਉਨ੍ਹਾਂ ਕਿਹਾ ਕਿ ਇਹ ਜ਼ਰੂਰ ਗਲਤੀ ਨਾਲ ਹੋ ਗਿਆ ਹੋਏਗਾ, ਕੋਈ ਅਜਿਹਾ ਜਾਣਬੁੱਝ ਕੇ ਨਹੀਂ ਕਰਦਾ। ਜਾਂਚ ਕੀਤੀ ਜਾਏਗੀ ਕਿ ਇਹ ਕਿਵੇਂ ਹੋਇਆ?

# ਪੰਜਾਬ ਅਤੇ ਹਰਿਆਣਾ ਤੋਂ ਚੰਡੀਗੜ੍ਹ ਰਾਜਧਾਨੀ ਹੋਣ ਦੇ ਦਸਤਾਵੇਜ਼ ਮੰਗੇ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਦੋਵੇਂ ਸੂਬਿਆਂ ਪੰਜਾਬ ਅਤੇ ਹਰਿਆਣਾ ਨੂੰ ਆਖਿਆ ਹੈ ਕਿ ਉਹ ਅਜਿਹਾ ਦਸਤਾਵੇਜ਼ ਦਿਖਾਉਣ, ਜਿਸ ਅਨੁਸਾਰ ਇਹ ਸ਼ਹਿਰ ਉਨ੍ਹਾਂ ਦੀ ਰਾਜਧਾਨੀ ਹੈ। ਇਹ ਸਵਾਲ ਅਦਾਲਤ ਨੇ ਇਕ ਵਕੀਲ ਵੱਲੋਂ ਚੰਡੀਗੜ੍ਹ ਦਾ ਵਸਨੀਕ ਹੋਣ ਨਾਤੇ ਦੋਵਾਂ ਸੂਬਿਆਂ ਵਿਚ ਰਾਖਵੇਂਕਰਨ ਦੀ ਮੰਗ ਕਰਦਿਆਂ ਪਾਈ ਪਟੀਸ਼ਨ ਉਤੇ ਕੀਤਾ ਹੈ।

ਜਦੋਂ ਇਹ ਕੇਸ ਜਸਟਿਸ ਰਾਕੇਸ਼ ਕੁਮਾਰ ਜੈਨ ਤੇ ਜਸਟਿਸ ਅਰੁਣ ਕੁਮਾਰ ਤਿਆਗੀ 'ਤੇ ਆਧਾਰਿਤ ਬੈਂਚ ਦੀ ਅਦਾਲਤ 'ਚ ਸੁਣਵਾਈ ਲਈ ਆਇਆ ਤਾਂ ਚੰਡੀਗੜ੍ਹ ਸਾਂਝੀ ਰਾਜਧਾਨੀ ਹੋਣ ਦਾ ਮਾਮਲਾ ਉਠਿਆ ਕਿ ਇਕ ਸੂਬੇ ਵਿਚ ਐਸ.ਸੀ. ਐਲਾਨੇ ਗਏ ਵਿਅਕਤੀ ਨੂੰ ਜ਼ਰੂਰੀ ਨਹੀਂ ਕਿ ਦੂਜੇ ਸੂਬੇ ਵਿਚ ਵੀ ਐਸ.ਸੀ. ਮੰਨਿਆ ਜਾਵੇ। ਇਹ ਕੇਸ ਆਪਣੇ ਆਪ ਵਿਚ 'ਵਿਲੱਖਣ' ਹੈ ਕਿਉਂਕਿ ਪਟੀਸ਼ਨਰ ਨਿਆਇਕ ਪ੍ਰਣਾਲੀ ਵਿਚ ਭਰਤੀ ਸਬੰਧੀ ਚੰਡੀਗੜ੍ਹ ਦਾ ਐਸ.ਸੀ. ਉਮੀਦਵਾਰ ਹੋਣ ਨਾਤੇ ਦੋਵਾਂ ਸੂਬਿਆਂ ਵਿਚ ਰਾਖਵੇਂਕਰਨ ਦੀ ਮੰਗ ਕਰ ਰਿਹਾ ਹੈ। ਬੈਂਚ ਨੇ ਪਹਿਲਾਂ ਸਵੇਰ ਦੇ ਸੈਸ਼ਨ ਵਿਚ ਇਸ ਮਾਮਲੇ ਉਤੇ ਸੁਣਵਾਈ ਕੀਤੀ। ਕਰੀਬ ਇਕ ਘੰਟੇ ਦੀ ਸੁਣਵਾਈ ਮਗਰੋਂ ਅਦਾਲਤ ਨੇ ਦੋਵਾਂ ਰਾਜਾਂ ਦੇ ਐਡਵੋਕੇਟ ਜਨਰਲਾਂ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਕੋਈ ਨੋਟੀਫਿਕੇਸ਼ਨ ਜਾਂ ਦਸਤਾਵੇਜ਼ ਪੇਸ਼ ਕਰਨ ਲਈ ਕਿਹਾ, ਜਿਸ ਅਨੁਸਾਰ ਚੰਡੀਗੜ੍ਹ ਰਾਜਧਾਨੀ ਹੈ।

### ਬਿਜਲੀ ਡਿਗਣ ਕਾਰਨ ਉੱਤਰ ਪ੍ਰਦੇਸ਼ ਵਿਚ 32 ਲੋਕਾਂ ਦੀ ਮੌਤ

**ਲਖਨਊ:** ਉੱਤਰ ਪ੍ਰਦੇਸ਼ ਵਿਚ ਅਸਮਾਨੀ ਬਿਜਲੀ ਡਿਗਣ ਕਾਰਨ 32 ਵਿਅਕਤੀ ਮਾਰੇ ਗਏ ਹਨ। ਇਹ ਮੌਤਾਂ ਕਾਨ੍ਹਪੁਰ, ਫਤਿਹਪੁਰ, ਝਾਂਸੀ, ਜੌਨਪੁਰ, ਪ੍ਰਤਾਪਗੜ੍ਹ, ਚਿੱਤਰਕੂਟ, ਦਿਓਰੀਆ ਅਤੇ ਗਾਜ਼ੀਪੁਰ ਆਦਿ ਵਿਚ ਹੋਈਆਂ ਹਨ।

# ਬੇਅਦਬੀ ਮਾਮਲਿਆਂ 'ਤੇ ਅਕਾਲੀ ਦਲ ਨੂੰ ਪੁੱਠ ਪਿਆ ਦਾਅ

**ਚੰਡੀਗੜ੍ਹ:** ਇਸ ਵੇਲੇ ਪੰਜਾਬ ਦੇ ਰਾਜਨੀਤਕ ਅਤੇ ਧਾਰਮਿਕ ਹਲਕਿਆਂ ਵਿਚ ਸਭ ਤੋਂ ਵੱਧ ਚਰਚਾ ਦਾ ਵਿਸ਼ਾ ਸੀ.ਬੀ.ਆਈ. ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਤ 3 ਮਾਮਲਿਆਂ ਦੀ ਕਲੋਜ਼ਰ ਰਿਪੋਰਟ (ਕੇਸ ਬੰਦ ਕਰਨ ਬਾਰੇ) ਅਦਾਲਤ ਵਿਚ ਪੇਸ਼ ਕੀਤੇ ਜਾਣ ਦਾ ਹੈ। ਸਿਆਸੀ ਧਿਰਾਂ ਇਕ ਦੂਜੇ ਨੂੰ ਘੇਰਨ ਉਤੇ ਜ਼ੋਰ ਲਾ ਰਹੀਆਂ ਹਨ।

ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਬੇਅਦਬੀ ਮਾਮਲਿਆਂ ਦੀ ਜਾਂਚ ਬਾਰੇ ਸੀ.ਬੀ.ਆਈ. ਦੀ ਕਲੋਜ਼ਰ ਰਿਪੋਰਟ 'ਤੇ ਪਾਇਆ ਰੌਲਾ ਪੁੱਠਾ ਪੈਂਦਾ ਨਜ਼ਰ ਆ ਰਿਹਾ ਹੈ। ਅਕਾਲੀ ਦਲ ਨੇ ਕੋਰ ਕਮੇਟੀ ਦੀ ਮੀਟਿੰਗ ਸੱਦ ਕੇ ਇਸ ਮੁੱਦੇ 'ਤੇ ਕਾਂਗਰਸ ਨੂੰ ਘੇਰਨ ਦੀ ਰਣਨੀਤੀ ਘੜੀ ਸੀ। ਇਸ ਦੇ ਨਾਲ ਹੀ ਬੇਅਦਬੀ ਮਾਮਲਿਆਂ 'ਤੇ ਸੰਘਰਸ਼ ਵਿੱਢ ਕੇ ਸਿਆਸਤ ਦਾ ਪਾਸਾ ਹੀ ਪਲਟਣ ਦੀ ਕੋਸ਼ਿਸ਼ ਕੀਤੀ ਸੀ। ਹੁਣ ਇਹ ਮਾਮਲਾ ਉਲਟਾ ਪੈਂਦਾ ਨਜ਼ਰ ਆ ਰਿਹਾ ਹੈ। ਕੈਪਟਨ ਸਰਕਾਰ ਨੇ ਖੁਦ ਹੀ ਸੀ.ਬੀ.ਆਈ. ਨੂੰ ਜਾਂਚ ਜਾਰੀ ਰੱਖਣ ਲਈ ਕਹਿਣ ਦਾ ਪੈਂਤੜਾ ਚੱਲਿਆ ਹੈ। ਦੂਜੇ ਪਾਸੇ ਸਿੱਖ ਜਥੇਬੰਦੀਆਂ ਵੀ ਸ਼੍ਰੋਮਣੀ ਅਕਾਲੀ ਦਲ ਖਿਲਾਫ ਡਟ ਗਈਆਂ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਸੀ.ਬੀ.ਆਈ. ਨੂੰ ਜਾਂਚ ਅਕਾਲੀ ਦਲ ਦੀ ਸਰਕਾਰ ਨੇ ਹੀ ਸੌਂਪੀ ਸੀ। ਇਸ ਤੋਂ ਇਲਾਵਾ ਪਿਛਲੇ ਪੰਜ ਸਾਲ ਤੋਂ ਕੇਂਦਰ ਵਿਚ ਵੀ ਅਕਾਲੀ ਦਲ ਦੀ ਭਾਈਵਾਲ ਬੀ.ਜੇ.ਪੀ. ਦੀ ਸਰਕਾਰ ਹੈ। ਸੀ.ਬੀ.ਆਈ. ਕੇਂਦਰ ਸਰਕਾਰ ਦੇ ਅਧੀਨ ਆਉਂਦੀ ਹੈ। ਇਸ ਲਈ ਅਕਾਲੀ ਦਲ ਨੂੰ ਇਸ ਬਾਰੇ ਸਿਆਸਤ ਨਹੀਂ ਕਰਨੀ ਚਾਹੀਦੀ।



ਸ਼੍ਰੋਮਣੀ ਅਕਾਲੀ ਦਲ ਦੇ ਸੱਤਾ 'ਚ ਹੁੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਸੀ। ਮੁੱਖ ਮੰਤਰੀ ਹੁੰਦਿਆਂ ਪ੍ਰਕਾਸ਼ ਸਿੰਘ ਬਾਦਲ ਨੇ ਹੀ ਇਸ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪੀ ਸੀ। ਹੁਣ ਸੀ.ਬੀ.ਆਈ. ਵੱਲੋਂ ਕਲੋਜ਼ਰ ਰਿਪੋਰਟ ਦੇਣ 'ਤੇ ਅਕਾਲੀ ਦਲ ਕਿਹੜੇ ਮੂੰਹ ਨਾਲ ਇਸ ਦਾ ਵਿਰੋਧ ਕਰ ਰਿਹਾ ਹੈ। ਅਸਲ ਵਿਚ, ਰਾਜਨੀਤਕ ਹਲਕਿਆਂ ਵਿਚ ਸੀ.ਬੀ.ਆਈ. ਦੀ ਇਸ ਕਲੋਜ਼ਰ ਰਿਪੋਰਟ ਨੂੰ ਹਰਿਆਣਾ ਵਿਧਾਨ ਸਭਾ ਦੀਆਂ ਆ ਰਹੀਆਂ ਚੋਣਾਂ ਜੋ ਅਕਤੂਬਰ 2019 ਵਿਚ ਹੋਣੀਆਂ ਹਨ, ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਇਸ ਨੂੰ ਭਾਜਪਾ ਦੀ ਇਨ੍ਹਾਂ ਚੋਣਾਂ ਵਿਚ ਡੇਰਾ ਸਿਰਸਾ ਨਾਲ ਸਬੰਧਤ ਵੋਟਾਂ ਲੈਣ ਦੀ ਇਕ ਕਵਾਇਦ ਹੀ ਸਮਝਿਆ ਜਾ ਰਿਹਾ ਹੈ। ਅਸਲ ਵਿਚ ਹਰਿਆਣਾ ਦੀ ਭਾਜਪਾ ਸਰਕਾਰ ਦਾ ਡੇਰਾ ਮੁਖੀ ਪ੍ਰਤੀ ਰਵੱਈਆ ਪਹਿਲਾਂ ਤੋਂ ਹੀ ਦੋਸਤਾਨਾ ਹੈ। ਪਹਿਲਾਂ ਤਾਂ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਕਰ ਰਹੇ ਆਈ.ਜੀ. ਕੁੰਵਰ ਵਿਜੇ ਪ੍ਰਤਾਪ ਸਿੰਘ ਵਾਲੀ ਸਿੱਟ ਨੂੰ ਅਦਾਲਤੀ ਹੁਕਮ ਮਿਲਣ ਦੇ ਬਾਵਜੂਦ ਜੇਲ੍ਹ ਵਿਚ ਬੰਦ ਡੇਰਾ ਮੁਖੀ ਤੋਂ ਪੁੱਛਗਿੱਛ ਕਰਨ ਦੀ ਇਜਾਜ਼ਤ ਨਹੀਂ ਸੀ ਦਿੱਤੀ ਗਈ। ਫਿਰ ਡੇਰਾ ਮੁਖੀ ਨੂੰ ਪੈਰੋਲ 'ਤੇ ਰਿਹਾਅ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ। ਪਰ ਲੋਕਾਂ ਦੇ ਵਿਆਪਕ ਵਿਰੋਧ ਤੇ ਮੀਡੀਆ ਵਿਚ ਬਣੇ ਪ੍ਰਭਾਵ ਦੇ ਚਲਦਿਆਂ ਡੇਰਾ ਮੁਖੀ ਨੂੰ ਆਪਣੀ ਪੈਰੋਲ ਦੀ ਅਰਜ਼ੀ ਵਾਪਸ ਲੈਣੀ ਪਈ।

ਹੁਣ ਇਹ ਕਲੋਜ਼ਰ ਰਿਪੋਰਟ ਵੀ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਡੇਰੇ ਵਲੋਂ ਕੀਤੀ ਹਮਾਇਤ ਦਾ ਇਨਾਮ ਅਤੇ ਵਿਧਾਨ ਸਭਾ ਚੋਣਾਂ ਵਿਚ ਹਮਾਇਤ ਲੈਣ ਦੀ ਇਕ ਕੋਸ਼ਿਸ਼ ਹੀ ਸਮਝੀ ਜਾ ਰਹੀ ਹੈ। ਪਰ ਜਿਸ ਤਰ੍ਹਾਂ ਅਕਾਲੀ ਦਲ ਇਕ ਪਾਸੇ ਇਸ ਕਲੋਜ਼ਰ ਰਿਪੋਰਟ ਦਾ ਜ਼ੋਰਦਾਰ ਵਿਰੋਧ ਕਰ ਰਿਹਾ ਹੈ ਤੇ ਦੂਜੇ ਪਾਸੇ ਭਾਜਪਾ ਨਾਲ ਕੇਂਦਰ ਸਰਕਾਰ ਵਿਚ ਸ਼ਾਮਲ ਹੈ। ਉਹ ਆਪਣੇ-ਆਪ ਵਿਚ ਹੀ ਕਈ ਸਵਾਲ ਖੜ੍ਹੇ ਕਰ ਦਿੰਦਾ ਹੈ। ਕਿਉਂਕਿ ਇਹ ਚਿੰਤਾ ਸੱਚ ਹੈ ਕਿ ਕੇਂਦਰ ਸਰਕਾਰ ਦੀ ਮਰਜ਼ੀ ਤੋਂ ਬਿਨਾਂ ਸੀ.ਬੀ.ਆਈ. ਇਹੋ ਜਿਹੇ ਨਾਜ਼ੁਕ ਮਾਮਲੇ ਵਿਚ ਕਲੋਜ਼ਰ ਰਿਪੋਰਟ ਦਾਖਲ ਕਰਨ ਦੀ ਹਿੰਮਤ ਨਹੀਂ ਕਰ ਸਕਦੀ।

ਅਸਲ ਵਿਚ ਸੀ.ਬੀ.ਆਈ. ਪਹਿਲੀ ਜੂਨ, 2015 ਨੂੰ ਗੁਰਦੁਆਰਾ ਬੁਰਜ ਜਵਾਹਰ ਸਿੰਘ ਵਾਲਾ ਤੋਂ ਚੋਰੀ ਕੀਤੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ, 24 ਸਤੰਬਰ, 2015 ਨੂੰ ਬੇਅਦਬੀ ਕਰਨ ਦੇ ਧਮਕੀ ਭਰੇ ਲਾਏ ਪੋਸਟਰਾਂ ਅਤੇ ਇਸੇ ਸਾਲ 'ਚ ਬਰਗਾੜੀ ਵਿਚ 12 ਅਕਤੂਬਰ ਨੂੰ ਕੀਤੀ ਬੇਅਦਬੀ ਦੇ ਮਾਮਲਿਆਂ ਦੀ ਜਾਂਚ ਕਰ ਰਹੀ ਸੀ। ਹੈਰਾਨੀ ਦੀ ਗੱਲ ਹੈ ਕਿ ਸੀ.ਬੀ.ਆਈ. ਦਾ ਕੰਮ ਤਾਂ ਇਹ ਸੀ ਕਿ ਉਹ ਇਨ੍ਹਾਂ ਤਿੰਨਾਂ ਘਟਨਾਵਾਂ ਦੇ ਦੋਸ਼ੀਆਂ ਨੂੰ ਲੱਭ ਕੇ ਉਨ੍ਹਾਂ ਨੂੰ ਸਜ਼ਾ ਦਿਵਾਉਂਦੀ। ਪਰ ਇਸ ਤਰ੍ਹਾਂ ਜਾਪਦਾ ਹੈ ਕਿ ਉਹ ਦੋਸ਼ੀਆਂ ਨੂੰ ਫੜਨ ਲਈ ਜਾਂਚ ਨਹੀਂ ਕਰ ਰਹੀ ਸੀ ਬਸ ਉਸ ਦਾ ਏਨਾ ਹੀ ਕੰਮ ਸੀ ਇਸ ਵਿਚ ਨਾਮਜ਼ਦ ਕਥਿਤ ਦੋਸ਼ੀਆਂ, ਜਿਨ੍ਹਾਂ 'ਚ ਨਾਭਾ ਜੇਲ੍ਹ 'ਚ ਕਤਲ ਕਰ ਦਿੱਤਾ ਗਿਆ ਮਹਿੰਦਰ ਪਾਲ ਬਿੱਟੂ ਵੀ ਸ਼ਾਮਲ ਹੈ, ਖਿਲਾਫ ਕੇਸ ਖਤਮ ਕਰਵਾ ਸਕੇ ਤੇ ਕਲੀਨ ਚਿੱਟ ਦੇ ਸਕੇ।

## ਹਾਈ ਕੋਰਟ ਸੀ.ਬੀ.ਆਈ. ਦੇ ਕੰਮ ਕਰਨ ਦੇ ਢੰਗ ਉਤੇ ਹੈਰਾਨ

**ਚੰਡੀਗੜ੍ਹ:** ਸੀ.ਬੀ.ਆਈ. ਦੇ ਇਸ ਕੇਸ ਵਿਚ ਕੰਮ ਕਰਨ ਦੇ ਢੰਗ 'ਤੇ ਤਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਵੀ ਨਾਖੁਸ਼ੀ ਹੀ ਪ੍ਰਗਟਾਈ ਹੈ। ਹਾਈ ਕੋਰਟ ਦੇ ਸੁਯੋਗ ਜੱਜ ਰਾਜਨ ਗੁਪਤਾ ਨੇ ਮੋਗਾ ਦੇ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਦੀ ਪਟੀਸ਼ਨ ਰੱਦ ਕਰਦੇ ਸਮੇਂ ਕਿਹਾ ਕਿ ਸੁਣਵਾਈ ਦੌਰਾਨ ਇਸ ਅਦਾਲਤ ਨੇ ਸੀ.ਬੀ.ਆਈ. ਦੀ ਕੇਸ ਡਾਇਰੀ ਮੰਗਵਾਈ ਤੇ ਜਾਂਚੀ ਹੈ। ਇਹ ਸਪੱਸ਼ਟ ਸੀ ਕਿ ਮਾਮਲੇ ਦੀ ਜਾਂਚ ਵਿਚ ਸ਼ਾਇਦ ਹੀ ਕੋਈ ਪ੍ਰਗਤੀ ਹੋਈ ਹੋਵੇ। ਗੌਰਤਲਬ ਹੈ ਕਿ ਬਾਦਲ ਸਰਕਾਰ ਵੇਲੇ ਬੇਅਦਬੀ ਮਾਮਲੇ ਦੀ ਜਾਂਚ ਲਈ ਬਣਾਈ ਗਈ ਪਹਿਲੀ ਸਿਟ ਜੋ ਹੁਣ ਡੀ.ਜੀ.ਪੀ. ਬਣੇ ਇਕਬਾਲ ਪ੍ਰੀਤ ਸਿੰਘ ਸਹੋਤਾ ਦੀ ਅਗਵਾਈ ਵਿਚ ਬਣੀ ਸੀ, ਦੇ ਮੈਂਬਰ ਡੀ.ਆਈ.ਜੀ. ਰਣਬੀਰ ਸਿੰਘ ਖੱਟੜਾ ਵੱਲੋਂ ਕੀਤੀ ਜਾਂਚ ਦੇ ਆਧਾਰ 'ਤੇ ਡੇਰਾ ਪ੍ਰੇਮੀ ਮਹਿੰਦਰ ਪਾਲ ਬਿੱਟੂ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਨੂੰ ਬਾਅਦ ਵਿਚ ਜੇਲ੍ਹ ਵਿਚ ਹੀ ਕਤਲ ਕਰ ਦਿੱਤਾ ਗਿਆ ਸੀ। ਬਿੱਟੂ ਨੇ ਖੁਦ ਮੈਜਿਸਟ੍ਰੇਟ ਸਾਹਮਣੇ ਇਕਬਾਲੀਆ ਬਿਆਨ ਦਿੱਤਾ ਸੀ। ਇਸੇ ਮਾਮਲੇ ਵਿਚ ਹੀ ਇਕ ਡੇਰਾ ਪ੍ਰੇਮੀ ਦੁਕਾਨਦਾਰ ਨੇ ਪੁਲਿਸ ਨੂੰ ਬਰਗਾੜੀ ਵਿਚ ਧਮਕੀ ਭਰੇ ਪੋਸਟਰ ਲਈ ਕਾਗਜ਼ ਲੈ ਕੇ ਜਾਣ ਅਤੇ ਪੋਸਟਰ ਲਿਖਣ ਵਾਲੇ ਬਾਰੇ ਜਾਣਕਾਰੀ ਵੀ ਦਿੱਤੀ ਸੀ ਤੇ ਇਹ ਵੀ ਕਿਹਾ ਸੀ ਕਿ ਇਹ ਸਭ ਕੁਝ ਮਹਿੰਦਰ ਪਾਲ ਬਿੱਟੂ ਨੇ ਕਰਵਾਇਆ ਸੀ। ਪਰ ਏਨੀਆਂ ਗਵਾਹੀਆਂ ਦੇ ਬਾਵਜੂਦ ਸੀ.ਬੀ.ਆਈ. ਵੱਲੋਂ ਕਲੋਜ਼ਰ ਰਿਪੋਰਟ ਦਾਖਲ ਕਰਨੀ ਹੈਰਾਨੀਜਨਕ ਮਾਮਲਾ ਹੈ।

## ਕਲੋਜ਼ਰ ਰਿਪੋਰਟ ਦਾ ਪੁਲਿਸ ਜਾਂਚ 'ਤੇ ਕੋਈ ਅਸਰ ਨਹੀਂ ਪੈਣਾ: ਕੁੰਵਰ ਵਿਜੈ

**ਮੋਹਾਲੀ:** ਪੰਜਾਬ ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਸੀ.ਬੀ.ਆਈ. ਵੱਲੋਂ ਕਰੀਬ ਸਾਢੇ ਤਿੰਨ ਸਾਲ ਵੱਖ ਵੱਖ ਪਹਿਲੂਆਂ 'ਤੇ ਜਾਂਚ ਪੜਤਾਲ ਕਰਨ ਤੋਂ ਬਾਅਦ ਪਿਛਲੇ ਦਿਨੀਂ ਅਚਾਨਕ ਮੋਹਾਲੀ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਵਿਚ ਕੇਸ ਖਤਮ ਕਰਨ ਲਈ ਦਾਇਰ ਕੀਤੀ ਕਲੋਜ਼ਰ ਰਿਪੋਰਟ ਦਾ ਪੰਜਾਬ ਪੁਲਿਸ ਦੀ ਜਾਂਚ 'ਤੇ ਕੋਈ ਅਸਰ ਨਹੀਂ ਪਵੇਗਾ। ਇਹ ਗੱਲ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਸਿਟ) ਦੇ ਸੀਨੀਅਰ ਮੈਂਬਰ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਕਹੀ। ਉਨ੍ਹਾਂ ਕਿਹਾ ਕਿ ਸੀ.ਬੀ.ਆਈ. ਦੀ ਕਲੋਜ਼ਰ ਰਿਪੋਰਟ ਨਾਲ ਪੁਲਿਸ ਦੀ ਜ਼ਿੰਮੇਵਾਰੀ ਵਧ ਗਈ ਹੈ। ਉਨ੍ਹਾਂ ਦੱਸਿਆ ਕਿ ਬੀਤੀ 27 ਮਈ ਨੂੰ ਕੋਟਕਪੂਰਾ ਗੋਲੀਕਾਂਡ ਮਾਮਲੇ ਵਿਚ 'ਸਿਟ' ਵੱਲੋਂ ਫਰੀਦਕੋਟ ਅਦਾਲਤ ਵਿਚ ਮੁਲਜ਼ਮਾਂ ਖਿਲਾਫ ਮੁੱਖ ਚਲਾਨ ਪੇਸ਼ ਕੀਤਾ ਜਾ ਚੁੱਕਾ ਹੈ ਅਤੇ ਇਸ ਅਹਿਮ ਦਸਤਾਵੇਜ਼ ਵਿਚ ਘਟਨਾਕ੍ਰਮ ਸਬੰਧੀ ਸਾਰੀ ਲੋੜੀਂਦੀ ਜਾਣਕਾਰੀ ਉਪਲਬਧ ਹੈ।

# ਸੀ. ਬੀ. ਆਈ. ਅਦਾਲਤ ਵੱਲੋਂ ਕਲੋਜ਼ਰ ਰਿਪੋਰਟ ਸਬੰਧੀ ਅਪੀਲ ਮਨਜ਼ੂਰ

**ਮੋਹਾਲੀ:** ਪੰਜਾਬ ਵਿਚ ਵੱਖ-ਵੱਖ ਥਾਵਾਂ 'ਤੇ ਹੋਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਸਬੰਧੀ ਮੋਹਾਲੀ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਸ਼ਿਕਾਇਤਕਰਤਾਵਾਂ ਦੀ ਅਪੀਲ ਮਨਜ਼ੂਰ ਕਰ ਲਈ ਹੈ। ਸ਼ਿਕਾਇਤਕਰਤਾ ਰਣਜੀਤ ਸਿੰਘ ਵਾਸੀ ਪਿੰਡ ਬੁਰਜ ਜਵਾਹਰ (ਜ਼ਿਲ੍ਹਾ ਫਰੀਦਕੋਟ) ਅਤੇ ਇਸੇ ਪਿੰਡ ਦੇ ਗੁਰਦੁਆਰੇ ਦੇ ਗ੍ਰੰਥੀ ਗੋਰਾ ਸਿੰਘ ਆਪਣੇ ਵਕੀਲ ਗਗਨਪ੍ਰਦੀਪ ਸਿੰਘ ਬੱਲ ਅਤੇ ਨਵਦੀਪ ਸਿੰਘ ਬਿੱਟਾ ਨਾਲ ਅੱਜ ਨਿੱਜੀ ਤੌਰ 'ਤੇ ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਜੀ.ਐਸ. ਸੇਖੋਂ ਦੀ ਅਦਾਲਤ ਵਿਚ ਪੇਸ਼ ਹੋਏ ਅਤੇ ਪਿਛਲੇ ਦਿਨੀਂ ਸੀ.ਬੀ.ਆਈ. ਵੱਲੋਂ ਬੇਅਦਬੀ ਮਾਮਲੇ ਵਿਚ ਦਾਇਰ ਕੀਤੀ ਕਲੋਜ਼ਰ ਰਿਪੋਰਟ ਦੀ ਕਾਪੀ ਮੁਹੱਈਆ ਕਰਵਾਉਣ ਦੀ ਮੰਗ ਕੀਤੀ।

ਉਨ੍ਹਾਂ ਜੱਜ ਨੂੰ ਬੇਅਦਬੀ ਮਾਮਲਿਆਂ ਦੇ ਵੱਖ-ਵੱਖ ਪਹਿਲੂਆਂ ਤੋਂ ਜਾਣੂ ਕਰਵਾਇਆ। ਜਿਰ੍ਹਾ ਦੌਰਾਨ ਜ਼ਿਲ੍ਹਾ ਅਟਾਰਨੀ ਸੰਦੀਪ ਬੱਤਰਾ ਅਤੇ ਉਪ ਜ਼ਿਲ੍ਹਾ ਅਟਾਰਨੀ ਮਨਜੀਤ ਸਿੰਘ ਅਤੇ ਪੰਜਾਬ ਪੁਲੀਸ ਦੇ ਏ.ਆਈ.ਜੀ. (ਅਪਰਾਧ) ਸਰਬਜੀਤ ਸਿੰਘ ਵੀ ਮੌਜੂਦ ਸਨ। ਪੁਲਿਸ ਨੇ ਅਦਾਲਤ ਦੇ ਬਾਹਰ ਸਖਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਸ਼ਿਕਾਇਤਕਰਤਾਵਾਂ, ਉਨ੍ਹਾਂ ਦੇ ਵਕੀਲਾਂ, ਪੁਲਿਸ ਅਧਿਕਾਰੀਆਂ ਅਤੇ ਸਰਕਾਰੀ ਵਕੀਲਾਂ ਤੋਂ ਬਿਨਾਂ ਕਿਸੇ ਨੂੰ ਅਦਾਲਤ ਦੇ ਅੰਦਰ ਨਹੀਂ ਜਾਣ ਦਿੱਤਾ ਗਿਆ ਅਤੇ ਅਦਾਲਤ ਦਾ ਕੋਈ ਵੀ ਨੁਮਾਇੰਦਾ ਕੁਝ ਵੀ ਦੱਸਣ ਲਈ ਤਿਆਰ ਨਹੀਂ ਸੀ।

ਅਦਾਲਤੀ ਕਾਰਵਾਈ ਮਗਰੋਂ ਬਾਹਰ ਆਏ ਸ਼ਿਕਾਇਤਕਰਤਾਵਾਂ ਦੇ ਵਕੀਲਾਂ ਗਗਨਪ੍ਰਦੀਪ ਸਿੰਘ ਬੱਲ ਅਤੇ ਨਵਦੀਪ ਸਿੰਘ ਬਿੱਟਾ ਨੇ ਦੱਸਿਆ ਕਿ ਜੱਜ ਨੇ ਉਨ੍ਹਾਂ ਨੂੰ ਕਲੋਜ਼ਰ ਰਿਪੋਰਟ ਦੇਣ ਦੀ ਅਪੀਲ ਮਨਜ਼ੂਰ ਕਰਦਿਆਂ ਹਦਾਇਤ ਕੀਤੀ ਹੈ ਕਿ ਕਾਨੂੰਨੀ ਤੌਰ 'ਤੇ ਇਹ ਅਹਿਮ ਦਸਤਾਵੇਜ਼ ਹਾਸਲ ਕਰਨ ਲਈ ਅਰਜ਼ੀ ਦਾਇਰ ਕੀਤੀ ਜਾਵੇ। ਵਕੀਲਾਂ ਨੇ ਦੱਸਿਆ ਕਿ ਸੀ.ਬੀ.ਆਈ. ਵੱਲੋਂ ਅਦਾਲਤ 'ਚ ਦਾਇਰ ਕੀਤੀ ਗਈ ਕਲੋਜ਼ਰ ਰਿਪੋਰਟ ਵਿਚਲੇ ਵੱਖ-ਵੱਖ ਪਹਿਲੂਆਂ ਨੂੰ ਵਾਚਣ ਤੋਂ ਬਾਅਦ ਉਸ ਰਿਪੋਰਟ ਨੂੰ ਚੁਣੌਤੀ ਦੇਣ ਬਾਰੇ ਫੈਸਲਾ ਲਿਆ ਜਾਵੇਗਾ। ਪੰਜਾਬ ਪੁਲਿਸ ਦੀ ਸਿਟ ਵੱਲੋਂ ਮੁਲਜ਼ਮਾਂ ਖਿਲਾਫ ਚਲਾਨ ਪੇਸ਼ ਕੀਤਾ ਜਾ ਚੁੱਕਿਆ ਹੈ ਅਤੇ ਇਹ ਕੇਸ ਵੱਖ-ਵੱਖ ਅਦਾਲਤਾਂ ਵਿਚ ਚੱਲ ਰਹੇ ਹਨ ਪਰ ਹੁਣ ਕਲੋਜ਼ਰ ਰਿਪੋਰਟ ਪੇਸ਼ ਹੋਣ ਨਾਲ ਉਨ੍ਹਾਂ ਕੇਸਾਂ ਦੀ ਸੁਣਵਾਈ ਪ੍ਰਭਾਵਿਤ ਹੋ ਸਕਦੀ ਹੈ।

ਉਧਰ, ਪੰਜਾਬ ਸਰਕਾਰ ਵੱਲੋਂ ਸੀ.ਬੀ.ਆਈ. ਦੀ ਤਸਦੀਕਸ਼ੁਦਾ ਕਲੋਜ਼ਰ ਰਿਪੋਰਟ ਦੀ ਕਾਪੀ ਹਾਸਲ ਕਰਨ ਲਈ ਸੂਬਾ ਸਰਕਾਰ ਵੱਲੋਂ ਜ਼ਿਲ੍ਹਾ ਅਟਾਰਨੀ ਸੰਦੀਪ ਬੱਤਰਾ ਅਤੇ ਉਪ ਜ਼ਿਲ੍ਹਾ ਅਟਾਰਨੀ ਮਨਜੀਤ ਸਿੰਘ ਮੋਹਾਲੀ ਅਦਾਲਤ ਵਿਚ ਹਾਜ਼ਰ ਸਨ।

## ਸ਼੍ਰੋਮਣੀ ਕਮੇਟੀ ਵੱਲੋਂ ਕਲੋਜ਼ਰ ਰਿਪੋਰਟ ਰੱਦ

**ਅੰਮ੍ਰਿਤਸਰ:** ਬੇਅਦਬੀ ਦੀਆਂ ਘਟਨਾਵਾਂ ਦੇ ਮਾਮਲੇ ਵਿਚ ਸੀ.ਬੀ.ਆਈ. ਵੱਲੋਂ ਦਿੱਤੀ ਕਲੋਜ਼ਰ ਰਿਪੋਰਟ ਨੂੰ ਸ਼੍ਰੋਮਣੀ ਕਮੇਟੀ ਨੇ ਰੱਦ ਕਰ ਦਿੱਤਾ ਹੈ ਅਤੇ ਇਸ ਖਿਲਾਫ ਕਾਨੂੰਨੀ ਕਾਰਵਾਈ ਕਰਨ ਦਾ ਫੈਸਲਾ ਲਿਆ ਹੈ। ਇਹ ਫੈਸਲੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਲਏ ਗਏ ਹਨ। ਇਹ ਇਕੱਤਰਤਾ ਸੁਲਤਾਨਪੁਰ ਲੋਧੀ ਸਥਿਤ ਗੁਰਦੁਆਰਾ ਬੇਰ ਸਾਹਿਬ ਵਿਖੇ ਹੋਈ, ਜਿਸ ਦੀ ਪ੍ਰਧਾਨਗੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕੀਤੀ। ਸ੍ਰੀ ਲੌਂਗੋਵਾਲ ਨੇ ਦੱਸਿਆ ਕਿ ਮੀਟਿੰਗ ਦੌਰਾਨ ਬੇਅਦਬੀ ਮਾਮਲਿਆਂ ਸਬੰਧੀ ਸੀ.ਬੀ.ਆਈ. ਦੀ ਰਿਪੋਰਟ ਨੂੰ ਸ਼੍ਰੋਮਣੀ ਕਮੇਟੀ ਨੇ ਰੱਦ ਕਰ ਦਿੱਤਾ ਹੈ ਅਤੇ ਇਸ ਸਬੰਧੀ ਅਗਲੀ ਕਾਰਵਾਈ ਕਾਨੂੰਨੀ ਮਾਹਿਰਾਂ ਦੀ ਰਾਏ ਨਾਲ ਕੀਤੀ ਜਾਵੇਗੀ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰੇਗੀ।

## ਸਿੱਖ ਕਤਲੇਆਮ: ਯਾਦਵ ਨੂੰ ਨਾ ਮਿਲੀ ਰਾਹਤ

**ਨਵੀਂ ਦਿੱਲੀ:** 1984 ਸਿੱਖ ਕਤਲੇਆਮ ਦੇ ਦੋਸ਼ਾਂ ਵਿਚ ਸਜ਼ਾ ਕੱਟ ਰਹੇ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਦੇ ਸਾਥੀ ਮਹਿੰਦਰ ਯਾਦਵ ਨੂੰ ਸੁਪਰੀਮ ਕੋਰਟ ਤੋਂ ਕੋਈ ਰਾਹਤ ਨਹੀਂ ਮਿਲੀ। ਸਿਖਰਲੀ ਅਦਾਲਤ ਨੇ ਯਾਦਵ ਦੀ ਜ਼ਮਾਨਤ ਅਰਜ਼ੀ ਨੂੰ ਸਿੱਖ ਕਤਲੇਆਮ ਦੇ ਇਕ ਹੋਰ ਕੇਸ (ਜਿਸ ਵਿਚ ਉਹ ਸ਼ਾਮਲ ਹੈ) ਨਾਲ ਜੋੜ ਦਿੱਤਾ ਹੈ।

ਹਾਈ ਕੋਰਟ ਨੇ ਦਿੱਲੀ ਛਾਉਣੀ ਅੰਦਰ ਸਿੱਖਾਂ ਦੇ ਸਮੂਹਿਕ ਕਤਲੇਆਮ ਵਿਚ ਸੱਜਣ ਕੁਮਾਰ ਅਤੇ ਪੰਜ ਹੋਰ ਦੋਸ਼ੀਆਂ ਨੂੰ 18 ਦਸੰਬਰ 2018 ਨੂੰ ਸਜ਼ਾਵਾਂ ਸੁਣਾਈਆਂ ਸਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਨਿਰਦੋਸ਼ ਸਿੱਖਾਂ ਨੂੰ ਬੇਰਹਿਮੀ ਨਾਲ ਕਤਲ ਕਰਨ ਵਾਲੇ ਦੋਸ਼ੀ ਹੁਣ ਜੇਲ੍ਹਾਂ ਤੋਂ ਬਾਹਰ ਨਹੀਂ ਆ ਸਕਣਗੇ।

# ਬੇਅਦਬੀ ਕਾਂਡ: ਕਲੋਜ਼ਰ ਰਿਪੋਰਟ ਖਿਲਾਫ ਰੋਸ ਕਰ ਰਹੀਆਂ ਜਥੇਬੰਦੀਆਂ 'ਤੇ ਲਾਠੀਚਾਰਜ

**ਮੁਹਾਲੀ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਬੰਧੀ ਮਾਮਲਿਆਂ ਬਾਰੇ ਪਿਛਲੇ ਦਿਨੀਂ ਸੀ.ਬੀ.ਆਈ. ਵੱਲੋਂ ਮੁਹਾਲੀ ਸਥਿਤ ਵਿਸ਼ੇਸ਼ ਅਦਾਲਤ ਵਿਚ ਦਾਇਰ ਕੀਤੀ ਗਈ ਕਲੋਜ਼ਰ ਰਿਪੋਰਟ ਖਿਲਾਫ ਰੋਸ ਪ੍ਰਦਰਸ਼ਨ ਕਰ ਰਹੇ ਸਿੱਖ ਕਾਰਕੁਨਾਂ 'ਤੇ ਚੰਡੀਗੜ੍ਹ ਦੀ ਹੱਦ 'ਤੇ ਪੁਲਿਸ ਨੇ ਲਾਠੀਚਾਰਜ ਕੀਤਾ, ਪਾਣੀ ਦੀਆਂ ਬੁਛਾੜਾਂ ਮਾਰੀਆਂ ਅਤੇ ਅੱਥਰੂ ਗੈਸ ਦੇ ਗੋਲੇ ਵੀ ਛੱਡੇ। ਇਸ ਕਾਰਨ ਕਈ ਸਿੱਖਾਂ ਦੀਆਂ ਪੱਗਾਂ ਲੱਥ ਗਈਆਂ ਅਤੇ ਕਈ ਜਖ਼ਮੀ ਹੋ ਗਏ।

ਜਾਣਕਾਰੀ ਅਨੁਸਾਰ ਜਗਤਾਰ ਸਿੰਘ ਹਵਾਰਾ ਵੱਲੋਂ ਬਣਾਈ ਗਈ ਪੰਜ ਮੈਂਬਰੀ ਕਮੇਟੀ ਅਤੇ ਹੋਰਨਾਂ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਇਥੇ ਗੁਰਦੁਆਰਾ ਅੰਬ ਸਾਹਿਬ ਫੇਜ਼-8 ਵਿਚ ਇਕੱਠੇ ਹੋਏ ਅਤੇ ਬੇਅਦਬੀ ਮਾਮਲਿਆਂ ਤੇ ਸੀ.ਬੀ.ਆਈ. ਦੀ ਕਲੋਜ਼ਰ ਰਿਪੋਰਟ ਬਾਰੇ ਚਰਚਾ ਕੀਤੀ। ਸਿੱਖ ਨੁਮਾਇੰਦਿਆਂ ਨੇ ਸ਼ਾਂਤਮਈ ਢੰਗ ਨਾਲ ਰੋਸ ਮੁਜ਼ਾਹਰਾ ਕਰਦਿਆਂ ਸੀ.ਬੀ.ਆਈ. ਦਫਤਰ ਤੱਕ ਜਾਣ ਦੇਣ ਦੀ ਮੰਗ ਕੀਤੀ ਪਰ ਯੂਟੀ ਪੁਲਿਸ ਨੇ ਉਨ੍ਹਾਂ ਦਾ ਰਾਹ ਡੱਕ ਲਿਆ ਅਤੇ ਪ੍ਰਦਰਸ਼ਨਕਾਰੀਆਂ ਨੂੰ ਚੰਡੀਗੜ੍ਹ ਦੀ ਹੱਦ ਵਿਚ ਦਾਖਲ ਨਾ ਹੋਣ ਦਿੱਤਾ। ਜਦੋਂ ਸਿੱਖਾਂ ਨੇ ਜੈਕਾਰੇ ਛੱਡ ਕੇ ਅੱਗੇ ਵਧਣ ਦਾ ਯਤਨ ਕੀਤਾ ਤਾਂ ਪੁਲਿਸ ਨੇ ਭੀੜ ਨੂੰ ਖਦੇੜਨ ਲਈ ਹਲਕਾ ਲਾਠੀਚਾਰਜ ਕੀਤਾ ਅਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ। ਪੁਲਿਸ ਨੇ ਅੱਥਰੂ ਗੈਸ ਦੇ ਗੋਲੇ ਵੀ ਛੱਡੇ। ਪਾਣੀ ਦੀਆਂ ਬੁਛਾੜਾਂ ਕਾਰਨ ਕਈ ਸਿੱਖਾਂ ਦੀਆਂ ਪੱਗਾਂ ਲੱਥ ਗਈਆਂ ਅਤੇ ਕਈ ਪ੍ਰਦਰਸ਼ਨਕਾਰੀ ਜਖ਼ਮੀ ਹੋ ਗਏ। ਇਸ 'ਤੇ ਸਿੱਖ ਨੁਮਾਇੰਦੇ ਉਥੇ ਹੀ ਸੜਕ 'ਤੇ ਚੱਕਾ ਜਾਮ ਕਰਕੇ ਧਰਨੇ ਉਤੇ ਬੈਠ ਗਏ।



ਇਸ ਕਾਰਨ ਸੜਕ 'ਤੇ ਕਾਫੀ ਸਮੇਂ ਤੱਕ ਆਵਾਜਾਈ ਠੱਪ ਰਹੀ।

ਇਸ ਦੌਰਾਨ ਐਸ.ਪੀ. ਰੈਂਕ ਦਾ ਅਧਿਕਾਰੀ ਪੰਜ ਮੈਂਬਰੀ ਕਮੇਟੀ ਦੇ ਆਗੂਆਂ ਨੂੰ ਖੁਦ ਸੀ.ਬੀ.ਆਈ. ਦਫਤਰ ਤੱਕ ਲੈ ਕੇ ਗਿਆ। ਸੀ.ਬੀ.ਆਈ. ਅਧਿਕਾਰੀ ਨੇ ਗੇਟ ਉਤੇ ਹੀ ਸਿੱਖ ਆਗੂਆਂ ਕੋਲੋਂ ਮੰਗ ਪੱਤਰ ਹਾਸਲ ਕੀਤਾ ਅਤੇ ਸੀ.ਬੀ.ਆਈ. ਡਾਇਰੈਕਟਰ ਸਮੇਤ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰਾਲੇ ਨੂੰ ਉਨ੍ਹਾਂ ਦੀਆਂ ਭਾਵਨਾਵਾਂ ਬਾਰੇ ਜਾਣੂ ਕਰਵਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਭਾਈ ਸੁਖਦੀਪ ਸਿੰਘ ਖੋਸਾ ਅਤੇ ਭਾਈ ਜਸਵਿੰਦਰ ਸਿੰਘ ਨੇ ਮੰਗ ਕੀਤੀ ਕਿ ਬੇਅਦਬੀ ਲਈ ਜ਼ਿੰਮੇਵਾਰ ਡੇਰਾ ਪ੍ਰੇਮੀਆਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਕੇਸ ਖਤਮ ਕਰਨ ਲਈ ਮੁਹਾਲੀ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਵਿਚ ਦਾਇਰ ਕਲੋਜ਼ਰ ਰਿਪੋਰਟ ਤੁਰਤ ਵਾਪਸ ਲਈ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪ੍ਰਦਰਸ਼ਨਕਾਰੀ ਸਿੱਖਾਂ ਉਤੇ ਲਾਠੀਚਾਰਜ ਕਰਕੇ ਫਰੀਦਕੋਟ ਵਿਚ ਹੋਏ ਜਬਰ-ਜ਼ੁਲਮ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ।

# ਦਿੱਲੀ ਦੀ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਨਹੀਂ ਰਹੇ

**ਨਵੀਂ ਦਿੱਲੀ:** ਦਿੱਲੀ ਦੀ ਮੁੱਖ ਮੰਤਰੀ ਵਜੋਂ 15 ਸਾਲ ਲਗਾਤਾਰ ਰਾਜ ਕਰਨ ਵਾਲੀ ਦਿੱਲੀ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨ ਸ੍ਰੀਮਤੀ ਸ਼ੀਲਾ ਦੀਕਸ਼ਿਤ ਦਾ ਇੱਥੋਂ ਦੇ ਐਸਕਾਰਟਸ ਹਸਪਤਾਲ ਵਿਚ ਦਿਹਾਂਤ ਹੋ ਗਿਆ। ਉਹ 81 ਸਾਲਾਂ ਦੇ ਸਨ। ਸ੍ਰੀਮਤੀ ਦੀਕਸ਼ਿਤ ਨੂੰ ਦਿਲ ਦਾ ਦੌਰਾ ਪਿਆ ਤੇ ਉਨ੍ਹਾਂ ਨੂੰ ਵੈਂਟੀਲੇਟਰ ਉਪਰ ਰੱਖਿਆ ਗਿਆ ਪਰ ਉਨ੍ਹਾਂ ਦਾ ਦਿਹਾਂਤ ਹੋ ਗਿਆ। ਹਸਪਤਾਲ ਦੇ ਡਾਕਟਰਾਂ ਨੇ ਦੱਸਿਆ ਕਿ ਸ੍ਰੀਮਤੀ ਦੀਕਸ਼ਿਤ ਨੂੰ ਦਿਲ ਦਾ ਦੌਰਾ ਪੈਣ ਪਿਛੋਂ ਗੰਭੀਰ ਹਾਲਤ ਹਸਪਤਾਲ ਲਿਆਂਦਾ ਗਿਆ ਪਰ ਬਚਾਇਆ ਨਾ ਜਾ ਸਕਿਆ।

ਪੰਜਾਬ ਦੇ ਕਪੂਰਥਲਾ ਦੇ ਵਿਚ 31 ਮਾਰਚ 1938 ਨੂੰ ਜੰਮੀ ਸ਼ੀਲਾ ਨੇ ਸਿੱਖਿਆ ਦਿੱਲੀ ਦੇ ਜੀਸਸ ਐਂਡ ਮੇਰੀ ਸਕੂਲ ਤੋਂ ਸ਼ੁਰੂ ਕੀਤੀ ਤੇ ਫਿਰ ਮਿਰਾਂਡਾ ਹਾਊਸ ਤੋਂ ਐਮ.ਏ. ਕੀਤੀ। ਉਨ੍ਹਾਂ ਦਾ ਵਿਆਹ ਕਾਂਗਰਸੀ ਨੇਤਾ ਉਮਾ ਸ਼ੰਕਰ ਦੀਕਸ਼ਿਤ ਦੇ ਆਈ.ਏ.ਐਸ. ਪੁੱਤਰ ਵਿਨੋਦ ਦੀਕਸ਼ਿਤ ਨਾਲ ਹੋਇਆ। 1984 ਵਿਚ ਉਹ ਕਨੌਜ ਤੋਂ ਲੋਕ ਸਭਾ ਲਈ ਚੁਣੀ ਗਈ ਸੰਸਦੀ ਕਾਰਜ ਮੰਤਰੀ ਬਣੀ ਫਿਰ ਪ੍ਰਧਾਨ ਮੰਤਰੀ ਦਫਤਰ ਦੀ



ਰਾਜ ਮੰਤਰੀ ਵੀ ਬਣੀ। ਉਹ 1998 ਤੋਂ ਲੈ ਕੇ 2013 ਤਕ ਦਿੱਲੀ ਦੀ ਲਗਾਤਾਰ ਤਿੰਨ ਵਾਰ ਮੁੱਖ ਮੰਤਰੀ ਰਹੀ ਪਰ 2013 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਉਹ ਅਰਵਿੰਦ ਕੇਜਰੀਵਾਲ ਤੋਂ ਹਾਰ ਗਈ ਸੀ।

# ਮੁਕੇਸ਼ ਅੰਬਾਨੀ ਦੀ ਤਨਖਾਹ ਲਗਾਤਾਰ 11ਵੇਂ ਸਾਲ ਵੀ 15 ਕਰੋੜ

**ਨਵੀਂ ਦਿੱਲੀ:** ਭਾਰਤ ਦੇ ਸਭ ਤੋਂ ਅਮੀਰ ਉਦਯੋਗਪਤੀ ਅਤੇ ਰਿਲਾਇੰਸ ਇੰਡਸਟਰੀ ਦੇ ਚੇਅਰਮੈਨ ਅਤੇ ਐਮ.ਡੀ. ਮੁਕੇਸ਼ ਅੰਬਾਨੀ ਦਾ ਸਾਲਾਨਾ ਤਨਖਾਹ ਪੈਕੇਜ ਲਗਾਤਾਰ 11ਵੇਂ ਸਾਲ 15 ਕਰੋੜ ਰੁਪਏ ਦੇ ਪੱਧਰ 'ਤੇ ਬਣਿਆ ਰਿਹਾ। ਅੰਬਾਨੀ ਨੂੰ ਕੰਪਨੀ ਤੋਂ ਮਿਲਣ ਵਾਲੀਆਂ ਸਾਲਾਨਾ ਸਹੂਲਤਾਂ 2008-09 ਤੋਂ ਸਥਿਰ ਹਨ। ਕੰਪਨੀ ਦੀ ਸਾਲਾਨਾ ਰਿਪੋਰਟ ਅਨੁਸਾਰ, "ਚੇਅਰਮੈਨ ਅਤੇ ਪ੍ਰਬੰਧ ਨਿਰਦੇਸ਼ਕ ਮੁਕੇਸ਼ ਅੰਬਾਨੀ ਦੀਆਂ ਕੁੱਲ ਸਹੂਲਤਾਂ ਸਾਲਾਨਾ 15 ਕਰੋੜ ਰੁਪਏ ਦੇ ਪੱਧਰ 'ਤੇ ਬਰਕਰਾਰ ਰੱਖੀਆਂ ਗਈਆਂ ਹਨ। ਇਹ ਕੰਪਨੀ ਵਿਚ ਪ੍ਰਬੰਧਕੀ ਪੱਧਰ ਦੇ ਸੰਤੁਲਨ ਨੂੰ ਬਣਾਈ ਰੱਖਣ ਲਈ ਉਨ੍ਹਾਂ ਦੀ ਇੱਛਾ ਸ਼ਕਤੀ ਨੂੰ ਦਰਸਾਉਂਦਾ ਹੈ।"

ਇਸੇ ਦੌਰਾਨ ਰਿਲਾਇੰਸ ਇੰਡਸਟਰੀ ਦੇ ਪੂਰਨਕਾਲੀ ਡਾਇਰੈਕਟਰਾਂ, ਜਿਨ੍ਹਾਂ ਵਿਚ ਉਨ੍ਹਾਂ ਦੇ ਚਚੇਰੇ ਭਰਾ ਨਿਖਿਲ ਮੇਸਵਾਨੀ ਤੇ ਹਿਤਲ ਮੇਸਵਾਨੀ ਸ਼ਾਮਲ ਹਨ, ਦੇ ਮਾਣਭੱਤੇ 'ਚ ਵਿੱਤੀ ਸਾਲ 2019 'ਚ 31 ਮਾਰਚ ਤੱਕ ਚੰਗਾ ਵਾਧਾ ਦਰਜ ਕੀਤਾ ਗਿਆ ਹੈ। ਮੁਕੇਸ਼ ਅੰਬਾਨੀ ਨੂੰ ਵਿੱਤੀ ਸਾਲ 2018-19 ਦੌਰਾਨ 4.45 ਕਰੋੜ ਰੁਪਏ ਤਨਖਾਹ ਅਤੇ ਭੱਤੇ ਦੇ ਰੂਪ 'ਚ ਦਿੱਤੇ ਗਏ ਹਨ। ਉਨ੍ਹਾਂ ਦੀ ਤਨਖਾਹ ਅਤੇ ਭੱਤੇ 2017-18 'ਚ



4.49 ਕਰੋੜ ਰੁਪਏ ਸਨ। ਜ਼ਿਕਰਯੋਗ ਹੈ ਕਿ ਮੁਕੇਸ਼ ਅੰਬਾਨੀ ਨੇ ਸਵੈਇੱਛਾ ਨਾਲ ਆਪਣੀਆਂ ਸਹੂਲਤਾਂ ਸਥਿਰ ਰੱਖਣ ਦਾ ਐਲਾਨ ਅਕਤੂਬਰ 2009 ਵਿਚ ਕੀਤਾ ਸੀ।

ਨਿਖਿਲ ਅਤੇ ਹਿਤਲ ਦੋਵਾਂ ਨੂੰ 2018-19 ਨੂੰ ਬਰਾਬਰ 20.57 ਕਰੋੜ ਰੁਪਏ ਦਾ ਪੈਕੇਜ ਦਿੱਤਾ ਗਿਆ। ਇਕ ਸਾਲ ਪਹਿਲਾਂ ਇਨ੍ਹਾਂ ਦੋਵਾਂ ਨੂੰ ਬਰਾਬਰ 19.99 ਕਰੋੜ ਰੁਪਏ ਮਿਲੇ ਸਨ। ਇਸੇ ਦੌਰਾਨ ਕੰਪਨੀ ਦੇ ਕਾਰਜਕਾਰੀ ਨਿਰਦੇਸ਼ਕ ਪੀ.ਐਮ.ਐਸ. ਪ੍ਰਸਾਦ ਦੀ ਤਨਖਾਹ 8.99 ਕਰੋੜ ਰੁਪਏ ਤੋਂ ਵਧਾ ਕੇ 10.01 ਕਰੋੜ ਕੀਤੀ ਗਈ। ਇਸੇ ਤਰ੍ਹਾਂ ਕੰਪਨੀ ਦੇ ਤੇਲ ਸੋਧਕ ਕਾਰੋਬਾਰ ਦੇ ਮੁਖੀ ਪਵਨ ਕੁਮਾਰ ਕਪਿਲ ਦਾ ਮਾਣਭੱਤਾ ਵੀ 3.47 ਕਰੋੜ ਤੋਂ ਵਧ ਕੇ 4.17 ਕਰੋੜ ਰੁਪਏ ਤੇ ਪਹੁੰਚ ਗਿਆ ਹੈ। ਪ੍ਰਸਾਦ ਅਤੇ ਕਪਿਲ ਵੀ ਕੰਪਨੀ ਦੇ ਪੂਰੇ ਸਮੇਂ ਲਈ ਡਾਇਰੈਕਟਰ ਹਨ।

ਵੇਟਰ ਤੇ ਹੈਲਪਰ ਦੀ ਲੋੜ ਹੈ
ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ
ਵੇਟਰ ਅਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ ਅਤੇ ਹੋਰ ਸਹੂਲਤਾਂ
ਸੰਪਰਕ ਕਰੋ, ਫੋਨ: 317-709-7800
29-30

# ਲੋਕ ਸਭਾ 'ਚ ਮਨੁੱਖੀ ਹੱਕਾਂ ਦੀ ਰਾਖੀ ਬਾਰੇ ਸੋਧ ਬਿੱਲ ਪਾਸ

**ਨਵੀਂ ਦਿੱਲੀ:** ਵਿਰੋਧੀ ਧਿਰਾਂ ਦੇ ਸਖਤ ਇਤਰਾਜ਼ਾਂ ਅਤੇ ਹੰਗਾਮਿਆਂ ਦੇ ਬਾਵਜੂਦ ਲੋਕ ਸਭਾ 'ਚ ਮਨੁੱਖੀ ਹੱਕਾਂ ਦੀ ਰਾਖੀ ਬਾਰੇ ਸੋਧ ਬਿੱਲ ਲੋਕ ਸਭਾ 'ਚ ਪਾਸ ਹੋ ਗਿਆ। ਬਿੱਲ ਦੇ ਪਾਸ ਹੋਣ ਤੋਂ ਬਾਅਦ ਕੇਂਦਰ ਕੋਲ ਰਾਜਾਂ ਅਤੇ ਕੇਂਦਰੀ ਸੂਚਨਾ ਕਮਿਸ਼ਨਰਾਂ ਦੀਆਂ ਤਨਖਾਹਾਂ ਅਤੇ ਕਾਰਜਕਾਲ ਦੀ ਮਿਆਦ ਨਿਸ਼ਚਿਤ ਕਰਨ ਦਾ ਅਧਿਕਾਰ ਹੋਵੇਗਾ।

ਬਿੱਲ ਮੁਤਾਬਿਕ ਸੂਚਨਾ ਕਮਿਸ਼ਨਰਾਂ ਦੇ ਕਾਰਜਕਾਲ ਦੀ ਮਿਆਦ 5 ਸਾਲ ਤੋਂ ਘਟਾ ਕੇ 3 ਸਾਲ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਮੌਜੂਦਾ ਅਮਲ 'ਚ ਸੂਚਨਾ ਕਮਿਸ਼ਨਰ ਨੂੰ ਚੋਣ ਕਮਿਸ਼ਨਰ ਦੇ ਬਰਾਬਰ ਦੇ ਅਧਿਕਾਰ ਦਿੱਤੇ ਗਏ ਹਨ। ਕੇਂਦਰ ਨੇ ਇਸ ਅਮਲ 'ਚ ਇਹ ਕਹਿੰਦਿਆਂ ਸੋਧ ਕਰ ਦਿੱਤੀ ਕਿ ਜਿਥੇ ਚੋਣ ਕਮਿਸ਼ਨ ਇਕ ਸੰਵਿਧਾਨਕ ਸੰਸਥਾ ਹੈ, ਉਥੇ ਸੂਚਨਾ ਕਮਿਸ਼ਨਰ ਇਕ ਕਾਨੂੰਨੀ ਸੰਸਥਾ ਹੈ। ਇਸ ਲਈ ਦੋਵਾਂ (ਚੋਣ ਕਮਿਸ਼ਨ ਅਤੇ ਸੂਚਨਾ ਕਮਿਸ਼ਨ) ਦੀ ਤੁਲਨਾ ਨਹੀਂ ਕੀਤੀ ਜਾ ਸਕਦੀ।

ਕਾਂਗਰਸ ਵੱਲੋਂ ਆਗੂ ਅਧੀਰ ਰੰਜਨ ਨੇ ਬਿੱਲ ਪੇਸ਼ ਹੋਣ ਦਾ ਵਿਰੋਧ ਕਰਦਿਆਂ ਕਿਹਾ ਕਿ ਨਿਯਮਾਂ ਮੁਤਾਬਿਕ ਸਦਨ 'ਚ ਬਿੱਲ ਪੇਸ਼ ਹੋਣ ਤੋਂ 2 ਦਿਨ ਪਹਿਲਾਂ ਸੰਸਦ ਮੈਂਬਰਾਂ ਨੂੰ ਮਿਲਣਾ ਚਾਹੀਦਾ ਹੈ, ਪਰ ਅਜਿਹਾ ਨਾ ਹੋਣ ਕਾਰਨ ਬਿੱਲ ਨੂੰ ਪੇਸ਼ ਨਹੀਂ ਕੀਤਾ ਜਾਣਾ ਚਾਹੀਦਾ। ਗ੍ਰਹਿ ਰਾਜ ਮੰਤਰੀ ਨਿਤਯਾਨੰਦ ਰਾਏ ਨੇ ਵਿਰੋਧੀ ਧਿਰਾਂ ਦੇ ਦੋਸ਼ਾਂ ਨੂੰ ਖਾਰਜ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਦੀਆਂ ਨੀਤੀਆਂ ਮਨੁੱਖੀ ਹੱਕਾਂ ਦੀ ਰਾਖੀ ਲਈ ਹਨ।

# ਅਮਰੀਕਾ ਆਪਣੀ ਵਿਭਿੰਨਤਾ ਕਰਕੇ ਹੀ ਮਹਾਨ: ਮਿਸ਼ੇਲ ਓਬਾਮਾ

**ਵਾਸ਼ਿੰਗਟਨ:** ਸਾਬਕਾ ਪ੍ਰਥਮ ਮਹਿਲਾ ਮਿਸ਼ੇਲ ਓਬਾਮਾ ਨੇ ਰਾਸ਼ਟਰਪਤੀ ਟਰੰਪ ਵੱਲੋਂ ਘੱਟ ਗਿਣਤੀਆਂ ਨਾਲ ਸਬੰਧਤ ਚਾਰ ਸੰਸਦ ਮੈਂਬਰਾਂ ਵਿਰੁੱਧ ਬੋਲੇ ਅਪਸ਼ਬਦਾਂ ਦਾ ਬੁਰਾ ਮਨਾਉਂਦਿਆਂ ਉਨ੍ਹਾਂ ਦੀਆਂ ਟਿੱਪਣੀਆਂ ਦਾ ਸਖਤ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਅਮਰੀਕਾ ਕਿਸੇ ਇਕ ਦਾ ਨਹੀਂ ਹੈ, ਇਹ ਸਾਰਿਆਂ ਦਾ ਹੈ।

ਇਹ ਥਾਂ ਸਾਡੇ ਸਾਰਿਆਂ ਲਈ ਹੈ। ਸ੍ਰੀਮਤੀ ਓਬਾਮਾ ਨੇ ਇਕ ਟਵੀਟ ਰਾਹੀਂ ਟਰੰਪ ਦੇ ਨਾਂ ਦਾ ਬਿਨਾਂ ਜ਼ਿਕਰ ਕੀਤਿਆਂ ਕਿਹਾ ਕਿ ਅਸਲ ਵਿਚ ਸਾਡੇ ਦੇਸ਼ ਨੂੰ ਮਹਾਨ ਬਣਾਉਣ ਵਾਲੀ ਅਸਲ 'ਚ ਇਸ ਦੀ ਵਿਭਿੰਨਤਾ ਹੀ ਹੈ, ਭਾਵੇਂ ਕਿ ਅਸੀਂ ਇਥੇ ਦੇ ਜੰਮਪਲ ਹਾਂ ਜਾਂ ਇਥੇ ਕਿਤੋਂ ਵੀ ਆਏ ਹਾਂ। ਇਹ ਥਾਂ ਸਾਡੇ ਸਾਰਿਆਂ ਲਈ ਹੈ। ਉਨ੍ਹਾਂ ਕਿਹਾ ਕਿ ਸਾਨੂੰ ਹਮੇਸ਼ਾ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਮੇਰਾ ਅਮਰੀਕਾ ਜਾਂ ਤੁਹਾਡਾ ਅਮਰੀਕਾ ਨਹੀਂ ਹੈ। ਇਹ ਸਾਡਾ ਅਮਰੀਕਾ ਹੈ। ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਡੋਨਲਡ ਟਰੰਪ ਪਹਿਲੀ ਵਾਰ ਬਣੀਆਂ ਚਾਰ ਮਹਿਲਾ ਡੈਮੋਕਰੈਟਿਕ ਕਾਂਗਰਸ ਮੈਂਬਰਾਂ ਜਿਨ੍ਹਾਂ ਨੂੰ 'ਸਕੁਐਡ' ਕਰਕੇ ਜਾਣਿਆ ਜਾਂਦਾ ਹੈ, ਉਤੇ ਕੀਤੇ ਹਮਲੇ ਤੋਂ ਬਾਅਦ ਭਾਰੀ ਆਲੋਚਨਾ ਵਿਚ ਘਿਰ ਗਏ ਹਨ।

ਅਮਰੀਕੀ ਪ੍ਰਤੀਨਿਧ ਸਦਨ ਜਿਸ ਵਿਚ ਡੈਮੋਕਰੈਟਿਕ ਪਾਰਟੀ ਦੇ ਸੰਸਦ ਮੈਂਬਰਾਂ ਦੀ ਬਹੁਗਿਣਤੀ ਹੈ, ਵਿਚ ਚਾਰ ਮਹਿਲਾਂ ਮੈਂਬਰਾਂ ਉਤੇ ਹਮਲਾ ਕਰਦਿਆਂ ਰਾਸ਼ਟਰਪਤੀ ਟਰੰਪ ਨੇ ਇਹ ਕਹਿ ਦਿੱਤਾ ਸੀ ਕਿ ਜੇ ਉਹ ਅਮਰੀਕਾ ਵਿਚ ਖੁਸ਼ ਨਹੀਂ ਹਨ ਤਾਂ ਉਨ੍ਹਾਂ ਨੂੰ ਆਪਣੇ ਜਨਮ ਸਥਾਨ ਵਾਲੇ ਦੇਸ਼ਾਂ ਵਿਚ ਚਲੇ ਜਾਣਾ ਚਾਹੀਦਾ ਹੈ।

ਪ੍ਰੋਫੈਸ਼ਨਲ ਤੰਦੂਰੀਏ ਦੀ ਲੋੜ ਹੈ
ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ
ਪ੍ਰੋਫੈਸ਼ਨਲ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ।
ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ
ਸੰਪਰਕ ਕਰੋ: ਮਿ. ਸਿੰਘ
ਫੋਨ: 515-291-1961
28-

ਪੁਸਤਕ 'ਗਾਥਾ ਸ੍ਰੀ ਆਦਿ ਗ੍ਰੰਥ'
(ਡਾ. ਪਿਆਰ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ)




ਖਰੀਦਣ ਲਈ ਸੰਪਰਕ ਕਰੋ
ਪੁਸਤਕ ਪੰਜਾਬੀ ਅਤੇ ਅੰਗਰੇਜ਼ੀ ਵਿਚ ਉਪਲਬਧ ਹੈ।
Please contact:
Dr. Jaswant Singh
singhj914@gmail.com

Restaurant and Grocery Store
For Sale
A unique combination of Indian Restaurant and Grocery Store for sale in Lake County, IL.
Established business in a rich neighborhood.
Over 85K monthly sale
Asking Price $250K + Inventory
Call: 224-513-1051
29-36

## ਮੈਰਿਟ ਆਧਾਰਿਤ ਇਮੀਗਰੇਸ਼ਨ ਵਧਾਉਣ ਬਾਰੇ ਵਿਚਾਰਾਂ

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਵੱਲੋਂ ਮੈਰਿਟ ਆਧਾਰਿਤ ਕਾਨੂੰਨੀ ਇਮੀਗਰੇਸ਼ਨ ਨੂੰ ਵਧਾ ਕੇ 57% ਕਰਨ ਦੀ ਤਜਵੀਜ਼ ਹੈ, ਜਿਸ 'ਚ ਪਰਿਵਾਰਕ ਅਤੇ ਮਾਨਵੀ ਆਧਾਰ 'ਤੇ ਵੀ ਤਰਜੀਹ ਦਿੱਤੀ ਜਾਵੇਗੀ। ਪੁਰਾਣੀ ਪ੍ਰਣਾਲੀ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਤਹਿਤ ਇਹ ਉਪਰਾਲਾ ਕੀਤਾ ਜਾ ਰਿਹਾ ਹੈ। ਰਾਸ਼ਟਰਪਤੀ ਦੇ ਸੀਨੀਅਰ ਸਲਾਹਕਾਰ ਅਤੇ ਡੋਨਲਡ ਟਰੰਪ ਦੇ ਜਵਾਈ ਜੇਰਡ ਕੁਸ਼ਨਰ ਨੇ ਕਿਹਾ ਕਿ ਦੁਨੀਆ ਦੇ ਹੁਨਰਮੰਦ ਅਤੇ ਮੈਰਿਟ ਵਾਲੇ ਵਿਅਕਤੀਆਂ ਲਈ ਇਮੀਗਰੇਸ਼ਨ ਨੀਤੀ ਬਣਾਉਣ ਨਾਲ ਅਮਰੀਕਾ ਨੂੰ 10 ਸਾਲਾਂ 'ਚ 500 ਅਰਬ ਡਾਲਰ ਦਾ ਮਾਲੀਆ ਮਿਲੇਗਾ। ਵ੍ਹਾਈਟ ਹਾਊਸ 'ਚ ਕੈਬਨਿਟ ਦੀ ਬੈਠਕ ਦੌਰਾਨ ਕੁਸ਼ਨਰ ਨੇ ਦੱਸਿਆ ਕਿ ਸਮਾਜਿਕ ਸੁਰੱਖਿਆ ਲਈ ਅਦਾਇਗੀ ਕਰ ਰਹੇ ਬਹੁਤੇ ਲੋਕ ਇਸ ਦੇ ਘੇਰੇ 'ਚ ਆਉਣਗੇ।

Motel for Sale
in Lewiston, Idaho
Travel Inn Lewiston
42- Room Property
For more information, Please call
Ph: (626) 786-1361
29-30

**Punjab Times**
**Established in 2000**
**20th Year in Publication**
Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨਕੋਦਰ ਬੇਅਦਬੀ ਮਾਮਲੇ 'ਚ ਅਕਾਲੀਆਂ ਦੀਆਂ ਮੁਸ਼ਕਿਲਾਂ ਵਧੀਆਂ

**ਜਲੰਧਰ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਤਿੰਨ ਦਹਾਕੇ ਪਹਿਲਾਂ ਨਕੋਦਰ ਵਿਚ ਪੁਲਿਸ ਦੀਆਂ ਗੋਲੀਆਂ ਨਾਲ ਮਾਰੇ ਗਏ ਚਾਰ ਸਿੱਖ ਨੌਜਵਾਨਾਂ ਦੇ ਮਾਮਲੇ ਵਿਚ ਸੂਬੇ ਦੇ ਸਾਬਕਾ ਮੁੱਖ ਸਕੱਤਰ ਦਰਬਾਰਾ ਸਿੰਘ ਗੁਰੂ, ਸਾਬਕਾ ਪੁਲਿਸ ਮੁਖੀ ਮੁਹੰਮਦ ਇਜ਼ਹਾਰ ਆਲਮ ਅਤੇ ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਨੂੰ ਨੋਟਿਸ ਜਾਰੀ ਕੀਤਾ ਹੈ। ਇਨ੍ਹਾਂ ਨੂੰ 14 ਅਗਸਤ ਤੱਕ ਜਵਾਬ ਦਾਖਲ ਕਰਨ ਲਈ ਕਿਹਾ ਗਿਆ ਹੈ।

ਦੱਸਣਯੋਗ ਹੈ ਕਿ 1986 ਵਿਚ ਵਾਪਰੇ ਇਸ ਕਾਂਡ ਵੇਲੇ ਦਰਬਾਰਾ ਸਿੰਘ ਗੁਰੂ ਜਲੰਧਰ ਦੇ ਵਧੀਕ ਡਿਪਟੀ ਕਮਿਸ਼ਨਰ ਸਨ, ਜਿਨ੍ਹਾਂ ਕੋਲ ਡੀ.ਸੀ. ਦੀਆਂ ਤਾਕਤਾਂ ਵਰਤਣ ਦੇ ਵੀ ਅਧਿਕਾਰ ਸਨ। ਇਜ਼ਹਾਰ ਆਲਮ ਉਦੋਂ ਜ਼ਿਲ੍ਹੇ ਦੇ ਐਸ.ਐਸ.ਪੀ. ਸਨ। ਹੁਣ ਇਹ ਦੋਵੇਂ ਸ਼੍ਰੋਮਣੀ ਅਕਾਲੀ ਦਲ 'ਚ ਪ੍ਰਮੁੱਖ ਅਹੁਦਿਆਂ ਉਤੇ ਬਿਰਾਜਮਾਨ ਹਨ। ਦਰਬਾਰਾ ਸਿੰਘ ਗੁਰੂ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਲੰਘੀਆਂ ਲੋਕ ਸਭਾ ਚੋਣਾਂ 'ਚ ਫਤਿਹਗੜ੍ਹ ਸਾਹਿਬ ਤੋਂ ਉਮੀਦਵਾਰ ਵੀ ਬਣਾਇਆ ਸੀ। ਗੋਲੀ ਕਾਂਡ ਵਿਚ ਮਾਰੇ ਗਏ ਚਾਰ ਵਿਅਕਤੀਆਂ 'ਚੋਂ ਇਕ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਲਦੇਵ ਸਿੰਘ ਲਿੱਤਰਾਂ ਨੇ ਹਾਈ ਕੋਰਟ ਵਿਚ ਪਟੀਸ਼ਨ ਦਾਖਲ ਕਰਕੇ ਮੰਗ ਕੀਤੀ ਸੀ ਕਿ ਇਸ ਮਾਮਲੇ ਵਿਚ ਉਚ ਅਧਿਕਾਰੀਆਂ ਦੀ ਸਿੱਟ ਬਣਾਈ ਜਾਵੇ, ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਈ ਜਾਵੇ ਅਤੇ ਦੋਸ਼ੀਆਂ ਵਿਰੁੱਧ ਆਈ.ਪੀ.ਸੀ. ਦੀ ਧਾਰਾ 302 ਤਹਿਤ ਕੇਸ ਦਰਜ ਕੀਤਾ ਜਾਵੇ।

ਜ਼ਿਕਰਯੋਗ ਹੈ ਕਿ 2 ਫਰਵਰੀ 1986 ਨੂੰ ਨਕੋਦਰ ਦੇ ਗੁਰੂ ਨਾਨਕਪੁਰਾ ਵਿਚਲੇ ਗੁਰਦੁਆਰਾ ਗੁਰੂ ਅਰਜਨ ਦੇਵ ਵਿਚ ਗੁਰੂ ਗ੍ਰੰਥ ਸਾਹਿਬ ਦੇ ਪੰਜ ਪਵਿੱਤਰ ਬੀੜਾਂ ਅਗਨ ਭੇਟ ਹੋ ਗਈਆਂ ਸਨ। ਦੋ ਦਿਨਾਂ ਬਾਅਦ 4 ਫਰਵਰੀ 1986 ਨੂੰ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟਾ ਰਹੇ ਸਿੱਖਾਂ 'ਤੇ ਪੁਲਿਸ ਨੇ ਗੋਲੀਆਂ ਚਲਾ ਦਿੱਤੀਆਂ ਸਨ। ਗੋਲੀਆਂ ਲੱਗਣ ਨਾਲ ਚਾਰ ਸਿੱਖ ਨੌਜਵਾਨਾਂ ਰਵਿੰਦਰ ਸਿੰਘ ਲਿੱਤਰਾਂ, ਬਲਧੀਰ ਸਿੰਘ ਰਾਮਗੜ੍ਹ, ਝਿਲਮਣ ਸਿੰਘ ਗੋਰਸੀਆਂ ਅਤੇ ਹਰਮਿੰਦਰ ਸਿੰਘ ਰਾਏਪੁਰ ਚਲੂਪਰ ਦੀ ਮੌਤ ਹੋ ਗਈ ਸੀ ਤੇ ਕਈ ਜਣੇ ਫੱਟੜ ਵੀ ਹੋ ਗਏ ਸਨ। ਪੰਜਾਬ ਵਿਧਾਨ ਸਭਾ 'ਚ ਇਸ ਮਾਮਲੇ ਨੂੰ ਵਿਧਾਇਕ ਐਚ.ਐਸ. ਫੂਲਕਾ ਨੇ ਉਠਾਇਆ ਸੀ ਤੇ ਉਨ੍ਹਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਭੇਜ ਕੇ ਪੀੜਤ ਪਰਿਵਾਰਾਂ ਨੂੰ ਇਨਸਾਫ ਦਿਵਾਉਣ ਦੀ ਮੰਗ ਕੀਤੀ ਸੀ। ਦੱਸਣਯੋਗ ਹੈ ਕਿ ਨਕੋਦਰ ਬੇਅਦਬੀ ਕਾਂਡ ਵੇਲੇ ਵੀ ਸ਼੍ਰੋਮਣੀ ਅਕਾਲੀ ਦਲ ਦੀ ਹੀ ਸਰਕਾਰ ਸੀ। ਇਸ ਗੋਲੀ ਕਾਂਡ ਬਾਰੇ ਉਸ ਵੇਲੇ ਦੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਬਣਾਇਆ ਸੀ। ਉਨ੍ਹਾਂ ਨੇ ਆਪਣੀ ਰਿਪੋਰਟ ਅਕਤੂਬਰ 1986 ਵਿਚ ਸੌਂਪ ਦਿੱਤੀ ਸੀ। ਉਨ੍ਹਾਂ ਆਪਣੇ ਪੱਤਰ 'ਚ ਇਹ ਵੀ ਲਿਖਿਆ ਕਿ ਪੁਲਿਸ ਨੇ ਮਾਰੇ ਗਏ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਦਾ ਉਨ੍ਹਾਂ ਦੇ ਮਾਪਿਆਂ ਤੋਂ ਬਿਨਾਂ ਹੀ ਸਸਕਾਰ ਕਰ ਦਿੱਤਾ ਸੀ। ਪੀੜਤ ਪਰਿਵਾਰ 'ਚੋਂ ਬਲਦੇਵ ਸਿੰਘ ਲਿੱਤਰਾਂ ਨੇ ਕਿਹਾ ਕਿ ਉਨ੍ਹਾਂ ਨੂੰ ਉਸ ਵੇਲੇ ਵੱਡਾ ਸਦਮਾ ਪਹੁੰਚਿਆ ਸੀ ਜਦੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਲੋਕ ਸਭਾ ਚੋਣਾਂ ਦੌਰਾਨ ਕਰਤਾਰਪੁਰ ਵਿਚ ਇਹ ਕਹਿ ਦਿੱਤਾ ਸੀ ਕਿ ਨਕੋਦਰ ਵਰਗੇ ਕਾਂਡ ਤਾਂ ਹੁੰਦੇ ਹੀ ਰਹਿੰਦੇ ਹਨ।

## ਹੈਰੋਇਨ ਤਸਕਰੀ 'ਚ ਗ੍ਰਿਫਤਾਰ ਵਪਾਰੀ ਦੀ ਹਿਰਾਸਤੀ ਮੌਤ 'ਤੇ ਉਠੇ ਸਵਾਲ

**ਅੰਮ੍ਰਿਤਸਰ:** ਪਾਕਿਸਤਾਨ ਤੋਂ ਲੂਣ ਵਿਚ ਲੁਕੋ ਕੇ ਭੇਜੀ ਗਈ 532 ਕਿਲੋ ਹੈਰੋਇਨ ਅਤੇ 52 ਕਿਲੋ ਹੋਰ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਅੰਮ੍ਰਿਤਸਰ ਦੇ ਵਪਾਰੀ ਗੁਰਪਿੰਦਰ ਸਿੰਘ ਦੀ ਜੇਲ੍ਹ ਵਿਚ ਮੌਤ ਹੋ ਗਈ। ਗੁਰਪਿੰਦਰ ਦੇ ਪਰਿਵਾਰ ਨੇ ਜੇਲ੍ਹ ਪ੍ਰਸ਼ਾਸਨ 'ਤੇ ਲਾਪਰਵਾਹੀ ਵਰਤਣ ਦਾ ਦੋਸ਼ ਲਾਇਆ ਹੈ। ਗੁਰਪਿੰਦਰ ਸਿੰਘ ਦੀ ਮੌਤ ਸਬੰਧੀ ਸੁਰੱਖਿਆ ਏਜੰਸੀਆਂ ਨੇ ਹੈਰਾਨੀ ਤੇ ਬੇਭਰੋਸਗੀ ਦਾ ਇਜ਼ਹਾਰ ਕੀਤਾ ਹੈ।

ਨਾਰਕੋਟਿਕਸ ਕੰਟਰੋਲ ਬਿਊਰੋ (ਐਨ. ਸੀ. ਬੀ.) ਤੇ ਪੰਜਾਬ ਪੁਲਿਸ ਨੇ ਮੌਤ ਪਿੱਛੇ ਕਿਸੇ ਸਾਜ਼ਿਸ਼ ਦਾ ਸ਼ੱਕ ਜ਼ਾਹਿਰ ਕੀਤਾ ਹੈ। ਮੌਤ ਦਾ ਕਾਰਨ ਜਾਣਨ ਲਈ ਪੋਸਟਮਾਰਟਮ ਰਿਪੋਰਟ ਉਡੀਕੀ ਜਾ ਰਹੀ ਹੈ। ਸੁਰੱਖਿਆ ਅਫਸਰਾਂ ਦਾ ਕਹਿਣਾ ਹੈ ਕਿ 532 ਕਿਲੋ ਹੈਰੋਇਨ ਬਰਾਮਦਗੀ ਦੇ ਇਸ ਮਾਮਲੇ ਦੀ ਜਾਂਚ ਲਈ ਗੁਰਪਿੰਦਰ ਅਹਿਮ ਕੜੀ ਸੀ। ਐਨ.ਸੀ.ਬੀ. ਉਸ ਤੋਂ ਮੁੜ ਪੁੱਛਗਿੱਛ ਕਰੇਗੀ। ਗੁਰਪਿੰਦਰ ਦੀ ਮਾਂ ਕੰਵਲਜੀਤ ਕੌਰ ਨੇ ਕਿਹਾ ਕਿ ਉਨ੍ਹਾਂ ਨੂੰ ਫੋਨ 'ਤੇ ਸੂਚਿਤ ਕੀਤਾ ਗਿਆ ਸੀ ਕਿ ਉਨ੍ਹਾਂ ਦੇ ਬੇਟੇ ਦੀ ਹਾਲਤ ਠੀਕ ਨਹੀਂ ਹੈ ਅਤੇ ਉਸ ਨੂੰ ਹਸਪਤਾਲ ਲਿਆਂਦਾ ਗਿਆ ਹੈ। ਜਦ ਉਹ ਹਸਪਤਾਲ ਪੁੱਜੇ ਤਾਂ ਡਾਕਟਰਾਂ ਨੇ ਕੁਝ ਵੀ ਦੱਸਣ ਤੋਂ ਗੁਰੇਜ਼ ਕੀਤਾ।

ਮਗਰੋਂ ਮੌਤ ਹੋਣ ਬਾਰੇ ਹੀ ਦੱਸਿਆ ਗਿਆ ਤੇ ਕਿਹਾ ਗਿਆ ਕਿ ਦੇਹ ਨੂੰ ਸਿਵਲ ਹਸਪਤਾਲ ਭੇਜ ਦਿੱਤਾ ਗਿਆ ਹੈ। ਪਰਿਵਾਰਕ ਮੈਂਬਰਾਂ ਨੇ ਦੋਸ਼ ਲਾਇਆ ਕਿ ਛੋਟੇ ਬੇਟੇ ਪਰਮਿੰਦਰ ਨੂੰ ਵੀ ਬਿਨਾਂ ਕਸੂਰ ਗ੍ਰਿਫਤਾਰ ਕੀਤਾ ਗਿਆ ਹੈ ਜਦਕਿ ਉਸ ਦਾ ਇਸ ਮਾਮਲੇ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਮ੍ਰਿਤਕ ਦੀ ਮਾਂ ਨੇ ਦੱਸਿਆ ਕਿ ਗੁਰਪਿੰਦਰ ਇਕੱਲਾ ਹੀ ਘਰ ਦੀ ਜ਼ਿੰਮੇਵਾਰੀ ਸਾਂਭਣ ਵਾਲਾ ਸੀ ਜਦਕਿ ਛੋਟਾ ਬੇਟਾ ਪ੍ਰਾਈਵੇਟ ਨੌਕਰੀ ਕਰਦਾ ਹੈ। ਪਤੀ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਗੁਰਪਿੰਦਰ ਦੇ ਪਿਤਾ ਕਸਟਮ ਵਿਭਾਗ ਵਿਚੋਂ ਹੀ ਸੇਵਾਮੁਕਤ ਹੋਏ ਸਨ। ਗੁਰਪਿੰਦਰ ਨੇ ਲਾਹੌਰ ਦੀ ਇਕ ਕੰਪਨੀ ਕੋਲੋਂ ਪਾਕਿਸਤਾਨੀ ਲੂਣ ਦੀ ਖੇਪ ਮੰਗਵਾਈ ਸੀ, ਜੋ 26 ਜੂਨ ਨੂੰ ਆਈ.ਸੀ.ਪੀ. ਅਟਾਰੀ ਪੁੱਜੀ ਸੀ। 29 ਜੂਨ ਨੂੰ ਕਸਟਮ ਅਧਿਕਾਰੀਆਂ ਨੇ ਇਸ ਦੀ ਜਾਂਚ ਕਰਦਿਆਂ 532 ਕਿਲੋ ਹੈਰੋਇਨ ਅਤੇ 52 ਕਿਲੋ ਹੋਰ ਨਸ਼ੀਲੇ ਪਦਾਰਥ ਬਰਾਮਦ ਕੀਤੇ ਸਨ।

## ਨਸ਼ਿਆਂ ਖਿਲਾਫ ਮੁਹਿੰਮ: ਕੈਪਟਨ ਸਰਕਾਰ ਦੀ ਨੀਅਤ 'ਤੇ ਫਿਰ ਉਠੇ ਸਵਾਲ

*(ਸਫਾ ਇਕ ਦੀ ਬਾਕੀ)*

ਵਾਪਸੀ ਨਾਲ ਐਸ.ਟੀ.ਐਫ. ਪਹਿਲਾਂ ਵਾਂਗ ਆਜ਼ਾਦ ਹੋਵੇਗੀ ਜਾਂ ਡੀ.ਜੀ.ਪੀ. ਦੇ ਅਧੀਨ ਕੰਮ ਕਰੇਗੀ; ਕਿਉਂਕਿ ਇਸ ਅਫਸਰ ਦੀ ਵਾਪਸੀ ਦੇ ਨਾਲ ਹੀ ਨਸ਼ਿਆਂ ਦੇ ਮਾਮਲੇ ਵਿਚ ਘਿਰੇ ਉਚ ਅਫਸਰਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਹੈ। ਇਸੇ ਲਈ ਕੈਪਟਨ ਨੂੰ ਸਖਤ ਲਹਿਜੇ 'ਚ ਆਖਣਾ ਪਿਆ ਹੈ ਕਿ ਜਾਂ ਤਾਂ ਅਨੁਸ਼ਾਸਨ ਵਿਚ ਰਹੋ, ਨਹੀਂ ਤਾਂ ਬਦਲੀ ਕਰਵਾ ਕੇ ਪੰਜਾਬ ਤੋਂ ਬਾਹਰ ਚਲੇ ਜਾਵੋ।

ਦੱਸ ਦਈਏ ਕਿ ਪਿਛਲੇ ਦੋ ਕੁ ਮਹੀਨੇ ਤੋਂ ਪੰਜਾਬ ਅੰਦਰੋਂ ਤੇ ਸਰਹੱਦ ਤੋਂ ਅਫੀਮ, ਹੈਰੋਇਨ ਤੇ ਨਸ਼ੀਲੀਆਂ ਦਵਾਈਆਂ ਸਮੇਤ ਹੋਰ ਨਸ਼ਿਆਂ ਦੀਆਂ ਵੱਡੀਆਂ ਖੇਪਾਂ ਫੜੀਆਂ ਗਈਆਂ ਹਨ। ਅਟਾਰੀ ਸਰਹੱਦ ਦੇ ਵਪਾਰਕ ਚੌਕੀ ਤੋਂ ਕੁਇੰਟਲ ਤੋਂ ਵਧੇਰੇ ਇਕੋ ਤਸਕਰ ਤੋਂ ਅਫੀਮ ਫੜੀ ਗਈ ਹੈ। ਜਲੰਧਰ ਦਿਹਾਤੀ ਪੁਲਿਸ ਨੇ ਪਿਛਲੇ ਦਿਨਾਂ ਵਿਚ 62 ਕਿੱਲੋ ਅਫੀਮ, 34 ਕਿੱਲੋ ਹੈਰੋਇਨ ਤੋਂ ਇਲਾਵਾ ਵੱਡੀ ਮਾਤਰਾ 'ਚ ਹੋਰ ਨਸ਼ੀਲੇ ਪਦਾਰਥ ਫੜੇ ਹਨ। ਹੋਰਨਾਂ ਜ਼ਿਲ੍ਹਿਆਂ ਤੋਂ ਵੀ ਨਸ਼ਿਆਂ ਦੀ ਵਿਕਰੀ ਤੇ ਸੇਵਨ 'ਚ ਵੱਡੇ ਛਾਪੇ ਦੀਆਂ ਖਬਰਾਂ ਆਮ ਛਪਣ ਲੱਗੀਆਂ ਹਨ। ਇਕ ਗੱਲ ਤਾਂ ਸਪਸ਼ਟ ਹੈ ਕਿ ਜਿਸ ਤਰ੍ਹਾਂ ਵੱਡੀ ਮਾਤਰਾ ਵਿਚ ਨਸ਼ੀਲੇ ਪਦਾਰਥ ਫੜੇ ਜਾ ਰਹੇ ਹਨ ਅਤੇ ਨਸ਼ਿਆਂ ਦੇ ਸੇਵਨ 'ਚ ਵਾਧੇ ਨਾਲ ਮੌਤਾਂ ਦੀ ਗਿਣਤੀ ਵਧ ਰਹੀ ਹੈ, ਉਹ ਪੰਜਾਬ ਵਿਚ ਨਸ਼ਿਆਂ ਦੀ ਸਪਲਾਈ ਨਾ ਟੁੱਟਣ ਦਾ ਹੀ ਸੰਕੇਤ ਹੈ। ਇਸ ਗੱਲ 'ਚ ਕੋਈ ਸ਼ੱਕ ਨਹੀਂ ਕਿ ਸ੍ਰੀ ਸਿੱਧੂ ਨੇ ਪੁਲਿਸ 'ਚ ਕਈ ਨਵੀਆਂ ਤੇ ਪੱਕੀਆਂ ਪਿਰਤਾਂ ਪਾਈਆਂ ਸਨ।

ਪੰਜਾਬ ਪੁਲਿਸ 'ਚ ਪੀ.ਸੀ.ਆਰ. (ਸ਼ਹਿਰਾਂ 'ਚ ਥਾਣਿਆਂ ਤੋਂ ਇਲਾਵਾ ਕੰਟਰੋਲ ਰੂਮ ਅਧੀਨ ਕੰਮ ਕਰਨ ਵਾਲੀਆਂ ਗਸ਼ਤ ਪਾਰਟੀਆਂ) ਦਾ ਆਰੰਭ ਉਨ੍ਹਾਂ ਕੀਤਾ ਸੀ। ਐਸ.ਟੀ.ਐਫ. ਵਲੋਂ ਵੱਡੀ (ਜੋਟੀਦਾਰ) ਅਤੇ ਡੈਪੋ (ਨਸ਼ਾ ਰੋਕੂ ਅਫਸਰ) ਤਾਇਨਾਤ ਕਰਨ ਦੀ ਕਾਢ ਵੀ ਉਨ੍ਹਾਂ ਦੀ ਹੀ ਹੈ। ਮੁੜ ਇਸ ਸੰਸਥਾ ਦੇ ਮੁਖੀ ਬਣਨ ਬਾਅਦ ਵੀ ਪਹਿਲੇ ਸਵਾਲ ਉਨ੍ਹਾਂ ਅੱਗੇ ਮੂੰਹ ਅੱਡੀ ਖੜ੍ਹੇ ਹਨ ਕਿ ਨਸ਼ਿਆਂ ਵਿਰੁਧ ਮੁਹਿੰਮ 'ਚ ਨਸ਼ਿਆਂ ਦੇ ਵਪਾਰ 'ਚ ਸਹਿਯੋਗੀ ਜਾਂ ਗਲਤਾਨ ਪੁਲਿਸ ਵਾਲਿਆਂ ਖਿਲਾਫ ਕਾਰਵਾਈ ਨੂੰ ਉਹ ਕਿਵੇਂ ਅੱਗੇ ਤੋਰਨਗੇ ਤੇ ਇਸ ਮਾਮਲੇ 'ਤੇ ਪੈਦਾ ਹੁੰਦੀ ਅਫਸਰਸ਼ਾਹੀ ਦੀ ਧੜੇਬੰਦੀ ਤੋਂ ਕਿਵੇਂ ਬਚਣਗੇ? ਸਿਆਸੀ ਹਲਕਿਆਂ ਤੇ ਪੁਲਿਸ ਅਫਸਰਸ਼ਾਹੀ 'ਚ ਇਹ ਵੀ ਚਰਚਾ ਹੈ ਕਿ ਸਿਆਸੀ ਸਰਪ੍ਰਸਤੀ ਹਾਸਲ ਕਰਨ ਵਾਲੇ ਤਸਕਰਾਂ ਨੂੰ ਹੱਥ ਪਾਉਣ 'ਚ ਉਨ੍ਹਾਂ ਨੂੰ ਕਿੰਨੀ ਕੁ ਖੁੱਲ੍ਹ ਮਿਲੇਗੀ।

## ਸਿੱਖਿਆ ਵਿਭਾਗ ਨੇ ਬੱਲੇ-ਬੱਲੇ ਕਰਵਾਉਣ ਲਈ ਐਲਾਨੇ ਫਰਜ਼ੀ ਨਤੀਜੇ

**ਚੰਡੀਗੜ੍ਹ:** ਮਾੜੇ ਨਤੀਜਿਆਂ ਕਾਰਨ ਪੰਜਾਬ ਦਾ ਸਿੱਖਿਆ ਵਿਭਾਗ ਅਤੇ ਸਰਕਾਰੀ ਸਕੂਲ ਅਕਸਰ ਚਰਚਾ 'ਚ ਰਹਿੰਦੇ ਹਨ। ਹਰ ਸਾਲ ਪੰਜਾਬ ਸਕੂਲ ਸਿੱਖਿਆ ਵਿਭਾਗ ਦਾ ਨਤੀਜਾ ਕੁਝ ਖਾਸ ਨਹੀਂ ਹੁੰਦਾ ਪਰ ਜੇਕਰ ਗੱਲ 2018 19 ਦੇ ਨਤੀਜਿਆਂ ਦੀ ਕੀਤੀ ਜਾਵੇ ਤਾਂ ਦਸਵੀਂ ਦੀ ਪਾਸ ਦਰ 85 ਫੀਸਦੀ ਤੱਕ ਪਹੁੰਚ ਗਈ, ਪਰ ਇਹ ਅਸਲ ਪਾਸ ਦਰ ਨਹੀਂ ਬਲਕਿ ਸਿੱਖਿਆ ਵਿਭਾਗ ਆਪਣੀ ਫੋਕੀ ਬੱਲੇ ਬੱਲੇ ਕਰਵਾਉਣ ਲਈ ਕੀਤਾ ਗਿਆ ਫਰਜ਼ੀਵਾੜਾ ਹੈ। ਇਹ ਖੁਲਾਸਾ ਹੁਣ ਆਰ.ਟੀ.ਆਈ. ਰਾਹੀਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਿੱਤੀ ਜਾਣਕਾਰੀ 'ਚ ਹੋਇਆ ਹੈ।

ਆਰ.ਟੀ.ਆਈ. ਮੁਤਾਬਕ ਸਾਲ 2017-18 'ਚ ਦਸਵੀਂ ਦਾ ਅਸਲ ਨਤੀਜਾ 46.29 ਫੀਸਦੀ ਸੀ, ਜਿਸ ਨੂੰ ਮਾਰਕਸ ਮੋਡਰੇਸ਼ਨ ਪਾਲਿਸੀ ਦੇ ਨਾਂ 'ਤੇ 62.10 ਫੀਸਦੀ ਦਿਖਾਇਆ ਗਿਆ। ਜਦਕਿ ਇਸ ਸਾਲ 2018-19 ਦਾ 85.56 ਫੀਸਦੀ ਐਲਾਨ ਕੇ ਸਰਕਾਰੀ ਸਕੂਲ ਸਿੱਖਿਆ ਦੇ ਖੇਤਰ 'ਚ ਵੱਡਾ ਸੁਧਾਰ ਕਰਨ ਦੇ ਨਾਮ 'ਤੇ ਫੋਕੀ ਵਾਹ-ਵਾਹ ਲੈਣ ਦੀ ਕੋਸ਼ਿਸ਼ ਕੀਤੀ ਗਈ, ਜਦਕਿ ਅਸਲੀਅਤ 'ਚ ਇਹ ਨਤੀਜਾ 76.49 ਫੀਸਦੀ ਸੀ। ਸਿੱਖਿਆ ਵਿਭਾਗ ਦੇ ਚੇਅਰਮੈਨ ਮਨੋਹਰ ਕਾਂਤ ਨੇ ਵੀ ਮੰਨਿਆ ਕਿ ਗ੍ਰੇਸ ਮਾਰਕਸ ਦਿੱਤੇ ਗਏ ਹਨ।

ਉਧਰ, ਸਿੱਖਿਆ ਵਿਭਾਗ ਦੇ ਇਸ ਫਰਜ਼ੀਵਾੜੇ 'ਤੇ ਸਿਆਸਤ ਵੀ ਭਖ ਗਈ ਹੈ। ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਿੱਖਿਆ ਬੋਰਡ ਵੱਲੋਂ ਨਤੀਜਿਆਂ 'ਚ ਪਾਸ ਪ੍ਰਤੀਸ਼ਤਤਾ ਫਰਜ਼ੀਵਾੜੇ ਨਾਲ ਵਧਾ-ਚੜ੍ਹਾ ਕੇ ਪੇਸ਼ ਕੀਤੀ ਹੈ, ਜਿਹੜਾ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਅਤੇ ਮਾਪਿਆਂ ਨਾਲ ਵੱਡਾ ਧੋਖਾ ਹੈ।

## ਲੈਫਟੀਨੈਂਟ ਜਨਰਲ ਨਰਵਾਣੇ ਹੋਣਗੇ ਫੌਜ ਦੇ ਅਗਲੇ ਉਪ ਮੁਖੀ

**ਨਵੀਂ ਦਿੱਲੀ:** ਫੌਜ ਦੀ ਪੂਰਬੀ ਕਮਾਂਡ ਦੇ ਮੁਖੀ ਲੈਫਟੀਨੈਂਟ ਜਨਰਲ ਮਨੋਜ ਮੁਕੰਦ ਨਰਵਾਣੇ ਨੂੰ ਭਾਰਤੀ ਫੌਜ ਦਾ ਉਪ ਮੁਖੀ ਥਾਪਿਆ ਗਿਆ ਹੈ। ਉਹ ਲੈਫਟੀਨੈਂਟ ਜਨਰਲ ਡੀ. ਅਨਬੂ ਦੀ ਥਾਂ ਲੈਣਗੇ ਜੋ ਕਿ 31 ਅਗਸਤ ਨੂੰ ਸੇਵਾਮੁਕਤ ਹੋ ਰਹੇ ਹਨ। ਇਸ ਤੋਂ ਇਲਾਵਾ ਫੌਜ ਦੀਆਂ ਸੱਤ ਕਮਾਂਡਾਂ ਵਿਚੋਂ ਚਾਰ ਦੇ ਨਵੇਂ ਕਮਾਂਡਰ ਨਿਯੁਕਤ ਕੀਤੇ ਗਏ ਹਨ। ਲੈਫਟੀਨੈਂਟ ਜਨਰਲ ਆਰ.ਪੀ. ਸਿੰਘ ਨੂੰ ਚੰਡੀਮੰਦਰ ਅਧਾਰਿਤ ਪੱਛਮੀ ਕਮਾਂਡ ਦਾ ਮੁਖੀ ਥਾਪਿਆ ਗਿਆ ਹੈ। ਇਸ ਤੋਂ ਇਲਾਵਾ ਲੈਫਟੀਨੈਂਟ ਜਨਰਲ ਏ.ਐਸ. ਕਲੇਰ ਨੂੰ ਜੈਪੁਰ ਅਧਾਰਿਤ ਦੱਖਣ-ਪੱਛਮੀ ਕਮਾਂਡ ਦਾ ਮੁਖੀ ਥਾਪਿਆ ਗਿਆ ਹੈ। ਲਖਨਊ ਅਧਾਰਿਤ ਕੇਂਦਰੀ ਕਮਾਂਡ ਦੀ ਕਮਾਨ ਲੈਫਟੀਨੈਂਟ ਜਨਰਲ ਆਈ.ਐਸ. ਘੁੰਮਣ ਨੂੰ ਸੌਂਪੀ ਗਈ ਹੈ।

## ਚਾਰ ਸੂਬਿਆਂ ਨੂੰ ਮਿਲੇ ਨਵੇਂ ਗਵਰਨਰ

**ਨਵੀਂ ਦਿੱਲੀ:** ਸਰਕਾਰ ਵੱਲੋਂ ਚਾਰ ਸੂਬਿਆਂ ਲਈ ਨਵੇਂ ਗਵਰਨਰਾਂ ਦੀ ਨਿਯੁਕਤੀ ਕੀਤੀ ਗਈ ਹੈ ਜਿਨ੍ਹਾਂ ਵਿਚ ਪੱਛਮੀ ਬੰਗਾਲ ਦੇ ਸਾਬਕਾ ਸੰਸਦ ਮੈਂਬਰ ਅਤੇ ਸੁਪਰੀਮ ਕੋਰਟ ਦੇ ਵਕੀਲ ਜਗਦੀਪ ਧਨਖੜ ਦਾ ਨਾਮ ਸ਼ਾਮਲ ਹੈ। ਸ੍ਰੀ ਧਨਖੜ 2003 ਵਿਚ ਕਾਂਗਰਸ ਨੂੰ ਛੱਡ ਕੇ ਭਾਜਪਾ ਵਿਚ ਸ਼ਾਮਿਲ ਹੋ ਗਏ ਸਨ। ਰਾਸ਼ਟਰਪਤੀ ਭਵਨ ਦੇ ਬੁਲਾਰੇ ਨੇ ਦੱਸਿਆ ਕਿ ਉਨ੍ਹਾਂ ਨੂੰ ਕੇਸਰੀ ਨਾਥ ਤ੍ਰਿਪਾਠੀ ਦੀ ਥਾਂ ਨਿਯੁਕਤ ਕੀਤਾ ਗਿਆ ਹੈ, ਜਿਨ੍ਹਾਂ ਦਾ ਕਾਰਜਕਾਲ ਅਗਲੇ ਹਫਤੇ ਸਮਾਪਤ ਹੋ ਰਿਹਾ ਹੈ।

ਉਨ੍ਹਾਂ ਦੱਸਿਆ ਕਿ 77 ਸਾਲਾ ਆਨੰਦੀਬੇਨ ਪਟੇਲ ਨੂੰ ਉੱਤਰ ਪ੍ਰਦੇਸ਼ ਦੇ ਗਵਰਨਰ ਵਜੋਂ ਨਿਯੁਕਤ ਕੀਤਾ ਗਿਆ ਹੈ ਅਤੇ ਇਸ ਤੋਂ ਪਹਿਲਾਂ ਉਨ੍ਹਾਂ ਨੂੰ ਜਨਵਰੀ 2018 ਵਿਚ ਮੱਧ ਪ੍ਰਦੇਸ਼ ਦਾ ਗਵਰਨਰ ਲਗਾਇਆ ਗਿਆ ਸੀ। ਉਨ੍ਹਾਂ ਦੱਸਿਆ ਬਿਹਾਰ ਦੇ ਗਵਰਨਰ ਲਾਲਜੀ ਟੰਡਨ ਦੀ ਨਿਯੁਕਤੀ ਗਵਰਨਰ ਪਟੇਲ ਦੀ ਥਾਂ ਮੱਧ ਪ੍ਰਦੇਸ਼ ਵਿਚ ਕੀਤੀ ਗਈ ਹੈ, ਜਿਨ੍ਹਾਂ ਨੂੰ ਬੀਤੇ ਵਰ੍ਹੇ ਅਗਸਤ ਵਿਚ ਬਿਹਾਰ ਦੇ ਗਵਰਨਰ ਵਜੋਂ ਨਿਯੁਕਤ ਕੀਤਾ ਗਿਆ ਸੀ ਅਤੇ ਫੱਗੂ ਚੌਹਾਨ ਨੂੰ ਬਿਹਾਰ ਦਾ ਗਵਰਨਰ ਲਾਇਆ ਗਿਆ ਹੈ। ਰਮੇਸ਼ ਬਾਇਸ ਨੂੰ ਕਪਤਾਨ ਸਿੰਘ ਸੋਲੰਕੀ ਦੀ ਥਾਂ ਤ੍ਰਿਪੁਰਾ ਦੇ ਗਵਰਨਰ ਵਜੋਂ ਨਿਯੁਕਤ ਕੀਤਾ ਗਿਆ ਹੈ। ਗਵਰਨਰ ਕਪਤਾਨ ਸਿੰਘ ਸੋਲੰਕੀ ਨੂੰ ਪਿਛਲੇ ਸਾਲ ਅਗਸਤ ਵਿਚ ਤ੍ਰਿਪੁਰਾ ਦੇ ਗਵਰਨਰ ਵਜੋਂ ਨਿਯੁਕਤ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਉਹ 2014 ਤੋਂ ਹਰਿਆਣਾ ਦੇ ਗਵਰਨਰ ਸਨ ਅਤੇ ਹੁਣ ਉਨ੍ਹਾਂ ਦਾ 27 ਜੁਲਾਈ ਤੋਂ ਕਾਰਜਕਾਲ ਖਤਮ ਹੋ ਰਿਹਾ ਹੈ। ਇਸੇ ਤਰ੍ਹਾਂ ਇੰਟੈਲੀਜੈਂਸ ਬਿਊਰੋ ਦੇ ਵਿਸ਼ੇਸ਼ ਸੇਵਾ ਮੁਕਤ ਡਾਇਰੈਕਟਰ ਐਨ. ਰਵੀ ਨੂੰ ਨਾਗਾਲੈਂਡ ਦਾ ਗਵਰਨਰ ਲਾਇਆ ਗਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# Matrimonials

## ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 33 ਸਾਲ, ਕੱਦ 5'-9'', ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਾ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 29-32

Wanted suitable sikh girl from USA for New Zealand citizen boy, 29 years, 5'-9'', bachelor in business. Good Job with established company in New Zealand. Also have USA tourist visa . Contact with photo, email sunnymaan84@yahoo.com or call Navpreet at 856-693-5401. 27-30

Wanted suitable match for Jatt Sikh turban wearing boy, 27, 5'-7" B.tech computer engineering. Currently on work permit in Canada. Land -15 acre. One sister in USA and one in Canada. Contact: Ph.630-407-7577 or 630-956-0886. Email: sandeepksohi@gmail.com 27-30

## ਲੜਕੇ ਦੀ ਲੋੜ ਹੈ

Wanted suitable match for Khatri Sikh girl 33 yrs, 5'-4", B. Pharmacy (India), Doctorate of Pharmacy (USA), MBA (USA), working full time inpatient Pharmacist in USA. Divorced, no children. Turbaned Sikh boy preferred who resides in USA. Please contact, Ph: 262-444-9289 29-32

Well established, affluent, educated Jatt Sikh family seeks professional US born match for beautiful, gracious US born 24 year old daughter, 5'-9", currently completing medical education, pursuing a career in dermatology. Contact: balkar76@gmail.com

Wanted well settled Canadian/US citizen/green card holder boy for Jatt Sikh Kang Canadian PR girl 24 yrs, 5'-6", diploma electrical control systems, currently working as technical support in Toronto, only child. Contact: What's App 1-437-779-2765

# ਸਰਕਾਰ ਹਜੂਮੀ ਹੱਤਿਆਵਾਂ ਵਿਰੁਧ ਕਾਨੂੰਨ ਲਿਆਵੇਗੀ

**ਨਵੀਂ ਦਿੱਲੀ:** ਦੇਸ਼ ਵਿਚ ਵੱਧ ਰਹੀਆਂ ਹਜੂਮੀ ਹੱਤਿਆਵਾਂ ਦੇ ਮੱਦੇਨਜ਼ਰ ਸੁਪਰੀਮ ਕੋਰਟ ਵੱਲੋਂ ਕੇਂਦਰ ਸਰਕਾਰ ਨੂੰ ਇਸ ਬੁਰਾਈ ਨਾਲ ਨਜਿੱਠਣ ਖਾਤਰ ਕਾਨੂੰਨ ਲਿਆਉਣ ਲਈ ਦਿੱਤੇ ਨਿਰਦੇਸ਼ਾਂ ਤੋਂ ਇਕ ਸਾਲ ਬਾਅਦ ਕੇਂਦਰ ਸਰਕਾਰ ਨੇ ਕਾਨੂੰਨ ਲਿਆਉਣ ਦੀ ਪ੍ਰਕਿਰਿਆ ਪੂਰੀ ਕਰ ਲਈ ਹੈ ਅਤੇ ਸੰਸਦ ਵਿਚ ਇਸ ਸਬੰਧੀ ਬਿੱਲ ਇਸ ਸੈਸ਼ਨ ਵਿਚ ਪੇਸ਼ ਕੀਤਾ ਜਾ ਸਕਦਾ ਹੈ।

ਸੂਤਰਾਂ ਅਨੁਸਾਰ ਵਿਸ਼ੇਸ਼ ਘੱਟ ਗਿਣਤੀ ਨਾਲ ਸਬੰਧਤ ਲੋਕਾਂ ਦੀਆਂ ਦੇਸ਼ ਦੇ ਕੁੱਝ ਹਿੱਸਿਆਂ ਵਿਚ ਕੀਤੀਆਂ ਗਈਆਂ ਹੱਤਿਆਵਾਂ ਤੋਂ ਬਾਅਦ ਗ੍ਰਹਿ ਮੰਤਰਾਲੇ ਨੇ ਕਾਨੂੰਨ ਮੰਤਰਾਲੇ ਨੂੰ ਕਾਨੂੰਨ ਦਾ ਖਰੜਾ ਤਿਆਰ ਕਰਨ ਲਈ ਕਿਹਾ ਹੋਇਆ ਸੀ। ਸੰਸਦ ਮੈਂਬਰ ਅਸਦੂਦੀਨ ਉਵੈਸੀ ਨੇ ਕੇਂਦਰ ਸਰਕਾਰ ਨੂੰ ਸਵਾਲ ਕੀਤਾ ਸੀ ਕਿ ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ ਕਾਨੂੰਨ ਬਣਾਉਣ ਵਿਚ ਦੇਰੀ ਕਿਉਂ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਲੋਕ ਸਭਾ ਵਿਚ ਕੇਂਦਰ ਸਰਕਾਰ ਨੂੰ ਪੁੱਛਿਆ ਸੀ ਕਿ ਜੇ ਤੁਸੀਂ ਸੁਪਰੀਮ ਕੋਰਟ ਦੇ ਹਰ ਹੁਕਮ ਉੱਤੇ ਕਾਨੂੰਨ ਬਣਾਉਂਦੇ ਹੋ ਤਾਂ ਫਿਰ ਹਜੂਮੀ ਹੱਤਿਆਵਾਂ ਸਬੰਧੀ ਕਿਉਂ ਨਹੀਂ? ਜ਼ਿਕਰਯੋਗ ਹੈ ਕਿ ਰਾਜਸਥਾਨ ਜਿੱਥੇ ਭੀੜ ਨੇ ਪਿਛਲੇ ਦੋ ਸਾਲਾਂ ਵਿਚ ਇਕ ਦਰਜਨ ਤੋਂ ਵੱਧ ਲੋਕਾਂ ਦੀਆਂ ਹੱਤਿਆਵਾਂ ਕਰ ਦਿੱਤੀਆਂ ਹਨ, ਨੇ ਵੀ ਭਰੋਸਾ ਦਿੱਤਾ ਹੈ ਕਿ ਸੂਬਾ ਸਰਕਾਰ ਹਜੂਮੀ ਹੱਤਿਆਵਾਂ ਵਿਰੁੱਧ ਕਾਨੂੰਨ ਲੈ ਕੇ ਆਵੇਗੀ।

ਕੇਂਦਰ ਸਰਕਾਰ ਵੱਲੋਂ ਬਣਾਏ ਜਾ ਰਹੇ ਕਾਨੂੰਨ ਨਾਲ ਪੁਲਿਸ ਨੂੰ ਹਜੂਮੀ ਹੱਤਿਆ ਦੇ ਮਾਮਲੇ ਵਿਚ ਪ੍ਰਭਾਵਸ਼ਾਲੀ ਕਾਰਵਾਈ ਕਰਨ ਦੇ ਅਖਤਿਆਰ ਮਿਲ ਜਾਣਗੇ। ਇਸ ਦੇ ਨਾਲ ਹੀ ਪੁਲਿਸ ਸੋਸ਼ਲ ਮੀਡੀਆ ਉੱਤੇ ਨਫਰਤ ਭਰੀਆਂ ਵੀਡੀਓਜ਼ ਸ਼ੇਅਰ ਕਰਨ ਵਾਲੇ ਲੋਕਾਂ ਵਿਰੁੱਧ ਵੀ ਕਾਰਵਾਈ ਕਰਨ ਦੇ ਸਮਰੱਥ ਹੋ ਜਾਵੇਗੀ।

# ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਕਵੀ ਦਰਬਾਰ

**ਸਿਆਟਲ (ਬਿਊਰੋ):** ਸਥਾਨਕ ਪੰਜਾਬੀ ਲਿਖਾਰੀ ਸਭਾ ਵਲੋਂ ਡਾ. ਜੇ. ਬੀ. ਸਿੰਘ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸੱਚਾ ਮਾਰਗ ਦੇ ਸਕੂਲ ਦੀ ਬਿਲਡਿੰਗ ਵਿਚ ਕਵੀ ਦਰਬਾਰ ਕੀਤਾ ਗਿਆ। ਸਭਾ ਦੀ ਨਵੀਂ ਚੁਣੀ ਕਮੇਟੀ ਦੇ ਪਲੇਠੇ ਕਵੀ ਦਰਬਾਰ ਨੂੰ ਭਰਵਾਂ ਹੁੰਗਾਰਾ ਮਿਲਿਆ।

ਸਭ ਤੋਂ ਪਹਿਲਾਂ ਪੰਜਾਬੀ ਲਿਖਾਰੀ ਸਭਾ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਉਪਰੰਤ ਸ਼ਾਨਦਾਰ ਕਵੀ ਦਰਬਾਰ ਸ਼ੁਰੂ ਹੋਇਆ। ਹਰਦਿਆਲ ਸਿੰਘ ਚੀਮਾ, ਦਲਜੀਤ ਕੌਰ ਚੀਮਾ, ਸ਼ਿੰਗਾਰ ਸਿੰਘ ਸਿੱਧੂ, ਪ੍ਰਿਤਪਾਲ ਸਿੰਘ ਟਿਵਾਣਾ,



ਸੁਰਜੀਤ ਸਿੰਘ, ਜੰਗ ਪਾਲ ਸਿੰਘ, ਮਨਜੀਤ ਕੌਰ ਗਿੱਲ ਅਤੇ ਅਵਤਾਰ ਬਿੱਲਾ ਨੇ ਆਪੋ ਆਪਣੇ ਅੰਦਾਜ਼ ਵਿਚ ਮਹਿਫਿਲ ਦਾ ਰੰਗ ਬੰਨ੍ਹਿਆ। ਗੁਰਸ਼ਰਨ ਸਿੰਘ, ਜਗਜੀਤ ਸਿੰਘ ਬੈਨੀਪਾਲ ਅਤੇ ਮਾਤਾ ਸੁਰਿੰਦਰ ਕੌਰ ਨੇ ਸਰੋਤਿਆਂ ਵਜੋਂ ਹਾਜਰੀ ਲਵਾਈ। ਫੋਟੋ ਖਿੱਚਣ ਦੀ ਸੇਵਾ ਜਸਵਿੰਦਰ ਕੌਰ ਲਹਿਲ ਅਤੇ ਹਰਪ੍ਰੀਤ ਸਿੰਘ ਪ੍ਰਿੰਸ ਨੇ ਨਿਭਾਈ। ਸਟੇਜ ਦੀ ਸੇਵਾ ਸਾਧੂ ਸਿੰਘ ਝੱਜ ਅਤੇ ਬਲਿਹਾਰ ਸਿੰਘ ਲਹਿਲ ਨੇ ਨਿਭਾਈ। ਹਰਸ਼ਿੰਦਰ ਸਿੰਘ ਸੰਧੂ ਨੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਬਦਲੇ ਅਤੇ ਸਾਫ ਸੁਥਰੀ ਲੇਖਣੀ ਲਈ ਸਾਰੇ ਲੇਖਕਾਂ ਦਾ ਧੰਨਵਾਦ ਕੀਤਾ।

## ਚੰਦਰਯਾਨ-2 ਦੀ ਚੰਦਰਮਾ ਵੱਲ ਸਫਲ ਉਡਾਰੀ

**ਸ੍ਰੀਹਰੀਕੋਟਾ (ਆਂਧਰਾ ਪ੍ਰਦੇਸ਼):** ਭਾਰਤ ਨੇ ਆਪਣੇ ਦੂਜੇ ਚੰਦਰਮਾ ਮਿਸ਼ਨ ਤਹਿਤ ਚੰਦਰਯਾਨ-2 ਨੂੰ ਇਥੇ ਤਾਕਤਵਰ ਰਾਕੇਟ ਜੀ.ਐਸ.ਐਲ.ਵੀ.-ਐਮ.ਕੇ3-ਐਮ1 ਜ਼ਰੀਏ ਸਫਲਤਾ ਨਾਲ ਪੁਲਾੜ ਪੰਧ 'ਤੇ ਸਥਾਪਤ ਕਰ ਦਿੱਤਾ। ਜੀਓਸਿੰਕਰੋਨਸ ਸੈਟੇਲਾਈਟ ਲਾਂਚ ਵਾਹਨ ਨੇ ਦੁਪਹਿਰ 2:43 ਵਜੇ ਸਤੀਸ਼ ਧਵਨ ਪੁਲਾੜ ਕੇਂਦਰ ਤੋਂ ਬੱਦਲਵਾਈ ਦਰਮਿਆਨ ਪੁਲਾੜ ਲਈ ਉਡਾਣ ਭਰੀ। 16 ਮਿੰਟਾਂ ਮਗਰੋਂ ਰਾਕੇਟ ਨੇ 3850 ਕਿਲੋ ਵਜ਼ਨੀ ਚੰਦਰਯਾਨ-2 ਨੂੰ ਧਰਤੀ ਦੇ ਪੰਧ 'ਤੇ ਪਾ ਦਿੱਤਾ। ਮਿਸ਼ਨ ਦੀ ਸਫਲਤਾ ਭਾਰਤੀ ਪੁਲਾੜ ਖੋਜ ਕੇਂਦਰ (ਇਸਰੋ) ਲਈ ਵੱਡੀ ਰਾਹਤ ਹੈ। ਯਾਦ ਰਹੇ ਕਿ ਚੰਦਰਯਾਨ-2 ਨੇ ਪਹਿਲਾਂ 15 ਜੁਲਾਈ ਨੂੰ ਪੁਲਾੜ ਲਈ ਉਡਾਣ ਭਰਨੀ ਸੀ, ਪਰ ਐਨ ਆਖਰੀ ਘੰਟੇ ਤਕਨੀਕੀ ਨੁਕਸ ਕਰਕੇ, ਲਾਂਚ ਨੂੰ ਅੱਗੇ ਪਾਉਣਾ ਪਿਆ ਸੀ।

978 ਕਰੋੜ ਰੁਪਏ ਦੀ ਲਾਗਤ ਵਾਲਾ ਇਹ ਮਿਸ਼ਨ ਪੁਲਾੜ ਖੋਜ ਦੇ ਖੇਤਰ ਵਿਚ ਭਾਰਤ ਦੀ ਵੱਡੀ ਪੁਲਾਂਘ ਹੈ। ਭਾਰਤ ਚੰਨ ਦੀ ਸਤਹਿ 'ਤੇ ਰੋਵਰ (ਤੁਰਦਾ ਫਿਰਦਾ ਵਾਹਨ) ਉਤਾਰਨ ਵਾਲਾ ਚੌਥਾ ਮੁਲਕ ਬਣ ਜਾਏਗਾ। ਇਸ ਤੋਂ ਪਹਿਲਾਂ ਚੀਨ, ਰੂਸ ਤੇ ਅਮਰੀਕਾ ਇਹ ਮੀਲਪੱਥਰ ਕਾਇਮ ਕਰ ਚੁੱਕੇ ਹਨ। ਇਸਰੋ ਦੇ ਮੁਖੀ ਕੇ.ਸ਼ਿਵਨ ਦੀ ਅਗਵਾਈ ਵਿਚ ਵਿਗਿਆਨੀਆਂ ਨੇ ਇਸ ਪੂਰੇ ਲਾਂਚ ਪ੍ਰੋਗਰਾਮ ਨੂੰ ਪੂਰੀ ਨੀਝ ਨਾਲ ਵੇਖਿਆ ਤੇ ਰਾਕੇਟ ਦੀ ਉਡਾਣ ਦਾ ਅਹਿਮ ਪੜਾਅ ਪੂਰਾ ਹੋਣ ਮਗਰੋਂ ਤਾੜੀਆਂ ਨਾਲ ਇਕ ਦੂਜੇ ਨੂੰ ਵਧਾਈ ਦਿੱਤੀ।

## 7 ਸਾਲਾ ਭਤੀਜੀ ਨਾਲ ਜਬਰ ਜਨਾਹ ਦੇ ਦੋਸ਼ੀ ਨੂੰ ਤੀਹਰੀ ਉਮਰ ਕੈਦ

**ਕੋਲਮ (ਕੇਰਲਾ):** 7 ਸਾਲ ਦੀ ਭਤੀਜੀ ਨਾਲ ਜਬਰ ਜਨਾਹ ਕਰਨ ਪਿਛੋਂ ਉਸ ਦਾ ਕਤਲ ਕਰ ਦੇਣ ਵਾਲੇ 25 ਸਾਲ ਦੇ ਬੰਦੇ ਨੂੰ ਪੋਕਸੋ ਅਦਾਲਤ ਨੇ ਜੀਵਨ ਭਰ ਜੇਲ੍ਹ 'ਚ ਰਹਿਣ ਦੀਆਂ 3 ਸਜ਼ਾਵਾਂ ਤੋਂ ਬਿਨਾ 26 ਸਾਲ ਦੀ ਕਠੋਰ ਸਜ਼ਾ ਵੀ ਸੁਣਾਈ ਹੈ। ਅਦਾਲਤ ਨੇ ਦੋਸ਼ੀ ਨੂੰ ਪੀੜਤ ਪਰਿਵਾਰ ਨੂੰ 3.20 ਲੱਖ ਰੁਪਏ ਦੇਣ ਦਾ ਹੁਕਮ ਵੀ ਦਿੱਤਾ ਹੈ। ਸਜ਼ਾ ਕੋਲਮ ਦੇ ਵਧੀਕ ਸੈਸ਼ਨ ਜੱਜ ਈ. ਬੈਜੂ ਨੇ ਸੁਣਾਈ। ਅਦਾਲਤ ਵਲੋਂ ਦੋਸ਼ੀ ਰਾਜੇਸ਼ ਨੂੰ ਹੱਤਿਆ, ਜਬਰ ਜਨਾਹ, ਅਗਵਾ ਤੇ ਮ੍ਰਿਤਕ ਸਰੀਰ ਪ੍ਰਤੀ ਨਿਰਾਦਰ ਦਿਖਾਉਣ ਦੇ ਵੱਖ-ਵੱਖ ਦੋਸ਼ਾਂ ਤਹਿਤ ਸਜ਼ਾ ਸੁਣਾਈ ਗਈ ਹੈ।

ਦੋਸ਼ੀ ਰਾਜੇਸ਼ ਪੀੜਤਾ ਤੇ ਉਸ ਦੇ ਪਰਿਵਾਰ ਨਾਲ ਰਹਿੰਦਾ ਸੀ। ਘਟਨਾ ਦੇ ਦਿਨ ਬੱਚੀ ਆਪਣੀ ਦਾਦੀ ਦੇ ਨਾਲ ਇਕ ਟਿਊਸ਼ਨ ਸੈਂਟਰ ਜਾਣ ਵਾਲੀ ਸੀ, ਜਦੋਂ ਰਾਜੇਸ਼ ਨੇ ਉਸ ਦੀ ਦਾਦੀ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਬੱਚੀ ਨੂੰ ਸੈਂਟਰ 'ਚ ਛੱਡ ਆਵੇਗਾ। ਦੋਸ਼ੀ ਬੱਚੀ ਨੂੰ ਆਟੋ ਰਿਕਸ਼ਾ 'ਚ ਲਗਭਗ 16 ਕਿਲੋਮੀਟਰ ਦੂਰ ਰਬੜ ਦੇ ਬਾਗ 'ਚ ਲੈ ਗਿਆ ਤੇ ਅਪਰਾਧ ਕੀਤਾ।

## ਜਾਦੂ ਟੂਣੇ ਦੇ ਸ਼ੱਕ 'ਚ ਚਾਰ ਲੋਕਾਂ ਨੂੰ ਕੁੱਟ ਕੁੱਟ ਕੇ ਮਾਰਿਆ

**ਗੁਮਲਾ:** ਝਾਰਖੰਡ ਦੇ ਗੁਮਲਾ ਜ਼ਿਲ੍ਹੇ 'ਚ ਜਾਦੂ-ਟੂਣੇ ਦੇ ਸ਼ੱਕ ਵਿਚ ਦੋ ਮਹਿਲਾਵਾਂ ਸਮੇਤ ਚਾਰ ਬਜ਼ੁਰਗਾਂ ਦਾ ਕੁੱਟ-ਕੁੱਟ ਕੇ ਕਤਲ ਕਰ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਇਹ ਘਟਨਾ ਜ਼ਿਲ੍ਹੇ ਦੇ ਨਗਰ ਸਿਸਕਾਰੀ ਪਿੰਡ 'ਚ ਵਾਪਰੀ। 10 ਵਿਅਕਤੀਆਂ ਜਿਨ੍ਹਾਂ ਆਪਣੇ ਮੂੰਹ ਢਕੇ ਹੋਏ ਸੀ, ਨੇ ਚਾਰ ਵਿਅਕਤੀਆਂ ਨੂੰ ਘਰੋਂ ਬਾਹਰ ਕੱਢਿਆ ਤੇ ਡੰਡਿਆਂ ਨਾਲ ਉਸ ਸਮੇਂ ਤੱਕ ਕੁੱਟਦੇ ਰਹੇ ਜਦੋਂ ਤੱਕ ਉਨ੍ਹਾਂ ਦੀ ਮੌਤ ਨਾ ਹੋ ਗਈ। ਉਨ੍ਹਾਂ ਕਿਹਾ ਕਿ ਇਹ ਘਟਨਾ ਜਾਦੂ ਟੂਣੇ ਨਾਲ ਜੁੜੀ ਹੋਈ ਲੱਗ ਰਹੀ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।


SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-673-3825**

*EARLY BIRD SALE!!!!*

Domestic fares available

ਕਰੀ ਕੁੱਕ ਜਾਂ ਤੰਦੂਰੀਏ ਦੀ ਲੋੜ ਹੈ

ਮਿਸ਼ੀਗਨ ਵਿਚ ਭਾਰਤੀ ਵੈਸ੍ਹਨੂੰ ਕੈਰੀਆਊਟ (ਬੈਠ ਕੇ ਖਾਣ ਲਈ ਨਹੀਂ) ਲਈ ਕਰੀ ਕੁੱਕ ਜਾਂ ਤੰਦੂਰੀਏ ਦੀ ਲੋੜ ਹੈ।

ਰੈਸਟੋਰੈਂਟ ਐਤਵਾਰ ਨੂੰ ਬੰਦ ਰਹਿੰਦਾ ਹੈ, ਟਰੇਨਿੰਗ ਦਿਆਂਗੇ।

ਕਿਚਨ ਸੋਮਵਾਰ ਤੋਂ ਸਨਿਚਰਵਾਰ ਤੱਕ ਰਾਤੀਂ 9 ਵਜੇ ਬੰਦ ਹੋ ਜਾਂਦੀ ਹੈ

**In person : Ajanta Grocers and Carryout**
**3227 South Blvd, Auburn Hills, MI**

**Call: 248-260-7425 (Bal)**
**519-564-2515 (Preeti)**

27-

ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

22+

Desi Bazar

916 E. Main Street #118, Greenwood, IN, 46143
Tel: 317-888-2040, Fax: 317-887-6116

We specialize in all kind of Indian Groceries and Sweets

• FRESH VEGETABLES EVERY THURSDAY
• FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਕੈਂਸਰ ਦੀ ਬਿਮਾਰੀ ਨੇ ਪੰਜਾਬ ਦੇ ਘਰ-ਘਰ ਵਿਛਾਏ ਸੱਥਰ

## ਕੈਂਸਰ ਨਾਲ ਔਸਤਨ ਰੋਜ਼ਾਨਾ 48 ਮੌਤਾਂ

**ਬਠਿੰਡਾ:** ਪੰਜਾਬ ਵਿਚ ਨਾਮੁਰਾਦ ਬਿਮਾਰੀ ਕੈਂਸਰ ਨੇ ਘਰ-ਘਰ ਸੱਥਰ ਵਿਛਾ ਦਿੱਤੇ ਹਨ। ਕੈਂਸਰ ਦਾ 'ਰਿਪੋਰਟ ਕਾਰਡ' ਦੇਖ ਕੇ ਕਾਂਬਾ ਛਿੜਦਾ ਹੈ। ਕੇਂਦਰੀ ਸਿਹਤ ਮੰਤਰਾਲੇ ਨੇ ਹੁਣ ਨੋਟਿਸ ਲਿਆ ਹੈ ਕਿ ਉਤਰੀ ਭਾਰਤ 'ਚੋਂ ਪੰਜਾਬ ਤੇ ਉਤਰ ਪ੍ਰਦੇਸ਼ 'ਚ ਕੈਂਸਰ ਹਰ ਵਰ੍ਹੇ ਆਪਣੇ ਪੈਰ ਪਸਾਰ ਰਿਹਾ ਹੈ। ਪੰਜਾਬ 'ਚ ਸਭ ਤੋਂ ਵੱਧ ਕਹਿਰ ਮਾਲਵੇ ਵਿਚ ਵਰਤਾਇਆ ਹੈ।

ਪੰਜਾਬ ਵਿਚ ਮੌਜੂਦਾ ਸਮੇਂ ਰੋਜ਼ਾਨਾ ਔਸਤਨ




48 ਮਰੀਜ਼ ਕੈਂਸਰ ਨਾਲ ਮਰ ਰਹੇ ਹਨ ਜਦੋਂਕਿ ਹਰ ਰੋਜ਼ 96 ਨਵੇਂ ਮਰੀਜ਼ ਸਾਹਮਣੇ ਆ ਰਹੇ ਹਨ। ਅੱਠ ਸਾਲ ਪਹਿਲਾਂ ਦੀ ਔਸਤਨ ਦੇਖੀਏ ਤਾਂ ਰੋਜ਼ਾਨਾ 28 ਮੌਤਾਂ ਕੈਂਸਰ ਕਾਰਨ ਹੁੰਦੀਆਂ ਸਨ ਜਦੋਂ ਕਿ 64 ਨਵੇਂ ਮਰੀਜ਼ ਕੈਂਸਰ ਦੀ ਗ੍ਰਿਫਤ 'ਚ ਆਉਂਦੇ ਸਨ। ਪਹਿਲੀ ਜਨਵਰੀ 2011 ਤੋਂ 31 ਦਸੰਬਰ 2018 ਤੱਕ (ਅੱਠ ਸਾਲਾਂ 'ਚ) 2.34 ਲੱਖ ਕੈਂਸਰ ਦੇ ਮਰੀਜ਼ ਪੰਜਾਬ ਭਰ 'ਚੋਂ ਸਾਹਮਣੇ ਆਏ ਜਦੋਂ ਕਿ ਇਸ ਸਮੇਂ ਦੌਰਾਨ 1.09 ਲੱਖ ਕੈਂਸਰ ਮਰੀਜ਼ ਜ਼ਿੰਦਗੀ ਨੂੰ ਅਲਵਿਦਾ ਆਖ ਗਏ। ਮਤਲਬ ਕਿ ਅੱਠ ਵਰ੍ਹਿਆਂ ਦੌਰਾਨ ਔਸਤਨ ਰੋਜ਼ਾਨਾ 37 ਘਰਾਂ 'ਚ ਸੱਥਰ ਵਿਛੇ।

ਵੇਰਵਿਆਂ ਅਨੁਸਾਰ ਸਾਲ 2018 ਵਿਚ 35,137 ਕੈਂਸਰ ਦੇ ਨਵੇਂ ਮਰੀਜ਼ ਸਾਹਮਣੇ ਆਏ ਜਦੋਂ ਕਿ 17,771 ਮਰੀਜ਼ ਜਹਾਨੋਂ ਚਲੇ ਗਏ। ਸਾਲ 2017 ਵਿਚ 33,781 ਮਰੀਜ਼ ਕੈਂਸਰ ਦੇ ਲੱਭੇ ਸਨ ਅਤੇ 17,084 ਮਰੀਜ਼ ਮੌਤ ਦੇ ਮੂੰਹ ਜਾ ਪਏ। ਏਨਾ ਮਹਿੰਗਾ ਇਲਾਜ ਹੈ ਕਿ ਗਰੀਬ ਬੰਦੇ ਕੋਲ ਸਿਵਾਏ ਅਰਦਾਸ ਤੋਂ ਕੋਈ ਚਾਰਾ ਨਹੀਂ ਬਚਦਾ। ਪ੍ਰਤੀ ਮਰੀਜ਼ ਦਾ ਇਲਾਜ 'ਤੇ ਖਰਚਾ ਘੱਟੋ ਘੱਟ 1.50 ਲੱਖ ਰੁਪਏ ਵੀ ਮੰਨ ਲਈਏ ਤਾਂ ਲੰਘੇ ਅੱਠ ਵਰ੍ਹਿਆਂ ਵਿਚ ਇਕੱਲੇ ਇਲਾਜ 'ਤੇ ਪੰਜਾਬ ਦੇ ਲੋਕ 3600 ਕਰੋੜ ਰੁਪਏ ਖਰਚ ਕਰ ਚੁੱਕੇ ਹਨ। ਰੋਜ਼ਾਨਾ ਸਵਾ ਕਰੋੜ ਰੁਪਏ ਕੈਂਸਰ ਦੇ ਇਲਾਜ ਖਰਚ ਹੋ ਰਿਹਾ ਹੈ। ਪਿੰਡ ਜੈਦ ਦੀ ਇੱਕ 7 ਵਰ੍ਹਿਆਂ ਦੀ ਬੱਚੀ ਨੂੰ ਕੈਂਸਰ ਹੈ ਜਿਸ ਤੇ ਇਲਾਜ ਖਰਚਾ 6.25 ਲੱਖ ਰੁਪਏ ਦੱਸਿਆ ਗਿਆ ਹੈ। ਇਵੇਂ ਫਰੀਦਕੋਟ ਦੇ ਮਰੀਜ਼ ਅਨੂਪ ਦੇ ਇਲਾਜ ਲਈ 4.60 ਲੱਖ ਰੁਪਏ ਦਾ ਅਨੁਮਾਨ ਹਸਪਤਾਲ ਨੇ ਲਗਾਇਆ ਹੈ।

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਰਾਹਤ ਫੰਡ ਤਹਿਤ 1.50 ਲੱਖ ਰੁਪਏ ਦੀ ਰਾਸ਼ੀ ਦਿੱਤੀ ਜਾਂਦੀ ਹੈ। ਔਸਤਨ ਦੇਖੀਏ ਤਾਂ 1.50 ਤੋਂ 3 ਲੱਖ ਰੁਪਏ ਤੱਕ ਦਾ ਖਰਚਾ ਪ੍ਰਤੀ ਮਰੀਜ਼ ਆਉਂਦਾ ਹੈ। ਕੈਂਸਰ ਨੇ ਕੋਈ ਪਿੰਡ ਨਹੀਂ ਬਖ਼ਸ਼ਿਆ। ਫਰੀਦਕੋਟ ਦੇ ਪਿੰਡ ਕਟੋਰੇਵਾਲਾ ਦੇ ਡੇਢ ਸਾਲ ਦੇ ਬੱਚੇ ਨੂੰ ਕੈਂਸਰ ਹੈ ਜਦੋਂ ਕਿ ਮੋਗਾ ਦੇ ਪਿੰਡ ਸੈਦੋਕੇ ਦੀ ਦੋ ਸਾਲ ਦੀ ਬੱਚੀ ਨੂੰ ਵੀ ਕੈਂਸਰ ਹੈ। ਪਟਿਆਲਾ ਦੇ ਪਿੰਡ ਬਾਦਸ਼ਾਹਪੁਰ ਦੀ ਤਿੰਨ ਸਾਲ ਦੀ ਬੱਚੀ ਨੂੰ ਇਹੋ ਚੰਦਰੀ ਬਿਮਾਰੀ ਹੈ ਜਦੋਂ ਕਿ ਤਰਨ ਤਾਰਨ ਦੇ ਪਿੰਡ ਜੋਣੇਕੇ ਦੇ ਤਿੰਨ ਸਾਲ ਦੇ ਬੱਚੇ ਦੇ ਹਾਸੇ ਵੀ ਕੈਂਸਰ ਨੇ ਖੋਹ ਲਏ ਹਨ। ਸੋਝੀ ਤੋਂ ਪਹਿਲਾਂ ਹੀ ਇਨ੍ਹਾਂ ਬੱਚਿਆਂ ਨੂੰ ਕੈਂਸਰ ਨਾਲ ਭਿੜਨਾ ਪੈ ਗਿਆ।

ਪੰਜਾਬ 'ਚ ਤਾਂ ਹੁਣ ਜ਼ਿੰਦਗੀ ਦੇ ਆਖਰੀ ਮੋੜ 'ਤੇ ਵੀ ਕੈਂਸਰ ਹੀ ਟੱਕਰਦਾ ਹੈ। ਮੁਕਤਸਰ ਦੇ ਪਿੰਡ ਮੱਲਣ ਦੇ 80 ਵਰ੍ਹਿਆਂ ਦੇ ਬਜ਼ੁਰਗ ਅਤੇ ਸੰਗਰੂਰ ਦੇ ਵੀ 80 ਸਾਲ ਦੇ ਬਜ਼ੁਰਗ ਦਾ ਕੈਂਸਰ ਨੇ ਬੁਢਾਪਾ ਰੋਲ ਦਿੱਤਾ ਹੈ।

ਪਟਿਆਲਾ ਦੇ ਪਿੰਡ ਚੁਪਕੀ ਦੀ 80 ਸਾਲ ਦੀ ਦਲੀਪ ਕੌਰ ਅਤੇ ਅਲਗੋ ਖੁਰਦ (ਤਰਨ ਤਾਰਨ) ਦੇ ਬਜ਼ੁਰਗ ਸਲਵਿੰਦਰ ਸਿੰਘ ਨੂੰ ਵੀ ਬੁਢਾਪੇ ਵਿਚ ਕੈਂਸਰ ਨੇ ਨੱਪ ਲਿਆ ਹੈ। ਡਾ. ਮਨਜੀਤ ਜੌੜਾ ਆਖਦੇ ਹਨ ਕਿ ਮਾਲਵੇ ਖਿੱਤੇ ਵਿਚ ਕੈਂਸਰ ਦੀ ਫੀਸਦ ਕੌਮੀ ਔਸਤ ਤੋਂ ਜ਼ਿਆਦਾ ਹੈ। ਦੱਸਣਯੋਗ ਹੈ ਕਿ ਕੈਂਸਰ ਦੇ ਇਲਾਜ ਦਾ ਵੀ ਵੱਡਾ ਕਾਰੋਬਾਰ ਖੜ੍ਹਾ ਹੋ ਗਿਆ ਹੈ। ਬਠਿੰਡਾ ਵਿਚ ਕਈ ਸਪੈਸ਼ਲ ਹਸਪਤਾਲ ਖੁੱਲ੍ਹ ਗਏ ਹਨ। ਪਹਿਲੋਂ ਮਰੀਜ਼ਾਂ ਨੂੰ 'ਕੈਂਸਰ ਐਕਸਪ੍ਰੈੱਸ' ਦਾ ਸਵਾਰ ਬਣਨਾ ਪੈਂਦਾ ਸੀ ਕਿਉਂਕਿ ਬੀਕਾਨੇਰ ਤੋਂ ਇਲਾਜ ਸਸਤਾ ਪੈਂਦਾ ਸੀ। ਹੁਣ ਬਠਿੰਡਾ ਵਿਚ ਸਰਕਾਰੀ ਸੈਂਟਰ ਖੁੱਲ੍ਹ ਗਿਆ ਹੈ।

## ਸਿੱਖ ਕਤਲੇਆਮ: ਪੀੜਤਾਂ ਦੇ ਬੱਚਿਆਂ ਨੂੰ ਮਿਲੇਗਾ ਰਾਖਵਾਂਕਰਨ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਮਹੱਤਵਪੂਰਨ ਫੈਸਲਾ ਲੈਂਦੇ ਹੋਏ ਨਿੱਜੀ ਮੈਡੀਕਲ ਕਾਲਜਾਂ 'ਚ ਐਮ.ਬੀ.ਬੀ.ਐਸ. ਦੇ ਅੰਡਰ ਗ੍ਰੈਜੂਏਟ ਕੋਰਸਾਂ 'ਚ ਖਿਡਾਰੀਆਂ ਅਤੇ ਸਿੱਖ ਕਤਲੇਆਮ ਦੇ ਪੀੜਤਾਂ ਦੇ ਬੱਚਿਆਂ ਨੂੰ ਵੀ ਰਾਖਵਾਂਕਰਨ ਦੇਣ ਦਾ ਫੈਸਲਾ ਕੀਤਾ ਹੈ।

ਇਹ ਰਾਖਵਾਂਕਰਨ ਸਰਕਾਰੀ ਮੈਡੀਕਲ ਕਾਲਜਾਂ ਵਿਚ ਪਹਿਲਾਂ ਹੀ ਦਿੱਤਾ ਜਾਂਦਾ ਹੈ। ਪਰ ਸਰਕਾਰ ਵੱਲੋਂ 11 ਜੁਲਾਈ ਨੂੰ ਸੋਧੇ ਨੋਟੀਫਿਕੇਸ਼ਨ ਵਿਚ ਇਹ ਰਾਖਵਾਂਕਰਨ ਹੁਣ ਨਿੱਜੀ ਕਾਲਜਾਂ ਵਿਚ ਸਰਕਾਰ ਦੇ 50 ਫੀਸਦੀ ਕੋਟੇ 'ਚ ਦੇਣ ਦਾ ਫੈਸਲਾ ਕੀਤਾ ਹੈ।

# ਨਸ਼ਿਆਂ ਪਿੱਛੋਂ ਏਡਜ਼ ਦੀ ਜਕੜ 'ਚ ਪੰਜਾਬ

**ਚੰਡੀਗੜ੍ਹ:** ਨਸ਼ਿਆਂ ਵਿਚ ਗਲਤਾਨ ਹੋਏ ਪੰਜਾਬ ਦੀ ਜਵਾਨੀ ਹੁਣ ਐਚ.ਆਈ.ਵੀ. ਏਡਜ਼ ਦੀ ਗ੍ਰਿਫਤ ਵਿਚ ਵੀ ਫਸਦੀ ਜਾ ਰਹੀ ਹੈ। ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਏਡਜ਼ ਦੇ ਮਰੀਜ਼ਾਂ ਦੇ ਤਾਜ਼ਾ ਅੰਕੜਿਆਂ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ। ਫਾਜ਼ਿਲਕਾ 'ਚ 50 ਤੋਂ ਵੱਧ ਤੇ ਬਰਨਾਲਾ ਜ਼ਿਲ੍ਹੇ 'ਚ 40 ਤੋਂ ਵੱਧ ਐਚ.ਆਈ.ਵੀ. ਪੀੜਤ ਨੌਜਵਾਨਾਂ ਦੀ ਖਬਰ ਨੇ ਸਾਰਿਆਂ ਨੂੰ ਸੁੰਨ ਕਰਕੇ ਰੱਖ ਦਿੱਤਾ ਹੈ।

ਪਿਛਲੇ ਦੋ ਮਹੀਨਿਆਂ ਵਿਚ ਜਲਾਲਾਬਾਦ ਦੇ ਨਸ਼ਾ ਛੁਡਾਊ ਸੈਂਟਰ ਵਿਚ ਕੁੱਲ 60 ਨਸ਼ੇ ਦੇ ਆਦੀਆਂ ਦੀ ਰਜਿਸਟਰੇਸ਼ਨ ਹੋਈ ਸੀ, ਜਿਨ੍ਹਾਂ ਵਿਚ ਨੌਕਰੀ ਪੇਸ਼ਾ, ਵੱਡੇ ਘਰਾਂ ਦੇ ਕਾਕੇ ਅਤੇ ਪੁਲਿਸ ਤੇ ਹੋਰਨਾਂ ਸਰਕਾਰੀ ਮੁਲਾਜ਼ਮਾਂ ਦੇ ਕਰਮਚਾਰੀ ਤੇ ਉਨ੍ਹਾਂ ਦੇ ਬੱਚੇ ਵੀ ਸ਼ਾਮਲ ਹਨ।

ਇਸ ਮਾਮਲੇ 'ਤੇ ਆਮ ਆਦਮੀ ਪਾਰਟੀ ਦੀਆਂ ਮਹਿਲਾ ਵਿਧਾਇਕਾਂ ਵਿਰੋਧੀ ਧਿਰ ਦੀ ਉਪ ਨੇਤਾ ਸਰਬਜੀਤ ਕੌਰ ਮਾਣੂੰਕੇ, ਵਿਧਾਇਕ ਪ੍ਰੋ. ਬਲਜਿੰਦਰ ਕੌਰ ਅਤੇ ਰੁਪਿੰਦਰ ਕੌਰ ਰੂਬੀ ਨੇ ਐਚ.ਆਈ.ਵੀ. ਪੀੜਤ ਨਸ਼ਈਆਂ ਦੀ ਗਿਣਤੀ 'ਤੇ ਕੈਪਟਨ ਸਰਕਾਰ ਦੀ ਜ਼ੋਰਦਾਰ ਨਿਖੇਧੀ ਕੀਤੀ




ਹੈ। ਉਨ੍ਹਾਂ ਕਿਹਾ ਕਿ ਇਹ ਜਾਨਲੇਵਾ ਅਲਾਮਤਾਂ ਨਾ ਪਿਛਲੀਆਂ ਸਰਕਾਰਾਂ ਦੇ ਏਜੰਡੇ 'ਤੇ ਸਨ ਅਤੇ ਨਾ ਹੀ ਮੌਜੂਦਾ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੇ ਏਜੰਡੇ ਉਤੇ ਹਨ।

ਇਸ ਸਾਲ ਅਪਰੈਲ, ਮਈ ਅਤੇ ਜੂਨ ਮਹੀਨੇ ਵਿਚ ਏਡਜ਼ ਦੇ 40 ਮਰੀਜ਼ਾਂ ਦੀ ਪੁਸ਼ਟੀ ਸਰਕਾਰੀ ਰਿਕਾਰਡ ਵਿਚ ਹੋਈ ਹੈ। ਏਡਜ਼ ਦੇ 40 ਮਰੀਜ਼ਾਂ ਵਿਚ ਪੰਜ ਨਵਜੰਮੇ ਬੱਚੇ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਐਚ.ਆਈ.ਵੀ. ਆਪਣੇ ਮਾਪਿਆਂ ਤੋਂ ਹੋਇਆ ਹੈ। ਇਨ੍ਹਾਂ ਵਿਚ 15 ਔਰਤਾਂ (ਇਕ ਬੱਚੀ) ਤੇ 25 ਪੁਰਸ਼ (4 ਬੱਚੇ) ਸ਼ਾਮਲ ਹਨ। ਐਚ.ਆਈ.ਵੀ. ਪਾਜ਼ੀਟਿਵ ਆਏ ਇਨ੍ਹਾਂ ਮਰੀਜ਼ਾਂ ਦੀ ਉਮਰ 25 ਤੋਂ 50 ਸਾਲ ਦੇ ਵਿਚਕਾਰ ਹੈ। ਜ਼ਿਆਦਾਤਰ ਮਰੀਜ਼ ਖੇਤੀਬਾੜੀ ਅਤੇ ਡਰਾਈਵਿੰਗ ਦੇ ਕਿੱਤੇ ਨਾਲ ਸਬੰਧਤ ਹਨ। ਇਨ੍ਹਾਂ ਵਿਚ ਕੁਝ ਪਰਵਾਸੀ ਮਜ਼ਦੂਰ ਤੇ ਤਿੰਨ ਨਸ਼ੇੜੀ ਵੀ ਸ਼ਾਮਲ ਹਨ। ਬਹੁਗਿਣਤੀ ਮਰੀਜ਼ ਭਦੌੜ ਅਤੇ ਇਸ ਦੇ ਆਸ-ਪਾਸ ਦੇ ਪਿੰਡਾਂ ਤੋਂ ਹਨ। ਭਦੌੜ ਵਿਚ ਪਿਛਲੇ ਦਿਨੀਂ ਲੱਗੇ ਖੂਨਦਾਨ ਕੈਂਪਾਂ ਵਿਚੋਂ ਬਹੁਤੇ ਮਰੀਜ਼ਾਂ ਦੀ ਪੁਸ਼ਟੀ ਹੋਈ ਹੈ। ਇਨ੍ਹਾਂ ਮਰੀਜ਼ਾਂ ਵਿਚ ਬਹੁਤਿਆਂ ਨੂੰ ਏਡਜ਼ ਹੋਣ ਦਾ ਕਾਰਨ ਨਾਜਾਇਜ਼ ਸਬੰਧ ਸਮਝਿਆ ਜਾ ਰਿਹਾ ਹੈ।

ਸਰਕਾਰੀ ਹਸਪਤਾਲ ਦੇ ਅੰਕੜਿਆਂ ਅਨੁਸਾਰ ਪਿਛਲੇ ਵਰ੍ਹਿਆਂ ਦੇ ਮੁਕਾਬਲੇ ਇਸ ਸਾਲ ਇਹ ਅੰਕੜਾ ਜ਼ਿਆਦਾ ਹੈ। 2018 ਵਿਚ ਜ਼ਿਲ੍ਹੇ ਵਿਚ ਕੁੱਲ 58 ਮਰੀਜ਼ਾਂ ਨੂੰ ਏਡਜ਼ ਦੀ ਪੁਸ਼ਟੀ ਹੋਈ ਸੀ। 2017 ਵਿਚ 76 ਮਰੀਜ਼ ਏਡਜ਼ ਦੇ ਸਨ, ਜਿਨ੍ਹਾਂ ਵਿਚ 45 ਪੁਰਸ਼, 28 ਔਰਤਾਂ ਅਤੇ 3 ਗਰਭਵਤੀ ਔਰਤਾਂ ਸ਼ਾਮਲ ਸਨ। 2016 ਵਿਚ ਵੀ 54 ਮਰੀਜ਼ ਐਚ.ਆਈ.ਵੀ. ਪਾਜ਼ੀਟਿਵ ਪਾਏ ਗਏ ਸਨ, ਜਿਨ੍ਹਾਂ ਵਿਚ 29 ਪੁਰਸ਼, 19 ਔਰਤਾਂ ਅਤੇ 6 ਗਰਭਵਤੀ ਔਰਤਾਂ ਸ਼ਾਮਲ ਹਨ। ਜ਼ਿਲ੍ਹੇ ਵਿਚ ਹੁਣ ਤੱਕ ਏਡਜ਼ ਦੇ ਮਰੀਜ਼ਾਂ ਵਿਚ ਪੁਰਸ਼ਾਂ ਦੀ ਗਿਣਤੀ ਵੱਧ ਹੈ। ਪੁਰਸ਼ਾਂ ਤੋਂ ਹੀ ਐਚ.ਆਈ.ਵੀ. ਦੀ ਬਿਮਾਰੀ ਔਰਤਾਂ ਤੱਕ ਸਬੰਧ ਬਣਾਉਣ ਸਮੇਂ ਪਹੁੰਚਦੀ ਹੈ। ਜਣੇਪੇ ਸਮੇਂ ਇਹ ਬਿਮਾਰੀ ਮਾਂ ਤੋਂ ਬੱਚੇ ਤੱਕ ਪੁੱਜ ਰਹੀ ਹੈ। ਇਸ ਵਰ੍ਹੇ ਸਿਰਫ ਤਿੰਨ ਮਹੀਨਿਆਂ ਵਿਚ ਏਡਜ਼ ਦੇ 40 ਮਰੀਜ਼ ਸਾਹਮਣੇ ਆਉਣਾ ਚਿੰਤਾ ਦਾ ਵਿਸ਼ਾ ਹੈ। ਸਿਹਤ ਵਿਭਾਗ ਨੂੰ ਜਾਗਰੂਕਤਾ ਮੁਹਿੰਮ ਤੇਜ਼ ਕਰਨ ਦੀ ਲੋੜ ਹੈ।

# ਲੁਧਿਆਣਾ ਸਿਟੀ ਸੈਂਟਰ ਘੁਟਾਲੇ ਦੀ ਫਾਈਲ ਗੁੰਮ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਸਥਾਨਕ ਸਰਕਾਰਾਂ ਵਿਭਾਗ ਵਿਚੋਂ ਲੁਧਿਆਣਾ ਸਿਟੀ ਸੈਂਟਰ ਘੁਟਾਲੇ ਨਾਲ ਸਬੰਧਤ ਫਾਈਲ ਸਮੇਤ ਕੁਝ ਹੋਰ ਮਹੱਤਵਪੂਰਨ ਫਾਈਲਾਂ ਗੁੰਮ ਹਨ। ਸਿਟੀ ਸੈਂਟਰ ਘੁਟਾਲੇ ਨਾਲ ਸਬੰਧਤ ਕੇਸ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਨਾਂ ਵੀ ਜੁੜਦਾ ਹੈ, ਇਸ ਕੇਸ ਲੁਧਿਆਣਾ ਦੀ ਅਦਾਲਤ ਵਿਚ ਚੱਲ ਰਿਹਾ ਹੈ।

ਪੰਜਾਬ ਵਿਜੀਲੈਂਸ ਬਿਊਰੋ ਪਹਿਲਾਂ ਹੀ 1144 ਕਰੋੜ ਰੁਪਏ ਦੇ ਕਥਿਤ ਲੁਧਿਆਣਾ ਸਿਟੀ ਸੈਂਟਰ ਘੁਟਾਲੇ ਵਿਚ ਮੁੱਖ ਮੰਤਰੀ ਨੂੰ ਕਲੀਨ ਚਿੱਟ ਦੇ ਚੁੱਕੀ ਹੈ ਤੇ ਇਸ ਕੇਸ ਨੂੰ ਬੰਦ ਕਰਵਾਉਣ ਦੀ ਤਿਆਰੀ ਵਿਚ ਹੈ। ਭਰੋਸੇਯੋਗ ਸੂਤਰਾਂ ਦਾ ਕਹਿਣਾ ਹੈ ਕਿ ਜਿਹੜੀਆਂ ਪੰਜ ਫਾਈਲਾਂ ਗੁੰਮ ਹਨ, ਇਨ੍ਹਾਂ ਵਿਚ ਈਸ਼ਰ ਨਗਰ ਲੁਧਿਆਣਾ ਦੀ ਖੇਤੀਬਾੜੀ ਜ਼ਮੀਨ ਵਿਚ ਨਾਜਾਇਜ਼ ਉਸਾਰੀਆਂ ਨਾਲ ਸਬੰਧਤ ਫਾਈਲ, ਨਗਰ ਪਾਲਿਕਾਵਾਂ ਦੇ ਅਧਿਕਾਰ ਖੇਤਰ ਵਿਚੋਂ ਮਨੋਰੰਜਨ ਟੈਕਸ ਨਾਲ ਸਬੰਧਤ ਫਾਈਲ, ਨਗਰ ਪੰਚਾਇਤ ਮਹਿਰਾਜ ਬਠਿੰਡਾ ਵਿਚ ਨਵੇਂ ਕਰਵਾਏ ਜਾਣ ਵਾਲੇ ਵਿਕਾਸ ਕੰਮਾਂ ਨਾਲ ਸਬੰਧਤ ਫਾਈਲ ਵੀ ਸ਼ਾਮਲ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਸਥਾਨਕ ਸਰਕਾਰਾਂ ਬਾਰੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਵਿਭਾਗ ਬਦਲੇ ਜਾਣ ਪਿਛੋਂ ਚਾਰਜ ਛੱਡਣ ਸਮੇਂ ਅਹਿਮ ਫਾਈਲਾਂ ਵਿਭਾਗ ਨੂੰ ਵਾਪਸ ਦੇ



ਦਿੱਤੀਆਂ ਸਨ ਪਰ ਲੁਧਿਆਣਾ ਸਿਟੀ ਸੈਂਟਰ ਘੁਟਾਲੇ ਨਾਲ ਸਬੰਧਤ ਅਤੇ ਕੁੱਝ ਹੋਰ ਫਾਈਲਾਂ ਨਹੀਂ ਮਿਲ ਰਹੀਆਂ। ਜੇ ਇਹ ਫਾਈਲਾਂ ਨਹੀਂ ਮਿਲਦੀਆਂ ਤਾਂ ਇਨ੍ਹਾਂ ਫਾਈਲਾਂ ਨੂੰ ਮੁੜ ਤਿਆਰ ਕਰਨਾ ਪਵੇਗਾ ਪਰ ਵਿਭਾਗ ਗੁੰਮ ਫਾਈਲਾਂ ਨੂੰ ਲੱਭਣ ਲਈ ਪੂਰੀ ਵਾਹ ਲਾ ਰਿਹਾ ਹੈ। ਪਤਾ ਲੱਗਾ ਹੈ ਕਿ ਵਿਭਾਗ ਨੇ ਇਨ੍ਹਾਂ ਫਾਈਲਾਂ ਦੀ ਜਾਣਕਾਰੀ ਮੁੱਖ ਮੰਤਰੀ ਨੂੰ ਦੇਣ ਲਈ ਸੂਚੀ ਤਿਆਰ ਕਰ ਲਈ ਹੈ।

ਫਾਈਲਾਂ ਨਾ ਮਿਲਣ ਕਰਕੇ ਇਕ ਸੀਨੀਅਰ ਅਧਿਕਾਰੀ ਨੂੰ ਸਿੱਧੂ ਨਾਲ ਸੰਪਰਕ ਰੱਖਣ ਲਈ ਕਿਹਾ ਗਿਆ ਤਾਂ ਇਸ ਗੱਲ ਦਾ ਪਤਾ ਲਾਇਆ ਜਾ ਸਕੇ ਕਿ ਜਿਹੜੀਆਂ ਫਾਈਲਾਂ ਮਿਲ ਨਹੀਂ ਰਹੀਆਂ, ਉਹ ਸਿੱਧੂ ਕੋਲ ਹਨ ਜਾਂ ਨਹੀਂ। ਪਰ ਸਿੱਧੂ ਨਾਲ ਛੇ ਜੂਨ ਤੋਂ ਬਾਅਦ ਕਿਸੇ ਦਾ ਕੋਈ ਤਾਲਮੇਲ ਨਹੀਂ ਹੈ। ਉਨ੍ਹਾਂ ਨੇ ਆਪਣੇ ਅਸਤੀਫੇ ਦੀ ਜਾਣਕਾਰੀ ਵੀ ਟਵਿੱਟਰ 'ਤੇ ਹੀ ਦਿੱਤੀ ਸੀ। ਉਨ੍ਹਾਂ ਨੇ ਆਪਣਾ ਅਸਤੀਫਾ ਆਪਣੇ ਇਕ ਕਰੀਬੀ ਮਿੱਤਰ ਰਾਹੀਂ ਮੁੱਖ ਮੰਤਰੀ ਦੇ ਸਰਕਾਰੀ ਨਿਵਾਸ ਸਥਾਨ ਉੱਤੇ ਭੇਜਿਆ ਸੀ। ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਬ੍ਰਹਮ ਮਹਿੰਦਰਾ, ਜੋ ਸਿੱਧੂ ਵਲੋਂ ਕਲੀਅਰ ਨਾ ਕੀਤੀਆਂ ਫਾਈਲਾਂ ਦੇ ਢੇਰ ਨੂੰ ਨਿਬੇੜਨ ਵਿਚ ਲੱਗੇ ਹਨ, ਨੇ ਕਿਹਾ ਕਿ ਉਨ੍ਹਾਂ ਨੇ ਵਿਭਾਗ ਕੋਲੋਂ ਫਾਈਲਾਂ ਦੀ ਸੂਚੀ ਮੰਗੀ ਹੈ ਤੇ ਸੂਚੀ ਮਿਲਣ ਤੋਂ ਬਾਅਦ ਹੀ 'ਗੁੰਮ' ਫਾਈਲਾਂ ਬਾਰੇ ਕੁੱਝ ਕਹਿਣ ਦੀ ਸਥਿਤੀ ਵਿਚ ਹੋਣਗੇ।

# ਇਮਰਾਨ ਖਾਨ ਨੂੰ ਨਗਰ ਕੀਰਤਨ ਵਿਚ ਸ਼ਾਮਲ ਹੋਣ ਲਈ ਸੱਦਾ

**ਅੰਮ੍ਰਿਤਸਰ:** 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦਿੱਲੀ ਤੋਂ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ) ਤਕ ਸਜਾਏ ਜਾਣ ਵਾਲੇ ਨਗਰ ਕੀਰਤਨ ਵਿਚ ਸ਼ਮੂਲੀਅਤ ਲਈ ਦਿੱਲੀ ਅਕਾਲੀ ਦਲ ਵੱਲੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ



ਇਮਰਾਨ ਖਾਨ ਨੂੰ ਰਸਮੀ ਸੱਦਾ ਭੇਜਿਆ ਗਿਆ ਹੈ। ਇਹ ਖੁਲਾਸਾ ਪਾਕਿਸਤਾਨ ਤੋਂ ਪਰਤੇ ਪਰਮਜੀਤ ਸਿੰਘ ਸਰਨਾ ਅਤੇ ਹਰਵਿੰਦਰ ਸਿੰਘ ਸਰਨਾ ਨੇ ਕੀਤਾ।

ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਦਿੱਲੀ ਅਕਾਲੀ ਦਲ ਦੇ ਪ੍ਰਧਾਨ ਸਰਨਾ ਨੇ ਪਾਕਿਸਤਾਨ ਦੌਰੇ ਦੌਰਾਨ ਉਥੇ ਲਹਿੰਦੇ ਪੰਜਾਬ ਦੇ ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰੀ ਪੀਰ ਨੂਰ ਉਲ ਕਾਦਰੀ ਸਮੇਤ ਔਕਾਫ ਬੋਰਡ ਦੇ ਚੇਅਰਮੈਨ ਅਤੇ ਪੀ.ਜੀ.ਪੀ.ਸੀ. ਆਗੂਆਂ ਨਾਲ ਵੀ ਮੁਲਾਕਾਤ ਕੀਤੀ। ਉਨ੍ਹਾਂ ਦੱਸਿਆ ਕਿ ਉਹ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਪਾਕਿਸਤਾਨੀ ਸਫਾਰਤਖਾਨੇ ਰਾਹੀਂ ਰਸਮੀ ਸੱਦਾ ਪੱਤਰ ਭੇਜ ਚੁੱਕੇ ਹਨ ਪਰ ਜਲਦੀ ਹੀ ਉਨ੍ਹਾਂ ਨਾਲ ਮੁਲਾਕਾਤ ਕਰਕੇ ਨਿੱਜੀ ਤੌਰ 'ਤੇ ਵੀ ਉਨ੍ਹਾਂ ਨੂੰ ਸੱਦਾ ਪੱਤਰ ਦਿੱਤਾ ਜਾਵੇਗਾ। ਸੱਦੇ ਤਹਿਤ 31 ਅਕਤੂਬਰ ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਨਗਰ ਕੀਰਤਨ ਦੇ ਪੁੱਜਣ 'ਤੇ ਸਵਾਗਤ ਸਮਾਗਮ ਵਿਚ ਸ਼ਾਮਲ ਹੋਣ ਲਈ ਆਖਿਆ ਜਾਵੇਗਾ। ਇਸੇ ਤਰ੍ਹਾਂ ਭਾਰਤ ਵਿਚ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨਾਲ ਮੁਲਾਕਾਤ ਲਈ ਸਮਾਂ ਮੰਗਿਆ ਗਿਆ ਹੈ ਤਾਂ ਕਿ ਰਵਾਨਗੀ ਵੇਲੇ ਨਗਰ ਕੀਰਤਨ ਵਿਚ ਸ਼ਾਮਲ ਹੋਣ ਦਾ ਸੱਦਾ ਪੱਤਰ ਦਿੱਤਾ ਜਾ ਸਕੇ। ਉਨ੍ਹਾਂ ਦੱਸਿਆ ਕਿ 28 ਅਕਤੂਬਰ ਨੂੰ ਸ਼ੁਰੂ ਹੋਣ ਵਾਲੇ ਨਗਰ ਕੀਰਤਨ ਵਿਚ ਸੰਸਦ ਮੈਂਬਰ ਪ੍ਰਨੀਤ ਕੌਰ ਸ਼ਾਮਲ ਹੋਣਗੇ। ਉਹ ਅਟਾਰੀ-ਵਾਹਗਾ ਸਰਹੱਦ ਰਸਤੇ ਸ੍ਰੀ ਨਨਕਾਣਾ ਸਾਹਿਬ ਵੀ ਜਾਣਗੇ।

ਸਰਨਾ ਭਰਾਵਾਂ ਨੇ ਦੱਸਿਆ ਕਿ ਇਹ ਨਗਰ ਕੀਰਤਨ 28 ਅਕਤੂਬਰ ਨੂੰ ਦਿੱਲੀ ਦੇ ਗੁਰਦੁਆਰਾ ਨਾਨਕ ਪਿਆਊ ਤੋਂ ਆਰੰਭ ਹੋਵੇਗਾ ਅਤੇ ਰਾਤ ਦਾ ਠਹਿਰਾਅ ਲੁਧਿਆਣਾ ਵਿਚ ਹੋਵੇਗਾ। 29 ਅਕਤੂਬਰ ਨੂੰ ਰਾਤ ਦਾ ਠਹਿਰਾਅ ਸੁਲਤਾਨਪੁਰ ਲੋਧੀ ਸਥਿਤ ਗੁਰਦੁਆਰਾ ਬੇਰ ਸਾਹਿਬ ਵਿਖੇ, 30 ਅਕਤੂਬਰ ਨੂੰ ਰਾਤ ਦਾ ਠਹਿਰਾਅ ਹਰਿਮੰਦਰ ਸਾਹਿਬ ਅਤੇ 31 ਅਕਤੂਬਰ ਨੂੰ ਇਥੇ ਅਰਦਾਸ ਕਰਨ ਮਗਰੋਂ ਨਗਰ ਕੀਰਤਨ ਵਾਹਗਾ ਸਰਹੱਦ ਰਾਹੀਂ ਪਾਕਿਸਤਾਨ ਵਿਚ ਦਾਖਲ ਹੋਵੇਗਾ।

# ਪੰਜਾਬ ਵਿਚ ਪਰਵਾਸੀਆਂ ਦੀ ਗਿਣਤੀ ਵਧੀ

**ਚੰਡੀਗੜ੍ਹ:** ਉਤਰ ਪ੍ਰਦੇਸ਼ ਤੇ ਬਿਹਾਰ ਸੂਬਿਆਂ ਤੋਂ ਆ ਕੇ ਪੰਜਾਬ ਅਤੇ ਹਰਿਆਣਾ ਵਸਣ ਵਾਲੇ ਲੋਕਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਪੰਜਾਬ ਦੀ 2011 ਵਿਚ ਕੁੱਲ ਆਬਾਦੀ 2.77 ਕਰੋੜ ਸੀ, ਜਿਸ ਵਿਚੋਂ 6.93 ਲੱਖ (2.5 ਫੀਸਦੀ) ਲੋਕ ਉਤਰ ਪ੍ਰਦੇਸ਼ ਤੋਂ, 5.52 ਲੱਖ (1.99 ਫੀਸਦੀ) ਲੋਕ ਹਰਿਆਣਾ ਤੋਂ ਅਤੇ 3.75 ਲੱਖ (1.35 ਫੀਸਦੀ) ਲੋਕ ਬਿਹਾਰ ਤੋਂ ਆ ਕੇ ਪੰਜਾਬ ਵਸੇ ਹੋਏ ਸਨ। ਦੂਜੇ ਪਾਸੇ 2001 ਵਿਚ, ਪੰਜਾਬ ਦੀ ਕੁੱਲ ਆਬਾਦੀ 2.43 ਕਰੋੜ ਸੀ, ਜਿਸ ਵਿਚੋਂ 1.94 ਫੀਸਦੀ ਲੋਕ ਉੱਤਰ ਪ੍ਰਦੇਸ਼ ਤੋਂ, 1.49 ਫੀਸਦੀ ਲੱਖ ਲੋਕ ਹਰਿਆਣਾ ਤੋਂ ਤੇ 1.01 ਫੀਸਦੀ ਲੱਖ ਲੋਕ ਬਿਹਾਰ ਤੋਂ ਆ ਕੇ ਪੰਜਾਬ ਹੋਏ ਸਨ।

ਉਧਰ, ਪਾਕਿਸਤਾਨ ਤੇ ਬੰਗਲਾਦੇਸ਼ ਤੋਂ ਆ ਕੇ ਭਾਰਤ ਵਸਣ ਵਾਲੇ ਪਰਵਾਸੀਆਂ ਦੀ ਗਿਣਤੀ ਘਟੀ ਹੈ। ਪਾਕਿਸਤਾਨ ਤੋਂ ਆਏ ਪਰਵਾਸੀਆਂ ਵਿਚੋਂ 60 ਫੀਸਦੀ ਪੰਜਾਬ, ਹਰਿਆਣਾ ਅਤੇ ਦਿੱਲੀ ਵਿਚ ਵਸੇ ਹੋਏ ਹਨ ਜਦਕਿ ਬੰਗਲਾਦੇਸ਼ 'ਚੋਂ ਆਏ ਬਹੁ-ਗਿਣਤੀ (80 ਫੀਸਦੀ) ਲੋਕ ਪੱਛਮੀ ਬੰਗਾਲ ਵਿਚ ਵਸੇ ਹੋਏ ਹਨ। ਅੰਕੜਿਆਂ ਅਨੁਸਾਰ ਸਾਲ 2011 ਵਿਚ ਪਾਕਿਸਤਾਨ ਤੋਂ ਭਾਰਤ ਆ ਕੇ ਵਸੇ ਪਰਵਾਸੀਆਂ ਦੀ ਗਿਣਤੀ 9.19 ਲੱਖ ਸੀ, ਜਿਸ ਵਿਚੋਂ ਸਭ ਤੋਂ ਵੱਧ 2.65 ਲੱਖ (28.85) ਪੰਜਾਬ ਵਿਚ, 1.58 ਲੱਖ (17.27) ਹਰਿਆਣਾ ਵਿਚ, 1.36 ਲੱਖ (14.81) ਦਿੱਲੀ ਵਿਚ ਤੇ 81,662 (8.88) ਰਾਜਸਥਾਨ 'ਚ ਵਸੇ ਹੋਏ ਸਨ।

ਇਸ ਦੇ ਮੁਕਾਬਲੇ 2001 ਵਿਚ ਪਾਕਿਸਤਾਨੀ ਪਰਵਾਸੀਆਂ ਦੀ ਗਿਣਤੀ 13.05 ਲੱਖ ਸੀ, ਜਿਸ ਵਿਚੋਂ 26.36 ਫੀਸਦੀ ਪੰਜਾਬ ਵਿਚ, 19.04 ਫੀਸਦੀ ਹਰਿਆਣਾ ਵਿਚ ਅਤੇ 18.46 ਫੀਸਦੀ ਦਿੱਲੀ ਵਿਚ ਵਸੇ ਹੋਏ ਸਨ।

ਇਸੇ ਤਰ੍ਹਾਂ ਸਾਲ 2011 ਵਿਚ ਬੰਗਲਾਦੇਸ਼ ਵਿਚੋਂ ਆ ਕੇ ਭਾਰਤ ਵਸੇ ਲੋਕਾਂ ਦੀ ਕੁੱਲ ਗਿਣਤੀ 27.47 ਲੱਖ ਸੀ, ਜਿਸ ਵਿਚੋਂ 22.22 ਲੱਖ (80.89) ਪੱਛਮੀ ਬੰਗਾਲ ਵਿਚ, 2.56 ਲੱਖ (9.34) ਤ੍ਰਿਪੁਰਾ ਵਿਚ ਅਤੇ 88,207 (3.21) ਆਸਾਮ ਵਿਚ ਵਸੇ ਹੋਏ ਸਨ। ਇਸ ਦੇ ਮੁਕਾਬਲੇ 2001 ਵਿਚ ਭਾਰਤ ਵਿਚ ਬੰਗਲਾਦੇਸ਼ੀ ਲੋਕਾਂ ਦੀ ਗਿਣਤੀ 37.42 ਲੱਖ ਸੀ। ਉਦੋਂ ਵੀ ਪੱਛਮੀ ਬੰਗਾਲ ਵਿਚ ਸਭ ਤੋਂ ਵੱਧ 80.98 ਬੰਗਲਾਦੇਸ਼ੀ ਵਸੇ ਹੋਏ ਸਨ, ਤ੍ਰਿਪੁਰਾ ਵਿਚ 7.99 ਅਤੇ ਆਸਾਮ ਵਿਚ 4.39 ਲੋਕ ਵਸੇ ਹੋਏ ਸਨ। ਦਿਹਾਤੀ ਅਤੇ ਸਨਅਤ ਵਿਕਾਸ ਬਾਰੇ ਖੋਜ ਕੇਂਦਰ (ਸੀ. ਆਰ. ਆਰ. ਆਈ.ਡੀ.) ਦੇ ਜਨਸੰਖਿਆ ਖੋਜ ਕੇਂਦਰ ਦੇ ਪ੍ਰੋ. ਅਸ਼ਵਨੀ ਕੁਮਾਰ ਨੰਦਾ ਨੇ ਦੱਸਿਆ ਕਿ ਪਾਕਿਸਤਾਨ ਤੋਂ ਵੱਧ ਪਰਵਾਸੀ 1947 ਦੀ ਵੰਡ ਦੌਰਾਨ ਆਏ ਸਨ ਤੇ ਉਹ ਪੰਜਾਬ ਅਤੇ ਦਿੱਲੀ ਵਸ ਗਏ ਸਨ। ਪਿਛੋਂ ਬਹੁਤ ਘੱਟ ਪਾਕਿਸਤਾਨ ਵੱਲੋਂ ਭਾਰਤ ਵੱਲ ਬਹੁਤ ਘੱਟ ਪਰਵਾਸ ਹੋਇਆ, ਜਿਸ ਕਰਕੇ ਇਹ ਗਿਣਤੀ ਘਟਦੀ ਜਾ ਰਹੀ ਹੈ। ਇਸੇ ਤਰ੍ਹਾਂ 1971 ਵਿਚ ਬੰਗਲਾਦੇਸ਼ ਵੱਲੋਂ ਬਹੁਤ ਸਾਰੇ ਲੋਕ ਆ ਕੇ ਪੱਛਮੀ ਬੰਗਾਲ 'ਚ ਵਸ ਗਏ ਸਨ। ਇਹ ਗਿਣਤੀ ਸਮੇਂ ਨਾਲ ਘਟਦੀ ਜਾਵੇਗੀ।

# ਘੱਗਰ ਦਰਿਆ ਨੇ ਕਿਸਾਨਾਂ ਦੀਆਂ ਆਸਾਂ 'ਤੇ ਮੁੜ ਫੇਰਿਆ ਪਾਣੀ

## ਹਜ਼ਾਰਾਂ ਏਕੜ ਫਸਲ ਬਰਬਾਦ, ਲੋਕ ਦੇ ਘਰਾਂ ਵਿਚ ਭਰਿਆ ਪਾਣੀ

**ਸੰਗਰੂਰ:** ਘੱਗਰ ਦਰਿਆ ਨੇ ਪਟਿਆਲਾ ਤੇ ਸੰਗਰੂਰ ਜ਼ਿਲ੍ਹਿਆਂ ਵਿਚ ਭਾਰੀ ਤਬਾਹੀ ਮਚਾਈ ਹੋਈ ਹੈ। ਹਜ਼ਾਰਾਂ ਏਕੜ ਫਸਲ ਪਾਣੀ ਵਿਚ ਡੁੱਬਣ ਕਾਰਨ ਤਬਾਹ ਹੋ ਗਈ ਹੈ। ਘਰਾਂ ਵਿਚ ਪਾਣੀ ਦਾਖਲ ਹੋਣ ਕਾਰਨ ਲੋਕਾਂ ਨੂੰ ਕੋਠਿਆਂ ਉਤੇ ਦਿਨ ਗੁਜ਼ਾਰਨੇ ਪਏ ਰਹੇ ਹਨ। ਸੰਗਰੂਰ ਜ਼ਿਲ੍ਹੇ 'ਚੋਂ ਲੰਘਦੇ ਘੱਗਰ ਦਰਿਆ ਦੇ ਬੰਨ੍ਹ ਵਿਚ ਮੂਨਕ ਦੇ ਪਿੰਡ ਫੂਲਦ ਕੋਲ ਵੱਡਾ ਪਾੜ ਪੈਣ ਕਾਰਨ ਨੇੜਲੇ ਕਈ ਪਿੰਡਾਂ ਦੀ ਫਸਲ ਪਾਣੀ ਵਿਚ ਡੁੱਬ ਗਈ ਹੈ।

ਅਜੇ ਇਥੇ ਪਾੜ ਉਤੇ ਕਾਬੂ ਪਾਉਣ ਦੀਆਂ ਤਿਆਰੀਆਂ ਕੀਤੀਆਂ ਹੀ ਜਾ ਰਹੀਆਂ ਸਨ ਕਿ ਸਮਾਣਾ ਤੋਂ ਲੈ ਕੇ ਸੰਗਰੂਰ ਜ਼ਿਲ੍ਹੇ ਦੀ ਹੱਦ ਤੱਕ ਕਈ ਪਾੜ ਪੈ ਗਏ। ਦਰਿਆ ਦੇ ਪਾਣੀ ਦਾ ਪੱਧਰ ਇੰਨਾ ਵਧ ਗਿਆ ਕਿ ਹਾਲਾਤ ਉਤੇ ਕਾਬੂ ਪਾਉਣਾ ਪ੍ਰਸ਼ਾਸਨ ਤੇ ਆਮ ਲੋਕਾਂ ਦੇ ਵੱਸੋਂ ਬਾਹਰ ਹੋ ਗਿਆ। ਇਸ ਪਾਣੀ ਨੇ ਭਾਰੀ ਤਬਾਹੀ ਮਚਾਈ ਹੈ। ਘੱਗਰ ਨੇੜਲੇ ਪਿੰਡਾਂ ਦੇ ਲੋਕਾਂ 'ਚ ਸਹਿਮ ਦਾ ਮਾਹੌਲ ਪੈਦਾ ਹੋ ਗਿਆ ਹੈ। ਘੱਗਰ ਦੇ ਬੰਨ੍ਹਾਂ 'ਚ ਕਈ ਥਾਈਂ ਆਈਆਂ ਦਰਾੜਾਂ ਕਾਰਨ ਲੋਕ ਸਹਿਮੇ ਹੋਏ ਹਨ। ਇਸ ਸਥਿਤੀ ਨਾਲ ਨਜਿੱਠਣ ਲਈ ਫੌਜ, ਐਨ.ਡੀ.ਆਰ.ਐਫ. ਅਤੇ ਐਸ.ਡੀ.ਆਰ.ਐਫ. ਦੀਆਂ ਟੀਮਾਂ ਮੌਕੇ 'ਤੇ ਪੁੱਜ ਕੇ ਪਾੜ ਪੂਰਨ ਦੇ ਕਾਰਜ ਵਿਚ ਜੁਟੀਆਂ ਰਹੀਆਂ। ਘੱਗਰ ਦਰਿਆ 'ਚ ਪਾੜ ਪੈਣ ਕਾਰਨ ਲਗਾਤਾਰ ਫੈਲ ਰਹੇ ਪਾਣੀ ਦੇ ਮੱਦੇਨਜ਼ਰ ਮੂਨਕ ਸ਼ਹਿਰ ਅਤੇ ਨੇੜਲੇ ਪਿੰਡਾਂ ਵਿਚ ਸਪੀਕਰਾਂ ਰਾਹੀਂ ਹੋਕੇ ਦੇ ਕੇ ਲੋਕਾਂ ਨੂੰ ਸੁਚੇਤ ਕੀਤਾ।

ਪਿੰਡ ਮਕੋਰੜ ਸਾਹਿਬ, ਫੂਲਦ ਅਤੇ ਸੁਰਜਨ ਭੈਣੀ ਦੀ ਕਰੀਬ ਤਿੰਨ ਤੋਂ ਚਾਰ ਹਜ਼ਾਰ ਏਕੜ ਫਸਲ ਪਾਣੀ ਵਿਚ ਡੁੱਬ ਗਈ ਹੈ ਅਤੇ ਪਾਣੀ ਦਾ ਤੇਜ਼ ਵਹਾਅ ਲਗਾਤਾਰ ਅੱਗੇ ਵਧ ਰਿਹਾ ਹੈ। ਪਿੰਡ ਸੁਰਜਨ ਭੈਣੀ, ਸਲੇਮਗੜ੍ਹ, ਮਕੋਰੜ ਸਾਹਿਬ, ਕੜੈਲ ਆਦਿ ਵਿਚ ਸਹਿਮ ਦਾ ਮਾਹੌਲ ਹੈ ਕਿਉਂਕਿ ਇਨ੍ਹਾਂ ਪਿੰਡਾਂ ਦੇ ਲੋਕ ਪਹਿਲਾਂ ਵੀ ਘੱਗਰ ਦੀ ਮਾਰ ਝੱਲ ਚੁੱਕੇ ਹਨ। ਮਾਲਵਾ ਖਿੱਤੇ 'ਚ ਮੀਂਹਾਂ ਦੇ ਪਾਣੀ ਨੇ ਕਰੀਬ ਇਕ ਲੱਖ ਏਕੜ ਫਸਲ ਝੰਬ ਦਿੱਤੀ ਹੈ, ਜਿਸ ਨਾਲ ਕਿਸਾਨਾਂ ਦੇ ਫਿਕਰ ਅਤੇ ਲਾਗਤ ਖਰਚੇ ਵਧ ਜਾਣੇ ਹਨ। ਪਹਿਲਾਂ ਸੋਕੇ ਨੇ ਖੇਤ ਸੁੱਕਣੇ ਪਾਏ ਸਨ ਅਤੇ ਹੁਣ ਮੀਂਹ ਨੇ ਤਰਥੱਲੀ ਮਚਾ ਦਿੱਤੀ। ਬਠਿੰਡਾ ਜ਼ਿਲ੍ਹੇ ਵਿਚ ਤਕਰੀਬਨ 30 ਹਜ਼ਾਰ ਏਕੜ ਰਕਬਾ ਪਾਣੀ 'ਚ ਡੁੱਬ ਗਿਆ। ਸਭ ਤੋਂ ਵੱਧ ਪ੍ਰਭਾਵਿਤ ਕਰੀਬ 16 ਹਜ਼ਾਰ ਏਕੜ ਰਕਬਾ ਨਰਮੇ ਵਾਲਾ ਹੈ।

ਗੋਨਿਆਣਾ ਦੇ ਪਿੰਡ ਮਹਿਮਾ ਸਰਜਾ, ਮਹਿਮਾ ਸਰਕਾਰੀ ਅਤੇ ਮਹਿਮਾ ਸਵਾਈ ਵਿਚ ਸਭ ਤੋਂ ਵੱਧ ਸੱਟ ਮੀਂਹ ਦੇ ਪਾਣੀ ਨੇ ਮਾਰੀ ਹੈ। ਮਾਨਸਾ ਜ਼ਿਲ੍ਹੇ ਵਿਚ ਵੀ ਕਰੀਬ 40 ਹਜ਼ਾਰ ਏਕੜ ਰਕਬੇ ਵਿਚ ਪਾਣੀ ਭਰ ਗਿਆ ਹੈ। ਜ਼ਿਲ੍ਹੇ ਦੇ ਪਿੰਡ ਖੀਵਾ ਖੁਰਦ ਵਿਚ 400 ਏਕੜ, ਭੈਣੀ ਬਾਘਾ ਵਿਚ 400 ਏਕੜ, ਕੋਟਧਰਮੂ ਵਿਚ 100 ਏਕੜ, ਅਲੀਸ਼ੇਰ ਕਲਾਂ ਤੇ ਖੁਰਦ ਵਿਚ 200 ਏਕੜ ਫਸਲ ਨੁਕਸਾਨੀ ਗਈ ਹੈ। ਜ਼ਿਲ੍ਹਾ ਖੇਤੀਬਾੜੀ ਅਫਸਰ ਮਾਨਸਾ ਗੁਰਮੇਲ ਸਿੰਘ ਨੇ ਦੱਸਿਆ ਕਿ ਬੁਢਲਾਡਾ, ਮਾਨਸਾ ਤੇ ਭੀਖੀ ਦੇ ਪਿੰਡਾਂ ਵਿਚ ਝੋਨੇ ਦੇ ਖੇਤਾਂ ਵਿਚ ਪਾਣੀ ਖੜ੍ਹਿਆ ਅਤੇ ਕਰੀਬ 16 ਹਜ਼ਾਰ ਹੈਕਟੇਅਰ ਰਕਬਾ ਪਾਣੀ ਦੀ ਮਾਰ ਹੇਠ ਆ ਗਿਆ ਹੈ।



ਵੇਰਵਿਆਂ ਅਨੁਸਾਰ ਮੁਕਤਸਰ ਦੇ ਸੇਮ ਪ੍ਰਭਾਵਿਤ ਇਲਾਕਿਆਂ ਨੂੰ ਸਭ ਤੋਂ ਵੱਧ ਮਾਰ ਪਈ ਹੈ। ਮੁਕਤਸਰ ਜ਼ਿਲ੍ਹੇ ਵਿਚ ਪਹਿਲੇ ਦਿਨ 172 ਐਮ.ਐਮ ਅਤੇ ਦੂਸਰੇ ਦਿਨ 76 ਐਮ.ਐਮ ਵਰਖਾ ਹੋਈ ਹੈ। ਇਸ ਜ਼ਿਲ੍ਹੇ ਵਿਚ 22 ਹਜ਼ਾਰ ਏਕੜ ਫਸਲ ਪਾਣੀ ਦੀ ਮਾਰ ਹੇਠ ਆ ਗਈ ਹੈ, ਜਿਸ 'ਚੋਂ ਚਾਰ ਹਜ਼ਾਰ ਏਕੜ ਫਸਲ ਇਕੱਲੀ ਨਰਮੇ ਦੀ ਹੈ। ਉਧਰ, ਸਰਕਾਰ ਇਸ ਸਮੱਸਿਆ ਦਾ ਪੱਕਾ ਹੱਲ ਕਰਨ ਦੀ ਥਾਂ ਕਿਸਾਨਾਂ ਨੂੰ ਬੱਸ ਹੌਸਲਾ ਹੀ ਦੇ ਰਹੀ ਹੈ।

ਪੰਜਾਬ ਦੇ ਜਲ ਸਰੋਤ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ ਦਾ ਕਹਿਣਾ ਹੈ ਕਿ ਘੱਗਰ ਵੱਲੋਂ ਕੀਤੇ ਜਾਂਦੇ ਨੁਕਸਾਨ ਦੇ ਹੱਲ ਲਈ ਪਿਛਲੀ ਸਰਕਾਰ ਵੱਲੋਂ ਕੋਈ ਕਦਮ ਨਹੀਂ ਚੁੱਕਿਆ ਗਿਆ ਬਲਕਿ ਮਹਿਜ਼ ਬਿਆਨਬਾਜ਼ੀ ਹੀ ਕੀਤੀ ਗਈ ਹੈ ਜਦੋਂ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਇਸ ਦੇ ਪੱਕੇ ਹੱਲ ਲਈ ਸੁਹਿਰਦ ਯਤਨ ਕੀਤੇ ਜਾ ਰਹੇ ਹਨ। ਜਲ ਸਰੋਤ ਮੰਤਰੀ ਨੇ ਦੱਸਿਆ ਕਿ ਇਸ ਵਾਰ ਸਾਲ ਦੀ ਸ਼ੁਰੂਆਤ ਵਿੱਚ ਹੀ ਹੜ੍ਹ ਰੋਕੂ ਪ੍ਰਬੰਧਾਂ ਸਬੰਧੀ ਮੀਟਿੰਗ ਕੀਤੀ ਗਈ ਸੀ, ਜੋ ਕਿ ਪਹਿਲਾਂ ਬਰਸਾਤਾਂ ਦੇ ਮੌਸਮ ਵਿਚ ਹੁੰਦੀ ਸੀ, ਜਿਸ ਸਦਕਾ ਇਸ ਵਾਰ ਸੂਬੇ ਵਿਚ 15 ਤੋਂ 17 ਜੁਲਾਈ ਦਰਮਿਆਨ ਰਿਕਾਰਡ ਭਾਰੀ ਮੀਂਹ ਪੈਣ ਦੇ ਬਾਵਜੂਦ ਪਿਛਲੇ ਸਾਲਾਂ ਨਾਲੋਂ ਘੱਟ ਨੁਕਸਾਨ ਹੋਇਆ ਹੈ ਕਿਉਂਕਿ ਸਾਰੇ ਪ੍ਰਬੰਧ ਸਮੇਂ ਸਿਰ ਕਰ ਲਏ ਸਨ।

### ਘੱਗਰ ਦਾ ਮਸਲਾ ਲੋਕ ਸਭਾ 'ਚ ਉਠਾਵਾਂਗੇ: ਪ੍ਰਨੀਤ ਕੌਰ

**ਪਟਿਆਲਾ:** ਪਟਿਆਲਾ-ਸੰਗਰੂਰ ਜ਼ਿਲ੍ਹਿਆਂ ਵਿਚ ਲੰਬੇ ਸਮੇਂ ਤੋਂ ਤਬਾਹੀ ਮਚਾਉਂਦੇ ਘੱਗਰ ਦੇ ਸਥਾਈ ਹੱਲ ਲਈ ਇਸ ਮੁੱਦੇ ਨੂੰ ਪਟਿਆਲਾ ਤੋਂ ਲੋਕ ਸਭਾ ਮੈਂਬਰ ਪ੍ਰਨੀਤ ਕੌਰ ਸੰਸਦ ਦੇ ਚੱਲ ਰਹੇ ਸੈਸ਼ਨ ਵਿਚ ਉਠਾਉਣਗੇ। ਪਟਿਆਲਾ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨ ਬਾਅਦ ਪ੍ਰਨੀਤ ਕੌਰ ਨੇ ਦੱਸਿਆ ਕਿ ਇਹ ਮੁੱਦਾ ਉਠਾਉਣ ਲਈ ਉਨ੍ਹਾਂ ਨੇ ਅਰਜ਼ੀ ਦੇ ਦਿੱਤੀ ਹੈ ਤੇ ਕੁਝ ਹੀ ਦਿਨਾਂ ਤੱਕ ਸੰਸਦ 'ਚ ਮੁੱਦਾ ਉਠਾ ਕੇ ਕੇਂਦਰ ਸਰਕਾਰ ਤੋਂ ਇਸ ਦੇ ਸਥਾਈ ਹੱਲ ਦੀ ਮੰਗ ਕਰਨਗੇ। ਪ੍ਰਨੀਤ ਕੌਰ ਦਾ ਕਹਿਣਾ ਸੀ ਕਿ ਇਸ ਮਸਲੇ ਦੇ ਸਥਾਈ ਹੱਲ ਲਈ ਸਬੰਧਤ ਵਿਭਾਗਾਂ, ਇਲਾਕਾ ਵਾਸੀਆਂ ਪਾਸੋਂ ਜਾਣਕਾਰੀ ਪ੍ਰਾਪਤ ਕਰਕੇ ਇਸ ਮਸਲੇ ਦੇ ਹੱਲ ਲਈ ਯੋਜਨਾ ਤਿਆਰ ਕੀਤੀ ਜਾਵੇਗੀ। ਬਰਸਾਤੀ ਪਾਣੀ ਨੂੰ ਪੂਰਾ ਲਾਂਘਾ ਦੇਣ ਲਈ ਨਾਲਿਆਂ ਅਤੇ ਡਰੇਨਾਂ ਦੀ ਮਾਲ ਵਿਭਾਗ ਦੇ ਰਿਕਾਰਡ ਮੁਤਾਬਕ ਨਿਸ਼ਾਨਦੇਹੀ ਕਰਕੇ ਸਫਾਈ ਤੇ ਪੁਟਾਈ ਕਰਵਾਈ ਜਾਵੇਗੀ, ਪਾਣੀ ਦੇ ਲਾਂਘੇ ਵਾਲੇ ਸਥਾਨਾਂ ਤੋਂ ਨਾਜਾਇਜ਼ ਕਬਜ਼ੇ ਵੀ ਹਟਾਏ ਜਾਣਗੇ ਤਾਂ ਜੋ ਅੱਗੇ ਤੋਂ ਹੜ੍ਹਾਂ ਦੀ ਮਾਰ ਨਾ ਝੱਲਣੀ ਪਵੇ।

# ਸਿਆਸੀ ਮੁਫਾਦ ਮੁਤਾਬਕ ਰਿੜਕਿਆ ਜਾ ਰਿਹਾ ਹੈ ਪਾਣੀਆਂ ਦਾ ਮੁੱਦਾ

**ਚੰਡੀਗੜ੍ਹ:** ਸੁਪਰੀਮ ਕੋਰਟ ਵੱਲੋਂ ਕੇਂਦਰ, ਪੰਜਾਬ ਅਤੇ ਹਰਿਆਣਾ ਸਰਕਾਰ ਨੂੰ ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਦਾ ਵਿਵਾਦ ਆਪਸਦਾਰੀ ਨਾਲ ਹੱਲ ਕਰਨ ਦਾ ਹੁਕਮ ਦੇਣ ਨਾਲ ਪਾਣੀਆਂ ਦੀ ਵੰਡ ਦਾ ਮੁੱਦਾ ਮੁੜ ਭਖ ਗਿਆ ਹੈ। ਸਰਵਉੱਚ ਅਦਾਲਤ ਨੇ ਇਸ ਸਬੰਧੀ 3 ਸਤੰਬਰ ਤੱਕ ਫੈਸਲਾ ਕਰਨ ਦਾ ਸਮਾਂ ਦਿੱਤਾ ਹੈ। ਹਰਿਆਣਾ ਵਿਧਾਨ ਸਭਾ ਦੀਆਂ ਅਕਤੂਬਰ ਮਹੀਨੇ ਚੋਣਾਂ ਹੋਣ ਕਾਰਨ ਇਹ ਮੁੱਦਾ ਭਖਣ ਦੇ ਆਸਾਰ ਹਨ ਕਿਉਂਕਿ ਦੋਵੇਂ ਗੁਆਂਢੀ ਰਾਜਾਂ ਦਰਮਿਆਨ ਇਹ ਮਾਮਲਾ ਸਿਆਸੀ ਰਿਹਾ ਹੈ। ਕੇਂਦਰ ਤੇ ਹਰਿਆਣਾ ਸਰਕਾਰ ਇਸ ਉਤੇ ਇਕ ਪਾਸੇ ਖੜ੍ਹੀਆਂ ਦਿਖਾਈ ਦਿੰਦੀਆਂ ਰਹੀਆਂ ਹਨ।

ਸ਼੍ਰੋਮਣੀ ਅਕਾਲੀ ਦਲ ਨੇ 2007 ਦੇ ਵਿਧਾਨ ਸਭਾ ਚੋਣਾਂ ਲਈ ਜਾਰੀ ਚੋਣ ਮਨੋਰਥ ਪੱਤਰ ਵਿਚ 2004 ਦੇ ਕਾਨੂੰਨ ਦੀ ਧਾਰਾ 5 ਰੱਦ ਕਰਨ ਬਾਰੇ ਵਾਅਦਾ ਤਾਂ ਕੀਤਾ ਪਰ ਦਸ ਸਾਲ ਦੀ ਸੱਤਾ ਦੇ ਬਾਵਜੂਦ ਇਸ 'ਤੇ ਅਮਲ ਕਰਨ ਦੀ ਹਿੰਮਤ ਨਹੀਂ ਕੀਤੀ। ਪੰਜਾਬ ਵਿਧਾਨ ਸਭਾ ਦੇ ਜਲ ਸਮਝੌਤੇ ਰੱਦ ਕਰਨ ਵਾਲੇ ਕਾਨੂੰਨ ਬਾਰੇ ਲਗਭਗ 12 ਸਾਲ ਬਾਅਦ ਸੁਣਵਾਈ ਸ਼ੁਰੂ ਕੀਤੀ। ਇਸੇ ਦੌਰਾਨ ਪੰਜਾਬ ਵਿਧਾਨ ਸਭਾ ਨੇ 14 ਮਾਰਚ 2016 ਨੂੰ ਨਹਿਰ ਲਈ ਐਕੁਆਇਰ ਕੀਤੀ ਜ਼ਮੀਨ ਵਾਪਸ ਕਰਨ ਵਾਲੇ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ। ਬਿੱਲ ਰਾਜਪਾਲ ਨੇ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਭੇਜ ਦਿੱਤਾ ਅਤੇ 17 ਮਾਰਚ ਨੂੰ ਸੁਪਰੀਮ ਕੋਰਟ ਨੇ ਸਟੇਟਸ ਕੋ ਦਾ ਹੁਕਮ ਜਾਰੀ ਕਰ ਦਿੱਤਾ। 10 ਨਵੰਬਰ, 2016 ਨੂੰ ਸੁਪਰੀਮ ਕੋਰਟ ਨੇ ਜਲ ਸਮਝੌਤੇ ਰੱਦ ਕਰਨ ਸਬੰਧੀ ਕਾਨੂੰਨ 2004 ਨੂੰ ਗ਼ੈਰਕਾਨੂੰਨੀ ਕਰਾਰ ਦੇ ਦਿੱਤਾ। 15 ਨਵੰਬਰ ਨੂੰ ਐਗਜ਼ੈਕਟਿਵ ਆਰਡਰ ਜਾਰੀ ਕਰ ਕੇ ਜ਼ਮੀਨ ਦੇ ਅਸਲੀ ਮਾਲਕਾਂ ਨੂੰ ਜ਼ਮੀਨ ਵਾਪਸ ਦੇਣ ਦਾ ਹੁਕਮ ਜਾਰੀ ਕਰ ਦਿੱਤਾ। 22 ਫਰਵਰੀ 2017 ਨੂੰ ਸੁਪਰੀਮ ਕੋਰਟ ਨੇ ਪੰਜਾਬ ਤੇ ਹਰਿਆਣਾ ਨੂੰ ਦੋ ਮਹੀਨੇ 'ਚ ਆਪਸੀ ਸਹਿਮਤੀ ਨਾਲ ਮਾਮਲਾ ਨਜਿੱਠਣ ਦਾ ਸਮਾਂ ਦਿੱਤਾ ਸੀ।




ਸਭ ਤੋਂ ਕਾਰਗਰ ਅਸੂਲ ਨਦੀ ਖੇਤਰ ਸੰਕਲਪ (ਬੇਸਿਨ ਕੰਸੈਪਟ) ਦਾ ਹੈ। ਇਹ ਰਿਪੇਰੀਅਨ ਸਿਧਾਂਤ ਦਾ ਹੀ ਵਿਕਸਿਤ ਰੂਪ ਹੈ। ਅੰਤਰਰਾਸ਼ਟਰੀ ਕਾਨੂੰਨ ਸਭਾ ਦੀ ਇਸ ਵਿਸ਼ੇ ਉਤੇ ਸਥਾਪਿਤ ਕਮੇਟੀ ਦੇ ਫੈਸਲੇ ਅਨੁਸਾਰ ਨਦੀ ਖੇਤਰ ਉਸ ਸਾਰੇ ਇਲਾਕੇ ਨੂੰ ਕਿਹਾ ਜਾਂਦਾ ਹੈ, ਜਿਸ ਦਾ ਧਰਤੀ ਦੇ ਉਪਰਲਾ ਜਾਂ ਹੇਠਲਾ ਸਾਰਾ ਪਾਣੀ, ਕੁਦਰਤੀ ਜਾਂ ਬਣਾਉਟੀ ਨਾਲੀਆਂ ਰਾਹੀਂ ਕਿਸੇ ਸਾਂਝੀ ਥਾਂ ਜਾਂ ਥਾਵਾਂ ਵਿਚ ਨਿਕਾਸ ਹੁੰਦਾ ਹੋਵੇ, ਜੋ ਸਮੁੰਦਰ ਜਾਂ ਝੀਲ ਹੋਵੇ ਤੇ ਥਲ ਵਿਚ ਐਸੀ ਥਾਂ ਹੋਵੇ ਜਿਥੋਂ ਵੇਖਣ ਵਿਚ ਅੱਗੇ ਕੋਈ ਸਮੁੰਦਰ ਵਿਚ ਨਿਕਾਸ ਨਾ ਹੁੰਦਾ ਹੋਵੇ। ਕੇਂਦਰ ਸਰਕਾਰ ਵੱਲੋਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਰਾਹੀਂ 31 ਦਸੰਬਰ 1981 ਨੂੰ ਕਰਵਾਏ ਸਮਝੌਤੇ ਤਹਿਤ ਸੁਪਰੀਮ ਕੋਰਟ ਤੋਂ ਮੁਕੱਦਮੇ ਵਾਪਸ ਲੈਣ ਮਗਰੋਂ ਭਾਰਤੀ ਕਿਸਾਨ ਯੂਨੀਅਨ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਰਿੱਟ ਦਾਇਰ ਕਰ ਦਿੱਤੀ ਸੀ। ਉਸ ਸਮੇਂ ਹਾਈ ਕੋਰਟ ਦੇ ਚੀਫ ਜਸਟਿਸ ਐਸ.ਐਸ. ਸੰਧਾਵਾਲੀਆ ਨੇ ਪਟੀਸ਼ਨ ਸਵੀਕਾਰ ਕਰ ਕੇ ਫੁੱਲ ਬੈਂਚ ਕਾਇਮ ਕੀਤਾ ਸੀ, ਜਿਸ ਦੇ ਚੇਅਰਮੈਨ ਉਹ ਖੁਦ ਸਨ।

ਕੇਸ ਦੀ ਸੁਣਵਾਈ ਤੋਂ ਪਹਿਲਾਂ ਦੋ ਛੁੱਟੀਆਂ ਦੌਰਾਨ ਦੋ ਘਟਨਾਵਾਂ ਵਾਪਰੀਆਂ। ਪਹਿਲੀ ਜਸਟਿਸ ਸੰਧਾਵਾਲੀਆ ਦਾ ਤਬਾਦਲਾ ਪਟਨਾ ਹਾਈ ਕੋਰਟ ਕਰ ਦਿੱਤਾ ਗਿਆ। ਦੂਸਰੀ, ਤਤਕਾਲੀ ਅਟਾਰਨੀ ਜਨਰਲ ਨੇ ਸੁਪਰੀਮ ਕੋਰਟ ਵਿਚ ਇਕ ਜ਼ੁਬਾਨੀ ਅਰਜ਼ੀ ਦੇ ਕੇ ਕੇਸ ਸੁਪਰੀਮ ਕੋਰਟ ਕੋਲ ਤਬਦੀਲ ਕਰਵਾ ਲਿਆ। ਇਸ ਤਰ੍ਹਾਂ ਮਾਮਲਾ ਠੱਪ ਹੋ ਗਿਆ।

ਪਾਣੀ ਦੀ ਗੈਰਕਾਨੂੰਨੀ ਵੰਡ ਦੀ ਸ਼ੁਰੂਆਤ ਐਮਰਜੈਂਸੀ ਦੇ ਦੌਰ ਵਿਚ 24 ਮਾਰਚ, 1976 ਨੂੰ ਕੇਂਦਰ ਸਰਕਾਰ ਵੱਲੋਂ ਇੱਕਪਾਸੜ ਤੌਰ 'ਤੇ ਦਿੱਤੇ ਫੈਸਲੇ ਨਾਲ ਹੋਈ, ਜਿਸ ਮੁਤਾਬਕ 70 ਲੱਖ ਏਕੜ ਫੁੱਟ ਪਾਣੀ ਵਿਚੋਂ ਦੋਹਾਂ ਰਾਜਾਂ ਨੂੰ 35-35 ਲੱਖ ਏਕੜ ਫੁੱਟ ਵੰਡ ਦਿੱਤਾ ਗਿਆ। ਪੰਜਾਬ ਦਾ ਦੋਹਾਂ ਦਰਿਆਵਾਂ ਦਾ ਹਿੱਸਾ 51 ਲੱਖ ਏਕੜ ਫੁੱਟ ਤੋਂ ਘੱਟ ਕੇ 35 ਲੱਖ ਏਕੜ ਫੁੱਟ ਤੱਕ ਰਹਿ ਗਿਆ। ਇਹ ਵੀ ਪਾਬੰਦੀ ਲਾ ਦਿੱਤੀ ਕਿ ਜੇਕਰ ਕਿਸੇ ਕਾਰਨ ਦਰਿਆਵਾਂ ਵਿਚ ਪਾਣੀ ਘਟ ਗਿਆ ਤਾਂ ਉਹ ਘਾਟਾ ਪੰਜਾਬ ਨੂੰ ਝੱਲਣਾ ਪਵੇਗਾ।

ਐਮਰਜੈਂਸੀ ਤੋਂ ਬਾਅਦ ਪੰਜਾਬ ਦੀ ਤਤਕਾਲੀ ਅਕਾਲੀ ਸਰਕਾਰ ਨੇ 1979 ਵਿਚ ਪੰਜਾਬ ਪੁਨਰਗਠਨ ਦੀ ਧਾਰਾ 78 ਨੂੰ ਚੁਣੌਤੀ ਦਿੰਦਿਆਂ ਕੇਂਦਰ ਸਰਕਾਰ ਦੇ ਫੈਸਲੇ ਨੂੰ ਗੈਰਕਾਨੂੰਨੀ ਸਾਬਤ ਕਰਾਉਣ ਲਈ ਸੁਪਰੀਮ ਕੋਰਟ ਵਿਚ ਰਿੱਟ ਦਾਇਰ ਕਰ ਦਿੱਤੀ। ਜਨਤਾ ਪਾਰਟੀ ਦੀ ਸਰਕਾਰ ਟੁੱਟਣ ਮਗਰੋਂ 1980 ਵਿਚ ਮੁੜ ਕੇਂਦਰੀ ਸੱਤਾ ਉੱਤੇ ਕਾਂਗਰਸ ਕਾਬਜ਼ ਹੋ ਗਈ। ਇਸੇ ਦੌਰਾਨ 31 ਦਸੰਬਰ 1981 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹਦਾਇਤ ਉਤੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਤਤਕਾਲੀ ਮੁੱਖ ਮੰਤਰੀਆਂ ਦਰਮਿਆਨ ਸਮਝੌਤਾ ਕਰਵਾ ਕੇ ਕੇਸ ਵਾਪਸ ਲੈਣ ਉਤੇ ਸਹਿਮਤੀ ਬਣਾ ਦਿੱਤੀ। ਕਿਹਾ ਜਾਂਦਾ ਹੈ ਕਿ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਇਹ ਸਮਝੌਤਾ ਦਬਾਅ ਹੇਠ ਕੀਤਾ। ਇਸ ਸਮਝੌਤੇ ਤਹਿਤ ਕੁੱਲ 158.5 ਲੱਖ ਏਕੜ ਫੁੱਟ ਪਾਣੀ ਨੂੰ 171.7 ਲੱਖ ਏਕੜ ਫੁੱਟ ਕਹਿ ਦਿੱਤਾ ਗਿਆ ਅਤੇ ਇਸ ਵਿਚੋਂ ਪੰਜਾਬ ਨੂੰ 42.2, ਰਾਜਸਥਾਨ ਨੂੰ 86, ਹਰਿਆਣਾ ਨੂੰ 35, ਜੰਮੂ-ਕਸ਼ਮੀਰ ਨੂੰ 6.5 ਅਤੇ ਦਿੱਲੀ ਨੂੰ 2 ਲੱਖ ਏਕੜ ਫੁੱਟ ਪਾਣੀ ਵੰਡ ਦਿੱਤਾ ਗਿਆ।

ਪਹਿਲੀ ਜਨਵਰੀ, 2002 ਨੂੰ ਹਰਿਆਣਾ ਦੀ ਪਟੀਸ਼ਨ ਉਤੇ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਜਨਵਰੀ 2003 ਤੱਕ ਨਹਿਰ ਦਾ ਕੰਮ ਮੁਕੰਮਲ ਕਰਨ ਦਾ ਹੁਕਮ ਦਿੱਤਾ ਸੀ। ਪੰਜਾਬ ਸਰਕਾਰ ਅਸਫਲ ਰਹੀ ਤਾਂ ਅਗਲੇ ਇਕ ਸਾਲ ਦੌਰਾਨ ਕੇਂਦਰ ਸਰਕਾਰ ਨੂੰ ਇਹ ਜ਼ਿੰਮੇਵਾਰੀ ਦਿੱਤੀ ਗਈ। ਇਸ ਦੌਰਾਨ ਪੰਜਾਬ ਸਰਕਾਰ ਨੇ ਚੁਣੌਤੀ ਦਿੱਤੀ ਕਿ ਹਰ 25 ਸਾਲਾਂ ਬਾਅਦ ਪਾਣੀਆਂ ਦੀ ਸੀਰੀਜ਼ ਦਾ ਮੁੜ ਅਨੁਮਾਨ ਲਗਾਇਆ ਜਾਂਦਾ ਹੈ। ਉਸ ਵਕਤ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦੇ ਆਪਣੇ ਤੱਥਾਂ ਅਨੁਸਾਰ ਰਾਵੀ-ਬਿਆਸ ਦਾ ਪਾਣੀ 171.7 ਲੱਖ ਏਕੜ ਫੁੱਟ ਘਟ ਕੇ 143.8 ਲੱਖ ਏਕੜ ਫੁੱਟ ਰਹਿ ਗਿਆ ਸੀ। 2004 ਵਿਚ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਮੁੜ ਨਹਿਰ ਦਾ ਨਿਰਮਾਣ ਮੁਕੰਮਲ ਕਰਨ ਦਾ ਹੁਕਮ ਦੇ ਦਿੱਤਾ। ਪੰਜਾਬ ਵਿਧਾਨ ਸਭਾ ਨੇ 12 ਜੁਲਾਈ 2004 ਨੂੰ ਜਲ ਸਮਝੌਤੇ ਰੱਦ ਕਰਨ ਦਾ ਕਾਨੂੰਨ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਇਸ ਵਿਚ ਧਾਰਾ 5 ਸ਼ਾਮਲ ਕੀਤੀ ਗਈ, ਜਿਸ ਤਹਿਤ ਜੋ ਪਾਣੀ ਗੁਆਂਢੀ ਰਾਜਾਂ ਨੂੰ ਹੁਣ ਤੱਕ ਜਾਂਦਾ ਹੈ, ਉਹ ਜਾਂਦਾ ਰਹੇਗਾ। ਇਸ ਧਾਰਾ ਨੂੰ ਸ਼ਾਮਲ ਕਰਨ ਨਾਲ ਰਿਪੇਰੀਅਨ ਐਕਟ ਨੂੰ ਕਮਜ਼ੋਰ ਕਰਨ ਦਾ ਦੋਸ਼ ਲਗਾਇਆ ਗਿਆ। ਮਾਮਲਾ ਰਾਸ਼ਟਰਪਤੀ ਦੀ ਸਲਾਹ ਲਈ ਭੇਜ ਦਿੱਤਾ ਗਿਆ।

## ਭਾਰਤੀਆਂ ਨੂੰ ਦੁਬਈ ਪੁੱਜਣ 'ਤੇ ਮਿਲੇਗਾ ਵੀਜ਼ਾ

**ਦੁਬਈ:** ਭਾਰਤੀ ਵੀਜ਼ਾਧਾਰਕ, ਜਿਨ੍ਹਾਂ ਕੋਲ ਇੰਗਲੈਂਡ ਅਤੇ ਯੂਰਪੀਅਨ ਯੂਨੀਅਨ ਦਾ ਵੀਜ਼ਾ ਹੈ, ਨੂੰ ਦੁਬਈ ਦੀਆਂ ਸਾਰੀਆਂ ਬੰਦਰਗਾਹਾਂ ਤੋਂ ਇੱਥੋਂ ਦਾ ਵੀਜ਼ਾ ਦਿੱਤਾ ਜਾਵੇਗਾ।

ਦੁਬਈ ਦੇ ਵਿਦੇਸ਼ੀ ਮਾਮਲਿਆਂ ਦੇ ਡਾਇਰੈਕਟਰ ਜਨਰਲ ਨੇ ਇਸ ਸਬੰਧੀ ਵੀਡੀਓ ਟਵੀਟ ਕਰ ਕੇ ਇਸ ਸਹੂਲਤ ਦੀ ਜਾਣਕਾਰੀ ਸਾਂਝੀ ਕੀਤੀ ਹੈ। ਉਨ੍ਹਾਂ ਕਿਹਾ ਯੂਨਾਈਟਿਡ ਕਿੰਗਡਮ ਅਤੇ ਯੂਰਪੀਅਨ ਯੂਨੀਅਨ ਵੱਲੋਂ ਜਾਰੀ ਰਿਹਾਇਸ਼ੀ ਵੀਜ਼ੇ ਵਾਲੇ ਪਾਸਪੋਰਟ ਛੇ ਮਹੀਨੇ ਪੁਰਾਣੇ ਹੋਣੇ ਲਾਜ਼ਮੀ ਹਨ। ਇਸ ਲਈ ਭਾਰਤੀਆਂ ਨੂੰ ਦਾਖਲਾ ਫੀਸ ਲਈ 1874 ਰੁਪਏ ਅਤੇ 375 ਰੁਪਏ ਸਰਵਿਸ ਖਰਚੇ ਵਜੋਂ ਅਦਾ ਕਰਨੇ ਪੈਣਗੇ। ਇਹ ਵੀਜ਼ਾ 14 ਦਿਨ ਲਈ ਹੋਵੇਗਾ ਜਿਸ ਨੂੰ ਵਧਾਇਆ ਵੀ ਜਾ ਸਕਦਾ ਹੈ।

## ਜਲ੍ਹਿਆਂਵਾਲਾ ਬਾਗ ਦੀ ਦਿੱਖ ਵਿਗਾੜਨ ਖਿਲਾਫ ਰੋਹ ਹੋਇਆ ਤਿੱਖਾ

**ਅੰਮ੍ਰਿਤਸਰ:** ਕਿਰਤੀ ਕਿਸਾਨ ਯੂਨੀਅਨ ਪੰਜਾਬ ਨੇ ਸਰਕਾਰ 'ਤੇ ਜਲ੍ਹਿਆਂਵਾਲਾ ਬਾਗ ਦੀ ਦਿੱਖ ਵਿਗਾੜਨ ਦਾ ਦੋਸ਼ ਲਾਉਂਦਿਆਂ ਰੋਸ ਵਿਖਾਵਾ ਕੀਤਾ। ਜਥੇਬੰਦੀ ਦੇ ਕਾਰਕੁਨ ਪਹਿਲਾਂ ਇਥੇ ਭੰਡਾਰੀ ਪੁਲ ਉਤੇ ਇਕੱਠੇ ਹੋਏ ਅਤੇ ਮਗਰੋਂ ਰੋਸ ਪ੍ਰਦਰਸ਼ਨ ਕੀਤਾ।

ਇਸ ਮੌਕੇ ਜਥੇਬੰਦੀ ਦੇ ਆਗੂ ਹਰਦੇਵ ਸਿੰਘ ਸੰਧੂ, ਰਛਪਾਲ ਸਿੰਘ, ਬਲਵਿੰਦਰ ਸਿੰਘ ਬਾਜਵਾ, ਨਿਰਮਲ ਸਿੰਘ, ਧਨਵੰਤ ਸਿੰਘ, ਸੁਖਰਾਜ ਸਿੰਘ ਛੀਨਾ, ਸੁਰਿੰਦਰ ਸਿੰਘ, ਬਲਰਾਜ ਸਿੰਘ ਤੇ ਪ੍ਰਭਜੀਤ ਸਿੰਘ ਅਨੁਸਾਰ ਇਸ ਵਰ੍ਹੇ ਜਲ੍ਹਿਆਂਵਾਲਾ ਬਾਗ ਕਾਂਡ ਦੀ ਸ਼ਤਾਬਦੀ ਹੈ ਪਰ ਇਸ ਘਟਨਾ ਨਾਲ ਸਬੰਧਤ ਇਤਿਹਾਸਕ ਇਮਾਰਤਾਂ ਦੀ ਨਿਸ਼ਾਨਦੇਹੀ ਨਹੀਂ ਕੀਤੀ ਗਈ, ਜਿਸ ਕਾਰਨ ਨਵੀਂ ਪੀੜ੍ਹੀ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਇਸ ਦੇ ਉਲਟ ਇਤਿਹਾਸਕ ਯਾਦਗਾਰ ਦੀ ਦਿੱਖ ਨੂੰ ਵਿਗਾੜਿਆ ਜਾ ਰਿਹਾ ਹੈ। ਇਹ ਇਤਿਹਾਸਕ ਯਾਦਗਾਰ ਸਾਮਰਾਜ ਵਿਰੋਧੀ ਸੰਘਰਸ਼ ਦਾ ਪ੍ਰਤੀਕ ਹੈ ਤੇ ਇਥੋਂ ਸਾਮਰਾਜ ਖਿਲਾਫ ਸੰਘਰਸ਼ ਲਈ ਲੋਕਾਂ ਨੂੰ ਉਤਸ਼ਾਹ ਮਿਲਦਾ ਹੈ।

ਉਨ੍ਹਾਂ ਆਖਿਆ ਕਿ ਜਥੇਬੰਦੀ ਨੇ ਕੁਝ ਥਾਵਾਂ ਦੀ ਨਿਸ਼ਾਨਦੇਹੀ ਕੀਤੀ ਹੈ, ਜਿਨ੍ਹਾਂ ਵਿਚ ਕੌੜਿਆਂ ਵਾਲੀ ਗਲੀ, ਸੈਫੂਦੀਨ ਕਿਚਲੂ ਦਾ ਘਰ, ਡਾ. ਸਤਿਆਪਾਲ ਦਾ ਘਰ, ਰਤਨਾ ਦੇਵੀ ਦਾ ਘਰ, ਸਾਅਦਤ ਹਸਨ ਮੰਟੋ ਦਾ ਘਰ, ਵੰਦੇ ਮਾਤਰਮ ਹਾਲ ਆਦਿ ਪ੍ਰਮੁੱਖ ਥਾਵਾਂ ਹਨ, ਜਿਥੇ ਸਬੰਧਤ ਇਤਿਹਾਸ ਬਾਰੇ ਬੋਰਡ ਲਾਉਣੇ ਚਾਹੀਦੇ ਹਨ। ਆਗੂਆਂ ਨੇ ਕਿਹਾ ਕਿ ਦੁਨੀਆਂ ਭਰ ਵਿਚ ਕਈ ਥਾਵਾਂ 'ਤੇ ਇਤਿਹਾਸਕ ਇਮਾਰਤਾਂ ਦੇ ਸਰੂਪ ਪਹਿਲਾਂ ਵਾਲੇ ਨਹੀਂ ਰਹੇ ਪਰ ਉਥੋਂ ਦੀਆਂ ਸਰਕਾਰਾਂ ਨੇ ਉਨ੍ਹਾਂ ਥਾਵਾਂ ਦੀ ਇਤਿਹਾਸਕ ਮਹੱਤਤਾ ਨੂੰ ਸਮਝਦਿਆਂ ਨਵੇਂ ਸਥਾਨਾਂ ਦੇ ਬਾਹਰ ਇਤਿਹਾਸ ਸਬੰਧੀ ਬੋਰਡ ਲਾ ਦਿੱਤੇ ਹਨ। ਉਨ੍ਹਾਂ ਆਖਿਆ ਕਿ ਇਥੇ ਇਤਿਹਾਸਕ ਯਾਦਾਂ ਨੂੰ ਖਤਮ ਕੀਤਾ ਜਾ ਰਿਹਾ ਹੈ। ਸਰਕਾਰਾਂ ਜਲ੍ਹਿਆਂਵਾਲਾ ਬਾਗ ਦੀ ਮੌਜੂਦਾ ਸਥਿਤੀ ਨੂੰ ਕਾਇਮ ਰੱਖਦਿਆਂ ਸਬੰਧਤ ਹੋਰ ਇਤਿਹਾਸਕ ਇਮਾਰਤਾਂ ਨੂੰ ਲੋਕਾਂ ਸਾਹਮਣੇ ਲੈ ਕੇ ਆਉਣ। ਉਨ੍ਹਾਂ ਨੇ ਜਲ੍ਹਿਆਂਵਾਲਾ ਬਾਗ ਵਿਚ ਦਾਖਲੇ ਲਈ ਟਿਕਟ ਲਾਉਣ ਦੇ ਪ੍ਰਸਤਾਵ ਦਾ ਵੀ ਵਿਰੋਧ ਕੀਤਾ।

ਪੰਜਾਬ ਟਾਈਮਜ਼

ਸਨਿਚਰਵਾਰ, 27 ਜੁਲਾਈ 2019

## ਚੰਦਰਯਾਨ ਦਾ ਮਾਣ ਤੇ ਹੜ੍ਹਾਂ ਦੀ ਮਾਰ

ਚੰਦਰਯਾਨ-2 ਨਾਲ ਭਾਰਤ ਸੰਸਾਰ ਦਾ ਅਜਿਹਾ ਚੌਥਾ ਮੁਲਕ ਬਣ ਜਾਵੇਗਾ, ਜੋ ਚੰਦ ਉਤੇ ਅਪੜਿਆ। ਇਸ ਤੋਂ ਪਹਿਲਾਂ ਅਮਰੀਕਾ, ਰੂਸ ਅਤੇ ਚੀਨ ਇਹ ਮੱਲ ਮਾਰ ਚੁਕੇ ਹਨ। ਇਸ ਮਿਸ਼ਨ ਦੀ ਸਫਲਤਾ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੇ ਕਈ ਆਗੂਆਂ ਦੇ ਬਿਆਨ ਦਾਗੇ ਹਨ ਅਤੇ ਇਸ ਨੂੰ ਮਾਣ-ਮੱਤੀ ਪ੍ਰਾਪਤੀ ਗਰਦਾਨਿਆ ਹੈ। ਕਾਂਗਰਸੀ ਲੀਡਰ ਵੀ ਇਸ ਮਾਮਲੇ ਵਿਚ ਪਿਛੇ ਨਹੀਂ ਰਹੇ, ਸਗੋਂ ਉਨ੍ਹਾਂ ਨੇ ਇਸ ਮਿਸ਼ਨ ਦੀ ਸਫਲਤਾ ਲਈ ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ, ਨਰਸਿਮਹਾ ਰਾਓ, ਮਨਮੋਹਨ ਸਿੰਘ ਆਦਿ ਪ੍ਰਧਾਨ ਮੰਤਰੀਆਂ ਦਾ ਨਾਂ ਵੀ ਲਿਆ, ਜੋ ਕਾਂਗਰਸ ਨਾਲ ਸਬੰਧਤ ਰਹੇ ਹਨ। ਇਸ 'ਤੇ ਭਾਰਤੀ ਜਨਤਾ ਪਾਰਟੀ ਵਾਲੇ ਪਾਸਿਓਂ ਇਹ ਇਤਰਾਜ਼ ਤੁਰੰਤ ਆਇਆ ਹੈ ਕਿ ਇਸ ਪ੍ਰਾਪਤੀ ਉਤੇ ਕਾਂਗਰਸ ਸਿਆਸਤ ਖੇਡ ਰਹੀ ਹੈ। ਇਹ ਇਤਰਾਜ਼ ਉਸ ਪਾਰਟੀ ਦੇ ਆਗੂ ਕਰ ਰਹੇ ਹਨ, ਜਿਸ ਦੇ ਆਗੂ ਹਰ ਮਸਲੇ ਨੂੰ ਸਿਆਸੀ ਰੰਗਤ ਦੇਣ ਵਿਚ ਕਦੇ ਉੱਕੇ ਨਹੀਂ, ਮੁਲਕ ਦੇ ਆਵਾਮ ਦਾ ਭਾਵੇਂ ਜਿੰਨਾ ਮਰਜ਼ੀ ਘਾਣ ਹੋ ਜਾਵੇ। ਇਸ ਪ੍ਰਾਪਤੀ ਅਤੇ ਸਿਆਸਤ ਬਾਰੇ ਜਦੋਂ ਬਹਿਸ ਚੱਲ ਰਹੀ ਸੀ ਤਾਂ ਪੰਜਾਬ ਵਿਚ ਘੱਗਰ ਦਰਿਆ ਪਿੰਡਾਂ ਵਿਚ ਤਬਾਹੀ ਮਚਾ ਰਿਹਾ ਸੀ। ਇਹ ਕੋਈ ਇਤਫਾਕ ਨਹੀਂ ਸੀ, ਇਹ ਅਸਲ ਵਿਚ ਮੁਲਕ ਦੀ ਸਿਆਸਤ ਅੰਦਰ ਦਾਖਲ ਹੋ ਚੁਕੀ ਗੈਰ ਸੰਵੇਦਨਸ਼ੀਲਤਾ ਦੀ ਸਿਖਰ ਸੀ। ਘੱਗਰ ਦਰਿਆ ਆਏ ਸਾਲ ਲੋਕਾਂ ਨੂੰ ਅਤੇ ਫਸਲਾਂ ਉਜਾੜਦਾ ਹੈ, ਪਰ ਕਰੋੜਾਂ ਰੁਪਏ ਰੋੜ੍ਹਨ ਦੇ ਬਾਵਜੂਦ ਲੋਕਾਂ ਦੇ ਜਾਨ-ਮਾਲ ਸੁਰੱਖਿਅਤ ਨਹੀਂ ਹਨ। ਹਰ ਵਾਰ ਚਰਚਾ ਡਰੇਨਾਂ ਦੀ ਸਫਾਈ ਨਾ ਕਰਨ/ਕਰਵਾਉਣ 'ਤੇ ਜਾ ਕੇ ਟੁੱਟਦੀ ਹੈ। ਸਰਕਾਰੀ ਅਫਸਰ ਹਰ ਸਾਲ ਪੂਰੇ ਨੇਮ ਨਾਲ ਖਾਨਾਪੂਰਤੀ ਕਰਦੇ ਹਨ, ਪਰ ਦਹਾਕਿਆਂ ਤੋਂ ਇਨ੍ਹਾਂ ਹਾਲਾਤ ਵਿਚ ਕੋਈ ਫਰਕ ਨਹੀਂ ਪਿਆ ਹੈ ਅਤੇ ਕਹਿਣ ਨੂੰ ਅਸੀਂ ਚੰਦ 'ਤੇ ਪੁੱਜ ਗਏ ਹਾਂ ਤੇ ਸੰਸਾਰ ਪੱਧਰ ਉਤੇ ਮੁਲਕ ਦੀ ਕਲਗੀ ਹੋਰ ਉਚੀ ਹੋ ਗਈ ਹੈ।

ਚੰਦਰਯਾਨ ਵਾਲੇ ਮਾਣ ਅਤੇ ਹੜ੍ਹਾਂ ਦੀ ਮਾਰ ਦੌਰਾਨ ਹੋਰ ਵੀ ਬਥੇਰੀਆਂ ਘਟਨਾਵਾਂ ਵਾਪਰੀਆਂ, ਜੋ ਇਨ੍ਹਾਂ ਖਬਰਾਂ ਦੇ ਘੜਮੱਸ ਵਿਚ ਅਣਗੌਲੀਆਂ ਰਹਿ ਗਈਆਂ। ਮਾਨਸਾ ਜਿਲੇ ਦੇ ਪਿੰਡ ਚੱਕ ਭਾਈਕਾ ਵਿਚ 30 ਵਰ੍ਹਿਆਂ ਦੇ ਦਲਿਤ, ਅੰਗਹੀਣ ਨੌਜਵਾਨ ਨੇ ਖੁਦਕੁਸ਼ੀ ਕਰ ਲਈ। ਮਜ਼ਦੂਰ ਪਰਿਵਾਰ ਨਾਲ ਸਬੰਧ ਰੱਖਣ ਵਾਲਾ ਇਹ ਨੌਜਵਾਨ ਜਗਸੀਰ ਸਿੰਘ ਐਮ.ਏ. ਐਮ. ਫਿਲ., ਬੀ.ਐਡ., ਟੈਟ ਅਤੇ ਯੂ.ਜੀ.ਸੀ. ਨੈਟ ਪਾਸ ਸੀ, ਪਰ ਨੌਕਰੀ ਹਾਸਲ ਨਾ ਕਰ ਸਕਿਆ। ਪਿਤਾ ਦੀ ਮੌਤ ਤੋਂ ਬਾਅਦ ਉਹ ਆਪਣੇ ਭਰਾਵਾਂ ਵਾਂਗ ਹੀ ਦਿਹਾੜੀਆਂ ਕਰਨ ਲਈ ਮਜਬੂਰ ਹੋ ਗਿਆ ਸੀ। ਇਸ ਮੌਤ ਉਤੇ ਵੀ ਸਿਆਸਤ ਦਾ ਰੰਗ ਤੁਰੰਤ ਚੜ੍ਹ ਗਿਆ। ਜਦੋਂ ਹੀ ਇਹ ਮਸਲਾ ਭਖਿਆ, ਕੇਂਦਰੀ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਆਗੂ ਹਰਸਿਮਰਤ ਕੌਰ ਬਾਦਲ ਦਾ ਲੰਮਾ-ਚੌੜਾ ਬਿਆਨ ਆ ਗਿਆ ਕਿ ਇਸ ਸਭ ਕਾਸੇ ਲਈ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਜ਼ਿੰਮੇਵਾਰ ਹੈ। ਮੀਡੀਆ ਨੇ ਜਗਸੀਰ ਸਿੰਘ ਵਾਲੀ ਖਬਰ ਭਾਵੇਂ ਛੋਟੀ ਜਿਹੀ ਛਾਪੀ ਸੀ, ਪਰ ਹਰਸਿਮਰਤ ਕੌਰ ਬਾਦਲ ਦਾ ਬਿਆਨ ਪੂਰਾ ਜਚਾ ਕੇ ਛਾਪਿਆ। ਉਸ ਨੂੰ ਕੋਈ ਪੁੱਛਣ ਵਾਲਾ ਨਹੀਂ ਸੀ ਕਿ ਦੋ-ਢਾਈ ਸਾਲ ਪਹਿਲਾਂ ਤਾਂ ਦਸ ਸਾਲਾਂ ਤੱਕ ਪੰਜਾਬ ਵਿਚ ਉਨ੍ਹਾਂ ਦੀ ਪਾਰਟੀ ਦੀ ਹੀ ਸਰਕਾਰ ਸੀ, ਉਸ ਵਕਤ ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਨੇ ਬੇਰੁਜ਼ਗਾਰ ਨੌਜਵਾਨਾਂ ਲਈ ਕਿਹੜੀਆਂ ਨੀਤੀਆਂ ਬਣਾਈਆਂ ਸਨ? ਉਹ ਖੁਦ ਪਿਛਲੇ ਪੰਜ ਸਾਲ ਤੋਂ ਕੇਂਦਰੀ ਹਕੂਮਤ ਵਿਚ ਮੰਤਰੀ ਹਨ, ਉਨ੍ਹਾਂ ਪੰਜਾਬ ਲਈ ਕਿਹੜੀ ਸਨਅਤ ਜਾਂ ਪ੍ਰਾਜੈਕਟ ਕੇਂਦਰ ਤੋਂ ਲਿਆਂਦਾ ਹੈ? ਜਾਂ ਪੰਜਾਬ ਦਾ ਕਿਹੜਾ ਮਸਲਾ ਕੇਂਦਰ ਸਰਕਾਰ ਅੱਗੇ ਕਦੀ ਰੱਖਿਆ ਹੈ?

ਦਰਅਸਲ, ਪੰਜਾਬ ਦੀ ਉਲਝੀ ਤਾਣੀ ਲਈ ਅੱਜ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਜਿੰਨੀ ਜ਼ਿੰਮੇਵਾਰ ਹੈ, ਓਨੀ ਹੀ ਜ਼ਿੰਮੇਵਾਰੀ ਅਕਾਲੀ-ਭਾਜਪਾ ਗਠਜੋੜ ਸਰਕਾਰ ਦੀ ਬਣਦੀ ਹੈ। ਅੱਜ ਮਹਿੰਗਾਈ ਦੇ ਇਸ ਜ਼ਮਾਨੇ ਵਿਚ ਕੀ ਕੋਈ ਇਹ ਸੋਚ ਸਕਦਾ ਹੈ ਕਿ ਨੌਜਵਾਨਾਂ ਨੂੰ 15-15 ਹਜ਼ਾਰ ਰੁਪਏ ਦੀਆਂ ਨੌਕਰੀਆਂ ਦਿੱਤੀਆਂ ਜਾਣ? ਪਿਛਲੇ ਕੁਝ ਸਮੇਂ ਤੋਂ ਪੰਜਾਬ ਅੰਦਰ ਬਹੁਤ ਰੌਲਾ ਪੈ ਰਿਹਾ ਹੈ ਕਿ ਨੌਜਵਾਨ ਧੜਾ-ਧੜ ਵਿਦੇਸ਼ ਜਾ ਰਹੇ ਹਨ, ਪੰਜਾਬ ਖਾਲੀ ਹੋ ਰਿਹਾ ਹੈ। ਪਿਛਲੇ ਸਮੇਂ ਦੌਰਾਨ ਖੁੱਲ੍ਹੇ ਪ੍ਰਾਈਵੇਟ ਕਾਲਜਾਂ ਵਿਚ ਦਾਖਲਾ ਲੈਣ ਲਈ ਜਿਥੇ ਕਦੀ ਭੀੜਾਂ ਉਮੜਦੀਆਂ ਸਨ, ਅੱਜ ਕੱਲ੍ਹ ਉਥੇ ਪੂਰੀਆਂ ਸੀਟਾਂ ਵੀ ਭਰੀਆਂ ਨਹੀਂ ਜਾ ਰਹੀਆਂ। ਬਹੁਤਿਆਂ ਲਈ ਨੌਜਵਾਨਾਂ ਦੇ ਵਿਦੇਸ਼ ਜਾਣ ਵਾਲਾ ਦੁੱਖ-ਦਰਦ ਦੂਣ-ਸਵਾਇਆ ਹੋ ਰਿਹਾ ਹੈ, ਕਿਉਂਕਿ ਉਨ੍ਹਾਂ ਦਾ ਇਕ ਦੁੱਖ ਇਹ ਵੀ ਹੈ ਕਿ ਦੂਜੇ ਸੂਬਿਆਂ ਦੇ ਪਰਵਾਸੀ ਮਜ਼ਦੂਰ ਪੰਜਾਬ ਵਲ ਆ ਰਹੇ ਹਨ। ਚਿੰਤਕਾਂ ਦੀ ਚਿੰਤਾ ਹੈ ਕਿ ਛੇਤੀ ਹੀ ਪੰਜਾਬ ਦੀ ਡੈਮੋਗ੍ਰਾਫੀ ਬਦਲਣ ਵਾਲੀ ਹੈ। ਨਸ਼ਿਆਂ ਦੇ ਵਗਦੇ ਦਰਿਆ ਨੇ ਪੰਜਾਬ ਨੂੰ ਹਾਲੋਂ-ਬੇਹਾਲ ਕੀਤਾ ਹੋਇਆ ਹੈ। ਕੈਂਸਰ ਵਰਗੀਆਂ ਮਾਰੂ ਬਿਮਾਰੀਆਂ ਨੇ ਘਰ-ਘਰ ਸੱਥਰ ਵਿਛਾ ਦਿੱਤੇ ਹਨ। ਇਹ ਸਾਰੀਆਂ ਬਿਮਾਰੀਆਂ ਅਸਲ ਵਿਚ ਮੁਲਕ ਦੀ ਬਿਮਾਰ ਸਿਆਸਤ ਦਾ ਹੀ ਨਤੀਜਾ ਹਨ। ਇਸ ਬਿਮਾਰ ਸਿਆਸਤ ਦੇ ਏਜੰਡੇ ਵਿਚੋਂ ਆਮ ਆਦਮੀ ਮਨਫੀ ਹੋ ਚੁਕਾ ਹੈ। ਕੋਈ ਵੀ ਨੀਤੀ ਜਾਂ ਰਣਨੀਤੀ ਆਮ ਆਦਮੀ ਨੂੰ ਧਿਆਨ ਵਿਚ ਰੱਖ ਕੇ ਨਹੀਂ ਬਣਾਈ ਜਾ ਰਹੀ। ਕਰੀਬ ਤਿੰਨ ਦਹਾਕੇ ਪਹਿਲਾਂ ਲਾਗੂ ਹੋਈਆਂ ਨਵੀਆਂ ਆਰਥਕ ਨੀਤੀਆਂ ਕਾਰਨ ਆਮ ਆਦਮੀ ਹੋਰ ਵੀ ਹਾਸ਼ੀਏ 'ਤੇ ਧੱਕਿਆ ਗਿਆ ਹੈ ਅਤੇ ਰਹਿੰਦੀ-ਖੂੰਹਦੀ ਕਸਰ ਪੰਜ ਸਾਲ ਬਣੀ ਮੋਦੀ ਸਰਕਾਰ ਨੇ ਕਰ ਦਿੱਤੀ ਹੈ। ਇਸ ਸਰਕਾਰ ਦੇ ਨੀਤੀਘਾੜਿਆਂ ਦੇ ਏਜੰਡੇ ਉਤੇ ਹਿੰਦੂ ਰਾਸ਼ਟਰਵਾਦ ਹੈ ਅਤੇ ਇਹ ਆਪਣੇ ਇਸ ਟੀਚੇ ਦੀ ਪ੍ਰਾਪਤੀ ਲਈ ਹਰ ਸੰਭਵ ਕਵਾਇਦ ਕਰ ਰਹੇ ਹਨ। ਮੁਲਕ ਦੇ ਵਿਗਿਆਨੀਆਂ ਅਤੇ ਹੋਰ ਮਾਹਰਾਂ ਦੀਆਂ ਪ੍ਰਾਪਤੀਆਂ ਨੂੰ ਵੀ ਇਸੇ ਪ੍ਰਸੰਗ ਵਿਚ ਵਰਤਿਆ ਜਾ ਰਿਹਾ ਹੈ। ਫਿਲਹਾਲ ਇਸ ਦੇ ਟਾਕਰੇ ਲਈ ਵਿਰੋਧੀ ਧਿਰ ਦੀ ਅਵਾਜ਼ ਮੱਠੀ ਹੋਈ ਪਈ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਿੱਧੂ ਹੋ ਗਿਆ ਆਊਟ?*

ਬੰਦਾ ਹੋਵੇ ਜੋ ਜਲੇਬੀ ਦੇ ਵਾਂਗ 'ਸਿੱਧਾ', ਓਹੀ ਸਿਆਸਤ ਦੇ ਲਈ ਦਰਕਾਰ ਹੋਵੇ।
'ਬੌਸ' ਕਹੇ ਜੇ ਦਿਨ ਨੂੰ ਰਾਤ ਕਹਿ ਦੇ, ਮੰਨ ਹੁਕਮ ਉਹ ਕਹਿਣ ਲਈ ਤਿਆਰ ਹੋਵੇ।
ਬੰਦ ਕਮਰੇ ਵਿਚ ਜੱਫੀਆਂ ਪਾਏ ਜਿਹਨੂੰ, ਲੋਕਾਂ ਸਾਹਮਣੇ ਕਰਦਾ 'ਤਕਰਾਰ' ਹੋਵੇ।
ਸਹੁੰ ਚੁੱਕ ਕੇ ਧਰਮ ਦੀ ਕਰੇ ਵਾਅਦੇ, ਮੁੱਕਰ ਜਾਣ ਲਈ ਵੀ ਪੂਰਾ ਮੱਕਾਰ ਹੋਵੇ।
ਖੇਡਣ ਜਾਣੇ ਨਾ 'ਮੈਚ ਫਰੈਂਡਲੀ' ਵੀ, ਤੇ ਸਿੱਧੂ ਵਾਂਗ ਜੋ 'ਸਿੱਧੀਆਂ' ਛੱਡਦਾ ਏ।
ਰਹਿ ਜਾਂਦਾ ਫਿਰ ਆਪਣੇ ਆਪ ਜੋਗਾ, ਕਿਸੇ ਨਾਲ ਨਾ ਬਹੁਤਾ ਚਿਰ ਕੱਢਦਾ ਏ!

# ਕਵੀ, ਜ਼ੁਬਾਨਬੰਦੀ ਅਤੇ ਸੱਤਾ ਦੀ ਮਨਮਾਨੀ

*ਭਾਰਤ ਵਿਚ ਹਿੰਦੂਤਵ ਦੇ ਏਜੰਡੇ ਵਾਲੀ ਭਾਰਤੀ ਜਨਤਾ ਪਾਰਟੀ ਦੇ ਸੱਤਾ ਵਿਚ ਆਉਣ ਪਿਛੋਂ ਘੱਟ ਗਿਣਤੀਆਂ ਖਿਲਾਫ ਲਗਾਤਾਰ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਇਨ੍ਹਾਂ ਘੱਟ ਗਿਣਤੀਆਂ ਵਿਚੋਂ ਸਭ ਤੋਂ ਵੱਧ ਨਿਸ਼ਾਨੇ ਉਤੇ ਮੁਸਲਮਾਨ ਹਨ। ਸਰਕਾਰ ਦੀਆਂ ਅਜਿਹੀਆਂ ਵਧੀਕੀਆਂ ਖਿਲਾਫ ਅਕਸਰ ਰੋਹ ਅਤੇ ਰੋਸ ਵੀ ਫੈਲਦਾ ਰਿਹਾ ਹੈ। ਪਿਛਲੇ ਸਮੇਂ ਦੌਰਾਨ ਅਸਾਮ ਵਿਚ ਅਜਿਹੀ ਹੀ ਇਕ ਲਹਿਰ 'ਮੀਆਂ ਕਵਿਤਾ ਦੀ ਲਹਿਰ' ਦੇ ਨਾਂ ਤਹਿਤ ਚੱਲੀ ਹੈ। ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਸ ਅਹਿਮ ਮਸਲੇ ਬਾਰੇ ਟਿੱਪਣੀ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

ਅਸਾਮ ਵਿਚ ਦਸ ਜੁਲਾਈ ਨੂੰ 'ਮੀਆਂ' ਕਵੀਆਂ ਅਤੇ ਕਾਰਕੁਨਾਂ ਵਿਰੁਧ ਸੰਗੀਨ ਧਾਰਾਵਾਂ ਲਗਾ ਕੇ ਪਰਚੇ ਦਰਜ ਕੀਤੇ ਜਾਣ ਦਾ ਦੇਸ਼-ਦੁਨੀਆ ਦੇ ਇਨਸਾਫਪਸੰਦਾਂ ਵਲੋਂ ਜ਼ੋਰਦਾਰ ਵਿਰੋਧ ਕੀਤਾ ਗਿਆ। ਉਰਦੂ ਜ਼ਬਾਨ ਵਿਚ ਮੀਆਂ ਦਾ ਅਸਲ ਭਾਵ ਭੱਦਰ-ਪੁਰਸ਼ ਹੈ ਲੇਕਿਨ ਫਿਰਕੂ ਸੋਚ ਵਾਲੇ ਲੋਕਾਂ ਵਲੋਂ ਮੁਸਲਮਾਨ ਫਿਰਕੇ ਨੂੰ ਜ਼ਲੀਲ ਕਰਨ ਲਈ ਇਸ ਨੂੰ ਤਨਜ਼ੀਆ ਲਹਿਜ਼ੇ ਵਿਚ ਵਰਤਿਆ ਜਾਂਦਾ ਹੈ। 'ਮੁੱਖਧਾਰਾ' ਅਸਾਮੀ ਸਮਾਜ ਵਿਚ ਇਹ ਸੰਬੋਧਨ ਇਸੇ ਮੰਦਭਾਵਨਾ ਤਹਿਤ 'ਬੰਗਲਾਦੇਸ਼ੀ' ਜਾਂ 'ਗੈਰਕਾਨੂੰਨੀ ਬਾਹਰਲਿਆਂ' ਲਈ ਵਰਤਿਆ ਜਾਂਦਾ ਹੈ। ਇਸ ਮਜ਼ਲੂਮ ਹਿੱਸੇ ਦੀ ਨੁਮਾਇੰਦਗੀ ਕਰਨ ਵਾਲੇ 'ਮੀਆਂ' ਕਵੀਆਂ ਨੇ ਆਪਣੀ ਗੱਲ ਕਵਿਤਾ ਰਾਹੀਂ ਬਿਆਨ ਕਰਨੀ ਸ਼ੁਰੂ ਕੀਤੀ ਹੈ ਕਿਉਂਕਿ ਉਨ੍ਹਾਂ

ਬੂਟਾ ਸਿੰਘ
ਫੋਨ: +91-94634-74342

ਲਈ ਆਪਣੇ ਨਾਲ ਹੋ ਰਹੀ ਬੇਇਨਸਾਫੀ ਵਿਰੁਧ ਆਵਾਜ਼ ਉਠਾਉਣ ਦੇ ਹੋਰ ਰਸਤੇ ਬੰਦ ਹੋ ਚੁੱਕੇ ਹਨ। ਇਹ ਕਵਿਤਾ ਉਨ੍ਹਾਂ ਦੀ ਜ਼ਿੰਦਗੀ ਅਤੇ ਸੰਘਰਸ਼ ਦੀ ਜ਼ਬਰਦਸਤ ਆਵਾਜ਼ ਹੈ। ਕਵੀਆਂ ਨੇ 'ਮੀਆਂ' ਨੂੰ ਆਪਣੀ ਹਸਤੀ ਦੇ ਤਾਕਤਵਰ ਇਜ਼ਹਾਰ ਦੇ ਜ਼ਰੀਏ ਵਜੋਂ ਸਥਾਪਤ ਕੀਤਾ ਹੈ; ਲੇਕਿਨ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਕਹਾਉਣ ਵਾਲੇ ਸਟੇਟ ਨੂੰ ਇਹ ਮਨਜ਼ੂਰ ਨਹੀਂ। ਉਸ ਦੀਆਂ ਨਜ਼ਰਾਂ 'ਚ ਕਵਿਤਾ ਵਿਚ ਸਮਾਜ ਦੇ ਕਿਸੇ ਸਮੂਹ ਦੀ ਪੀੜਾ ਦੀ ਗੱਲ ਕਰਨਾ ਵੀ ਜੁਰਮ ਹੈ ਅਤੇ ਐਸੇ ਕਵੀ ਭਾਈਚਾਰਿਆਂ ਦਰਮਿਆਨ ਦੁਸ਼ਮਣੀ ਭੜਕਾਉਣ ਵਾਲੇ ਮੁਜਰਿਮ! ਇਸੇ ਲਈ ਦਸ ਕਵੀਆਂ ਵਿਰੁਧ ਭਾਰਤੀ ਦੰਡਾਵਲੀ (ਇੰਡੀਅਨ ਪੀਨਲ ਕੋਡ) ਦੇ ਸੈਕਸ਼ਨ 153 ਏ ਤਹਿਤ ਅਤੇ ਅਦਾਲਤ ਦੀ ਹੱਤਕ ਦਾ ਇਲਜ਼ਾਮ ਲਗਾ ਕੇ ਪਰਚੇ ਦਰਜ ਕਰ ਲਏ ਗਏ।

153 ਏ ਦੀ ਕਾਨੂੰਨੀ ਵਿਵਸਥਾ ਉਸ ਜੁਰਮ ਨਾਲ ਨਜਿੱਠਣ ਲਈ ਹੈ ਜਦੋਂ ਕੋਈ 'ਧਰਮ, ਨਸਲ, ਜਨਮ, ਰਿਹਾਇਸ਼, ਭਾਸ਼ਾ ਵਗੈਰਾ ਦੇ ਆਧਾਰ 'ਤੇ ਵੱਖੋ-ਵੱਖਰੇ ਸਮੂਹ ਦਰਮਿਆਨ ਦੁਸ਼ਮਣੀ ਭੜਕਾਉਣ ਅਤੇ ਸਦਭਾਵਨਾ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਕਾਰਵਾਈਆਂ' ਕਰਦਾ ਹੈ। ਦਰਅਸਲ ਹਾਫਿਜ਼ ਅਹਿਮਦ, ਸ਼ਾਲਿਮ ਐਮ. ਹੁਸੈਨ, ਅਬਦੁਲ ਕਲਾਮ ਆਜ਼ਾਦ, ਰੇਹਨਾ ਸੁਲਤਾਨਾ, ਅਸ਼ਰਫ-ਉਲ ਹੁਸੈਨ ਆਦਿ ਕਵੀਆਂ ਨੇ ਜੋ ਕਵਿਤਾ ਲਿਖੀ ਹੈ, ਉਸ ਵਿਚ ਐਸਾ ਕੁਝ ਵੀ ਨਹੀਂ ਜਿਸ ਨਾਲ ਅਸਾਮ ਦੇ ਸਮਾਜੀ ਸਮੂਹਾਂ ਦਰਮਿਆਨ ਸਦਭਾਵਨਾ ਨੂੰ ਖਤਰਾ ਪੈਦਾ ਹੁੰਦਾ ਹੋਵੇ। ਇਹ ਉਨ੍ਹਾਂ ਦੇ ਦੁੱਖਾਂ-ਦਰਦਾਂ ਦੀ ਕਵਿਤਾ ਹੈ। 'ਉਲਟਾ ਚੋਰ ਕੋਤਵਾਲ ਨੂੰ ਡਾਂਟੇ' ਦੀ ਕਹਾਵਤ ਅਨੁਸਾਰ ਨਫਰਤ ਦਾ ਇਲਜ਼ਾਮ ਕਵੀਆਂ ਉਪਰ ਲਗਾਇਆ ਗਿਆ ਹੈ, ਜਦਕਿ ਇਹ ਭਾਰਤੀ ਰਾਜ ਦਾ ਨਸਲੀ-ਰਾਸ਼ਟਰਵਾਦੀ ਬਹੁਗਿਣਤੀਵਾਦ ਅਤੇ ਇਸ ਦੀ ਆਵਾਸੀਆਂ ਵਿਰੋਧੀ ਲਫਾਜ਼ੀ ਹੈ ਜੋ ਬੰਗਾਲੀ ਮੂਲ ਦੇ ਆਵਾਸੀਆਂ ਵਿਰੁਧ ਨਫਰਤ ਭੜਕਾ ਕੇ ਉਨ੍ਹਾਂ ਦੇ ਜਾਨ-ਮਾਲ ਨੂੰ ਅਤਿਅੰਤ ਅਸੁਰੱਖਿਅਤ ਬਣਾ ਰਹੀ ਹੈ। ਬੇਸ਼ੱਕ ਸਟੇਟ ਦੀ ਇਸ ਕਾਰਵਾਈ ਦਾ ਜਾਗਰੂਕ ਬੁੱਧੀਜੀਵੀਆਂ ਅਤੇ ਹੋਰ ਜਮਹੂਰੀ ਲੋਕਾਂ ਵਲੋਂ ਗੰਭੀਰ ਨੋਟਿਸ ਲੈਣ ਕਾਰਨ ਕਵੀਆਂ ਨੂੰ ਪੇਸ਼ਗੀ ਜ਼ਮਾਨਤ ਮਿਲ ਗਈ ਹੈ, ਲੇਕਿਨ ਵਿਚਾਰ ਪ੍ਰਗਟਾਵੇ ਦੇ ਹੱਕ ਉਪਰ ਸਟੇਟ ਦੀ ਤਾਨਾਸ਼ਾਹ ਤਲਵਾਰ ਜਿਉਂ ਦੀ ਤਿਉਂ ਲਟਕ ਰਹੀ ਹੈ। ਪੁਲਿਸ ਕੇਸਾਂ ਦੇ ਨਾਲ ਨਾਲ ਇਨ੍ਹਾਂ ਕਵੀਆਂ ਵਿਰੁਧ ਮੀਡੀਆ, ਖਾਸ ਕਰਕੇ ਸੋਸ਼ਲ ਮੀਡੀਆ ਉਪਰ ਨਫਰਤ ਭਰੀ ਮੁਹਿੰਮ ਚਲਾ ਕੇ ਉਨ੍ਹਾਂ ਨੂੰ ਦਹਿਸ਼ਤਜ਼ਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਪਿਛਲੇ ਸਮੇਂ ਦੌਰਾਨ ਅਸਾਮ ਵਿਚ ਉਭਰੀ ਨਵੀਂ ਤਰਜ਼ ਦੀ ਇਹ ਕਵਿਤਾ ਉਸ ਸਰਜ਼ਮੀਨ ਉਪਰ ਬੰਗਲਾਦੇਸ਼ ਤੋਂ ਆ ਕੇ ਵਸੇ ਮੁਸਲਮਾਨਾਂ ਨੂੰ ਦਰਪੇਸ਼ ਮੁਸ਼ਕਿਲਾਂ, ਉਨ੍ਹਾਂ ਦੇ ਦੁੱਖਾਂ-ਦਰਦਾਂ ਦੀ ਬਾਤ ਪਾਉਂਦੀ ਹੈ। ਇਹ ਇਸ ਭਾਈਚਾਰੇ ਵਲੋਂ ਮਹਿਸੂਸ ਕੀਤੇ ਜਾ ਰਹੇ ਵਿਤਕਰੇ, ਅਲੱਗ-ਥਲੱਗ ਹੋਣ ਦੀ ਭਾਵਨਾ, ਆਪਣੀ ਹਸਤੀ ਅਤੇ 'ਡੀ' ਵੋਟਰ, 'ਐਨ.ਆਰ.ਸੀ.' (ਨੈਸ਼ਨਲ ਰਜਿਸਟਰ ਆਫ ਸਿਟੀਜ਼ਨਜ਼) ਦੇ ਖੌਫ ਵਗੈਰਾ ਦੀ ਗੱਲ ਕਰਦੀ ਹੈ ਅਤੇ ਕਰਦੀ ਵੀ ਹਿੱਕ ਠੋਕ ਕੇ ਨਾਬਰ ਸੁਰ ਵਿਚ ਹੈ। ਕਵੀਆਂ ਨੇ ਕਵਿਤਾ ਨੂੰ ਵਿਰੋਧ, ਟੱਕਰ ਅਤੇ ਸ਼ਕਤੀਕਰਨ ਦਾ ਹਥਿਆਰ ਬਣਾਇਆ ਹੈ। ਕਾਰਵਾਂ-ਏ-ਮੁਹੱਬਤ ਵਲੋਂ ਇਕ ਕਵਿਤਾ ਦਾ ਅੰਗਰੇਜ਼ੀ ਵਿਚ ਅਨੁਵਾਦ ਵੀਡੀਓ ਦੀ ਸ਼ਕਲ ਵਿਚ ਪੇਸ਼ ਕੀਤਾ ਗਿਆ ਅਤੇ ਇਹ ਸੋਸ਼ਲ ਮੀਡੀਆ ਰਾਹੀਂ ਦੂਰ ਦੂਰ ਤਕ ਪਹੁੰਚ ਗਿਆ। 'ਮੀਆਂ' ਕਵੀ ਅਤੇ ਅਨੁਵਾਦਕ ਸੱਤਾ ਦੇ ਗੁੱਸੇ ਦਾ ਨਿਸ਼ਾਨੇ ਬਣੇ। ਸੀਨੀਅਰ ਕਵੀ ਹਾਫਿਜ਼ ਅਹਿਮਦ ਦੀ ਜਿਸ ਕਵਿਤਾ ਨੂੰ ਪਰਚੇ ਦਾ ਆਧਾਰ ਬਣਾਇਆ ਗਿਆ ਹੈ, ਉਸ ਦੇ ਬੋਲ ਹਨ, 'ਲਿਖ, ਲਿਖ ਕਿ ਮੈਂ ਇਕ ਮੀਆਂ ਹਾਂ/ਐਨ.ਆਰ.ਸੀ. ਵਿਚ ਮੇਰਾ ਲੜੀ ਨੰ. 200543 ਹੈ/ਮੇਰੇ ਦੋ ਬੱਚੇ ਨੇ/ਇਕ ਅਗਲੇ ਹੁਨਾਲ ਹੋਣ ਵਾਲਾ ਹੈ/ਕੀ ਤੁਸੀਂ ਉਸ ਨੂੰ ਉਸੇ ਤਰ੍ਹਾਂ ਨਫਰਤ ਕਰੋਗੇ ਜਿਵੇਂ ਮੈਨੂੰ ਕਰਦੇ ਹੋ?/ ਲਿਖ ਕਿ ਮੈਂ ਮੀਆਂ ਹਾਂ/ਬ੍ਰਹਮਪੁੱਤਰ ਉਪਰ ਰਹਿਣ ਵਾਲਾ/ਮੇਰੀ ਦੇਹ ਨੀਲੀ ਹੋ ਗਈ ਹੈ/ਤੁਹਾਡੇ ਤਸੀਹੇ ਸਹਿੰਦੇ ਸਹਿੰਦੇ/ਅੱਖਾਂ ਗੁੱਸੇ ਨਾਲ ਲਾਲ ਸੁਰਖ/ ਖਬਰਦਾਰ! ਮੇਰੇ ਕੋਲ ਗੁੱਸੇ ਤੋਂ ਸਿਵਾਏ ਕੁਝ ਨਹੀਂ/ਦੂਰ ਰਹੋ, ਨਹੀਂ ਤਾਂ ਭਸਮ ਹੋ ਜਾਵੋਗੇ।'



ਐਫ.ਆਈ.ਆਰ. ਇਲਜ਼ਾਮ ਲਗਾਉਂਦੀ ਹੈ ਕਿ ਕੌਮੀ ਅਤੇ ਕੌਮਾਂਤਰੀ ਮੀਡੀਆ ਵਿਚ ਫੈਲਣ ਨਾਲ ਇਹ ਕਵਿਤਾ ਐਨ.ਆਰ.ਸੀ. ਦੇ ਅਮਲ ਵਿਚ ਰੁਕਾਵਟ ਪਾ ਰਹੀ ਹੈ ਜੋ ਭਾਰਤ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਚੱਲ ਰਿਹਾ ਹੈ। ਇਸ ਵਿਚ ਅਸਾਮੀ ਲੋਕਾਂ ਨੂੰ ਬਦਨਾਮ ਕਰਦੀ ਹੈ ਕਿ ਉਹ ਵਿਦੇਸ਼ੀਆਂ ਨੂੰ ਨਫਰਤ ਕਰਦੇ ਹਨ। ਐਨ.ਆਰ.ਸੀ. ਦਾ ਅੰਤਮ ਡਰਾਫਟ 31 ਜੁਲਾਈ ਨੂੰ ਛਾਪਿਆ ਜਾਣਾ ਹੈ, ਇਸ ਲਈ ਕਵੀਆਂ ਵਿਰੁਧ ਐਫ.ਆਈ.ਆਰ. ਦਰਜ ਕਰਨ ਦਾ ਸਮਾਂ ਵੀ ਬਹੁਤ ਸਾਰੇ ਸਵਾਲ ਖੜ੍ਹੇ ਕਰਦਾ ਹੈ। ਮੁਲਕ ਵਿਚ ਜਿਸ ਤਰ੍ਹਾਂ ਦਾ ਮਾਹੌਲ ਪੈਦਾ ਕੀਤਾ ਗਿਆ ਹੈ, 31 ਜੁਲਾਈ ਤੋਂ ਬਾਦ ਅਸਾਮ ਵਿਚ ਰਹਿ ਰਹੇ ਹਜ਼ਾਰਾਂ ਲੋਕਾਂ ਦਾ ਭਵਿਖ ਖਤਰੇ ਵਿਚ ਪੈ ਜਾਵੇਗਾ।

ਅਸਾਮ ਦੀ ਆਬਾਦੀ 3 ਕਰੋੜ 20 ਲੱਖ ਹੈ, ਉਸ ਵਿਚੋਂ ਤੀਜਾ ਹਿੱਸਾ ਮੁਸਲਮਾਨ ਹਨ। ਉਨ੍ਹਾਂ ਵਿਚੋਂ ਜ਼ਿਆਦਾਤਰ ਦਾ ਪਿਛੋਕੜ ਬੰਗਾਲੀ ਹੈ। ਨਿਸ਼ਚੇ ਹੀ ਬਾਹਰੇ ਆਏ ਲੋਕਾਂ ਦਾ ਇਕ ਮਸਲਾ ਹੈ ਪਰ ਉਵੇਂ ਨਹੀਂ ਜਿਵੇਂ ਇਸ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਉਹ ਅਸਾਮੀ ਸਮਾਜ ਦਾ ਅਨਿੱਖੜ ਹਿੱਸਾ ਹਨ ਅਤੇ ਉਨ੍ਹਾਂ ਦਾ ਉਥੋਂ ਦੀ ਆਰਥਿਕਤਾ ਅਤੇ ਸਮਾਜੀ ਜ਼ਿੰਦਗੀ ਵਿਚ ਯੋਗਦਾਨ ਹੈ। ਅਸਾਮ ਵਿਚ ਬੰਗਾਲੀ ਕਾਸ਼ਤਕਾਰਾਂ ਦੀ ਆਮਦ 1826 ਵਿਚ ਬਰਤਾਨਵੀ ਬਸਤੀਵਾਦੀਆਂ ਵਲੋਂ ਅਸਾਮ ਉਪਰ ਕਬਜ਼ਾ ਕਰਕੇ ਉਥੇ ਕਾਸ਼ਤਕਾਰਾਂ ਨੂੰ ਲਿਆ ਕੇ ਵਸਾਉਣ ਦੀ ਨੀਤੀ ਨਾਲ ਸ਼ੁਰੂ ਹੋਈ। ਵੀਹਵੀਂ ਸਦੀ ਦੇ ਸ਼ੁਰੂ 'ਚ ਇਥੇ ਲੱਖਾਂ ਬੰਗਾਲੀ ਆ ਕੇ ਵਸ ਚੁੱਕੇ ਸਨ। ਉਦੋਂ ਤੋਂ ਹੀ ਮੂਲਵਾਸੀ ਬਨਾਮ ਬਾਹਰਲੇ ਵੱਡਾ ਮਸਲਾ ਬਣ ਚੁੱਕਾ ਹੈ। ਬੰਗਲਾਦੇਸ਼ ਦੇ ਸੰਕਟ ਨਾਲ ਵੀ ਉਥੋਂ ਪਰਵਾਸ ਕਰਕੇ ਵੱਡੀ ਤਾਦਾਦ 'ਚ ਲੋਕ ਅਸਾਮ ਵਿਚ ਆ ਗਏ। ਦਹਾਕਿਆਂ ਤੋਂ ਇਸ ਸਰਜ਼ਮੀਨ ਉਪਰ ਰਹਿ ਰਹੇ ਲੱਖਾਂ ਲੋਕਾਂ ਨੂੰ ਅੱਜ ਵੀ 'ਘੁਸਪੈਠੀਏ' ਮੰਨਿਆ ਜਾਂਦਾ ਹੈ। ਅਸਾਮ ਦਾ ਸਮਾਜ ਉਨ੍ਹਾਂ ਨੂੰ ਆਪਣੇ ਲਈ ਖਤਰਾ ਸਮਝਦਾ ਹੈ। ਹਿੰਦੂ ਫਿਰਕਾਪ੍ਰਸਤਾਂ ਲਈ ਇਹ ਮੁਸਲਮਾਨਾਂ ਵਿਰੁਧ ਫਿਰਕੂ ਨਫਰਤ ਭੜਕਾਉਣ ਦਾ ਜ਼ਰੀਆ ਹੈ। ਫਿਰਕਾਪ੍ਰਸਤ ਮੁਸਲਮਾਨਾਂ ਨੂੰ ਸਬਕ ਸਿਖਾਉਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੇ। ਬੰਗਾਲੀ ਪਿਛੋਕੜ ਦੇ ਲੋਕਾਂ ਦੇ ਇਥੇ ਆ ਕੇ ਵਸਣ ਦੇ ਇਤਿਹਾਸਕ ਕਾਰਨਾਂ ਉਪਰ ਪਰਦਾ ਪਾ ਕੇ ਇਹ ਪ੍ਰਵਚਨ ਸਥਾਪਤ ਕਰ ਦਿੱਤਾ ਗਿਆ ਹੈ ਕਿ ਉਹ ਤਾਂ ਅਸਾਮੀ ਲੋਕਾਂ ਦੀਆਂ ਜ਼ਮੀਨਾਂ ਹੜੱਪਣ ਵਾਲੇ ਹਨ। ਅੱਜ ਸ਼ਾਇਦ ਹੀ ਕਿਸੇ ਨੂੰ ਚੇਤੇ ਹੋਵੇ ਕਿ 1983 ਵਿਚ ਨੇਲੀ (ਅਸਾਮ) ਵਿਚ ਮਹਿਜ਼ ਛੇ ਘੰਟਿਆਂ ਦੇ ਅੰਦਰ 2000 ਤੋਂ ਵਧੇਰੇ ਲੋਕਾਂ ਦਾ ਜੋ ਕਤਲੇਆਮ ਕੀਤਾ ਗਿਆ ਸੀ, ਉਹ ਸੱਤਾ ਦੀ ਪੁਸ਼ਤਪਨਾਹੀ ਵਾਲੀ ਇਸੇ ਘਿਨਾਉਣੀ ਚਾਲ ਦਾ ਨਤੀਜਾ ਸੀ। ਉਹ ਸਾਰੇ ਬੰਗਾਲੀ ਪਿਛੋਕੜ ਵਾਲੇ ਮੁਸਲਮਾਨ ਸਨ।

1997 ਵਿਚ ਚੋਣ ਕਮਿਸ਼ਨ ਵਲੋਂ ਨਾਜਾਇਜ਼ ਆਵਾਸੀਆਂ ਨਾਲ ਨਜਿੱਠਣ ਲਈ 'ਡੀ' (ਸ਼ੱਕੀ) ਵੋਟਰ ਦੀ ਧਾਰਨਾ ਲਿਆਂਦੀ ਗਈ। ਪੁਲਿਸ ਨੂੰ ਆਮ ਲੋਕਾਂ ਨੂੰ ਤੰਗ-ਪ੍ਰੇਸ਼ਾਨ ਅਤੇ ਪੈਸੇ ਬਟੋਰਨ ਦਾ ਨਵਾਂ ਬਹਾਨਾ ਮਿਲ ਗਿਆ। ਸ਼ੱਕੀ ਵੋਟਰਾਂ ਦੇ ਮਾਮਲੇ ਨਿਬੇੜਨ ਲਈ ਇਕ ਸੌ 'ਵਿਦੇਸ਼ੀ ਟ੍ਰਿਬਿਊਨਲ' ਬਣਾਏ ਗਏ। 'ਡੀ' ਵੋਟਰ ਵਜੋਂ ਨਿਸ਼ਾਨਦੇਹੀ ਹੋ ਜਾਣ ਦਾ ਮਤਲਬ ਹੈ, ਬੰਦੇ ਦੇ ਨਾਗਰਿਕ ਹੱਕ ਖੋਹ ਲੈਣਾ। ਉਸ ਨੂੰ ਟ੍ਰਿਬਿਊਨਲ ਅੱਗੇ ਪੇਸ਼ ਹੋ ਕੇ ਇਹ ਸਾਬਤ ਕਰਨਾ ਪਵੇਗਾ ਕਿ ਉਸ ਦੀ ਨਾਗਰਿਕਤਾ ਜਾਇਜ਼ ਹੈ। ਟ੍ਰਿਬਿਊਨਲ ਵਿਚ ਅਸਫਲ ਰਹਿਣ 'ਤੇ ਹਜ਼ਾਰਾਂ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ, ਉਨ੍ਹਾਂ ਨੂੰ ਅਦਾਲਤਾਂ 'ਚ ਜਾਣਾ ਪਿਆ। ਮੁਕੱਦਮਾ ਲੜਨ ਲਈ ਉਨ੍ਹਾਂ ਨੂੰ ਆਪਣਾ ਸਭ ਕੁਝ ਵੇਚ ਕੇ ਵਕੀਲਾਂ ਦੀਆਂ ਜੇਬਾਂ ਭਰਨੀਆਂ ਪੈ ਰਹੀਆਂ ਹਨ। ਅਦਾਲਤਾਂ ਵਿਚ ਉਨ੍ਹਾਂ ਨੂੰ ਆਪਣੇ ਬਜ਼ੁਰਗਾਂ ਨੂੰ ਵੀ ਨਾਲ ਲੈ ਕੇ ਜਾਣਾ ਪੈਂਦਾ ਹੈ। ਦਹਿ-ਹਜ਼ਾਰਾਂ ਗਰੀਬ, ਸਾਧਨਹੀਣ ਲੋਕ ਅਦਾਲਤਾਂ ਵਿਚ ਰੁਲ ਰਹੇ ਹਨ ਤੇ ਇਕ ਰਿਪੋਰਟ ਅਨੁਸਾਰ ਕਰੀਬ 900 ਲੋਕ ਅਸਾਮ ਦੇ ਛੇ ਨਜ਼ਰਬੰਦੀ ਕੈਂਪਾਂ 'ਚ ਡੱਕੇ ਹੋਏ ਹਨ।

ਮਈ 2014 'ਚ ਕੇਂਦਰ ਵਿਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਇਨ੍ਹਾਂ ਬਦਨਸੀਬਾਂ ਦੀਆਂ ਮੁਸ਼ਕਿਲਾਂ ਹੋਰ ਜ਼ਿਆਦਾ ਵਧ ਗਈਆਂ। ਮੋਦੀ ਸਰਕਾਰ ਵਲੋਂ ਫਰਮਾਨ ਜਾਰੀ ਕਰ ਦਿੱਤਾ ਗਿਆ ਕਿ ਹਰ ਕਿਸੇ ਨੂੰ ਇਹ ਸਬੂਤ ਦੇਣਾ ਪਵੇਗਾ ਕਿ ਉਹ ਜਾਂ ਉਨ੍ਹਾਂ ਦੇ ਪੁਰਖੇ 24 ਮਾਰਚ 1971 ਤੋਂ ਪਹਿਲਾਂ ਅਸਾਮ ਵਿਚ ਆ ਕੇ ਵਸੇ ਸਨ। ਇਸ ਨਿਸ਼ਚਿਤ ਮਿਤੀ ਤੋਂ ਬਾਅਦ ਵਿਚ ਆਏ ਲੋਕਾਂ ਨੂੰ ਨਾਜਾਇਜ਼ ਮੰਨਿਆ ਜਾਵੇਗਾ। ਜਿਹੜੇ ਪਰਿਵਾਰ ਕਿਸੇ ਕਾਰਨ ਇਸ ਦਾ ਦਸਤਾਵੇਜ਼ੀ ਸਬੂਤ ਪੇਸ਼ ਨਹੀਂ ਕਰ ਸਕਣਗੇ ਅਤੇ ਜਿਨ੍ਹਾਂ ਦੇ ਨਾਮ 'ਨੈਸ਼ਨਲ ਰਜਿਸਟਰ ਆਫ ਸਿਟੀਜ਼ਨਜ਼' ਵਿਚ ਨਹੀਂ ਹੋਣਗੇ, ਉਨ੍ਹਾਂ ਨੂੰ ਵਿਦੇਸ਼ੀ ਐਲਾਨ ਦਿੱਤਾ ਜਾਵੇਗਾ। ਬੰਗਾਲੀ ਮੂਲ ਦੇ ਲੋਕ ਬਹੁਤ ਹੀ ਗਰੀਬ ਅਤੇ ਪਿਛੜੇ ਹੋਏ ਹਨ, ਉਨ੍ਹਾਂ ਕੋਲ ਕੋਈ ਦਸਤਾਵੇਜ਼ੀ ਜਾਂ ਹੋਰ ਕੋਈ ਪੁਖਤਾ ਸਬੂਤ ਨਹੀਂ। ਵਿਦੇਸ਼ੀ ਐਲਾਨੇ ਜਾਣ ਦਾ ਮਤਲਬ ਹੋਵੇਗਾ, ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਨਜ਼ਰਬੰਦੀ ਕੈਂਪਾਂ ਵਿਚ ਸੁੱਟਣਾ ਜਾਂ ਆਖਿਰਕਾਰ ਉਜਾੜ ਕੇ ਜ਼ਬਰਦਸਤੀ ਬੰਗਲਾਦੇਸ਼ ਵਿਚ ਭੇਜਣਾ। ਜਿਵੇਂ ਹਾਲ ਹੀ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਲਾਨ ਕੀਤਾ ਹੈ ਕਿ 'ਸਰਕਾਰ ਮੁਲਕ ਦੀ ਹਰ ਇੰਚ ਧਰਤੀ ਉਪਰ ਰਹਿ ਰਹੇ ਗੈਰਕਾਨੂੰਨੀ ਆਵਾਸੀਆਂ ਦੀ ਨਿਸ਼ਾਨਦੇਹੀ ਕਰੇਗੀ ਅਤੇ ਉਨ੍ਹਾਂ ਨੂੰ ਕੌਮਾਂਤਰੀ ਕਾਨੂੰਨ ਅਨੁਸਾਰ ਵਾਪਸ ਭੇਜ ਕੇ ਦਮ ਲਵੇਗੀ।' 1985-2016 ਦਰਮਿਆਨ 90000 ਲੋਕਾਂ ਨੂੰ ਵਿਦੇਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ। ਭਾਜਪਾ ਵਲੋਂ ਚਲਾਈ ਜਾ ਰਹੀ ਐਨ.ਆਰ.ਸੀ. ਦੀ ਕਵਾਇਦ ਨਾਲ 'ਵਿਦੇਸ਼ੀਆਂ' ਦੀ ਤਾਦਾਦ ਹੋਰ ਵਧ ਜਾਵੇਗੀ।

ਇਹ ਹਨ ਉਹ ਹਾਲਾਤ ਜਿਨ੍ਹਾਂ ਵਿਚ 'ਮੀਆਂ' ਕਵਿਤਾ ਦੀ ਲਹਿਰ ਨੇ ਆਪਣੀ ਜਗ੍ਹਾ ਬਣਾਈ

(ਬਾਕੀ ਅਗਲੇ ਸਫੇ 'ਤੇ)

# ਪਾਣੀਆਂ ਦਾ ਮਸਲਾ ਅਤੇ ਰਿਪੇਰੀਅਨ ਸੂਬਿਆਂ ਦਾ ਸੰਕਲਪ

ਰਿਪੇਰੀਅਨ ਰਾਜ ਅਜੋਕੀ ਸਿਆਸਤ ਦੇ ਦੋ ਵਖੋ-ਵਖਰੇ ਪਰ ਬਹੁਤ ਹੀ ਨਾਜ਼ੁਕ ਪੱਖਾਂ ਦੇ ਪ੍ਰਤੀਕ ਹਨ। ਵਖ-ਵਖ ਇਸ ਕਾਰਨ, ਕਿਉਂਕਿ ਰਿਪੇਰੀਅਨ ਦਾ ਖਾਸ ਅਰਥ ਹੈ ਧਰਤੀ ਦੇ ਉਹ ਇਲਾਕੇ ਜਿਹੜੇ ਨਦੀਆਂ ਤੇ ਦਰਿਆਵਾਂ ਦੇ ਪਾਣੀ ਦੇ ਕੁਦਰਤੀ ਵਹਿਣ ਦੇ ਕਰੀਬ (ਕੰਢਿਆਂ ਉਤੇ) ਸਥਿਤ ਹਨ। ਭੂਗੋਲਿਕ ਪੱਖ ਤੋਂ ਇਹ ਇਲਾਕੇ ਸਪਸ਼ਟ ਰੂਪ ਵਿਚ ਪਛਾਣੇ ਜਾਂਦੇ ਹਨ। ਇਸ ਦੇ ਉਲਟ ਪ੍ਰਾਂਤ, ਰਾਜ, ਦੇਸ਼ ਆਦਿ ਸਮਾਜਿਕ ਤੇ ਸਿਆਸੀ ਬਣਤਰਾਂ ਹਨ, ਜਿਨ੍ਹਾਂ ਦੀਆਂ ਹੱਦਾਂ/ਸਰਹੱਦਾਂ ਸਮਾਜਿਕ-ਇਤਿਹਾਸਕ ਅਤੇ ਸਿਆਸੀ-ਆਰਥਿਕ ਕਾਰਨਾਂ ਤੋਂ ਬਦਲਦੀਆਂ ਰਹਿੰਦੀਆਂ ਹਨ। ਇਸ ਕਾਰਨ ਰਾਜ/ਪ੍ਰਾਂਤ ਦਾ ਸੰਕਲਪ ਮੁਕਾਬਲਤਨ ਵਧੇਰੇ ਲਚਕੀਲਾ ਹੈ ਅਤੇ ਬਹੁਤ ਘੱਟ ਸੰਭਾਵਨਾ ਹੁੰਦੀ ਹੈ ਕਿ ਇਹ ਦੋਵੇਂ

**ਬੀ. ਐਸ. ਬਟੋਲਾ**

(ਕੁਦਰਤੀ ਤੌਰ 'ਤੇ ਨਦੀਆਂ/ਦਰਿਆਵਾਂ 'ਤੇ ਹੱਕ ਰੱਖਣ ਵਾਲੇ ਭੂਗੋਲਿਕ ਖਿੱਤੇ ਤੇ ਸਿਆਸੀ ਹੱਦਬੰਦੀਆਂ ਅਨੁਸਾਰ ਨਿਸ਼ਚਿਤ ਕੀਤੇ ਗਏ ਰਾਜ/ਪ੍ਰਾਂਤ) ਇਕੋ ਜਿਹੇ ਹੋਣ।

ਅਮਲੀ ਤੌਰ 'ਤੇ, ਰਿਪੇਰੀਅਨ ਰਾਜ ਉਹ ਪ੍ਰਸ਼ਾਸਕੀ ਇਕਾਈਆਂ ਹਨ ਜਿਨ੍ਹਾਂ ਨੂੰ ਪਾਣੀ ਦੇ ਵਸੀਲਿਆਂ ਜਿਵੇਂ ਝੀਲਾਂ, ਵੇਈਆਂ ਤੇ ਦਰਿਆਵਾਂ ਦੇ ਪਾਣੀ ਦੇ ਕੁਦਰਤੀ ਵਹਾਅ ਦੇ ਕੰਢਿਆਂ ਉਤਲੀ ਜ਼ਮੀਨ ਦੀ ਮਾਲਕੀ ਦੇ ਆਧਾਰ ਉਤੇ, ਇਨ੍ਹਾਂ ਦਾ ਪਾਣੀ ਵਰਤਣ ਦਾ ਹੱਕ ਹਾਸਲ ਹੁੰਦਾ ਹੈ। ਜ਼ਮੀਨ ਦੇ ਮਾਲਕ ਇਸ ਪਾਣੀ ਦੀ ਖਪਤਕਾਰੀ ਅਤੇ ਗ਼ੈਰ-ਖਪਤਕਾਰੀ, ਦੋਵੇਂ ਢੰਗਾਂ ਨਾਲ ਵਰਤੋਂ ਕਰ ਸਕਦੇ ਹਨ। ਪਾਣੀ ਦਾ ਖੇਤੀਬਾੜੀ, ਸਨਅਤਾਂ, ਘਰੇਲੂ ਲੋੜਾਂ ਆਦਿ ਲਈ ਇਸਤੇਮਾਲ ਇਸ ਦੀ ਮੁੱਖ ਖਪਤਕਾਰੀ ਵਰਤੋਂ ਹੁੰਦੀ ਹੈ, ਜਦੋਂਕਿ ਗ਼ੈਰ-ਖਪਤਕਾਰੀ ਵਰਤੋਂ ਵਿਚ ਮੁੱਖ ਤੌਰ 'ਤੇ ਪਾਣੀ ਨੂੰ ਜਹਾਜ਼ਰਾਨੀ (ਆਵਾਜਾਈ), ਮਨਪ੍ਰਚਾਵੇ, ਮੱਛੀਆਂ ਫੜਨ, ਪਣ ਬਿਜਲੀ ਪੈਦਾਵਾਰ ਆਦਿ ਲਈ ਇਸਤੇਮਾਲ ਕਰਨਾ ਸ਼ਾਮਲ ਹੈ। ਦੋਹਾਂ ਵਿਚ ਮੁੱਖ ਫ਼ਰਕ ਇਹ ਹੈ ਕਿ ਗ਼ੈਰ-ਖਪਤਕਾਰੀ ਵਰਤੋਂ ਦੀ ਸੂਰਤ ਵਿਚ ਪਾਣੀ ਦੇ ਮੁੜ ਕੇ ਆਪਣੇ ਵਹਾਅ ਵਿਚ ਸ਼ਾਮਲ ਹੋ ਜਾਣ ਦੀ ਮਾਤਰਾ ਤਕਰੀਬਨ ਪਹਿਲਾਂ ਵਾਲੀ ਹੀ ਰਹਿੰਦੀ ਹੈ, ਸਿਰਫ਼ ਵੱਡੇ ਡੈਮਾਂ ਦੇ ਮਾਮਲੇ ਨੂੰ ਛੱਡ ਕੇ, ਕਿਉਂਕਿ ਡੈਮਾਂ ਨਾਲ ਤਾਂ ਪਾਣੀ ਦਾ ਵਹਾਅ ਪੂਰੀ ਤਰ੍ਹਾਂ ਬਦਲ ਜਾਂਦਾ ਹੈ।

ਵਖੋ-ਵਖ ਮੁਲਕਾਂ ਵਿਚ ਰਿਪੇਰੀਅਨ ਸੂਬਿਆਂ ਤੇ ਰਿਪੇਰੀਅਨ ਹੱਕਾਂ ਨੂੰ ਵਖੋ-ਵਖਰੇ ਢੰਗਾਂ ਨਾਲ ਪ੍ਰੀਭਾਸ਼ਿਤ ਕੀਤਾ ਗਿਆ ਹੈ। ਇਸ ਦੇ ਬਾਵਜੂਦ ਰਿਪੇਰੀਅਨ ਸੂਬਿਆਂ ਨੂੰ ਪ੍ਰੀਭਾਸ਼ਿਤ ਕਰਨ ਦੇ ਮੋਟੇ ਤੌਰ 'ਤੇ ਦੋ ਸਿਧਾਂਤ ਹਨ: ਕੁਦਰਤੀ ਵਹਾਅ ਦਾ ਸਿਧਾਂਤ ਅਤੇ ਵਾਜਬ ਵਰਤੋਂ ਦਾ ਸਿਧਾਂਤ। ਪਹਿਲੇ ਭਾਵ ਕੁਦਰਤੀ ਵਹਾਅ ਦੇ ਸਿਧਾਂਤ ਨੂੰ ਸਟੇਟਸ ਕੋ ਸਿਧਾਂਤ ਵੀ ਆਖਿਆ ਜਾਂਦਾ ਹੈ ਜੋ ਹਰ ਰਿਪੇਰੀਅਨ ਰਾਜ ਦੇ ਇਸ ਹੱਕ ਦੀ ਹਾਮੀ ਭਰਦਾ ਹੈ ਕਿ ਉਸ ਦੇ ਇਲਾਕੇ ਵਿਚੋਂ ਜਲ ਧਾਰਾ ਦਾ ਵਹਿਣ ਇਸ ਦੀਆਂ ਕੁਦਰਤੀ ਹਾਲਤਾਂ ਵਿਚ ਹੋਵੇ, ਭਾਵ ਵਹਾਅ ਨੂੰ ਨਾ ਮੱਠਾ ਤੇ ਨਾ ਘੱਟ ਕੀਤਾ ਜਾਵੇ ਅਤੇ ਇਸ ਦੀ ਮਲੀਨਤਾ ਦੇ ਪੱਧਰ ਵਿਚ ਵੀ ਕੋਈ ਤਬਦੀਲੀ ਨਾ ਹੋਵੇ।

ਇਸ ਦੇ ਉਲਟ, ਵਾਜਬ ਵਰਤੋਂ ਦਾ ਸਿਧਾਂਤ ਪਾਣੀ ਦੀ ਵੱਧ ਤੋਂ ਵੱਧ ਲਾਭਕਾਰੀ ਵਰਤੋਂ ਉਤੇ ਆਧਾਰਤ ਹੈ, ਪਰ ਇਸ ਦਾ ਨਾਲ ਲੱਗਵੇਂ ਰਿਪੇਰੀਅਨ ਰਾਜਾਂ ਦੇ ਹੱਕਾਂ 'ਤੇ ਕੋਈ ਅਸਰ ਨਹੀਂ ਪੈਣਾ ਚਾਹੀਦਾ। ਇਸ ਸਿਧਾਂਤ ਦਾ ਵਿਵਾਦਗ੍ਰਸਤ ਪਹਿਲੂ ਇਹ ਹੈ ਕਿ ਤਕਨਾਲੋਜੀ ਤੇ ਇਕ ਰਿਪੇਰੀਅਨ ਰਾਜ ਦੀਆਂ ਨੀਤੀਆਂ ਬਦਲ ਸਕਦੀਆਂ ਹਨ ਅਤੇ ਇਸ ਦਾ ਅਸਰ ਦੂਜੇ ਰਿਪੇਰੀਅਨ ਰਾਜਾਂ 'ਤੇ ਪੈਂਦਾ ਹੈ। ਇਸ ਦੇ ਨਾਲ ਹੀ, ਪਾਣੀ ਦੀ ਆਰਥਿਕ ਲਾਭਕਾਰੀ ਵਰਤੋਂ ਹੋ ਸਕਦਾ ਹੈ ਕਿ ਵਾਤਾਵਰਨ ਪੱਖੋਂ ਲਾਭਕਾਰੀ ਨਾ ਹੋਵੇ।

ਭਾਰਤ ਵਿਚ ਅਜਿਹੇ ਦਰਿਆ, ਵੇਈਆਂ ਅਤੇ ਝੀਲਾਂ ਹਨ ਜਿਨ੍ਹਾਂ ਦਾ ਇਕ ਹਿੱਸਾ ਗੁਆਂਢੀ ਮੁਲਕਾਂ ਵਿਚ ਵੀ ਪੈਂਦਾ/ਜਾਂਦਾ ਹੈ ਅਤੇ ਇਸੇ ਤਰ੍ਹਾਂ ਭਾਰਤ ਦੇ ਅੰਦਰ ਵੀ ਅਜਿਹੇ ਸੂਬੇ ਹਨ ਜਿਨ੍ਹਾਂ ਦੇ ਦਰਿਆ, ਵੇਈਆਂ ਆਦਿ ਹੋਰਨਾਂ ਸੂਬਿਆਂ ਵਿਚੋਂ ਵੀ ਲੰਘਦੇ ਹਨ। ਰਿਪੇਰੀਅਨ ਰਾਜਾਂ ਦੇ ਉੱਪਰ ਬਿਆਨੇ ਹੱਕਾਂ ਸਬੰਧੀ ਭਾਰਤ ਦੀ ਭਾਵੇਂ ਆਮ ਸਹਿਮਤੀ ਹੈ ਪਰ ਇਥੇ ਪਾਣੀ ਦੀ ਵਰਤੋਂ ਬਾਰੇ ਦੋ ਹੋਰ ਸਿਧਾਂਤ ਵੀ ਚੱਲਦੇ ਹਨ: ਇਕ ਹੈ, ਜਨਤਕ ਭਰੋਸੇ ਦਾ ਸਿਧਾਂਤ ਅਤੇ ਦੂਜਾ ਅਗਾਊਂ ਵਰਤੋਂ ਦਾ ਸਿਧਾਂਤ ਜਿਨ੍ਹਾਂ ਦੇ ਆਧਾਰ ਉਤੇ ਵਖ-ਵਖ ਰਿਪੇਰੀਅਨ ਰਾਜਾਂ ਦਰਮਿਆਨ ਪਾਣੀ ਦੀ ਵੰਡ ਸਬੰਧੀ ਮੁੱਦੇ ਹੱਲ ਕੀਤੇ ਜਾਂਦੇ ਹਨ। ਜਨਤਕ ਭਰੋਸੇ ਦੇ ਸਿਧਾਂਤ ਅਨੁਸਾਰ ਉਸ ਪ੍ਰਾਂਤ ਵਿਚ ਵੱਸਦੇ ਲੋਕਾਂ ਦੇ ਸਮੂਹਿਕ ਹੱਕ ਨੂੰ ਸਵੀਕਾਰ ਕੀਤਾ ਜਾਂਦਾ ਹੈ, ਜਦੋਂਕਿ ਦੂਜੇ ਸਿਧਾਂਤ ਅਨੁਸਾਰ ਪਾਣੀ ਦੀ ਲਾਭਕਾਰੀ ਵਰਤੋਂ ਨੂੰ ਤਰਜੀਹ ਦਿੱਤੀ ਜਾਂਦੀ ਹੈ, ਭਾਵ ਇਸ ਦੇ ਇਸਤੇਮਾਲ ਨੂੰ ਹੋਰ ਮਕਸਦਾਂ ਦੇ ਮੁਕਾਬਲੇ ਖੇਤੀਬਾੜੀ, ਸਨਅਤਾਂ ਅਤੇ ਘਰੇਲੂ



ਵਰਤੋਂ ਲਈ ਪਹਿਲ ਦਿੱਤੀ ਜਾਂਦੀ ਹੈ।

ਜ਼ਮੀਨ ਦੇ ਉਤੇ, ਭਾਵ ਕਿਸੇ ਖਾਸ ਭੂਗੋਲਿਕ ਥਾਂ ਵਿਚ ਕਿਸੇ ਜਲ ਧਾਰਾ ਜਾਂ ਪਾਣੀ ਦੇ ਟਿਕਾਣੇ ਦੀ ਵਰਤੋਂ ਦੀਆਂ ਦੋ ਸੰਭਾਵਨਾਵਾਂ ਹੋ ਸਕਦੀਆਂ ਹਨ। ਅਜਿਹੀ ਹਾਲਤ ਹੋ ਸਕਦੀ ਹੈ, ਜਦੋਂ ਪਾਣੀ ਦਾ ਕੋਈ ਵਸੀਲਾ ਕੁਝ ਗੁਆਂਢੀ ਸੂਬਿਆਂ ਦਰਮਿਆਨ ਸਾਂਝੀ ਹੱਦ ਸਿਰਜਦਾ ਹੋਵੇ ਅਤੇ ਇਸ ਦੀ ਕੈਚਮੈਂਟ ਵਿਚ ਇਨ੍ਹਾਂ ਸੂਬਿਆਂ ਦਾ ਇਲਾਕਾ ਸ਼ਾਮਲ ਹੋਵੇ: ਦਿੱਲੀ ਤੇ ਹਰਿਆਣਾ ਵਿਚਕਾਰ ਯਮੁਨਾ ਦਰਿਆ ਅਤੇ ਇਸਰਾਈਲ, ਸੀਰੀਆ, ਜਾਰਡਨ ਤੇ ਪੱਛਮੀ ਕਿਨਾਰੇ ਦਰਮਿਆਨ ਜਾਰਡਨ ਦਰਿਆ ਵਹਿੰਦਾ ਹੈ ਜੋ ਨਾਲ ਲੱਗਵੇਂ ਰਿਪੇਰੀਅਨ ਰਾਜਾਂ ਦੀਆਂ ਬਿਹਤਰੀਨ ਮਿਸਾਲਾਂ ਹਨ। ਦੂਜੀ ਸਥਿਤੀ ਵਿਚ, ਕਿਸੇ ਜਲ ਧਾਰਾ ਜਾਂ ਦਰਿਆ ਪ੍ਰਬੰਧ ਦੇ ਉਪਰਲੇ, ਵਿਚਕਾਰਲੇ ਤੇ ਹੇਠਲੇ ਵਹਿਣਾਂ ਵਿਚ ਵਖ ਵਖ ਸੂਬੇ ਹੋ ਸਕਦੇ ਹਨ; ਜਿਵੇਂ ਬ੍ਰਹਮਪੁੱਤਰ ਦਾ ਵਹਿਣ ਤਿੱਬਤ (ਚੀਨ) ਤੋਂ ਸ਼ੁਰੂ ਹੋ ਕੇ ਭਾਰਤ ਤੇ ਬੰਗਲਾਦੇਸ਼ ਵਿਚੋਂ ਲੰਘਦਾ ਹੈ ਅਤੇ ਦੱਖਣੀ ਭਾਰਤ ਦਾ ਕ੍ਰਿਸ਼ਨਾ ਦਰਿਆ ਮਹਾਰਾਸ਼ਟਰ ਤੋਂ ਸ਼ੁਰੂ ਹੋ ਕੇ ਕਰਨਾਟਕ, ਤਿਲੰਗਾਨਾ ਤੇ ਆਂਧਾਰਾ ਪ੍ਰਦੇਸ਼ ਵਿਚੋਂ ਹੁੰਦਾ ਹੋਇਆ ਬੰਗਾਲ ਦੀ ਖਾੜੀ ਵਿਚ ਡਿੱਗਦਾ ਹੈ ਜੋ ਰਿਪੇਰੀਅਨ ਸੂਬਿਆਂ ਦੇ ਦੂਜੇ ਵਰਗ ਦੀਆਂ ਮਿਸਾਲਾਂ ਹਨ। ਇਸੇ ਤਰ੍ਹਾਂ ਅਫ਼ਰੀਕਾ ਦਾ ਨੀਲ ਦਰਿਆ ਦੋਵਾਂ ਨਾਲ ਲੱਗਵੇਂ ਤੇ ਉੱਪਰ ਤੋਂ ਹੇਠਲੇ ਵਹਿਣਾਂ ਵਾਲੇ ਰਿਪੇਰੀਅਨ ਰਾਜਾਂ ਦੀ ਤਨਜ਼ਾਨੀਆ, ਬੁਰੂੰਡੀ, ਰਵਾਂਡਾ, ਕੀਨੀਆ, ਯੂਗਾਂਡਾ, ਕਾਂਗੋ, ਦੱਖਣੀ ਸੂਡਾਨ, ਸੂਡਾਨ, ਇਰੀਟ੍ਰੀਆ, ਇਥੋਪੀਆ ਤੇ ਮਿਸਰ ਵਿਚਕਾਰ ਬਿਹਤਰੀਨ ਮਿਸਾਲ ਹੈ।

ਭਾਰਤ ਖੇਤੀ ਪ੍ਰਧਾਨ ਮੁਲਕ ਹੈ ਅਤੇ ਮੌਨਸੂਨ ਦੀ ਬਾਰਸ਼ ਕਦੋਂ ਤੇ ਕਿਥੇ ਹੋਵੇ ਜਾਂ ਨਾ ਹੋਵੇ, ਦਾ ਕੋਈ ਭਰੋਸਾ ਨਹੀਂ ਹੁੰਦਾ। ਇਸ ਸੂਰਤ ਵਿਚ ਸਿੰਜਾਈ, ਸਨਅਤਾਂ ਅਤੇ ਘਰੇਲੂ ਵਰਤੋਂ ਵਾਸਤੇ ਪਾਣੀ ਦਾ ਖਪਤਕਾਰੀ ਇਸਤੇਮਾਲ ਤੇ ਨਾਲ ਹੀ ਇਸ ਦੇ ਦਰਿਆਵਾਂ ਤੇ ਪਾਣੀ ਦੇ ਹੋਰ ਵਸੀਲਿਆਂ ਵਿਚ ਵਧਦਾ ਪ੍ਰਦੂਸ਼ਣ ਭਾਰਤ ਤੇ ਇਸ ਦੇ ਗੁਆਂਢੀ ਮੁਲਕਾਂ ਅਤੇ ਦੇਸ਼ ਦੇ ਆਪਣੇ ਸੂਬਿਆਂ ਦਰਮਿਆਨ ਝਗੜਿਆਂ ਦਾ ਵੱਡਾ ਕਾਰਨ ਬਣਿਆ ਹੋਇਆ ਹੈ। ਬ੍ਰਹਮਪੁੱਤਰ ਦਰਿਆ ਦੇ ਪਾਣੀ ਦੀ ਚੀਨ, ਭਾਰਤ ਤੇ ਬੰਗਲਾਦੇਸ਼ ਦਰਮਿਆਨ ਵੰਡ ਦਾ ਵਿਵਾਦ, ਸਿੰਧੂ ਦਰਿਆ ਦੇ ਪਾਣੀ ਦੀ ਵੰਡ ਲਈ ਭਾਰਤ ਤੇ ਪਾਕਿਸਤਾਨ ਦਰਮਿਆਨ ਅਤੇ ਗੰਗਾ ਦੇ ਪਾਣੀ ਲਈ ਭਾਰਤ ਤੇ ਬੰਗਲਾਦੇਸ਼ ਦਰਮਿਆਨ ਵਿਵਾਦ ਇਨ੍ਹਾਂ ਮੁਲਕਾਂ ਦਰਮਿਆਨ ਅਣਬਣ ਦੇ ਵੱਡੇ ਮੁੱਦੇ ਹਨ।

ਇਸ ਤੋਂ ਇਲਾਵਾ ਅਜਿਹੀਆਂ ਵੀ ਕੁਝ ਨਦੀਆਂ ਹਨ ਜਿਨ੍ਹਾਂ ਦਾ ਕੁਦਰਤੀ ਵਹਾਅ ਭਾਰਤ ਅਤੇ ਮਿਆਂਮਾਰ, ਭੂਟਾਨ ਤੇ ਨੇਪਾਲ ਨਾਲ ਸਾਂਝਾ ਹੈ ਅਤੇ ਸਮੇਂ ਸਮੇਂ ਉਤੇ ਇਹ ਵੀ ਇਨ੍ਹਾਂ ਮੁਲਕਾਂ ਦਰਮਿਆਨ ਵਿਵਾਦ ਦਾ ਕਾਰਨ ਬਣਦੀਆਂ ਹਨ। ਇਸੇ ਤਰ੍ਹਾਂ ਸਤਲੁਜ-ਰਾਵੀ-ਬਿਆਸ ਦੇ ਪਾਣੀਆਂ ਦੀ ਪੰਜਾਬ, ਹਰਿਆਣਾ ਤੇ ਰਾਜਸਥਾਨ ਵਿਚਕਾਰ ਵੰਡ, ਕਾਵੇਰੀ ਦੇ ਪਾਣੀ ਦੀ ਕਰਨਾਟਕ ਤੇ ਤਾਮਿਲਨਾਡੂ ਦਰਮਿਆਨ, ਕ੍ਰਿਸ਼ਨਾ ਦਰਿਆ ਦੀ ਮਹਾਰਾਸ਼ਟਰ, ਕਰਨਾਟਕ, ਤਿਲੰਗਾਨਾ ਅਤੇ ਆਂਧਰਾ ਪ੍ਰਦੇਸ਼ ਵਿਚਕਾਰ, ਮਹਾਨਦੀ ਦੀ ਛੱਤੀਸਗੜ੍ਹ ਤੇ ਉੜੀਸਾ ਵਿਚਕਾਰ, ਨਰਮਦਾ ਦੇ ਪਾਣੀ ਦੀ ਰਾਜਸਥਾਨ, ਮੱਧ ਪ੍ਰਦੇਸ਼, ਮਹਾਰਾਸ਼ਟਰ ਤੇ ਗੁਜਰਾਤ ਵਿਚਕਾਰ ਵੰਡ ਦੇ ਵਿਵਾਦ ਜੱਗ-ਜ਼ਾਹਿਰ ਹਨ।

ਪਾਣੀ ਦੇ ਪ੍ਰਬੰਧਨ ਤੇ ਵਰਤੋਂ ਦਾ ਮਾਮਲਾ ਭਾਵੇਂ ਸਬੰਧਤ ਰਾਜਾਂ ਦਾ ਅਧਿਕਾਰ ਖੇਤਰ ਹੈ ਪਰ ਦੋ ਜਾਂ ਵੱਧ ਸੂਬਿਆਂ ਦਰਮਿਆਨ ਝਗੜੇ ਦੀ ਸੂਰਤ ਵਿਚ ਕੇਂਦਰ ਸਰਕਾਰ ਨੂੰ ਦਖਲ ਦੇਣ ਤੇ ਫ਼ੈਸਲਾ ਕਰਨ ਦਾ ਅਖਤਿਆਰ ਹੈ। ਇਸ ਸਬੰਧੀ ਨਿਰਪੱਖ ਫ਼ੈਸਲੇ ਕਰਨ ਲਈ ਅੰਤਰ-ਰਾਜੀ ਪਾਣੀ ਵਿਵਾਦ ਐਕਟ 1956 ਲਾਗੂ ਕੀਤਾ ਗਿਆ। ਇਸ ਵੇਲੇ ਕੇਂਦਰ ਸਰਕਾਰ ਵੱਲੋਂ ਕਾਇਮ ਅੱਠ ਅਹਿਮ ਪਾਣੀ ਵਿਵਾਦ ਟ੍ਰਿਬਿਊਨਲ ਵਖ ਵਖ ਮਾਮਲਿਆਂ ਨੂੰ ਦੇਖ ਰਹੇ ਹਨ। ਇਨ੍ਹਾਂ ਵਿਚੋਂ ਕੁਝ ਟ੍ਰਿਬਿਊਨਲ 40 ਸਾਲਾਂ ਤੋਂ ਵੀ ਵੱਧ ਪੁਰਾਣੇ ਹਨ; ਖਾਸਕਰ ਗੋਦਾਵਰੀ, ਕ੍ਰਿਸ਼ਨਾ ਤੇ ਨਰਮਦਾ ਨਾਲ ਸਬੰਧਤ ਪਰ ਇਨ੍ਹਾਂ ਵਿਚੋਂ ਕਿਸੇ ਦਾ ਵੀ ਫ਼ੈਸਲਾ ਹੁਣ ਤੱਕ ਨਹੀਂ ਆਇਆ।

ਯੋਜਨਾਕਾਰਾਂ ਤੇ ਸਾਇੰਸਦਾਨਾਂ ਨੇ ਵਖ ਵਖ ਸਮਿਆਂ 'ਤੇ ਇਨ੍ਹਾਂ ਮੁੱਦਿਆਂ ਨੂੰ ਲੰਬੇ ਅਰਸੇ ਦੌਰਾਨ ਹੱਲ ਕਰਨ ਲਈ ਸੁਝਾਅ ਦਿੱਤੇ ਹਨ। ਇਨ੍ਹਾਂ ਤਹਿਤ ਗਾਰਲੈਂਡ ਕਨਾਲ, ਨਸਲੀ ਤੇ ਭਾਸ਼ਾਈ ਪੈਮਾਨਿਆਂ ਦੇ ਆਧਾਰ ਉਤੇ ਸੂਬਿਆਂ ਦਾ ਮੁੜ ਗਠਨ ਤਾਂ ਕਿ ਪਾਣੀ ਦੀ ਉਸ ਮੁਤਾਬਕ ਵੰਡ ਹੋ ਸਕੇ ਜਾਂ ਖੇਤੀ-ਵਾਤਾਵਰਨੀ ਪੈਮਾਨੇ ਆਦਿ ਅਪਨਾਏ ਜਾਣ ਵਰਗੇ ਬਦਲ ਸੁਝਾਏ ਗਏ ਹਨ ਜਿਨ੍ਹਾਂ ਬਾਰੇ ਫ਼ੈਸਲਾ ਸਰਕਾਰ ਨੇ ਕਰਨਾ ਹੈ।

---

# ਮਾਇਆਵਤੀ ਦੀ ਸਿਆਸਤ

ਮਾਇਆਵਤੀ ਨੇ ਆਪਣੇ ਭਰਾ ਅਨੰਦ ਕੁਮਾਰ ਦੇ 400 ਕਰੋੜ ਰੁਪਏ ਦੇ ਬੇਨਾਮੀ ਪਲਾਟ ਦੀ ਜ਼ਬਤੀ ਤੋਂ ਬਾਅਦ ਬਚਾਅ 'ਚ ਜੋ ਦੋਸ਼ ਲਗਾਇਆ ਹੈ, ਉਹ ਕਈ ਦ੍ਰਿਸ਼ਟੀਆਂ ਤੋਂ ਵਿਚਾਰਨਯੋਗ ਹੈ। ਇਸ ਦੋਸ਼ ਵਿਚ ਪਹਿਲੀ ਜ਼ਰੂਰੀ ਗੱਲ ਇਹ ਹੈ ਕਿ ਉਹ ਅਤੇ ਉਨ੍ਹਾਂ ਦੇ ਭਰਾ ਕਿਉਂਕਿ ਦਲਿਤ ਹਨ, ਇਸ ਲਈ ਉਨ੍ਹਾਂ ਨੂੰ ਸਤਾਇਆ ਜਾ ਰਿਹਾ ਹੈ। ਦੂਜੀ ਅਹਿਮ ਗੱਲ, ਕਿ ਭਾਜਪਾ ਨੂੰ ਆਪਣੇ ਖਾਤੇ 'ਚ ਆਏ 2 ਹਜ਼ਾਰ ਕਰੋੜ ਰੁਪਏ ਦਾ ਹਿਸਾਬ ਦੇਣਾ ਚਾਹੀਦਾ ਹੈ। ਤੀਜੀ ਗੱਲ, ਉਨ੍ਹਾਂ ਦਾ ਇਹ ਦਾਅਵਾ ਹੈ ਕਿ ਦਲਿਤਾਂ ਨੂੰ ਵੀ ਅਮੀਰ ਬਣਨ ਦਾ ਹੱਕ ਹੈ। ਇਨ੍ਹਾਂ ਗੱਲਾਂ ਦੀ

**ਅਭੈ ਕੁਮਾਰ ਦੂਬੇ**

ਤਿੰਨ ਤਰ੍ਹਾਂ ਆਲੋਚਨਾ ਕੀਤੀ ਜਾ ਸਕਦੀ ਹੈ।

ਪਹਿਲੀ, ਮਾਇਆਵਤੀ ਦੇ ਸਿਆਸੀ ਵਿਰੋਧੀ (ਜਿਵੇਂ ਭਾਜਪਾ) ਮਾਇਆਵਤੀ ਦੀਆਂ ਇਨ੍ਹਾਂ ਗੱਲਾਂ ਨੂੰ ਇਹ ਕਹਿ ਕੇ ਰੱਦ ਕਰ ਦੇਣਗੇ ਕਿ ਇਹ ਭ੍ਰਿਸ਼ਟਾਚਾਰ ਨਾਲ ਭਰੇ ਇਕ ਸਿਆਸੀ ਨੇਤਾ ਵਲੋਂ ਆਪਣੀ ਜਾਤੀਗਤ ਪਛਾਣ ਪਿੱਛੇ ਲੁਕਣ ਦੀ ਕੋਸ਼ਿਸ਼ ਹੈ। ਦੂਜੀ, ਜਨਤਕ ਜੀਵਨ ਵਿਚ ਭ੍ਰਿਸ਼ਟਾਚਾਰ ਨੂੰ ਆੜੇ ਹੱਥੀਂ ਲੈਣ ਵਾਲੇ ਲੋਕ ਕਹਿਣਗੇ ਕਿ ਇਹ ਨੇਤਾਵਾਂ ਵਲੋਂ ਕੀਤੇ ਜਾਣ ਵਾਲੇ ਭ੍ਰਿਸ਼ਟਾਚਾਰ ਦਾ ਇਕ ਹੋਰ ਨਮੂਨਾ ਹੈ। ਮੋਟੇ ਤੌਰ 'ਤੇ ਇਹ ਦੋਵੇਂ ਆਲੋਚਨਾਵਾਂ ਸਹੀ ਹਨ ਪਰ ਮੇਰੀ ਦਿਲਚਸਪੀ ਤੀਜੀ ਤਰ੍ਹਾਂ ਦੀ ਆਲੋਚਨਾ ਵਿਚ ਹੈ ਜੋ ਮੇਰੇ ਵਰਗੇ ਲੋਕਾਂ ਵਲੋਂ ਕੀਤੀ ਜਾਣੀ ਚਾਹੀਦੀ ਹੈ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਸਮਾਜਿਕ ਨਿਆਂ ਦੀ ਪੈਰੋਕਾਰੀ ਵਿਚ ਲਗਾਇਆ ਹੈ ਅਤੇ ਜੋ ਦਲਿਤਾਂ ਅਤੇ ਪੱਛੜੇ ਵਰਗਾਂ ਦੇ ਸਮਾਜਿਕ-ਸਿਆਸੀ-ਵਿੱਤੀ ਸਸ਼ਕਤੀਕਰਨ ਲਈ ਕੰਮ ਕਰਦੇ ਹਨ। ਇਹ ਲੋਕ ਉਹ ਹਨ, ਜਿਨ੍ਹਾਂ ਨੇ ਕਿਸੇ ਜ਼ਮਾਨੇ ਵਿਚ ਕਾਂਸ਼ੀਰਾਮ ਨੂੰ ਭਾਰਤੀ ਰਾਜਨੀਤੀ ਦਾ 'ਗੇਮ ਚੇਂਜਰ' ਕਿਹਾ ਸੀ। ਜਦੋਂ ਮਾਇਆਵਤੀ 3-3 ਵਾਰ ਭਾਜਪਾ ਦੇ ਸਮਰਥਨ ਨਾਲ ਮੁੱਖ ਮੰਤਰੀ ਬਣੀ ਸੀ ਤਾਂ ਇਨ੍ਹਾਂ ਲੋਕਾਂ ਨੇ ਮਾਇਆਵਤੀ ਨੂੰ ਇਹ ਕਹਿ ਕੇ ਬਰੀ ਕਰ ਦਿੱਤਾ ਸੀ ਕਿ ਹਿੰਦੂ ਫਿਰਕੂ ਪਾਰਟੀ ਨਾਲ ਬਹੁਜਨ ਆਧਾਰ ਵਾਲੀ ਪਾਰਟੀ ਦੇ ਗੱਠਜੋੜ ਨੂੰ ਚੰਗੀ ਨਿਗ੍ਹਾ ਦੇ ਨਾਲ ਦੇਖਣਾ ਚਾਹੀਦਾ ਹੈ। ਇਹ ਚੰਗੀ ਨਿਗ੍ਹਾ ਸਾਬਤ ਕਰਦੀ ਸੀ ਕਿ ਇਸ ਤਰ੍ਹਾਂ ਦੇ 'ਉਪਰੀ ਤੌਰ ਤੇ' ਮੌਕਾਪ੍ਰਸਤ ਲੱਗਣ ਵਾਲੇ ਗੱਠਜੋੜ ਅੰਤ ਦਲਿਤਾਂ ਨੂੰ ਸੱਤਾ ਦੇ ਨੇੜੇ ਲੈ ਜਾਣਗੇ, ਜਿਸ ਨਾਲ ਸਮਾਜ 'ਚ ਬਦਲਾਓ ਦੀ ਪ੍ਰਕ੍ਰਿਆ ਸ਼ੁਰੂ ਹੋਣ ਦੀ ਆਸ ਹੈ।

ਮੇਰੇ ਵਰਗੇ ਲੋਕਾਂ ਵਲੋਂ ਪੁੱਛਿਆ ਜਾਣਾ ਚਾਹੀਦਾ ਹੈ ਕਿ ਮਾਇਆਵਤੀ ਭਾਜਪਾ ਦੇ ਖਾਤੇ ਵਿਚ ਜਮ੍ਹਾਂ ਹਜ਼ਾਰਾਂ ਕਰੋੜ ਰੁਪਏ ਨੂੰ ਆਪਣੇ ਭਰਾ ਦੇ ਬੇਨਾਮੀ ਪਲਾਟ ਨਾਲ ਕਿਉਂ ਜੋੜ ਰਹੀ ਹੈ? ਇਹ ਦੋਵੇਂ ਤਾਂ ਵਖ-ਵਖ ਤਰ੍ਹਾਂ ਦੇ ਮਾਮਲੇ ਹਨ। ਪਾਰਟੀਆਂ ਚੋਣ ਲੜਨ ਅਤੇ ਅੱਜ ਕੱਲ੍ਹ ਪ੍ਰਚਲਿਤ ਹੋ ਗਈ ਮਹਿੰਗੀ ਸਿਆਸਤ ਕਰਨ ਦੇ ਲਈ ਕਾਨੂੰਨੀ (ਜਿਵੇਂ ਇਲੈਕਟੋਰਲ ਬਾਂਡ) ਅਤੇ ਗੈਰ ਕਾਨੂੰਨੀ ਤਰੀਕਿਆਂ ਨਾਲ ਕਾਲਾ ਧਨ ਜਮ੍ਹਾਂ ਕਰਦੀਆਂ ਹਨ। ਭਾਜਪਾ ਜਦੋਂ ਦੀ ਵੱਡੀ ਤਾਕਤ ਵਾਲੀ ਪਾਰਟੀ ਬਣੀ ਹੈ, ਉਦੋਂ ਤੋਂ ਉਸ ਨੇ ਅਜਿਹੀ ਆਰਥਿਕ ਗੋਲਬੰਦੀ ਦੇ ਰਿਕਾਰਡ ਤੋੜ ਦਿੱਤੇ ਹਨ। ਕਾਰਪੋਰੇਟ ਪੈਸਾ ਉਸੇ ਕੋਲ ਆ ਰਿਹਾ ਹੈ ਤੇ ਬਾਕੀ ਪਾਰਟੀਆਂ ਉਸ ਤੋਂ ਬਹੁਤ ਦੂਰ ਰਹਿ ਗਈਆਂ ਹਨ। ਜ਼ਾਹਰ ਹੈ ਕਿ ਭਾਜਪਾ ਕੋਲੋਂ ਇਸ ਗੱਲ ਦਾ ਜਵਾਬ ਲਿਆ ਜਾਣਾ ਚਾਹੀਦਾ ਹੈ।

ਨਾਲ ਹੀ ਕੀ ਇਹ ਧਿਆਨ ਰੱਖਣ ਦੀ ਲੋੜ ਨਹੀਂ ਹੈ ਕਿ ਬਹੁਜਨ ਸਮਾਜ ਪਾਰਟੀ ਸਮੇਤ ਦੂਜੀਆਂ ਪਾਰਟੀਆਂ ਦੀ ਸ਼ਿਕਾਇਤ ਖੁਦ ਨੂੰ ਭਾਜਪਾ ਜਿੰਨਾ ਧਨ ਜਮ੍ਹਾ ਨਾ ਕਰ ਪਾਉਣ ਦਾ ਮੌਕਾ ਨਾ ਮਿਲਣ ਨਾਲ ਜੁੜੀ ਹੋਈ ਹੈ। ਸਿਆਸੀ ਭ੍ਰਿਸ਼ਟਾਚਾਰ



ਦੀ ਦੁਨੀਆ ਵਿਚ ਇਸ ਤਰ੍ਹਾਂ ਦੀ ਆਰਥਿਕ ਗੋਲਬੰਦੀ 'ਸਿਆਸੀ ਪੈਸੇ' ਦੀ ਸ਼੍ਰੇਣੀ ਵਿਚ ਆਉਂਦੀ ਹੈ। ਇਹ ਸਿਆਸੀ ਪੈਸਾ ਕਿਤੇ ਘੱਟ ਅਤੇ ਕਿਤੇ ਜ਼ਿਆਦਾ ਹਰ ਪਾਰਟੀ ਦੇ ਕੋਲ ਆਉਂਦਾ ਹੈ। ਕਿਸੇ ਵੀ ਪਾਰਟੀ ਦਾ ਅਧਿਕਾਰਤ ਖਾਤਾ ਦੇਖ ਲਉ, ਇਹ ਪੈਸਾ ਸੈਂਕੜੇ ਕਰੋੜ ਰੁਪਏ ਦੀ ਸ਼ਕਲ ਵਿਚ ਦਿਖਾਈ ਦੇਵੇਗਾ। ਖੁਦ ਬਸਪਾ ਅਤੇ ਇਥੋਂ ਤੱਕ ਕਿ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਖਾਤਿਆਂ ਵਿਚ ਅਜਿਹੀਆਂ ਵਿਸ਼ਾਲ ਰਕਮਾਂ ਜਮ੍ਹਾ ਹਨ। ਜ਼ਾਹਿਰ ਹੈ ਕਿ ਜੇਕਰ ਭਾਜਪਾ ਇਸ ਲਈ ਵੱਡੀ ਹੱਦ ਤੱਕ ਜਵਾਬਦੇਹ ਹੈ ਤਾਂ ਇਹ ਪਾਰਟੀਆਂ ਵੀ ਜਵਾਬਦੇਹ ਹਨ। ਇਸ ਤਰ੍ਹਾਂ ਦੇ ਸਿਆਸੀ ਕਾਲੇ ਧਨ ਨੂੰ ਖਤਮ ਕਰਨ ਲਈ ਚੋਣ ਸੁਧਾਰਾਂ ਦੀ ਲੋੜ ਹੈ।

ਦਰਅਸਲ, ਮਾਇਆਵਤੀ ਦੇ ਭਰਾ ਦਾ ਮਾਮਲਾ ਸਿਆਸੀ ਧਨ ਦਾ ਹੈ ਹੀ ਨਹੀਂ। ਉਹ ਸਿਆਸੀ ਭ੍ਰਿਸ਼ਟਾਚਾਰ ਦੀ ਦੂਜੀ ਸ਼੍ਰੇਣੀ ਭਾਵ, 'ਨਿੱਜੀ ਧਨ' ਦਾ ਹੈ ਜਿਸ ਦੇ ਤਹਿਤ ਸੱਤਾ ਵਿਚ ਆਉਣ ਦੀ ਸੰਭਾਵਨਾ ਵਾਲੇ ਨੇਤਾ ਆਪਣੀ ਹੈਸੀਅਤ ਦੀ ਦੁਰਵਰਤੋਂ ਕਰ ਕੇ ਨਿੱਜੀ ਪੱਧਰ 'ਤੇ ਕਾਲਾ ਧਨ ਇਕੱਠਾ ਕਰਦੇ ਹਨ। ਇਹ ਪੈਸਾ ਹਵਾਲਾ ਰਾਹੀਂ ਜਾਂ ਤਾਂ ਸਵਿਸ ਬੈਂਕਾਂ ਵਿਚ ਜਾਂਦਾ ਹੈ ਜਾਂ ਫਿਰ ਇਸ ਨਾਲ ਬੇਨਾਮੀਆਂ ਜਾਇਦਾਦਾਂ ਖਰੀਦੀਆਂ ਜਾਂਦੀਆਂ ਹਨ।

ਦਿਲਚਸਪ ਗੱਲ ਇਹ ਹੈ ਕਿ ਸਾਡੇ ਦੇਸ਼ ਦੀ ਜਨਤਾ ਅਜਿਹੇ ਨੇਤਾਵਾਂ ਨੂੰ ਭ੍ਰਿਸ਼ਟ ਨਹੀਂ ਮੰਨਦੀ ਜੋ ਕਾਲਾ ਧਨ ਲੈ ਕੇ ਪਾਰਟੀ ਦੇ ਫੰਡ ਵਿਚ ਜਮ੍ਹਾਂ ਕਰ ਦਿੰਦੇ ਹਨ। ਜੈਨ ਹਵਾਲਾ ਡਾਇਰੀ ਵਾਲੇ ਮਾਮਲੇ ਵਿਚ ਤਾਂ ਐਲ.ਕੇ. ਅਡਵਾਨੀ ਅਤੇ ਸ਼ਰਦ ਪਵਾਰ ਜਿਹੇ ਲੋਕਾਂ ਦੇ ਨਾਂ ਵੀ ਸਨ ਪਰ ਹਵਾਲਾ ਦੀਆਂ ਰਕਮਾਂ ਪਾਰਟੀ ਫੰਡ ਵਿਚ ਦੇਣ ਕਾਰਨ ਅੱਜ ਉਨ੍ਹਾਂ ਨੂੰ ਕੋਈ ਭ੍ਰਿਸ਼ਟ ਕਹਿਣ ਦੀ ਜੁਰਅਤ ਨਹੀਂ ਕਰ ਸਕਦਾ ਪਰ ਉਨ੍ਹਾਂ ਲੋਕਾਂ ਨੂੰ ਅੱਜ ਵੀ ਭ੍ਰਿਸ਼ਟ ਮੰਨਿਆ ਜਾਂਦਾ ਹੈ ਜੋ ਅਜਿਹੀਆਂ ਰਕਮਾਂ ਖੁਦ ਹਜ਼ਮ ਕਰ ਗਏ। ਮਾਇਆਵਤੀ ਨੂੰ ਜਵਾਬ ਇਹ ਦੇਣਾ ਚਾਹੀਦਾ ਹੈ ਕਿ ਕਦੇ ਗਾਜ਼ੀਆਬਾਦ ਵਿਚ ਹਜ਼ਾਰ ਰੁਪਏ ਦੀ ਮਾਮੂਲੀ ਨੌਕਰੀ ਕਰਨ ਵਾਲੇ ਉਨ੍ਹਾਂ ਦੇ ਭਰਾ ਕੋਲ ਏਨੀ ਵੱਡੀ ਰਕਮ ਕਿਥੋਂ ਆਈ?

ਦੂਜਾ, ਕੀ ਦਲਿਤ ਕਾਲੇ ਧਨ ਦੇ ਰਾਹੀਂ ਹੀ ਆਪਣਾ ਸ਼ਕਤੀਕਰਨ ਕਰ ਸਕਦੇ ਹਨ? ਅੰਬੇਡਕਰ ਨੇ ਮੰਤਰ ਦਿੱਤਾ ਸੀ, 'ਵਿੱਦਿਆ ਹਾਸਲ ਕਰੋ, ਸੰਗਠਿਤ ਹੋਵੋ ਅਤੇ ਸੰਘਰਸ਼ ਕਰੋ।' ਉਨ੍ਹਾਂ ਨੇ ਕਾਲਾ ਧਨ ਇਕੱਠਾ ਕਰਨ ਦਾ ਮੰਤਰ ਨਹੀਂ ਦਿੱਤਾ ਸੀ। ਦੇਸ਼ ਵਿਚ ਰਾਖਵਾਂਕਰਨ ਦਾ ਫਾਇਦਾ ਚੁੱਕ ਕੇ ਇਕ ਵੱਡਾ ਦਲਿਤ ਵਰਗ, ਮੱਧਵਰਗ ਬਣਿਆ ਹੈ। ਦਲਿਤਾਂ ਵਿਚ ਉਦਮਸ਼ੀਲਤਾ ਪੈਦਾ ਕਰਨ ਲਈ ਉਨ੍ਹਾਂ ਦਾ 'ਚੈਂਬਰਸ ਆਫ ਕਾਮਰਸ' ਵਖਰਾ ਬਣਾਇਆ ਗਿਆ ਹੈ। ਖੁਦ ਬਸਪਾ ਜਿਹੀਆਂ ਪਾਰਟੀਆਂ ਨੇ ਦਲਿਤਾਂ ਵਿਚ ਵਾਜਬ ਕਿਸਮ ਦੀਆਂ ਸਿਆਸੀ ਅਤੇ ਲੋਕਤੰਤਰੀ ਇਛਾਵਾਂ ਪੈਦਾ ਕੀਤੀਆਂ ਹਨ। ਇਹ ਹਨ ਉਨ੍ਹਾਂ ਦੇ ਸ਼ਕਤੀਕਰਨ ਦੇ ਸਾਧਨ। ਮਾਇਆਵਤੀ ਅਤੇ ਅਨੰਦ ਕੁਮਾਰ ਦੇ ਰਸਤੇ ਰਾਹੀਂ ਦਲਿਤਾਂ ਦਾ ਸਸ਼ਕਤੀਕਰਨ ਨਹੀਂ ਹੋ ਸਕਦਾ।

ਦਲਿਤ ਅਤੇ ਓ.ਬੀ.ਸੀ. ਨੇਤਾਵਾਂ ਨੂੰ ਚਾਹੀਦਾ ਸੀ ਕਿ ਉਹ ਸੱਤਾ ਵਿਚ ਆਉਣ ਲਈ ਲੜੀਆਂ ਜਾਣ ਵਾਲੀਆਂ ਚੋਣਾਂ ਦਾ ਗੈਰ ਦਲਿਤ ਅਤੇ ਗੈਰ ਓ.ਬੀ.ਸੀ. ਪਾਰਟੀਆਂ ਦੇ ਮੁਕਾਬਲੇ ਵਖਰਾ ਮਾਡਲ ਪੇਸ਼ ਕਰਦੇ ਜੋ ਕਿਫਾਇਤੀ ਅਤੇ ਗੈਰ ਜਾਤੀਵਾਦੀ ਹੁੰਦਾ ਪਰ ਅਜਿਹਾ ਨਾ ਕਰਕੇ ਉਹ ਉਚੀਆਂ ਜਾਤਾਂ ਵਲੋਂ ਕੀਤੀ ਜਾਣ ਵਾਲੀ ਰਾਜਨੀਤੀ ਦੇ ਮਾਡਲ ਦੇ ਸਭ ਤੋਂ ਬੁਰੇ ਕਿਰਦਾਰ ਸਾਬਤ ਹੋਏ। ਨਤੀਜਾ ਇਹ ਨਿਕਲਿਆ ਕਿ ਅੱਜ ਜਨਤਕ ਜੀਵਨ ਵਿਚ ਉਨ੍ਹਾਂ ਦਾ ਅਕਸ ਬੁਰੀ ਤਰ੍ਹਾਂ ਨਾਲ ਡਿੱਗ ਚੁੱਕਾ ਹੈ। ਇਕ ਤਰ੍ਹਾਂ ਨਾਲ ਉਹ ਆਪਣੀਆਂ ਬਿਰਾਦਰੀਆਂ ਨੂੰ ਛੱਡ ਕੇ ਹੋਰ ਓ.ਬੀ.ਸੀ. ਅਤੇ ਦਲਿਤ ਬਿਰਾਦਰੀਆਂ ਦੇ ਨੇਤਾ ਵੀ ਨਹੀਂ ਰਹੇ।

ਖੁਦ ਬਹੁਜਨ ਸਮਾਜ ਪਾਰਟੀ ਅਤੇ ਲੋਕ ਸਭਾ ਚੋਣਾਂ ਵਿਚ ਉਨ੍ਹਾਂ ਦੀ ਸਹਿਯੋਗੀ ਰਹੀ ਸਮਾਜਵਾਦੀ ਪਾਰਟੀ ਦਾ ਹਸ਼ਰ ਇਸ ਦਾ ਸਭ ਤੋਂ ਵੱਡਾ ਪ੍ਰਮਾਣ ਹੈ। ਮਾਇਆਵਤੀ ਦੀ ਰਾਜਨੀਤੀ 2007 ਵਿਚ ਉਤਰ ਪ੍ਰਦੇਸ਼ ਵਿਚ ਪੂਰਨ ਬਹੁਮਤ ਹਾਸਲ ਕਰਨ ਨਾਲ ਸਿਖਰ 'ਤੇ ਪੁੱਜੀ ਸੀ ਪਰ ਉਸ ਤੋਂ ਬਾਅਦ ਪਿਛਲੇ 12 ਸਾਲ ਵਿਚ ਉਨ੍ਹਾਂ ਦਾ ਗ੍ਰਾਫ ਲਗਾਤਾਰ ਡਿੱਗਦਾ ਰਿਹਾ ਹੈ। ਇਹੀ ਹਾਲ ਸਮਾਜਵਾਦੀ ਪਾਰਟੀ ਦਾ ਹੈ, ਉਸ ਦਾ ਗ੍ਰਾਫ 2012 ਦੇ ਬਾਅਦ ਤੋਂ ਡਿੱਗਦਾ ਆ ਰਿਹਾ ਹੈ। ਇਨ੍ਹਾਂ ਨੇਤਾਵਾਂ ਦੀ ਅਸਫਲਤਾ ਦਾ ਲਾਭ ਭਾਜਪਾ ਨੂੰ ਮਿਲ ਰਿਹਾ ਹੈ। ਉਹ ਗੈਰ ਯਾਦਵ ਪੱਛੜਿਆਂ ਅਤੇ ਗੈਰ ਜਾਟਵ ਦਲਿਤਾਂ ਦੀ ਪਾਰਟੀ ਬਣਦੀ ਜਾ ਰਹੀ ਹੈ।

ਜੇ ਮਾਇਆਵਤੀ ਨੇ ਖੁਦ ਨੂੰ ਨਾ ਸੰਭਾਲਿਆ ਤਾਂ ਉਹ ਦਿਨ ਦੂਰ ਨਹੀਂ, ਜਦੋਂ ਉਨ੍ਹਾਂ ਦੀ ਆਪਣੀ ਬਿਰਾਦਰੀ (ਜਾਟਵ) ਦੇ ਵੋਟਰ ਵੀ ਉਨ੍ਹਾਂ ਨੂੰ ਹਮਾਇਤ ਦੇਣ ਤੋਂ ਹਿਚਕਿਚਾਉਣਗੇ ਉਦੋਂ ਨਾ ਤਾਂ ਬੇਨਾਮੀ ਜਾਇਦਾਦਾਂ ਉਨ੍ਹਾਂ ਦੇ ਕੰਮ ਆਉਣਗੀਆਂ ਅਤੇ ਨਾ ਹੀ ਪਾਰਟੀ ਦੇ ਖਾਤੇ ਵਿਚ ਜਮ੍ਹਾਂ ਸੈਂਕੜੇ ਕਰੋੜ ਦੀ ਰਕਮ। ਮਾਇਆਵਤੀ ਲਗਾਤਾਰ ਢਲਾਣ 'ਤੇ ਖਿਸਕ ਰਹੀ ਹੈ। ਅਫਸੋਸ ਤਾਂ ਇਹ ਹੈ ਕਿ ਉਨ੍ਹਾਂ ਦੇ ਨਾਲ ਸਮਾਜਿਕ ਨਿਆਂ ਦਾ ਸਿਧਾਂਤ ਅਤੇ ਸਿਆਸਤ ਵੀ ਖਿਸਕ ਰਹੀ ਹੈ।

---

## ਕਵੀ, ਜ਼ੁਬਾਨਬੰਦੀ ਅਤੇ ਸੱਤਾ ਦੀ ਮਨਮਾਨੀ

*(ਪਿਛਲੇ ਸਫੇ ਦੀ ਬਾਕੀ)*

ਅਤੇ ਕਵੀਆਂ ਦੀ ਕਲਮ ਬੰਗਾਲੀ 'ਮੀਆਂ' ਲੋਕਾਂ ਦੀ ਆਵਾਜ਼ ਬਣੀ। ਹੋ ਸਕਦਾ ਹੈ, ਬਹੁਤ ਸਾਰੇ ਲੋਕਾਂ ਨੂੰ ਇਹ ਕਵਿਤਾ ਅਤੇ ਇਸ ਦਾ ਮਨੋਰਥ ਪਸੰਦ ਨਾ ਹੋਵੇ; ਲੇਕਿਨ ਕਵੀਆਂ ਦੀ ਆਵਾਜ਼ ਨੂੰ ਦਬਾਉਣ ਲਈ ਦਰਜ ਕੀਤੇ ਕੇਸਾਂ ਦਾ ਹਰ ਇਨਸਾਫਪਸੰਦ ਨੂੰ ਵਿਰੋਧ ਕਰਨਾ ਚਾਹੀਦਾ ਹੈ, ਕਿਉਂਕਿ ਇਹ ਅਸਹਿਮਤੀ ਦੀ ਜ਼ੁਬਾਨਬੰਦੀ ਦੀ ਫਾਸ਼ੀਵਾਦੀ ਨੀਤੀ ਦਾ ਹਿੱਸਾ ਹਨ।

# ਖੇਡਾਂ ਅਤੇ ਨਸ਼ੇ: ਕੁਝ ਅਹਿਮ ਨੁਕਤੇ

ਖੇਡ ਖੇਤਰ ਵਿਚ ਡੋਪ ਜਾਂ ਨਸ਼ਿਆਂ ਦੀ ਹੋ ਰਹੀ ਵਰਤੋਂ ਬਾਰੇ ਗੱਲ ਕਰਨ ਤੋਂ ਪਹਿਲਾਂ ਆਮ ਨਸ਼ਿਆਂ 'ਤੇ ਚਾਨਣਾ ਪਾਉਣਾ ਜ਼ਰੂਰੀ ਹੈ। ਨਸ਼ੇ ਉਹ ਵਸਤੂਆਂ ਹਨ, ਜੋ ਕੁਦਰਤੀ ਉਪਜ ਜਾਂ ਪੌਦਿਆਂ ਤੋਂ ਬਣਦੇ ਹਨ ਜਿਵੇਂ ਅਫੀਮ, ਪੋਸਤ, ਡੋਡੇ, ਸੁੱਖਾ ਆਦਿ ਅਤੇ ਕੋਕੀਨ, ਸ਼ਰਾਬ, ਸਮੈਕ ਤੇ ਚਿੱਟਾ, ਇਹ ਸਾਰੇ ਰਸਾਇਣਕ ਤਰੀਕੀਆਂ ਨਾਲ ਬਣਾਏ ਜਾਂਦੇ ਹਨ। ਆਮ ਤੌਰ 'ਤੇ ਨਸ਼ਿਆਂ ਦੀ ਵਰਤੋਂ ਦਵਾਈਆਂ ਦੇ ਤੌਰ 'ਤੇ ਡਾਕਟਰੀ ਦੇਖਭਾਲ ਅਤੇ ਸਿਫਾਰਸ਼ ਨਾਲ ਹੀ ਲਾਹੇਵੰਦ ਸਾਬਤ ਹੁੰਦੀ ਹੈ। ਜੇ ਅਯੋਗ ਵਰਤੋਂ ਹੋ ਜਾਵੇ ਤਾਂ ਹਾਨੀਕਾਰਕ ਹੀ ਨਹੀਂ, ਸਗੋਂ ਕਈ ਵਾਰ ਜਾਨਲੇਵਾ ਹੋ ਸਕਦੀ ਹੈ, ਜਿਵੇਂ ਅੱਜ ਕੱਲ੍ਹ ਪੰਜਾਬ ਵਿਚ ਹਾਲਾਤ ਬਣੇ ਹੋਏ ਹਨ।



**ਦਲਬਾਰਾ ਸਿੰਘ ਮਾਂਗਟ**
ਫੋਨ: 269-267-9621

ਨਸ਼ਿਆਂ ਦੀ ਵਰਤੋਂ ਘਰ ਦੀ ਮਾੜੀ ਹਾਲਤ, ਮਾੜੇ ਸੰਗੀ-ਸਾਥੀ ਜਾਂ ਦੋਸਤੀਆਂ ਜੋ ਛੋਟੀ ਉਮਰ, ਫਿਰ ਜਵਾਨੀ ਅਤੇ ਵਡੇਰਿਆਂ ਵਿਚ ਚਲਦੀ ਰਹਿੰਦੀ ਹੈ। ਇਸ ਦਾ ਅਸਰ ਅਗਲੀ ਪੀੜ੍ਹੀ 'ਤੇ ਪੈਣ ਦੀ ਸੰਭਾਵਨਾ ਵਧ ਜਾਂਦੀ ਹੈ। ਨਸ਼ਿਆਂ ਦਾ ਅਸਰ ਦਿਮਾਗੀ ਸੋਚ ਸ਼ਕਤੀ 'ਤੇ ਐਸਾ ਪੈਂਦਾ ਹੈ ਕਿ ਗਲਤੀਆਂ ਵਾਲਾ ਪੱਖ ਭਾਰੂ ਹੋ ਜਾਂਦਾ ਹੈ; ਜਿਵੇਂ ਹਾਦਸਾ, ਦੰਗੇ, ਮਾਰ-ਕੁਟ ਅਤੇ ਕਤਲਾਂ ਤੱਕ ਦੀ ਨੌਬਤ ਆ ਜਾਂਦੀ ਹੈ, ਜਿਨ੍ਹਾਂ ਦਾ ਨਤੀਜਾ ਸਰੀਰਕ ਸੱਟਾਂ ਜਾਂ ਮੌਤ ਤੋਂ ਇਲਾਵਾ ਘਰੇ ਪੁਲਿਸ ਆਉਣ, ਫਿਰ ਕੋਰਟ-ਕਚਹਿਰੀਆਂ ਵਿਚ ਤਰੀਕਾਂ ਭੁਗਤਣ ਅਤੇ ਲੰਮੀ ਜੇਲ੍ਹ ਸਜ਼ਾ ਵਿਚ ਨਿਕਲਦਾ ਹੈ। ਇਸ ਹਾਲਤ ਵਿਚ ਘਰ ਪਾਟੋਧਾੜ ਹੋ ਜਾਂਦਾ ਹੈ, ਜੋ ਜ਼ਿੰਦਗੀ ਨੂੰ ਖੇਰੂੰ-ਖੇਰੂੰ ਕਰ ਦਿੰਦਾ ਹੈ।

ਇਨ੍ਹਾਂ ਤੋਂ ਬਚਾਉ ਦੇ ਤਰੀਕੇ ਉਹ ਚੰਗੀਆਂ ਗੱਲਾਂ ਹਨ, ਜੋ ਸੰਤੁਲਤ ਜੀਵਨ ਜਾਂ ਸੋਚਣੀ ਨੂੰ ਕਾਇਮ ਰੱਖਦੀਆਂ ਹਨ। ਇਹ ਤਾਂ ਹੀ ਹੋ ਸਕਦਾ ਹੈ, ਜੇ ਸਾਨੂੰ ਨਸ਼ਿਆਂ ਬਾਰੇ ਪੂਰੀ ਸੋਝੀ ਹੋਵੇ ਅਤੇ ਇਨ੍ਹਾਂ ਦੇ ਲਾਭ-ਹਾਨੀ ਦਾ ਪਤਾ ਹੋਵੇ। ਇਹ ਤਾਂ ਪਹਿਲਾਂ ਮਾਪਿਆਂ ਤੋਂ ਹੀ ਸ਼ੁਰੂ ਹੁੰਦੀ ਹੈ, ਕਿਉਂਕਿ ਬੱਚੇ ਸਕੂਲ ਤਾਂ ਬਾਅਦ ਵਿਚ ਜਾਂਦੇ ਹਨ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਵੀ ਨਸ਼ਿਆਂ ਦੇ ਮਾੜੇ ਪੱਖ ਦੀ ਜ਼ਰੂਰ ਵਿਦਿਆ ਦੇਣੀ ਚਾਹੀਦੀ ਹੈ ਅਤੇ ਜਾਣਕਾਰੀ ਦੇ ਨਾਲ-ਨਾਲ ਦੇਖਭਾਲ ਵੀ ਕਰੜੀ ਹੋਵੇ। ਅਮਰੀਕਾ, ਕੈਨੇਡਾ ਵਿਚ ਕਾਨੂੰਨ ਸਖਤ ਹਨ ਅਤੇ ਪੰਜਾਬ ਵਿਚ ਇਸ ਬਾਰੇ ਸਪੈਸ਼ਲ ਸੈਲ ਬਣ ਗਏ ਹਨ, ਪਰ ਕਾਨੂੰਨ ਹੀ ਕਾਫੀ ਨਹੀਂ, ਇਸ ਬਾਰੇ ਆਪ ਵੀ ਸੁਹਿਰਦ ਹੋਣਾ ਪੈਣਾ ਹੈ। ਭਾਵੇਂ ਕੋਈ ਸਰਕਾਰ ਇਨ੍ਹਾਂ 'ਤੇ ਪੂਰਾ ਕਾਬੂ ਨਹੀਂ ਪਾ ਸਕੀ ਅਤੇ ਇਹ ਧੰਦਾ ਅੱਜ ਚੋਰੀ ਛਿਪੇ ਨਸ਼ਿਆਂ ਦੀਆਂ ਗੋਲੀਆਂ, ਟੀਕੇ ਅਤੇ ਸੁੰਘਣ ਵਾਲੀਆਂ ਰਸਾਇਣ ਵਸਤੂਆਂ ਦੇ ਰੂਪ ਵਿਚ ਵਧ ਫੁਲ ਰਿਹਾ ਹੈ। ਇਸ ਕੰਮ ਵਿਚ ਸਿਆਸਤਦਾਨਾਂ ਦਾ ਨਾਂ ਵੀ ਉਭਰ ਕੇ ਆਉਂਦਾ ਹੈ। ਸਭ ਕੁਝ ਦੇਖਦਿਆਂ ਆਪਣੀ ਕੋਸ਼ਿਸ਼ ਹਰ ਪਰਿਵਾਰ, ਸਕੂਲ, ਕਮਿਊਨਿਟੀ, ਸਟੇਟ ਅਤੇ ਦੇਸ਼ ਪੱਧਰ 'ਤੇ ਜਾਰੀ ਰੱਖਣੀ ਚਾਹੀਦੀ ਹੈ; ਨਹੀਂ ਤਾਂ ਸਮਾਜ ਅੱਗੇ ਹੀ ਅੱਗੇ ਨਿਘਰਦਾ ਜਾਵੇਗਾ ਅਤੇ 'ਆਪੇ ਫਾਥੜੀਏ, ਤੈਨੂੰ ਕੌਣ ਛੁਡਾਵੇ' ਵਾਲਾ ਹਿਸਾਬ ਬਣਿਆ ਰਹੇਗਾ।

ਨਸ਼ਿਆਂ ਜਾਂ ਡੋਪ ਦਾ ਇਸਤੇਮਾਲ ਖੇਡ ਖੇਤਰ ਵਿਚ ਵੀ ਪਿਛਲੇ ਤਿੰਨ ਦਹਾਕਿਆਂ ਤੋਂ ਬਹੁਤ ਵੱਡੀ ਪੱਧਰ 'ਤੇ ਫੈਲਿਆ ਹੈ, ਜਿਸ ਦਾ ਅਸਰ ਇਹ ਹੈ ਕਿ ਕੰਪੀਟੀਸ਼ਨ ਵਿਚ ਡੋਜ਼ ਦਾ ਸਹਾਰਾ ਲੈ ਕੇ ਕੁਝ ਅਥਲੀਟ ਦੂਜੇ ਨੂੰ ਕਰਾਰੀ ਹਾਰ ਹੀ ਨਹੀਂ ਦਿੰਦੇ, ਸਗੋਂ ਨਵੇਂ ਰਿਕਾਰਡ ਵੀ ਬਣਾ ਲੈਂਦੇ ਹਨ। ਇਸ ਤਰ੍ਹਾਂ ਮਿਹਨਤੀ ਅਤੇ ਇਮਾਨਦਾਰ ਖਿਡਾਰੀ ਨੂੰ ਭਾਵੇਂ ਉਹ ਕਿਸੇ ਵੀ ਖੇਡ ਦਾ ਹੋਵੇ, ਨਿਰਾਸ਼ਾ ਝੱਲਣੀ ਪੈਂਦੀ ਹੈ। ਇਸ ਦੀ ਰੋਕਥਾਮ ਲਈ ਸੰਸਾਰ ਦੀ ਸਭ ਤੋਂ ਤਾਕਤਵਰ ਖੇਡ ਸੰਸਥਾ ਕੌਮਾਂਤਰੀ ਓਲੰਪਿਕ ਕਮੇਟੀ (ਆਈ.ਓ.ਸੀ.) ਨੂੰ ਸਖਤ ਕਦਮ ਚੁਕਣ ਲਈ ਮਜਬੂਰ ਹੋਣਾ ਪਿਆ ਅਤੇ 1994 ਵਿਚ ਫਰਾਂਸ ਦੇ ਪੈਰਿਸ ਸ਼ਹਿਰ ਵਿਚ ਮੀਟਿੰਗ ਬੁਲਾਈ ਗਈ। ਕਮੇਟੀ ਮੈਂਬਰਾਂ ਵੱਲੋਂ 'ਡੋਪ ਇਨ ਸਪੋਰਟਸ' ਤਹਿਤ ਅਨੇਕਾਂ ਸੁਝਾਅ ਰਖੇ ਗਏ, ਜਿਸ ਦਾ ਨਤੀਜਾ ਇਹ ਹੋਇਆ ਕਿ 1999 ਵਿਚ ਆਈ.ਓ.ਸੀ. ਨੇ ਵਰਲਡ ਐਂਟੀ ਡੋਪਿੰਗ ਏਜੰਸੀ (ਡਬਲਿਊ.ਏ.ਡੀ.ਏ. - ਵਾਡਾ) ਦੀ ਸਵਿਟਰਜ਼ਰਲੈਂਡ ਦੇ ਲਉਸਾਨੇ ਸ਼ਹਿਰ ਵਿਚ ਸਥਾਪਨਾ ਕਰ ਦਿੱਤੀ। ਇਸ ਨੂੰ 'ਨਵਾਂ ਡੈਕਲੇਰਸ਼ਨ' ਦੇ ਨਾਂ 'ਤੇ ਵੀ ਜਾਣਿਆ ਜਾਂਦਾ ਹੈ। ਇਸ ਦਾ ਹੈਡਕੁਆਰਟਰ ਮਾਂਟਰੀਅਲ (ਕੈਨੇਡਾ) ਵਿਚ ਬਣਾ ਦਿੱਤਾ ਗਿਆ ਅਤੇ ਸਵਿਟਰਜਰਲੈਂਡ ਨੂੰ ਰੀਜ਼ਨਲ ਆਫਿਸ, ਜੋ ਯੂਰਪ ਦੇਸ਼ਾਂ ਵਿਚ ਡੋਪ ਸਬੰਧੀ ਕੁਆਰਡੀਨੇਟ ਕਰਦਾ ਹੈ, ਬਣਾਇਆ ਗਿਆ।

ਇਸ ਤੋਂ ਇਲਾਵਾ ਅਫਰੀਕਾ, ਏਸ਼ੀਆ, ਲੈਟਿਨ ਅਮਰੀਕਾ ਵਿਚ ਬ੍ਰਾਂਚਾਂ ਖੋਲ੍ਹ ਦਿਤੀਆਂ ਗਈਆਂ, ਜੋ ਡੋਪਿੰਗ ਕੋਡ ਨੂੰ ਲਾਗੂ ਕਰਨ ਵਿਚ ਸਹਾਈ ਹੋਣਗੀਆਂ। ਇਸ ਫੈਸਲੇ ਨੂੰ 600 ਤੋਂ ਵੱਧ ਖੇਡ ਸੰਸਥਾਵਾਂ, ਨੈਸ਼ਨਲ ਫੈਡਰੇਸ਼ਨਾਂ ਨੇ ਕਬੂਲ ਕੀਤਾ। 'ਵਾਡਾ' ਨੂੰ ਅੱਧਾ ਖਰਚ ਆਈ.ਓ.ਸੀ. ਅਤੇ ਵੱਖ-ਵੱਖ ਬਾਨੀ ਗੌਰਮਿੰਟਾਂ ਤੇ ਨੈਸ਼ਨਲ ਆਰਗੇਨਾਈਜੇਸ਼ਨ ਵਲੋਂ ਮੁਹੱਈਆ ਕੀਤਾ ਜਾਂਦਾ ਹੈ। ਇਨ੍ਹਾਂ ਸੰਸਥਾਵਾਂ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਇਹ ਹੁੰਦੀ ਹੈ ਕਿ ਖਿਡਾਰੀ ਪਾਬੰਦੀ ਵਾਲੀ ਡਰੱਗ, ਜਿਵੇਂ ਬਰੈਂਡ ਸਬਸਟਾਂਸ, ਸਟੀਰਾਇਡ ਅਤੇ ਐਂਟੀ ਡੋਪਿੰਗ ਦਾ ਇਸਤੇਮਾਲ ਨਾ ਕਰਨ। ਕੁੱਲ 274 ਡਰੱਗਜ਼ ਹਨ, ਜੋ ਕਈ ਸਾਲਾਂ ਤੋਂ ਐਂਟੀ ਡੋਪਿੰਗ ਦੇ ਤੌਰ 'ਤੇ ਵਰਤੀਆਂ ਜਾਂਦੀਆਂ ਹਨ। ਇਸ ਵਿਚ ਡਾਕਟਰ-ਫਿਜ਼ੀਸ਼ੀਅਨ

WORLD
ANTI-DOPING
AGENCY
play true




ਵਲੋਂ ਖਿਡਾਰੀਆਂ ਨੂੰ ਖੁਰਾਕ ਦੇ ਤੌਰ 'ਤੇ ਦੇਣਾ ਵੱਡਾ ਕਾਰਨ ਬਣਿਆ। ਇਹ ਵੀ ਇਕ ਵਜ੍ਹਾ ਹੈ ਕਿ 'ਵਾਡਾ' ਵੱਲੋਂ ਡਰੱਗੀ ਖਿਡਾਰੀਆਂ ਉਤੇ ਪਾਬੰਦੀ ਲਾਈ ਗਈ, ਜਿਸ ਵਿਚ ਸਭ ਦਾ ਨਾਂ ਦੇਣਾ ਤਾਂ ਸੰਭਵ ਨਹੀਂ ਪਰ ਕੁਝ ਚੋਟੀ ਦੇ ਖਿਡਾਰੀਆਂ ਦਾ ਹਵਾਲਾ ਦੇਣਾ ਜ਼ਰੂਰੀ ਹੈ:

ਦੋ ਕੀਨੀਅਨ ਅਥਲੀਟਾਂ (ਜੋਅ ਸਾਕਾਰੀ ਅਤੇ ਫਰੈਨਸਿਸਕਾ ਮਾਨੂੰਗਾ) ਉਤੇ 2015 ਦੀ ਵਿਸ਼ਵ ਚੈਂਪੀਅਨਸ਼ਿਪ ਲਈ ਪਾਬੰਦੀ ਲਾਈ ਗਈ ਅਤੇ ਉਥੋਂ ਦੀ ਹੀ ਰੀਟਾ ਜੈਪਟੂ ਨੂੰ ਦੋ ਸਾਲ ਲਈ ਕੱਢ ਦਿੱਤਾ ਗਿਆ। ਉਸ ਨੇ ਦੋ ਵਾਰ ਸ਼ਿਕਾਗੋ ਅਤੇ ਤਿੰਨ ਵਾਰ ਬੋਸਟਨ ਮੈਰਾਥਨ ਜਿੱਤੀ ਸੀ।

1988 ਦੀਆਂ ਸਿਓਲ (ਕੋਰੀਆ) ਓਲੰਪਿਕ ਖੇਡਾਂ ਵਿਚ 100 ਮੀਟਰ ਦਾ ਰਿਕਾਰਡ ਕਾਇਮ ਕਰਨ ਵਾਲੇ ਕੈਨੇਡਾ ਦੇ ਜੋਨਸਨ ਨੂੰ ਸਸਪੈਂਡ ਕਰ ਦਿੱਤਾ ਗਿਆ ਸੀ।

ਛੇ ਵਾਰੀ 'ਟੂਰ-ਡੀ-ਫਰਾਂਸ' ਸਾਈਕਲਿੰਗ ਰੇਸ ਜਿੱਤਣ ਵਾਲੇ ਅਮਰੀਕੀ ਲੈਂਨਸ ਆਰਮਸਟਰੌਂਗ ਉਪਰ ਪੱਕੀ ਪਾਬੰਦੀ ਲਾਈ ਗਈ ਅਤੇ ਨਾਈਕੀ ਵਰਗੀਆਂ ਸਪੋਰਟਸ ਕਿਟਿੰਗ ਕੰਪਨੀਆਂ ਵਲੋਂ ਉਸ ਦੇ ਖਿਲਾਫ ਕੋਰਟ ਵਿਚ ਰਿਟ ਦਰਜ ਕਰਵਾਈ ਗਈ।

ਅਮਰੀਕਾ ਦੀ ਹੀ ਮੇਰੀਅਨ ਜੋਨਜ਼, ਜਿਸ ਨੇ 2000 ਸਿਡਨੀ (ਆਸਟਰੇਲੀਆ) ਓਲੰਪਿਕ ਵਿਚ ਤਿੰਨ ਗੋਲਡ ਮੈਡਲ ਜਿੱਤ ਕੇ ਇਤਿਹਾਸ ਸਿਰਜਿਆ ਸੀ, ਉਪਰ ਵੀ ਪੱਕੀ ਪਾਬੰਦੀ ਲਾ ਦਿਤੀ ਗਈ ਅਤੇ ਜਿੱਤੇ ਮੈਡਲ ਵਾਪਿਸ ਲੈ ਲਏ ਗਏ।

ਰੂਸੀ ਅਥਲੀਟਾਂ ਨੂੰ ਡੋਪਿੰਗ ਇਸਤੇਮਾਲ ਕੀਤੇ ਜਾਣ 'ਤੇ 2016 ਦੀਆਂ ਰੀਓ-ਡੀ-ਜਨੇਰੋ ਓਲੰਪਿਕ ਖੇਡਾਂ ਵਿਚ ਹਿੱਸਾ ਲੈਣ 'ਤੇ ਪਾਬੰਦੀ ਲਾਈ ਗਈ। ਰੂਸ ਦੀ ਗਰੈਂਡ ਸਲੈਮ ਜੇਤੂ ਟੈਨਿਸ ਖਿਡਾਰੀ ਮਾਰੀਆ ਸ਼ਾਰਾਪੋਵਾ ਨੂੰ ਇਕ ਸਾਲ ਲਈ ਟੂਰਨਾਮੈਂਟਾਂ ਵਿਚ ਹਿੱਸਾ ਲੈਣ 'ਤੇ ਰੋਕ ਲਾਈ ਗਈ।

ਇਹੀ ਨਹੀਂ, 2018 ਦੇ ਆਸਰੇਲੀਅਨ ਓਪਨ ਟੈਨਿਸ ਵਿਚ ਹਿੱਸਾ ਲੈਣ ਵਾਲੀ ਰੋਮਾਨੀਆ ਦੀ ਸੁਪਰ ਸਟਾਰ ਸਿਮੋਨਾ ਹੈਲਪ ਨੂੰ ਸ਼ੱਕ ਦੇ ਤੌਰ 'ਤੇ ਟੂਰਨਾਮੈਂਟ ਵਿਚੋਂ ਡਰੱਗ ਟੈਸਟ ਲਈ ਮਜਬੂਰ ਹੋਣਾ ਪਿਆ ਸੀ।

ਪਰ ਕੀ ਇਹ ਨਿਯਮ ਭਾਰਤੀ ਖਿਡਾਰੀਆਂ 'ਤੇ ਲਾਗੂ ਨਹੀਂ ਹੁੰਦੇ, ਭਾਵ ਹਰਿਆਣਾ ਦਾ ਬਾਕਸਿੰਗ ਸਟਾਰ ਵਰਿੰਦਰ ਸਿੰਘ ਡਰੱਗ ਸਮੇਤ ਫੜਿਆ ਗਿਆ ਸੀ, ਪਰ ਪਤਾ ਨਹੀਂ ਕਿਸ ਮਜਬੂਰੀ ਜਾਂ ਦਬਾਅ ਹੇਠ ਕੇਸ ਰਫਾ-ਦਫਾ ਕਰ ਦਿੱਤਾ ਗਿਆ।

ਭਾਰਤੀ ਓਲੰਪਿਕ ਸੰਘ ਨੇ ਉਚੇ ਪੱਧਰ 'ਤੇ ਖੇਡਾਂ ਕਰਵਾਉਣ ਦੀ ਦਲੀਲ ਰੱਖੀ ਹੈ; ਜਿਵੇਂ 2020 ਵਿਚ ਏਸ਼ਿਆਈ ਖੇਡਾਂ, 2016 ਵਿਚ ਯੂਥ ਓਲੰਪਿਕ ਅਤੇ 2032 ਵਿਚ ਓਲੰਪਿਕ ਖੇਡਾਂ। ਇਹ ਦੂਜਾ ਮੌਕਾ ਹੈ ਕਿ ਭਾਰਤ ਵਲੋਂ ਓਲੰਪਿਕ ਲਈ ਸਿਫਾਰਸ਼ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ 1988 ਵਿਚ ਸਿਓਲ (ਕੋਰੀਆ) ਵਿਖੇ ਬਿਡ ਦਿੱਤੀ ਗਈ ਸੀ, ਪਰ ਕੋਈ ਭਰਵਾਂ ਹੁੰਗਾਰਾ ਨਹੀਂ ਸੀ ਮਿਲਿਆ। ਜੇ ਇਨ੍ਹਾਂ ਵਿਚੋਂ ਕੋਈ ਇਕ ਈਵੈਂਟ ਕਰਵਾਉਣ ਦੀ ਇਜਾਜ਼ਤ ਮਿਲ ਜਾਂਦੀ ਹੈ ਤਾਂ ਭਾਰਤੀ ਓਲੰਪਿਕ ਸੰਘ ਨੂੰ 'ਵਾਡਾ' ਦੇ ਨਿਯਮਾਂ ਦੀ ਪੂਰਾ ਪਾਲਣਾ ਹੀ ਨਹੀਂ, ਸਗੋਂ 'ਡੋਪਿੰਗ ਫਰੀ ਵਰਲਡ' ਦੇ ਨਾਅਰੇ 'ਤੇ ਵੀ ਪਹਿਰਾ ਦੇਣਾ ਪਵੇਗਾ।

ਆਈ.ਓ.ਸੀ. ਦੇ ਪ੍ਰਧਾਨ ਥੌਮਸ ਬੱਕ ਨੇ ਖੇਡ ਖੇਤਰ ਵਿਚ ਡਰੱਗ ਬਾਰੇ ਸਖਤੀ ਨਾਲ ਨਜਿੱਠਣ ਲਈ ਹੁਕਮ ਜਾਰੀ ਕੀਤੇ ਹਨ ਅਤੇ 'ਵਾਡਾ' ਨੂੰ ਹੋਂਦ ਵਿਚ ਲਿਆਉਣ ਦਾ ਵੱਡਾ ਕਾਰਨ ਇਹੋ ਸੀ ਕਿ ਪਾਬੰਦੀ ਵਾਲੀ ਡਰੱਗ ਨੂੰ ਅਮਲੀਜਾਮਾ ਪਹਿਨਾਇਆ ਜਾਵੇ ਤਾਂ ਕਿ ਕੋਈ ਵੀ ਖਿਡਾਰੀ ਐਂਟੀ ਡੋਪਿੰਗ ਦਾ ਇਸਤੇਮਾਲ ਕਰਕੇ ਵਿਰੋਧੀ ਖਿਡਾਰੀਆਂ ਨੂੰ ਧੋਖਾ ਦੇ ਕੇ ਫਾਇਦਾ ਨਾ ਲੈ ਸਕੇ। ਅਜਿਹਾ ਕਰਨ ਨਾਲ ਸਪੋਰਟਸ ਇੰਡਸਟਰੀ ਵਲੋਂ ਖਿਡਾਰੀਆਂ ਨੂੰ ਕੀਤੀ ਜਾ ਰਹੀ ਕਿਟਿੰਗ ਅਤੇ ਹਜ਼ਾਰਾਂ ਡਾਲਰ ਦੀ ਰਿਕਵਰੀ ਲਈ ਕੋਰਟ ਕਚਹਿਰੀ ਦਾ ਦਰਵਾਜਾ ਨਾ ਖੜਕਾਉਣਾ ਪਵੇ।

ਇਨ੍ਹਾਂ ਸਭ ਸਮੱਸਿਆਵਾਂ ਦੇ ਹੱਲ ਲਈ 'ਵਾਡਾ' ਨੂੰ ਐਂਟੀ ਡੋਪਿੰਗ ਕੋਡ ਤੇ ਨੱਥ ਪਾਉਣ ਲਈ ਕੁਝ ਰਿਸਰਚ, ਐਜੂਕੇਸ਼ਨ ਅਤੇ ਰਸਾਇਣਕ ਕਦਮ ਉਠਾਉਣੇ ਚਾਹੀਦੇ ਹਨ, ਜਿਸ ਨਾਲ ਸ਼ੱਕੀ ਖਿਡਾਰੀ ਦਾ ਮੁਕਾਬਲੇ ਤੋਂ ਪਹਿਲਾਂ ਡੋਪ ਟੈਸਟ ਕਰਕੇ ਫੈਸਲਾ ਕਰ ਦੇਣਾ ਚਾਹੀਦਾ ਹੈ ਤਾਂ ਕਿ ਸਾਲਾਂ ਬੱਧੀ ਉਡੀਕ ਨਾ ਕਰਨੀ ਪਵੇ ਅਤੇ ਨਾ ਹੀ ਉਨ੍ਹਾਂ ਡਰੱਗੀ ਖਿਡਾਰੀਆਂ ਵਲੋਂ ਜਿੱਤੇ ਮੈਡਲ ਵਾਪਿਸ ਕਰਨ ਦੀ ਨੌਬਤ ਆਵੇ। ਇਸ ਦੇ ਨਾਲ ਹੀ ਕਿਟਿੰਗ ਬਾਰੇ ਕੰਪਨੀਆਂ ਜਿਵੇਂ ਨਾਈਕੀ, ਏਸਿਕਸ, ਪੂਮਾ, ਫਿਲਾ ਆਦਿ ਨੂੰ ਵੀ ਸਖਤ ਕਾਨੂੰਨ ਅਪਨਾਉਣੇ ਚਾਹੀਦੇ ਹਨ। ਆਈ.ਓ.ਸੀ. ਵਲੋਂ ਖੇਡ ਸਟੇਡੀਅਮ ਵਿਚ 'ਡਰੱਗ ਫਰੀ ਸਪੋਰਟਸ' ਦੇ ਸਾਈਨ ਲਾਉਣਾ ਵੀ ਵਧੀਆ ਉਪਰਾਲਾ ਹੋਵੇਗਾ।

---

# ਜੇ ਆਈ ਪੱਤਝੜ ਤਾਂ ਫੇਰ ਕੀ ਹੈ...

ਕਦੇ ਅਸਾਂ ਹਾਕੀ ਦੇ ਖਿਡਾਰੀ ਪਰਗਟ ਸਿੰਘ ਨੂੰ ਕਿਹਾ ਸੀ, "ਪਰਗਟ, ਤੂੰ ਪਰਗਟ ਈ ਰਹੀਂ।" ਸ਼ੁਕਰ ਕੀਤਾ ਉਹ ਪਰਗਟ ਈ ਰਿਹਾ। ਫਿਰ ਕ੍ਰਿਕਟ ਦੇ ਖਿਡਾਰੀ ਨਵਜੋਤ ਸਿੰਘ ਸਿੱਧੂ ਨੂੰ ਕਿਹਾ ਸੀ, "ਨਵਜੋਤ, ਤੂੰ ਨਵਜੋਤ ਈ ਰਹੀਂ।"

ਖੇਡ ਪ੍ਰੇਮੀਆਂ ਨੂੰ ਮਾਣ ਹੈ ਕਿ ਸਿੱਧੂ ਸੱਚਾ ਸਪੋਰਟਸਮੈਨ ਹੈ। ਸੱਚਾ ਸਪੋਰਟਸਮੈਨ ਅੰਦਰੋ-ਅੰਦਰੀ ਵਿਰੋਧੀ ਟੀਮ ਨਾਲ ਰਲ ਮਿਲ ਕੇ ਨਹੀਂ, ਸਗੋਂ ਦਿਲ ਗੁਰਦੇ ਨਾਲ ਸਾਹਵੀਂ ਤੇ ਸੁਥਰੀ ਖੇਡ ਖੇਡਦੈ ਅਤੇ ਕਿਸੇ ਲੋਭ ਲਾਲਚ ਵਿਚ ਨਹੀਂ

**ਪ੍ਰਿੰ. ਸਰਵਣ ਸਿੰਘ**

ਆਉਂਦਾ। ਇਸੇ ਲਈ ਉਹ ਨੂਰਾ ਕੁਸ਼ਤੀ ਕਰਨ ਵਾਲਿਆਂ ਦੀਆਂ ਅੱਖਾਂ 'ਚ ਰੜਕਦੈ। ਪੰਜਾਬ ਨੂੰ ਆਪਣੇ ਇਸ ਪੁੱਤਰ ਤੋਂ ਬਹੁਤ ਆਸਾਂ ਤੇ ਉਮੀਦਾਂ ਹਨ। ਪੰਜਾਬ ਦੀ ਜਨਤਾ ਉਸ ਨੂੰ ਭਵਿੱਖ ਦੇ ਮੁੱਖ ਮੰਤਰੀ ਵਜੋਂ ਵੇਖ ਰਹੀ ਹੈ। ਉਸ ਨੇ ਹੁਣ ਤਕ ਜੋ ਕੁਝ ਕੀਤੈ, ਉਹਦੇ ਤੋਂ ਜਾਪਦੈ ਪੰਜਾਬ ਦਾ ਭਵਿੱਖ ਅਜਿਹੇ ਈਮਾਨਦਾਰ ਤੇ ਸੱਚੇ-ਸੁੱਚੇ ਲੀਡਰ ਹੀ ਸੰਵਾਰ ਸਕਦੇ ਹਨ। ਅਜੇ ਤਕ ਉਹਦੇ 'ਤੇ ਕਿਸੇ ਵੱਢੀ ਠੋਰੀ ਦਾ ਕੋਈ ਦਾਗ ਨਹੀਂ ਲੱਗਾ। ਜੇ ਚਾਹੁੰਦਾ ਤਾਂ ਉਹ ਵੀ ਸਿਆਸੀ ਧੰਦਾ ਕਰਨ ਵਾਲੇ ਕਈ ਹੋਰਨਾਂ ਨੇਤਾਵਾਂ ਵਾਂਗ ਬੋਰੀਆਂ ਭਰ ਸਕਦਾ ਸੀ, ਪਰ ਉਹ ਪੰਜ ਦਵੰਜੀ ਦੇ ਚੱਕਰਾਂ ਵਿਚ ਨਹੀਂ ਪਿਆ। ਕੋਈ ਮਾਫੀਆ ਨਹੀਂ ਬਣਾਇਆ।

ਪਰਿਵਾਰ ਦੀਆਂ ਜੇਬਾਂ ਭਰਨ ਭਰਾਉਣ ਦੀ ਥਾਂ ਉਹ ਆਪਣੀਆਂ ਜੇਬਾਂ ਖਾਲੀ ਕਰ ਰਿਹੈ। ਲੋੜਵੰਦਾਂ ਨੂੰ ਖੜ੍ਹੇ ਪੈਰ ਮਦਦ ਦੇ ਰਿਹੈ। ਹਾਲਾਂਕਿ ਉਹ ਨਾ ਕੋਈ ਰਜਵਾੜਾ ਹੈ, ਨਾ ਜਗੀਰਦਾਰ। ਉਹਦੀ ਪਤਨੀ ਤੇ ਪੁੱਤਰ ਨੂੰ ਸਰਕਾਰ ਨੇ ਉਨ੍ਹਾਂ ਦੀ ਕਾਬਲੀਅਤ ਅਨੁਸਾਰ ਸਰਕਾਰੀ ਅਹੁਦੇ ਦਿੱਤੇ, ਪਰ ਪਰਿਵਾਰ ਨੇ ਵਾਪਸ ਕਰ ਦਿੱਤੇ ਕਿ ਅਸੀਂ ਲੋਕ ਸੇਵਾ ਲਈ ਸਿਆਸਤ ਵਿਚ ਆਏ ਹਾਂ, ਲਾਰੇ ਲਾ ਕੇ ਮੇਵੇ ਲੈਣ ਲਈ ਨਹੀਂ। ਅਜਿਹਾ ਕਰ ਕੇ ਉਸ ਨੇ ਧਨਵਾਨ ਸਿਆਸੀ ਨੇਤਾਵਾਂ ਨੂੰ ਚੈਲੰਜ ਦਿੱਤਾ ਸੀ, ਪਈ ਜੇ 'ਰਾਜ ਨਹੀਂ ਸੇਵਾ' ਕਰਨ ਦਾ ਚਾਓ ਹੈ ਤਾਂ ਆਓ ਨਿੱਜੀ ਪਰਿਵਾਰ ਪ੍ਰਸਤੀ ਛੱਡ ਕੇ ਲੋਕਾਂ ਦੀ ਨਿਸ਼ਕਾਮ ਸੇਵਾ ਕਰੀਏ।

ਨਵਜੋਤ ਸਿੰਘ ਸਿੱਧੂ ਜੁਝਾਰੂ ਖਿਡਾਰੀ ਹੈ। ਹਾਰ ਸਹਿਣੀ ਤੇ ਜਿੱਤ ਪਚਾਉਣੀ ਜਾਣਦੈ। ਇਸੇ ਕਰਕੇ ਔਖੀਆਂ ਘੜੀਆਂ 'ਚ ਵੀ ਡੋਲਣੋਂ ਬਚ ਜਾਂਦਾ ਰਿਹੈ। ਵੱਡੇ ਅਹੁਦਿਆਂ ਨੂੰ ਲੱਤ ਮਾਰਨ ਦਾ ਜੇਰਾ ਰੱਖਦੈ। ਅਣਖੀਲਾ ਹੋਣ ਕਰਕੇ ਅਨਿਆਂ ਅੱਗੇ ਸਿਰ ਚੁੱਕਦੈ। ਡਾਢਿਆਂ ਨਾਲ ਪੰਗਾ ਲੈਂਦੈ। ਕਦੇ ਕਦੇ ਬੋਲ ਕਬੋਲ ਵੀ ਕਰ ਬੈਠਦੈ। ਉਂਜ ਗੱਲਾਂ ਪਤੇ ਦੀਆਂ ਕਰਦੈ। ਉਤੋਂ ਉਤੋਂ ਨਹੀਂ, ਢਿੱਡ 'ਚੋਂ ਬੋਲਦੈ। ਲੈਕਚਰ ਐਸਾ ਜੋਸ਼ੀਲਾ ਕਰਦੈ ਕਿ ਕਿਸੇ ਨੂੰ ਚੁੱਕਣ ਲੱਗੇ ਤਾਂ ਅਸਮਾਨ 'ਤੇ ਚਾੜ੍ਹ ਦਿੰਦੈ, ਡੇਗਣ ਲੱਗੇ ਤਾਂ ਪਤਾਲ 'ਚ ਪਟਕਾ ਮਾਰਦੈ। ਸ਼ਾਇਰੀ, ਚੁਟਕਲਿਆਂ ਤੇ ਅਖਾਣਾਂ-ਮੁਹਾਵਰਿਆਂ ਨਾਲ ਲੈਸ ਧੂੰਆਂਧਾਰ ਭਾਸ਼ਣ ਦਿੰਦੈ। 'ਠੋਕੋ ਤਾਲੀ' ਤੇ 'ਚੱਕ-ਲੋ ਚੱਕ-ਲੋ' ਵੀ ਕਰਦਾ/ ਕਰਵਾਉਂਦੈ। ਵਿਰੋਧੀਆਂ 'ਤੇ ਵਿਅੰਗ-ਬਾਣ ਛੱਡਣੋਂ ਵੀ ਬਾਜ ਨਹੀਂ ਆਉਂਦਾ। ਕਿਰਦਾਰ, ਗੁਫਤਾਰ ਤੇ ਦਸਤਾਰ ਵੱਲੋਂ ਪੰਜਾਬੀਆਂ ਦਾ ਰੋਲ ਮਾਡਲ ਬਣ ਗਿਆ ਹੋਇਐ।

ਉਹਦੀ ਮੁਢਲੀ ਮਸ਼ਹੂਰੀ ਕ੍ਰਿਕਟ ਦੀ ਖੇਡ ਵਿਚ ਮਾਰੇ ਚੌਕੇ ਛਿੱਕਿਆਂ ਨਾਲ ਹੋਈ ਸੀ। ਫਿਰ



ਕ੍ਰਿਕਟ ਦੀ ਫਰਾਟੇਦਾਰ ਕੁਮੈਂਟਰੀ ਤੇ ਟੀ. ਵੀ. ਦੇ ਹਾਸਰਸੀ ਸ਼ੋਆਂ ਨਾਲ ਉਹਦੀ ਮਹਿਮਾ ਦਾ ਕੋਈ ਹੱਦ ਬੰਨਾ ਨਾ ਰਿਹਾ-ਨਾਵੇਂ ਵੱਲੋਂ ਵੀ ਤੇ ਨਾਮਣੇ ਵੱਲੋਂ ਵੀ। ਸਿਆਸਤ ਵਿਚ ਤਾਂ ਉਹ ਸਬੱਬੀਂ ਖਿੱਚਿਆ ਗਿਆ। ਐਸਾ ਖਿੱਚਿਆ ਗਿਆ ਕਿ ਨਾ ਫਿਰ ਉਸ ਨੂੰ ਸਿਆਸਤ ਦੇ ਕੰਬਲ ਨੇ ਛੱਡਿਐ ਤੇ ਨਾ ਉਹ ਕੰਬਲ ਛੱਡਣ ਜੋਗਾ ਰਿਹਾ। ਬੇਸ਼ਕ ਉਸ ਨੇ ਸਿਆਸਤ ਦੀਆਂ ਕਈ ਪਾਰੀਆਂ ਖੇਡ ਲਈਆਂ ਨੇ, ਪਰ ਫਾਈਨਲ ਮੈਚ ਖੇਡਣਾ ਅਜੇ ਬਾਕੀ ਹੈ। ਜਿਵੇਂ ਉਹ ਜੋਸ਼ ਨਾਲ ਖੇਡ ਰਿਹੈ, ਮੈਨ ਆਫ ਦੀ ਮੈਚ ਵੀ ਬਣ ਸਕਦੈ। ਬਿਨਾ ਸ਼ੱਕ ਦਰਸ਼ਕ ਉਸ ਨੂੰ ਮੈਨ ਆਫ ਦੀ ਮੈਚ ਬਣਿਆ ਵੇਖਣਾ ਚਾਹੁੰਦੇ ਹਨ। ਚਾਹੁੰਦੇ ਹਨ ਕਿ ਹੰਨੇ ਜਾਂ ਬੰਨੇ ਖੇਡਣ ਦੀ ਥਾਂ ਹਾਲੇ ਰਤਾ ਬਚ ਬਚਾਅ ਕੇ ਖੇਡੇ। ਆਉਂਦੇ ਦਿਨਾਂ 'ਚ ਸਿਆਸੀ ਖੇਡ ਦਾ ਉਹ ਸਿਖਰਲਾ ਪਲ ਆ ਰਿਹੈ, ਜਦੋਂ ਉਹਨੂੰ ਆਲ ਆਊਟ ਖੇਡਣਾ ਪੈ ਸਕਦੈ। ਉਦੋਂ ਜੇ ਉਹ ਆਊਟ ਹੋ ਵੀ ਜਾਵੇ ਤਾਂ ਘਬਰਾਵੇ ਨਾ। ਉਦੋਂ ਹੋਣਹਾਰ ਖਿਡਾਰੀਆਂ ਦੀ ਹੋਣਹਾਰ ਟੀਮ ਉਸ ਨੂੰ ਜੀ ਆਇਆਂ ਕਹਿਣ ਨੂੰ ਤਿਆਰ-ਬਰ-ਤਿਆਰ ਹੋਵੇਗੀ ਅਤੇ ਉਹ ਪੁਰਾਣੀਆਂ ਟੀਮਾਂ ਦੇ ਕਪਤਾਨਾਂ ਵੱਲੋਂ ਰਲ ਮਿਲ ਕੇ ਖੇਡਣ ਦੇ ਬਾਵਜੂਦ ਤਕੜੀ ਸਾਬਤ ਹੋਵੇਗੀ।


ਪਿਛੇ ਜਿਹੇ ਅੰਮ੍ਰਿਤਸਰ 'ਚ ਇਕ ਅਵਾਰਾ ਸਾਨ੍ਹ ਉਹਦੇ ਮਗਰ ਪੈ ਗਿਆ ਸੀ, ਪਰ ਉਹ ਬਿਨਾ ਸੱਟ ਫੇਟ ਖਾਧੇ ਬਚ ਗਿਆ ਸੀ। ਹਾਲੇ ਵੀ ਉਹ ਅਵੇਸਲਾ ਨਾ ਹੋਵੇ। ਅਜੇ ਉਹਦੀ ਪਾਰਟੀ ਦੇ ਕਈ ਮਾਰਖੰਡੇ ਸਾਨ੍ਹ ਉਹਦੇ ਮਗਰ ਪੈਣੇ ਹਨ। ਉਨ੍ਹਾਂ ਦੀਆਂ ਢੁੱਡਾਂ ਨੂੰ ਉਨ੍ਹਾਂ ਦੇ ਆਕਾਵਾਂ ਨੇ ਅਨੁਸ਼ਾਸਨ ਤੋੜਨਾ ਨਹੀਂ ਕਹਿਣਾ। ਅਨੁਸ਼ਾਸਨ ਤੋੜਨ ਦਾ ਤੋੜਾ ਤਾਂ ਸਿੱਧੂ ਵਰਗੇ ਈਮਾਨਦਾਰ ਸਪੋਰਟਸਮੈਨ 'ਤੇ ਹੀ ਟੁੱਟਣੈ। ਸਿਆਣੇ ਸੱਚ ਕਹਿੰਦੇ ਹਨ ਕਿ ਢੁੱਡਾਂ ਚੰਗੇ ਭਲੇ ਬੰਦਿਆਂ ਨੂੰ ਈ ਖਾਣੀਆਂ ਪੈਂਦੀਆਂ ਨੇ। ਮੇਰਾ ਖੇਡਾਂ ਤੇ ਖਿਡਾਰੀਆਂ ਨਾਲ ਇਸ਼ਕ ਹੀ ਅਜਿਹਾ ਹੈ, ਕਿਸੇ ਵੀ ਚੰਗੇ ਭਲੇ ਖਿਡਾਰੀ ਬਾਰੇ ਕੁਝ ਲਿਖੇ ਬਿਨਾ ਨਹੀਂ ਰਿਹਾ ਜਾਂਦਾ।

ਨਵਜੋਤ ਸਿਆਂ, ਸ਼ੁਕਰ ਐ ਤੇਰਾ ਅੰਮ੍ਰਿਤਸਰ ਦੇ ਆਵਾਰਾ ਸਾਨ੍ਹ ਤੋਂ ਤਾਂ ਬਚਾਅ ਹੋ ਗਿਆ। ਤੇਰੇ ਪਰਿਵਾਰ ਨੂੰ ਪਾਏ ਸਰਕਾਰੀ ਚੋਗੇ 'ਚੋਂ ਵੀ ਤੂੰ ਪਰਿਵਾਰ ਨੂੰ ਬਚਾ ਲਿਆ। ਜਾਲ ਤਣ ਲਿਆ ਗਿਆ ਸੀ, ਪਰ ਤੂੰ ਫੰਧੇ ਵਿਚ ਨਹੀਂ ਫਸਿਆ। ਸਾਡੇ ਕੋਲ ਸਿਆਸੀ ਕੋਚਿੰਗ ਦਾ ਤਾਂ ਕੋਈ ਗੁਰ ਮੰਤਰ ਨਹੀਂ, ਪਰ ਇਕ ਗੁਰ ਜ਼ਰੂਰ ਦੱਸ ਦਿੰਨੇ ਆਂ ਕਿ ਇਨ੍ਹਾਂ ਖੁੰਢੇ ਸਿਆਸੀ ਸਾਨ੍ਹਾਂ ਤੋਂ ਸਦਾ ਸੁਚੇਤ ਰਹੀਂ। ਇਹ ਰਲ ਮਿਲ ਕੇ ਬੜੀ ਗੁੱਝੀ ਢੁੱਡ ਮਾਰਦੇ ਨੇ। ਪਤਾ ਉਦੋਂ ਲੱਗਦੈ ਜਦੋਂ ਕਹਿੰਦਾ ਕਹਾਉਂਦਾ ਬੰਦਾ ਵੀ ਨਾ ਏਧਰ ਦਾ ਰਹਿੰਦੈ, ਨਾ ਓਧਰ ਦਾ। ਨਾਲੇ ਆਪਾਂ ਤਾਂ ਅਜੇ 'ਅਵਾਜ਼-ਏ-ਪੰਜਾਬ' ਵੀ ਬਣਨੈ। ਇਸ ਲਈ ਨਵਜੋਤ, ਤੂੰ ਨਵਜੋਤ ਹੀ ਰਹੀਂ। ਤੇਰੀ 1917 ਵਾਲੀ 'ਅਵਾਜ਼-ਏ-ਪੰਜਾਬ' ਟੀਮ ਦਾ ਮਾਟੋ ਹੀ ਮੁੜ ਯਾਦ ਕਰਾਉਂਦੇ ਹਾਂ,

ਜੇ ਆਈ ਪੱਤਝੜ ਤਾਂ ਫੇਰ ਕੀ ਹੈ
ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ
ਮੈਂ ਲੱਭ ਕੇ ਕਿਤਿਓਂ ਲਿਆਉਨਾਂ ਕਲਮਾਂ
ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ।

# ਹਰਿਆਣਾ ਨੂੰ ਬੇਰੋਕ ਪਾਣੀ ਤੇ ਲੀਡਰਾਂ ਦੀ ਨਾਟਕਬਾਜ਼ੀ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਦੇ ਪਾਣੀਆਂ ਦਾ ਮੁੱਦਾ ਇੱਕ ਵਾਰ ਫਿਰ ਚਰਚਾ ਦਾ ਕੇਂਦਰ ਬਣਿਆ ਪਿਆ ਹੈ। ਕਾਂਗਰਸ ਪਾਰਟੀ ਦੇ ਆਗੂ ਹੋਣ ਜਾਂ ਅਕਾਲੀ ਦਲ ਦੇ- ਦੋਹਾਂ ਨੇ ਪਾਣੀਆਂ ਦੇ ਮੁੱਦੇ 'ਤੇ ਪੰਜਾਬ ਨਾਲ ਵਫਾ ਨਹੀਂ ਕੀਤੀ, ਜਿਸ ਨੇ ਉਨ੍ਹਾਂ ਨੂੰ ਸੱਤਾ ਦਾ ਸੁੱਖ ਮਾਣਨ ਦਾ ਵਾਰ-ਵਾਰ ਮੌਕਾ ਦਿੱਤਾ ਹੈ। ਲੜਾਈ ਵਿਚ ਸਾਰੀ ਚਾਂਦਮਾਰੀ ਦਾ ਨਿਸ਼ਾਨਾ ਕੇਂਦਰ ਸਰਕਾਰ ਵੱਲ ਸੇਧਿਆ ਜਾਂਦਾ ਹੈ। ਇਹ ਇੱਕ ਹੱਦ ਤੱਕ ਠੀਕ ਵੀ ਹੈ, ਪਰ ਇੱਕ ਹੱਦ ਤੱਕ ਹੀ ਠੀਕ ਹੈ, ਨੁਕਸ ਪੰਜਾਬ ਵਿਚ ਵੀ ਹੈ। ਐਮਰਜੈਂਸੀ ਵੇਲੇ ਜੋ ਸਮਝੌਤਾ ਹੋਇਆ, ਉਸ ਵਿਚ ਪੰਜਾਬ ਦੇ ਕਾਂਗਰਸੀਆਂ ਨੇ ਕੇਂਦਰ ਦੀ ਖੁਸ਼ੀ ਖਾਤਰ ਆਪਣੇ ਰਾਜ ਦੇ ਹਿੱਤ ਵੇਚ ਛੱਡੇ ਤੇ ਐਮਰਜੈਂਸੀ ਪਿੱਛੋਂ ਬਣੇ ਅਕਾਲੀ ਮੁੱਖ ਮੰਤਰੀ ਨੇ ਹਰਿਆਣੇ ਵਿਚ ਆਪਣੇ ਪਰਿਵਾਰਕ ਹਿੱਤਾਂ ਖਾਤਰ ਪੰਜਾਬ ਨਾਲ ਬੇਵਫਾਈ ਕੀਤੀ। ਉਦੋਂ ਹੀ ਹਰਿਆਣੇ ਤੋਂ ਸਤਲੁਜ-ਯਮੁਨਾ ਲਿੰਕ (ਐਸ. ਵਾਈ. ਐਲ.) ਨਹਿਰ ਬਣਾਉਣ ਲਈ ਦੋ ਕਰੋੜ ਰੁਪਏ ਦੀ ਸਾਈ ਉਥੋਂ ਦੇ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਤੋਂ ਫੜੀ ਗਈ ਸੀ। ਬਾਅਦ ਵਿਚ ਇਸ ਮੁੱਦੇ 'ਤੇ ਮੋਰਚੇ ਵੀ ਲਾਏ ਗਏ, ਤੇ ਅਜੇ ਤੱਕ ਲਾਏ ਜਾ ਰਹੇ ਹਨ, ਪਰ ਦੋ ਗੱਲਾਂ ਵੱਲ ਲੋਕਾਂ ਦਾ ਧਿਆਨ ਅਜੇ ਵੀ ਨਹੀਂ ਜਾ ਰਿਹਾ। ਇਸ ਦੇ ਬਿਨਾ ਪੰਜਾਬ ਦੇ ਲੋਕ ਇਹ ਨਹੀਂ ਜਾਣ ਸਕਦੇ ਕਿ ਉਨ੍ਹਾਂ ਨਾਲ ਧੋਖਾ ਉਨ੍ਹਾਂ ਦੇ ਆਪਣੇ ਘਰ ਵਿਚ ਹੋਈ ਜਾਂਦਾ ਹੈ।

ਇਨ੍ਹਾਂ ਦੋ ਗੱਲਾਂ ਵਿਚੋਂ ਇੱਕ ਇਹ ਹੈ ਕਿ ਸਾਰਾ ਜ਼ੋਰ ਸਤਲੁਜ-ਯਮੁਨਾ ਲਿੰਕ ਨਹਿਰ ਨੂੰ ਬਣਨ ਤੋਂ ਰੋਕਣ ਦੇ ਪਾਸੇ ਲੱਗਦਾ ਹੈ, ਪਰ ਇਸ ਦਾ ਇੱਕ ਬਦਲ ਸਾਹਮਣੇ ਹੋਣ ਦੇ ਬਾਵਜੂਦ ਕਿਸੇ ਕਾਂਗਰਸੀ ਜਾਂ ਅਕਾਲੀ ਆਗੂ ਨੇ ਕਦੇ ਵੀ ਅੱਜ ਤੱਕ ਕੇਂਦਰ ਸਰਕਾਰ ਕੋਲ ਇਹ ਮਸਲਾ ਉਠਾਉਣ ਦੀ ਲੋੜ ਨਹੀਂ ਸਮਝੀ। ਇੱਕ ਇਨ੍ਹਾਂ ਸਤਰਾਂ ਦਾ ਲੇਖਕ ਅਤੇ ਦੂਜੇ ਆਮ ਆਦਮੀ ਪਾਰਟੀ ਦੇ ਆਗੂ ਹਰਵਿੰਦਰ ਸਿੰਘ ਫੂਲਕਾ ਇਹ ਮੁੱਦਾ ਉਠਾਉਂਦੇ ਰਹੇ ਹਨ ਕਿ ਐਸ. ਵਾਈ. ਐਲ. ਨਹਿਰ ਬਣਾਉਣ ਦੀ ਥਾਂ ਦੂਜੀ ਐਸ. ਵਾਈ. ਐਲ. ਯਾਨਿ ਸ਼ਾਰਧਾ-ਯਮੁਨਾ ਲਿੰਕ ਨਹਿਰ ਬਣਾਈ ਜਾਣੀ ਚਾਹੀਦੀ ਹੈ। ਉਸ ਨਹਿਰ ਇਕੱਲੀ ਦਾ ਨਹੀਂ, ਇਹੋ ਜਿਹੀਆਂ ਕਈ ਨਹਿਰਾਂ ਦਾ ਵਿਚਾਰ ਪਹਿਲੀ ਵਾਰੀ ਕਾਂਗਰਸ ਦੇ ਇੰਦਰਾ ਗਾਂਧੀ ਵਾਲੇ ਰਾਜ ਵਿਚ ਪੇਸ਼ ਹੋਇਆ ਸੀ ਤੇ ਫਿਰ ਇੱਕ ਸਰਵੇਖਣ ਵੀ ਸ਼ੁਰੂ ਕਰਵਾਇਆ ਗਿਆ ਸੀ।

ਜਦੋਂ ਦੇਸ਼ ਦੀ ਕਮਾਨ ਭਾਜਪਾ ਆਗੂ ਅਟਲ ਬਿਹਾਰੀ ਵਾਜਪਾਈ ਨੇ ਸੰਭਾਲੀ ਤਾਂ ਉਸ ਸਰਵੇਖਣ ਦਾ ਮੁੱਦਾ ਚੁੱਕ ਕੇ ਉਸ ਦੇ ਖਰਚੇ ਦਾ ਲੇਖਾ ਲਵਾਇਆ ਗਿਆ ਤੇ ਇਸ ਪਿੱਛੋਂ ਇਹ ਨਹੀਂ ਸੀ ਕਿਹਾ ਕਿ ਇਹ ਅਮਲ ਦੇ ਯੋਗ ਨਹੀਂ, ਸਗੋਂ ਇਹ ਕਿਹਾ ਗਿਆ ਸੀ ਕਿ ਇਸ ਲਈ ਵੱਡੇ ਫੰਡਾਂ ਦੀ ਲੋੜ ਹੈ; ਪਹਿਲਾਂ ਦੂਜੇ ਇਸ ਦੇ ਨਾਲ ਵਾਲੇ ਸਸਤੇ ਪ੍ਰਾਜੈਕਟ ਬਣਾਈਏ। ਪਿੱਛੋਂ ਇਹ ਪ੍ਰਾਜੈਕਟ ਕਦੇ ਛੇੜਿਆ ਨਹੀਂ ਗਿਆ, ਕਿਉਂਕਿ ਕਿਸੇ ਨੇ ਕਦੇ ਸਵਾਲ ਹੀ ਨਹੀਂ ਪੁੱਛਿਆ।

ਮੋਦੀ ਸਰਕਾਰ ਵੇਲੇ ਇਸ ਦੀ ਫਾਈਲ ਕੱਢੀ ਗਈ ਤਾਂ ਇਸ ਨੂੰ ਰੋਕਣ ਲਈ ਕੁਝ ਧਿਰਾਂ ਨਵੀਂ ਦਲੀਲ ਲੈ ਆਈਆਂ ਸਨ ਕਿ ਜਿੱਥੋਂ ਇਹ ਸ਼ਾਰਧਾ-ਯਮੁਨਾ ਲਿੰਕ ਨਹਿਰ ਬਣਾਉਣੀ ਹੈ, ਉਧਰ ਭੁਚਾਲਾਂ ਦਾ ਖਤਰਾ ਹੈ। ਭਾਰਤ ਦੇ ਮਹਾਰਾਸ਼ਟਰ ਦਾ ਕੋਇਨਾ ਡੈਮ ਤਾਂ ਭਾਖੜਾ ਡੈਮ ਤੋਂ ਵੀ ਉਚਾ ਹੈ ਤੇ ਉਹ ਉਦੋਂ ਬਣਾਇਆ ਸੀ, ਜਦੋਂ ਉਥੇ ਭੁਚਾਲ ਇੱਕ ਵਾਰ ਆ ਚੁਕਾ ਸੀ ਤੇ ਅੱਗੋਂ ਫਿਰ ਆਉਣ ਦੀ ਚਿਤਾਵਨੀ ਮਿਲੀ ਹੋਈ ਸੀ, ਉਸ ਨੂੰ ਕਿਸੇ ਨੇ ਨਹੀਂ ਰੋਕਿਆ। ਪੰਜਾਬ ਵੱਲੋਂ ਕਿਸੇ ਨੇ ਪੈਰਵੀ ਨਹੀਂ ਸੀ ਕੀਤੀ ਤਾਂ ਇਹ ਪ੍ਰਾਜੈਕਟ ਅਮਲ ਵਿਚ ਆਉਣ ਤੋਂ ਰੁਕ ਗਿਆ, ਵਰਨਾ ਕਈ ਮਸਲੇ ਹੱਲ ਹੋ ਸਕਦੇ ਸਨ।




ਨੇਪਾਲ ਤੋਂ ਕਾਲੀ ਨਦੀ ਦੇ ਨਾਂ ਨਾਲ ਵਗਦੀ ਨਦੀ ਜਦੋਂ ਭਾਰਤ ਵਿਚ ਵੜਦੀ ਹੈ ਤਾਂ ਇਸ ਦਾ ਨਾਂ ਸ਼ਾਰਦਾ ਹੋ ਜਾਂਦਾ ਹੈ। ਇਸ ਬਾਰੇ ਨੇਪਾਲ ਨਾਲ ਕੁਝ ਸਮਝੌਤੇ ਵੀ ਹੋਏ ਹਨ ਤੇ ਭਾਰਤ ਇਸ ਉਤੇ ਡੈਮ ਬਣਾ ਸਕਦਾ ਹੈ। ਤਰਾਈ ਦੇ ਖੇਤਰ ਤੋਂ ਇਹ ਨਦੀ ਉਤਰਾ ਖੰਡ ਵਿਚ ਦੀ ਹੁੰਦੀ ਹੋਈ ਹਰਿਆਣੇ ਵਿਚ ਲਿਆ ਕੇ ਯਮੁਨਾ ਨਾਲ ਜੋੜਨ ਵਾਲੀ ਯੋਜਨਾ ਵਾਜਪਾਈ ਸਰਕਾਰ ਵੇਲੇ ਪ੍ਰਵਾਨ ਹੋ ਗਈ ਸੀ ਤੇ ਇਸ ਨੂੰ ਅੱਗੇ ਵਧਾ ਕੇ ਹਰਿਆਣਾ ਅਤੇ ਉਤਰ ਪ੍ਰਦੇਸ਼ ਤੋਂ ਵੀ ਬਾਅਦ ਰਾਜਸਥਾਨ ਨਾਲ ਜੋੜਨ ਦੀ ਯੋਜਨਾ ਸੀ। ਸਮਝਿਆ ਜਾਂਦਾ ਸੀ ਕਿ ਇਸ ਦੇ ਰਾਹ ਵਿਚ ਪੈਂਦੀਆਂ ਧੌਲ ਗੰਗਾ ਤੇ ਕੁਝ ਹੋਰ ਸਹਾਇਕ ਨਦੀਆਂ ਦਾ ਸਾਰਾ ਪਾਣੀ ਜਦੋਂ ਇਸ ਵਿਚ ਪਵੇਗਾ ਤਾਂ ਫਿਰ ਇਹ ਯਮੁਨਾ ਨੂੰ ਏਨਾ ਭਰ ਦੇਵੇਗੀ ਕਿ ਰਾਜਸਥਾਨ ਤੱਕ ਦੇ ਲੋਕਾਂ ਤੇ ਖੇਤਾਂ ਦੀ ਪਿਆਸ ਬੁਝਾਉਣ ਦੇ ਕੰਮ ਆ ਸਕੇਗੀ।

ਜੇ ਇਹ ਪ੍ਰਾਜੈਕਟ ਸਿਰੇ ਚੜ੍ਹਾ ਲਿਆ ਜਾਂਦਾ ਤਾਂ ਸਾਡੀ ਪੰਜਾਬੀਆਂ ਦੀ ਹਰਿਆਣੇ ਨਾਲ ਸਤਲੁਜ ਦੇ ਪਾਣੀ ਯਮੁਨਾ ਵਿਚ ਪਾਉਣ ਦੇ ਮੁੱਦੇ ਤੋਂ ਲੜਾਈ ਰੁਕ ਜਾਣੀ ਸੀ। ਇਸ ਪਾਸੇ ਧਿਆਨ ਨਾ ਦੇਣ ਕਾਰਨ ਮੁੱਦਾ ਖੜ੍ਹੇ ਦਾ ਖੜ੍ਹਾ ਹੈ, ਰਾਜਨੀਤੀ ਛੱਲਾਂ ਮਾਰਦੀ ਹੈ; ਦੋ ਰਾਜਾਂ ਦੇ ਲੋਕ ਮੂਰਖ ਬਣਾਏ ਜਾ ਰਹੇ ਹਨ ਤੇ ਕੇਂਦਰ ਸਰਕਾਰ ਇੱਕ ਅਹਿਮ ਪ੍ਰਾਜੈਕਟ 'ਤੇ ਚੱਪਣੀ ਮੂਧੀ ਮਾਰ ਕੇ ਆਰਾਮ ਨਾਲ ਬੈਠੀ ਹੈ।

ਦੂਜੀ ਗੱਲ ਇਸ ਤੋਂ ਵੱਧ ਅਹਿਮ ਹੈ ਤੇ ਇਸ ਬਾਰੇ ਨਹਿਰੀ ਪਾਣੀਆਂ ਦੇ ਮਾਹਰ ਜੋ ਕੁਝ ਦੱਸਦੇ ਹਨ, ਉਸ ਨਾਲ ਇਹ ਪਤਾ ਲੱਗਾ ਜਾਂਦਾ ਹੈ ਕਿ ਪੰਜਾਬੀਆਂ ਦੀ ਗੱਠੜੀ ਨੂੰ ਲੱਗਾ ਚੋਰ ਕਿਹੜੀਆਂ ਚੁਸਤੀਆਂ ਕਰ ਗਿਆ ਹੈ। ਪੰਜਾਬ ਵਿਚ ਪਿਛਲੀ ਸਰਕਾਰ ਦੇ ਵਕਤ ਇੱਕ ਦਿਨ ਵਿਧਾਨ ਸਭਾ ਵਿਚ ਸਵਾਲ ਪੁੱਛਿਆ ਗਿਆ ਕਿ ਪੰਜਾਬ ਦੀ ਖਨੌਰੀ ਵਾਲੀ ਨਹਿਰ ਦੋਹਾਂ ਕੰਢਿਆਂ ਤੋਂ ਉਚੀ ਕਰਨ ਦਾ ਖਰਚਾ ਕਿਉਂ ਕੀਤਾ ਹੈ ਤਾਂ ਜਵਾਬ ਇਹ ਮਿਲਿਆ ਕਿ ਨਹਿਰ ਵਿਚ ਗਾਰ ਬਾਹਲੀ ਵਧ ਜਾਣ ਕਾਰਨ ਉਸ ਦੇ ਕੰਢੇ ਉਚੇ ਕਰਨੇ ਪਏ। ਗਾਰ ਨਹੀਂ ਸੀ ਕੱਢੀ ਗਈ, ਕੰਢੇ ਉਚੇ ਕੀਤੇ ਗਏ ਸਨ।

ਇਸ ਦੇ ਪਿੱਛੇ ਇੱਕ ਹੋਰ ਕਿੱਸਾ ਪਤਾ ਲੱਗਦਾ ਹੈ। ਇਹ ਨਹਿਰ ਜਿੱਥੇ ਖਤਮ ਹੁੰਦੀ ਹੈ, ਉਥੋਂ ਇਸ ਦਾ ਇੱਕ ਵਹਿਣ ਹਰਿਆਣਾ ਦੀ ਨਰਵਾਣਾ ਨਹਿਰ ਵਿਚ ਪਾ ਕੇ ਕਿਹਾ ਜਾਂਦਾ ਹੈ ਕਿ ਓਵਰ ਫਲੋਅ ਓਧਰ ਵਹਿੰਦਾ ਹੈ, ਪਰ ਅਸਲ ਗੱਲ ਆਪਣੇ ਪੰਜਾਬ ਦੀ ਥਾਂ ਹਰਿਆਣੇ ਵਿਚੋਂ ਆਰ. ਟੀ. ਆਈ. ਦੀ ਇੱਕ ਅਰਜ਼ੀ ਨਾਲ ਬਾਹਰ ਨਿਕਲੀ ਹੈ। ਕਿਸੇ ਨੇ ਪੁੱਛ ਲਿਆ ਕਿ ਪੰਜਾਬ ਨੂੰ ਕੁਝ ਪੈਸੇ ਦਿੱਤੇ ਗਏ, ਉਹ ਕਿਉਂ ਦਿੱਤੇ ਹਨ ਤਾਂ ਉਸ ਰਾਜ ਦੀ ਸਰਕਾਰ ਨੇ ਜਵਾਬ ਦਿੱਤਾ ਕਿ ਉਸ ਪਾਸਿਓਂ ਨਹਿਰ ਦਾ ਓਵਰ ਫਲੋਅ ਵਾਲਾ ਪਾਣੀ ਜੋ ਸਾਨੂੰ ਮਿਲ ਰਿਹਾ ਸੀ, ਉਸ ਨਹਿਰ ਦੇ ਕੰਢੇ ਉਚੇ ਕਰਨ ਨਾਲ ਉਹ ਹੋਰ ਵੱਧ ਮਿਲ ਸਕਦਾ ਹੈ। ਪੱਕੀਆਂ ਕੀਤੀਆਂ ਗਈਆਂ ਨਹਿਰਾਂ ਦਾ ਥੱਲਾ ਮਸਾਂ ਮੀਟਰ ਦੇ ਕਰੀਬ ਹੁੰਦਾ ਹੈ ਤੇ ਉਪਰ ਜਾਂਦੇ ਕਿਨਾਰੇ ਚੌੜੇ ਹੋਈ ਜਾਂਦੇ ਹਨ, ਜਿਸ ਦਾ ਅਰਥ ਹੈ ਕਿ ਉਪਰੋਂ ਜਦੋਂ ਦੋ-ਦੋ ਫੁੱਟ ਹੋਰ ਵਧਾਈਏ ਤਾਂ ਹੇਠਾਂ ਵਾਲੇ ਹਿੱਸੇ ਦੇ ਇੱਕ ਮੀਟਰ ਯਿਮੁਨਾ ਪਾਣੀ ਏਥੇ ਇੱਕ ਫੁੱਟ ਉਚਾਈ ਵਿਚ ਵਗ ਸਕਦਾ ਹੈ। ਗਾਰ ਕੱਢ ਲਈ ਜਾਂਦੀ ਤਾਂ ਪਾਣੀ ਦਾ ਵਹਿਣ ਵਧਣਾ ਨਹੀਂ ਸੀ ਤੇ ਹਰਿਆਣੇ ਵੱਲ ਬਹੁਤਾ ਪਾਣੀ ਨਹੀਂ ਸੀ ਜਾਣਾ, ਪਰ ਇਹ ਕੰਢੇ ਗਾਰ ਦਾ ਬਹਾਨਾ ਬਣਾ ਕੇ ਇਸ ਲਈ ਉਚੇ ਕੀਤੇ ਗਏ ਕਿ ਲੋਕਾਂ ਨੂੰ ਬੇਵਕੂਫ ਬਣਾ ਕੇ ਹਰਿਆਣੇ ਨੂੰ 'ਵਾਧੂ' ਓਵਰ-ਫਲੋਅ ਕਹਿ ਕੇ ਪਾਣੀ ਦੇਣਾ ਸੀ। ਪੰਜਾਬ ਦੇ ਨਹਿਰਾਂ ਬਾਰੇ ਇੱਕ ਮਾਹਰ ਨੇ ਜਦੋਂ ਇਸ ਦਾ ਪਰਦਾ ਚੁੱਕਿਆ ਤਾਂ ਉਸ ਦਾ ਵੀਡੀਓ ਵਾਇਰਲ ਹੋ ਰਿਹਾ ਹੈ।

ਇਸ ਵਕਤ ਦੀ ਪੰਜਾਬ ਦੀ ਰਾਜਨੀਤੀ ਅਜੇ ਵੀ ਪੁਰਾਣੀ ਰੱਟ ਵਿਚ ਪਈ ਹੋਈ ਇਹੋ ਕਹੀ ਜਾਂਦੀ ਹੈ ਕਿ ਸਤਲੁਜ-ਯਮੁਨਾ ਨਹਿਰ ਨਹੀਂ ਬਣਨ ਦੇਣੀ, ਪਰ ਜੋ ਕੰਮ ਕਰਨ ਵਾਲਾ ਹੈ, ਓਧਰ ਕਿਸੇ ਦਾ ਧਿਆਨ ਹੀ ਨਹੀਂ। ਨਾ ਕਿਸੇ ਧਿਰ ਨੇ ਕਦੀ ਸ਼ਾਰਧਾ-ਯਮੁਨਾ ਲਿੰਕ ਨਹਿਰ ਬਣਾ ਕੇ ਸਤਲੁਜ-ਯਮੁਨਾ ਲਿੰਕ ਦੇ ਬੇਲੋੜੇ ਹੋਣ ਦਾ ਮੁੱਦਾ ਚੁੱਕਿਆ ਹੈ ਤੇ ਨਾ ਕਿਸੇ ਨੂੰ ਪਾਣੀ ਦੀ ਬੂੰਦ ਨਾ ਦੇਣ ਵਾਲਿਆਂ ਵੱਲੋਂ ਚੁੱਪ-ਚੁਪੀਤੇ ਹਰਿਆਣੇ ਨੂੰ ਪਾਣੀ ਦੇਣ ਤੋਂ ਪਰਦਾ ਚੁੱਕਿਆ ਹੈ।

ਅਸੀਂ ਉਸ ਬਾਰੇ ਪੜਤਾਲ ਕੀਤੀ ਤਾਂ ਹੈਰਾਨੀ ਵਾਲੇ ਤੱਥ ਸਾਹਮਣੇ ਆਏ ਹਨ। ਹੋਰ ਤਾਂ ਹੋਰ, ਇਹ ਗੱਲ ਕਹੀ ਜਾਂਦੀ ਹੈ ਕਿ ਸਮਝੌਤੇ ਵਾਲੀ ਐਸ. ਵਾਈ. ਐਲ. ਨਹਿਰ ਬਣਨ ਨਹੀਂ ਦੇਣੀ, ਇੱਕ ਬੂੰਦ ਪਾਣੀ ਅਸੀਂ ਜਾਣ ਨਹੀਂ ਦੇਣਾ, ਪਰ ਹਰਿਆਣੇ ਨੂੰ ਪਾਣੀ ਸ਼ੱਰੇਆਮ ਜਾਂਦਾ ਵੀ ਕਦੀ ਕਿਸੇ ਨੂੰ ਦਿੱਸਿਆ ਨਹੀਂ, ਜਾਂ ਵੇਖ ਕੇ ਅਣਗੌਲਿਆ ਜਾਂਦਾ ਹੈ। ਫਲੋਟਿੰਗ ਰੈਸਟੋਰੈਂਟ ਸਰਹਿੰਦ ਤੋਂ ਥੋੜ੍ਹਾ ਅੱਗੇ ਜਾ ਕੇ ਉਹੀ ਨਹਿਰ ਦੋ ਥਾਂਈਂ ਪਾਟਦੀ ਅਤੇ ਇਸ ਵਿਚੋਂ ਇੱਕ ਨਰਵਾਣਾ ਬਰਾਂਚ ਨਿਕਲਦੀ ਹੈ, ਜਿਸ ਵਿਚ ਪਿਆ ਪਾਣੀ ਹਰਿਆਣਾ ਦੇ ਨਰਵਾਣਾ ਵੱਲ ਵਗਦਾ ਅਤੇ ਪੰਜਾਬ ਦੇ ਘਨੌਰ ਤੋਂ ਅੱਗੇ ਹਰਿਆਣਾ ਦੇ ਇਸਮਾਈਲਾਬਾਦ ਕੋਲੋਂ ਉਸ ਰਾਜ ਵਿਚ ਚਲਾ ਜਾਂਦਾ ਹੈ। ਪੰਜਾਬ ਵਿਚ ਐਸ. ਵਾਈ. ਐਲ. ਨਹਿਰ ਬਣਨ ਨਹੀਂ ਦਿੱਤੀ ਤੇ ਹਰਿਆਣੇ ਵਾਲਾ ਜੋ ਹਿੱਸਾ ਬਣਿਆ ਪਿਆ ਹੈ, ਉਹ ਨਹਿਰ ਅਤੇ ਸਰਹਿੰਦ ਤੋਂ ਨਿਕਲੀ ਹੋਈ ਨਰਵਾਣਾ ਬਰਾਂਚ ਅੱਗੇ ਜਾ ਕੇ ਦੋਵੇਂ ਇਕੱਠੀਆਂ ਹੋ ਕੇ ਕੁਝ ਮੀਲ ਨਾਲੋ-ਨਾਲ ਚੱਲਣ ਦੇ ਬਾਅਦ ਫਿਰ ਨਰਵਾਣਾ ਬਰਾਂਚ ਉਸੇ ਐਸ. ਵਾਈ. ਐਲ. ਨਹਿਰ ਵਿਚ ਪੈ ਜਾਂਦੀ ਹੈ ਤੇ ਇੰਜ ਹਰਿਆਣਾ ਦੀ ਉਹੋ ਨਹਿਰ ਵਗਦੀ ਹੈ, ਜੋ ਪੰਜਾਬ ਦੇ ਆਗੂ ਕਹਿੰਦੇ ਹਨ ਕਿ ਚੱਲਣ ਨਹੀਂ ਦੇਣੀ।

ਕਹਾਣੀ ਇਥੇ ਵੀ ਖਤਮ ਨਹੀਂ ਹੁੰਦੀ! ਸਰਹਿੰਦ ਤੋਂ ਨਰਵਾਣਾ ਬਰਾਂਚ ਕੱਢਣ ਤੋਂ ਬਾਅਦ ਜੋ ਬਾਕੀ ਨਹਿਰ ਅੱਗੇ ਨਿਕਲਦੀ ਹੈ, ਉਹ ਖਨੌਰੀ ਵਿਚ ਪਹੁੰਚਦੀ ਹੈ ਤੇ ਉਥੇ ਬਣਾਏ ਹੈਡ ਵਰਕਸ ਤੋਂ ਇੱਕ ਨਹਿਰ ਹੋਰ ਕੱਢ ਕੇ ਹਰਿਆਣੇ ਨੂੰ ਪਾਣੀ ਪਿਛਲੇ ਕਈ ਸਾਲਾਂ ਤੋਂ ਭੇਜਿਆ ਜਾ ਰਿਹਾ ਹੈ। ਸਾਡੇ ਪੰਜਾਬ ਵਿਚ ਕਈ ਵਾਰੀ ਇਸ ਗੱਲ ਦੀ ਚਰਚਾ ਹੋਈ ਹੈ ਕਿ ਗੁੰਮ ਹੋਏ ਲੋਕ ਜਦੋਂ ਕਿਤੇ ਨਹੀਂ ਲੱਭਦੇ ਤਾਂ ਖਨੌਰੀ ਵਾਲੀ ਨਹਿਰ 'ਤੇ ਹਰਿਆਣੇ ਵਿਚ ਬਣਾਏ ਗਏ ਬੈਰੇਜ 'ਤੇ ਜਾ ਕੇ ਅੜਦੇ ਹਨ ਤੇ ਉਥੇ ਖੜ੍ਹੇ ਗੋਤਾ-ਖੋਰ ਕੱਢ ਕੇ ਪਰਿਵਾਰਾਂ ਨੂੰ ਲਾਸ਼ਾਂ ਸੌਂਪੇ ਦਿੰਦੇ ਹਨ। ਉਹ ਏਸੇ ਨਹਿਰ ਦੇ ਬੈਰੇਜ ਦੀ ਚਰਚਾ ਹੁੰਦੀ ਹੈ ਅਤੇ ਕਦੀ ਕੋਈ ਇਹ ਗੱਲ ਨਹੀਂ ਗੌਲਦਾ ਕਿ ਇਸ ਨਹਿਰ ਦਾ ਪਾਣੀ ਹਰਿਆਣੇ ਨੂੰ ਬਿਨਾ ਸਮਝੌਤੇ ਤੋਂ ਜਾ ਰਿਹਾ ਹੈ। ਰਾਜਸੀ ਆਗੂ ਟਾਹਰਾਂ ਮਾਰਦੇ ਹਨ, ਪਰ ਅੱਖਾਂ ਅੱਗੇ ਵਗ ਰਿਹਾ ਪਾਣੀ ਉਨ੍ਹਾਂ ਨੂੰ ਕਦੀ ਦਿੱਸਿਆ ਨਹੀਂ।

ਅੱਜ ਜਦੋਂ ਇੱਕ ਵਾਰ ਫਿਰ ਪੰਜਾਬ ਤੇ ਹਰਿਆਣਾ ਵਿਚਾਲੇ ਪਾਣੀ ਦਾ ਮੁੱਦਾ ਭਖਿਆ ਪਿਆ ਹੈ, ਅਸੀਂ ਸਤਲੁਜ-ਯਮੁਨਾ ਲਿੰਕ ਦੀ ਥਾਂ ਸ਼ਾਰਧਾ-ਯਮੁਨਾ ਲਿੰਕ ਵਾਲੀ ਗੱਲ ਮੁੜ ਕੇ ਜ਼ੋਰ ਨਾਲ ਕਹਿਣਾ ਚਾਹੁੰਦੇ ਹਾਂ, ਤਾਂ ਕਿ ਟਕਰਾਓ ਦੀ ਥਾਂ ਬਦਲ ਪੇਸ਼ ਕੀਤਾ ਜਾ ਸਕੇ। ਇਸ ਦੇ ਨਾਲ ਹੀ ਅਸੀਂ ਇਹ ਗੱਲ ਸਾਡੇ ਪੰਜਾਬ ਦੇ ਸਾਰੇ ਲੀਡਰਾਂ ਨੂੰ ਪੁੱਛਣਾ ਚਾਹੁੰਦੇ ਹਾਂ ਕਿ ਕੀ ਉਹ ਹਿੱਕ 'ਤੇ ਹੱਥ ਮਾਰ ਕੇ ਕਹਿਣਗੇ ਕਿ ਹਰਿਆਣੇ ਨੂੰ ਜਾਂਦੀਆਂ ਇਨ੍ਹਾਂ ਦੋਹਾਂ ਨਹਿਰਾਂ ਵਿਚ ਵਗਦੇ ਪਾਣੀ ਦਾ ਉਨ੍ਹਾਂ ਨੂੰ ਪਤਾ ਨਹੀਂ? ਅਸੀਂ ਪਿਛਲੀ ਸਰਕਾਰ ਦੇ ਲੁਧਿਆਣੇ ਵਿਚ ਬੈਠੇ ਹੋਏ ਉਸ ਮੰਤਰੀ ਨੂੰ ਪੁੱਛਣਾ ਚਾਹੁੰਦੇ ਹਾਂ ਕਿ ਕੀ ਉਸ ਨੇ ਜਿਹੜਾ ਇਹ ਜਵਾਬ ਵਿਧਾਨ ਸਭਾ ਵਿਚ ਪੇਸ਼ ਕੀਤਾ ਸੀ ਕਿ ਨਹਿਰਾਂ ਦਾ ਕੰਢਾ ਗਾਰ ਵਧ ਜਾਣ ਕਰ ਕੇ ਉਚਾ ਕੀਤਾ ਸੀ, ਉਹ ਜਵਾਬ ਪੰਜਾਬ ਦੇ ਹਿੱਤਾਂ ਦੀ ਪੂਰਤੀ ਕਰਦਾ ਸੀ ਕਿ ਹਰਿਆਣੇ ਨਾਲ ਅੰਦਰ-ਖਾਤੇ ਮਿਲਾਈ ਹੋਈ ਸੈਨਤ ਦਾ ਸਬੂਤ ਸੀ? ਇਸ ਦਾ ਕੋਈ ਜਵਾਬ ਦੇਣ ਵਾਲਾ ਵੀ ਚਾਹੀਦਾ ਹੈ।

# ਮਾਰੂਥਲ ਬਣਨ ਵਲ ਵਧ ਰਿਹਾ ਪੰਜਾਬ

ਕੁਲਵੰਤ ਸਿੰਘ ਫੇਸੀ

ਭਾਰਤ 'ਚ ਪਾਣੀ ਦਾ ਸੰਕਟ ਭਖਦਾ ਮੁੱਦਾ ਬਣਿਆ ਹੋਇਆ ਹੈ, ਜਿਸ ਸਬੰਧੀ ਜੇ ਭਾਰਤ ਸਰਕਾਰ ਨੇ ਕੋਈ ਤਤਕਾਲੀ ਕਦਮ ਨਾ ਚੁੱਕਿਆ ਤਾਂ ਦੇਸ਼ ਵਿਚ ਮਹਾਂਮਾਰੀ ਫੈਲਣ ਜਾਂ ਗ੍ਰਹਿ ਯੁੱਧ ਲੱਗਣ ਦਾ ਡਰ ਬਣ ਗਿਆ ਹੈ। ਪੰਜਾਬ ਭਾਰਤ ਦਾ ਖੇਤੀਬਾੜੀ ਪ੍ਰਧਾਨ ਸੂਬਾ ਹੈ, ਜਿਸ ਦਾ ਜਨ ਜੀਵਨ ਤੇ ਨਿਰਬਾਹ ਪਾਣੀ 'ਤੇ ਹੀ ਨਿਰਭਰ ਹੈ। ਪੰਜਾਬ ਦੇ ਪਾਣੀਆਂ ਦੀ ਪਿਛਲੇ 70 ਸਾਲਾਂ ਤੋਂ ਹੋ ਰਹੀ ਲੁੱਟ ਹਮੇਸ਼ਾ ਹੀ ਅਹਿਮ ਵਿਸ਼ਾ ਰਿਹਾ ਹੈ। ਸੰਨ 1984 ਦੇ ਧਰਮ ਯੁੱਧ ਦੀਆਂ ਮੰਗਾਂ ਵਿਚ ਵੀ ਇਹ ਮੰਗ ਪ੍ਰਮੁਖ ਰਹੀ ਸੀ ਕਿ ਰਿਪੇਰੀਅਨ ਕਾਨੂੰਨਾਂ ਮੁਤਾਬਕ ਪੰਜਾਬ ਦੇ ਪਾਣੀਆਂ 'ਤੇ ਹੱਕ ਪੰਜਾਬ ਦਾ ਹੈ ਅਤੇ ਗੁਆਂਢੀ ਸੂਬਿਆਂ ਨੂੰ ਇਹ ਪਾਣੀ ਧੱਕੇ ਨਾਲ ਦੇਣਾ ਬੇਇਨਸਾਫੀ ਹੈ।

ਕੌਮਾਂਤਰੀ ਤੌਰ 'ਤੇ ਇਹ ਖਬਰਾਂ ਲਗਾਤਾਰ ਆ ਰਹੀਆਂ ਹਨ ਕਿ ਪੰਜਾਬ ਬੜੀ ਤੇਜੀ ਨਾਲ ਰੇਗਿਸਤਾਨ ਬਣਨ ਵਲ ਵਧ ਰਿਹਾ ਹੈ, ਜਦ ਕਿ ਪੰਜਾਬ ਦੇ ਪੰਜ ਸ਼ਹਿਰਾਂ ਵਿਚ ਤਾਂ ਪੀਣ ਵਾਲੇ ਪਾਣੀ ਦਾ ਸੰਕਟ ਪੈਦਾ ਹੁੰਦਾ ਜਾ ਰਿਹਾ ਹੈ। ਇਸ ਸਬੰਧੀ ਟਿਊਬਵੈਲਾਂ ਨਾਲ ਲਗਾਤਾਰ ਖਿੱਚੇ ਜਾ ਰਹੇ ਜਮੀਨ ਦੋਜ਼ ਪਾਣੀ ਦਾ ਮੁੱਦਾ ਵੀ ਅਹਿਮ ਹੈ। ਜੇ ਜੀਰੀ ਲਾਉਣ ਦਾ ਅਮਲ ਨਾ ਰੋਕਿਆ ਗਿਆ ਤਾਂ ਜਮੀਨ ਹੇਠਲੇ ਪਾਣੀ ਦਾ ਭੰਡਾਰ ਛੇਤੀ ਹੀ ਖਤਮ ਹੋ ਜਾਵੇਗਾ। ਇਸ ਸਬੰਧੀ ਖਬਰਾਂ ਨਾ ਕੇਵਲ ਕੌਮੀ ਤੌਰ 'ਤੇ, ਸਗੋਂ ਸੀ. ਐਨ. ਐਨ., ਨਾਸਾ ਜਾਂ ਅਲ ਜਜੀਰਾ ਵਰਗੇ ਪ੍ਰਚਾਰ ਸਾਧਨਾ ਵਲੋਂ ਵੀ ਆਉਣ ਲੱਗ ਪਈਆਂ ਹਨ।

ਸੀ. ਐਨ. ਐਨ. ਦੀ ਖਬਰ ਮੁਤਾਬਕ ਸਾਲ 2021 'ਚ ਭਾਰਤ ਦੇ 21 ਸ਼ਹਿਰਾਂ ਵਿਚ ਜਮੀਨ ਹੇਠਲਾ ਪਾਣੀ ਖਤਮ ਹੋ ਜਾਣ ਦੀ ਸੰਭਾਵਨਾ ਹੈ, ਜਿਨ੍ਹਾਂ 'ਚ ਪੰਜਾਬ ਦੇ 5 ਸ਼ਹਿਰ ਵੀ ਸ਼ਾਮਲ ਹਨ। ਸਾਲ 2030 ਤਕ ਭਾਰਤ ਦੀ 40% ਆਬਾਦੀ ਨਾ ਸਿਰਫ ਜਮੀਨ ਦੋਜ਼ ਪਾਣੀ ਦੀ ਕਮੀ ਤੋਂ ਪ੍ਰਭਾਵਿਤ ਹੋਵੇਗੀ, ਸਗੋਂ ਪੀਣ ਵਾਲੇ ਪਾਣੀ ਦਾ ਸੰਸਾ ਵੀ ਪੈ ਜਾਵੇਗਾ। ਦੁਨੀਆਂ ਦੇ 122 ਐਸੇ ਦੇਸ਼ ਹਨ, ਜਿਨ੍ਹਾਂ 'ਚ ਪਾਣੀ ਦਾ ਕਾਲ ਪੈਣ ਦਾ ਖਤਰਾ ਹੈ, ਉਨ੍ਹਾਂ 'ਚ ਭਾਰਤ ਦਾ 120ਵਾਂ ਨੰਬਰ ਹੈ। ਪਾਣੀ ਦਾ ਕਾਲ ਪੈਣ ਨਾਲ ਕਿਸੇ ਭਿਅੰਕਰ ਮਹਾਂਮਾਰੀ ਫੈਲਣ ਤੇ ਗ੍ਰਹਿ ਯੁੱਧ ਲੱਗਣ ਦਾ ਡਰ ਹੈ, ਜੋ ਨਾ ਸਿਰਫ ਪ੍ਰਭਾਵਿਤ ਸੂਬਿਆਂ ਤਕ ਸੀਮਤ ਰਹੇਗਾ, ਸਗੋਂ ਸਾਰੇ ਦੇਸ਼ ਤਕ ਫੈਲ ਸਕਦਾ ਹੈ।

ਨਾਸਾ ਦੇ ਹਾਈਡਰੋਲੋਜਿਸਟ ਮੈਟ ਰੋਡਲ ਦਾ ਇੱਕ ਲੇਖ ਇੰਟਰਨੈਟ 'ਤੇ ਪਿਆ ਹੈ, ਜੋ ਕਿ ਗਰੇਸ (GRACE-Gravity Recovery And Climate Experiment) 'ਤੇ ਆਧਾਰਤ ਹੈ, ਜਿਸ ਮੁਤਾਬਕ ਜੈਪੁਰ ਅਤੇ ਦਿੱਲੀ ਵਿਚ ਧਰਤੀ ਹੇਠਲੇ ਪਾਣੀ ਦਾ ਭੰਡਾਰ ਖਤਮ ਹੋ ਰਿਹਾ ਹੈ। ਗਰੇਸ ਅਨੁਸਾਰ ਉਤਰੀ ਭਾਰਤ ਵਿਚ ਪਾਣੀ ਦੇ ਮੁੱਕ ਰਹੇ ਭੰਡਾਰ ਦਾ ਮੁੱਖ ਕਾਰਨ ਖੇਤੀਬਾੜੀ ਲਈ ਲਗਾਤਾਰ ਖਿੱਚਿਆ ਜਾ ਰਿਹਾ ਪਾਣੀ ਹੈ। ਉਤਰੀ ਭਾਰਤ ਦੇ ਸੂਬਿਆਂ ਵਿਚ ਪੰਜਾਬ, ਰਾਜਸਥਾਨ ਅਤੇ ਹਰਿਆਣਾ ਦੇ ਨਾਂ ਆਉਂਦੇ ਹਨ, ਜਿਨ੍ਹਾਂ ਵਿਚ ਜਮੀਨ ਦੋਜ਼ ਪਾਣੀ ਦਾ 95% ਹਿੱਸਾ ਖੇਤੀਬਾੜੀ ਲਈ ਵਰਤਿਆ ਜਾ ਰਿਹਾ ਹੈ। ਸਾਲ 2002 ਤੋਂ 2008 ਦੌਰਾਨ ਇਨ੍ਹਾਂ ਸੂਬਿਆਂ ਵਿਚ ਹਰ ਤਿੰਨ ਸਾਲ ਮਗਰੋਂ ਇੱਕ ਮੀਟਰ ਪਾਣੀ ਹੇਠਾਂ ਡਿੱਗਦਾ ਰਿਹਾ ਹੈ। ਗਰੇਸ ਮੁਤਾਬਕ ਪਾਣੀ ਦੀ ਇਹ ਘਾਟ ਮੁੜ ਕਦੀ ਪੂਰੀ ਹੋਣ ਵਾਲੀ ਨਹੀਂ ਹੈ।

ਕਿਹਾ ਜਾਂਦਾ ਹੈ ਕਿ ਧਰਤੀ ਦਾ 97.5% ਪਾਣੀ ਸਮੁੰਦਰ ਵਿਚ ਹੈ, 1.5% ਪਾਣੀ ਬਰਫ ਦੇ ਰੂਪ ਵਿਚ ਹੈ, ਜਦ ਕਿ ਬਾਕੀ ਸਿਰਫ 1% ਪਾਣੀ ਦਰਿਆਵਾਂ, ਨਦੀਆਂ, ਝੀਲਾਂ ਝਰਨਿਆਂ ਅਤੇ ਖੂਹਾਂ ਦੇ ਰੂਪ ਵਿਚ ਉਪਲਬਧ ਹੈ, ਜੋ ਪੀਣ ਵਾਲਾ ਹੈ। ਇਸ ਪਾਣੀ ਦਾ 60% ਹਿੱਸਾ ਖੇਤੀਬਾੜੀ ਅਤੇ ਸਨਅਤ ਲਈ ਵਰਤਿਆ ਜਾਂਦਾ ਹੈ। ਬਾਕੀ ਦਾ 40% ਪਾਣੀ ਪੀਣ ਅਤੇ ਹੋਰ ਘਰੇਲੂ ਲੋੜਾਂ ਲਈ ਵਰਤਿਆ ਜਾਂਦਾ ਹੈ। ਅੰਕੜਿਆਂ ਮੁਤਾਬਕ ਦਸ ਵਿਅਕਤੀਆਂ ਵਿਚੋਂ 2 ਨੂੰ ਪੀਣ ਵਾਲਾ ਸਾਫ ਪਾਣੀ ਨਹੀਂ ਮਿਲਦਾ। ਸੰਯੁਕਤ ਰਾਸ਼ਟਰ ਨੇ ਆਲਮੀ ਚਿਤਾਵਨੀ ਦਿੱਤੀ ਹੈ ਕਿ 2040 ਤਕ ਪਾਣੀ ਦੀ ਇੰਨੀ ਕਿੱਲਤ ਹੋ ਜਾਵੇਗੀ ਕਿ 4 ਵਿਚੋਂ ਇੱਕ ਬੱਚਾ ਪਿਆਸਾ ਰਹੇਗਾ।

ਭਾਰਤ ਦਾ 70% ਪਾਣੀ ਪ੍ਰਦੂਸ਼ਿਤ ਹੋ ਚੁਕਾ ਹੈ। ਵਧ ਰਹੀ ਅਬਾਦੀ ਲਈ ਪਾਣੀ ਕਿੱਥੋਂ ਆਵੇਗਾ, ਕੋਈ ਨਹੀਂ ਜਾਣਦਾ। ਭਾਰਤ ਸਰਕਾਰ ਵਲੋਂ 6584 ਬਲਾਕਾਂ ਵਿਚ ਜਮੀਨ ਦੋਜ਼ ਪਾਣੀ ਦੀ ਖੋਜ ਕੀਤੀ ਤਾਂ ਇਨ੍ਹਾਂ ਵਿਚ 4520 ਬਲਾਕ ਸੁਰੱਖਿਅਤ ਸਮਝੇ ਗਏ, ਜਦ ਕਿ 1034 ਇਕਾਈਆਂ ਲੋੜ ਤੋਂ ਵੱਧ ਪਾਣੀ ਕੱਢ ਰਹੀਆਂ ਹਨ। ਪਾਣੀ ਦੀ ਦੁਰਵਰਤੋਂ ਵਿਚ ਪੰਜਾਬ ਪਹਿਲੇ ਨੰਬਰ 'ਤੇ ਹੈ, ਫਿਰ ਕ੍ਰਮਵਾਰ ਰਾਜਸਥਾਨ, ਦਿੱਲੀ ਅਤੇ ਹਰਿਆਣਾ ਹਨ। ਸਰਕਾਰੀ ਸਰਵੇਖਣ ਅਨੁਸਾਰ 253 ਬਲਾਕ ਗੰਭੀਰ ਸੰਕਟ ਵਿਚ ਅਤੇ 681 ਬਲਾਕ ਅਰਧ ਸੰਕਟ ਵਿਚ ਹਨ। ਮੌਨਸੂਨ ਵਿਚ ਆ ਰਹੀ ਕਮੀ ਅਤੇ ਕੰਕਰੀਟ ਜੰਗਲ ਵਿਚ ਪਾਣੀ ਦਾ ਵਿਅਰਥ ਵਹਿ ਜਾਣਾ ਵੀ ਆਪਣੇ ਆਪ ਵਿਚ ਵੱਡੀ ਸਮੱਸਿਆ ਹੈ, ਜਿਸ ਲਈ ਕੌਮੀ ਪੱਧਰ 'ਤੇ ਵੱਧ ਰੁੱਖ ਲਾਉਣਾ ਅਤੇ ਵਿਅਰਥ ਜਾ ਰਹੇ ਪਾਣੀ ਦੀ ਸੰਭਾਲ ਜਰੂਰੀ ਹੈ।

ਪੰਜਾਬ ਅਤੇ ਭਾਰਤ ਦੀਆਂ ਸਰਕਾਰਾਂ ਨੂੰ ਚਾਹੀਦਾ ਸੀ ਕਿ ਪਾਣੀ ਦੇ ਮੁੱਦੇ ਨੂੰ ਪਹਿਲ ਦੇ ਕੇ ਵਿਗਿਆਨਕ ਖੋਜਾਂ, ਯੋਜਨਾਵਾਂ ਤੇ ਲੋੜੀਂਦੇ ਕਾਨੂੰਨ ਬਣਾ ਕੇ ਇਸ ਦੇ ਸੰਕਟ ਦੇ ਹੱਲ ਲਈ ਬਾਨਣੂ ਬੰਨ੍ਹੇ ਜਾਂਦੇ, ਪਰ ਅਫਸੋਸ! ਸਰਕਾਰਾਂ ਦੀ ਪਹਿਲ ਹਰ ਛੜਯੰਤਰ ਵਰਤ ਕੇ ਗੱਦੀ ਹਥਿਆਉਣ ਤੱਕ ਹੀ ਸੀਮਤ ਹੈ। ਭਾਜਪਾ ਸਰਕਾਰ ਨੇ ਵੀ ਗੰਗਾ ਦੀ ਸਫਾਈ ਦਾ ਮੁੱਦਾ ਧਾਰਮਿਕ ਮਨੌਤ ਨੂੰ ਬੜ੍ਹਾਵਾ ਦੇ ਕੇ ਵੋਟਾਂ ਹਥਿਆਉਣ ਲਈ ਚੁੱਕਿਆ ਸੀ, ਜਦ ਕਿ ਨਦੀਆਂ ਤੇ ਦਰਿਆਵਾਂ ਵਿਚ ਪੈ ਰਹੇ ਸਨਅਤੀ ਗੰਦ ਨੂੰ ਕਾਨੂੰਨੀ ਤੌਰ 'ਤੇ ਬੰਦ ਕਰਨਾ ਜਰੂਰੀ ਹੈ। ਪੰਜਾਬ ਸਰਕਾਰ ਨੇ ਨਹਿਰਾਂ ਪੱਕੀਆਂ ਕਰਕੇ ਸੂਏ ਬਣਾ ਦਿੱਤੇ, ਪਰ ਉਨ੍ਹਾਂ ਵਿਚ ਪਾਣੀ ਕਦੀ ਨਹੀਂ ਛੱਡਿਆ। ਕਈ ਨਹਿਰਾਂ ਵਿਚ ਤਾਂ ਹੁਣ ਰੱਖ ਤੇ ਝਾੜੀਆਂ ਉਗ ਆਏ ਹਨ ਅਤੇ ਕਈ ਨਹਿਰਾਂ ਗੰਦ ਨਾਲ ਲੱਥਪੱਥ ਹੋਈਆਂ ਪਈਆਂ ਹਨ।

ਪ੍ਰਧਾਨ ਮੰਤਰੀ ਦੇ ਪ੍ਰੋਗਰਾਮ 'ਮਨ ਕੀ ਬਾਤ' ਵਿਚ ਇਸ ਵਾਰ ਪਾਣੀ ਦੇ ਮੁੱਦੇ ਨੂੰ ਪ੍ਰਮੁਖਤਾ ਨਾਲ ਵਿਚਾਰਿਆ। ਜਲ ਮਹਿਕਮਾ ਬਣਾਉਣਾ ਸ਼ਲਾਘਾਯੋਗ ਕਦਮ ਹੈ, ਪਰ ਪਾਣੀ ਦੇ ਮੁੱਦੇ ਦੀ ਗੰਭੀਰਤਾ ਨੂੰ ਖਿਆਲ ਵਿਚ ਰੱਖਦਿਆਂ ਅਜੇ ਬੜਾ ਕੁਝ ਕਰਨਾ ਬਾਕੀ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਵੀ ਜਲ ਸੰਕਟ ਸਬੰਧੀ ਸਰਬ ਪਾਰਟੀ ਮੀਟਿੰਗ ਸੱਦ ਕੇ ਮੁੱਖ ਵਧੀਕ ਸਕੱਤਰ ਵਿਸ਼ਵਾਜੀਤ ਦੀ ਅਗਵਾਈ ਵਿਚ ਇੱਕ ਕਮੇਟੀ ਗਠਿਤ ਕੀਤੀ ਹੈ, ਜਿਸ ਵਿਚ ਖੇਤੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਬੀ. ਐਸ. ਢਿੱਲੋਂ ਵੀ ਸ਼ਾਮਲ ਹਨ। ਮੁੱਖ ਮੰਤਰੀ ਦੀ ਇਸ ਵਿਚਾਰ-ਚਰਚਾ ਵਿਚ ਬਿਆਸ ਮੈਨੇਜਮੈਂਟ ਬੋਰਡ, ਕਿਸਾਨ ਯੂਨੀਅਨ, ਪੰਜਾਬ ਪ੍ਰਦੂਸ਼ਣ ਬੋਰਡ, ਪੰਜਾਬ ਖੇਤੀਬਾੜੀ, ਮਹਾਂਰਾਸ਼ਟਰ ਜਲ ਸਰੋਤ ਰੈਗੂਲੇਟਰੀ ਅਥਾਰਟੀ ਤੇ ਪਾਵਰਕਾਮ ਦੇ ਮੁਖੀ ਤੋਂ ਇਲਾਵਾ ਇਜ਼ਰਾਈਲ ਤੋਂ ਜਲ ਮਾਹਰ ਨਵ ਪਿੰਟੋ ਨੂੰ ਵੀ ਸ਼ਾਮਲ ਕੀਤਾ ਗਿਆ; ਪਰ ਅਮਲੀ ਤੌਰ 'ਤੇ ਇਸ ਸਬੰਧੀ ਕੀ ਕੀਤਾ ਜਾਂਦਾ ਹੈ, ਸਮਾਂ ਹੀ ਦੱਸੇਗਾ।

ਵਾਤਾਵਰਣ ਸੰਭਾਲ ਸੇਵਾ ਵਿਚ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਅਤੇ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਅਹਿਮ ਰੋਲ ਅਦਾ ਕੀਤਾ ਹੈ। ਸਿਆਸਤਦਾਨਾਂ ਦੇ ਝੋਲੀ ਚੁੱਕ, ਸੰਗਮਰਮਰ ਜਾਂ ਸੋਨਾ ਲਾ ਕੇ ਇਤਿਹਾਸਕ ਸਿੱਖ ਨਿਸ਼ਾਨੀਆਂ ਨੂੰ ਨਸ਼ਟ ਕਰਨ ਵਾਲੇ 'ਬਾਬੇ' ਵੀ ਜੇ ਪੰਜਾਬ ਦੇ ਬਚਾਓ ਲਈ ਵੱਧ ਤੋਂ ਵੱਧ ਰੁੱਖ ਲਾਉਣ, ਵਾਤਾਵਰਣ ਸਬੰਧੀ ਸਾਹਿਤ ਵੰਡਣ ਤੇ ਪਾਣੀ ਦੀ ਬੱਚਤ ਬਾਰੇ ਪੰਜਾਬੀਆਂ ਨੂੰ ਜਾਗਰੂਕ ਕਰਨ ਸਬੰਧੀ ਉਪਰਾਲੇ ਕਰਨ ਤਾਂ ਉਹ ਲੋਕਾਂ ਵਿਚ ਆਪਣੇ ਗੁਆਚੇ ਸਤਿਕਾਰ ਨੂੰ ਬਹਾਲ ਕਰ ਸਕਦੇ ਹਨ।

# ਕਰਤਾਰਪੁਰ ਗੁਰਦੁਆਰੇ ਲਈ ਪਾਕਿਸਤਾਨ ਦੇਵੇਗਾ 42 ਏਕੜ ਜ਼ਮੀਨ

**ਲਾਹੌਰ:** ਕਰਤਾਰਪੁਰ 'ਚ ਗੁਰਦੁਆਰਾ ਦਰਬਾਰ ਸਾਹਿਬ ਲਈ ਪਾਕਿਸਤਾਨ 14 ਗੁਣਾ ਵੱਧ, 42 ਏਕੜ ਜ਼ਮੀਨ ਅਲਾਟ ਕਰੇਗਾ। ਪੰਜਾਬ ਦੇ ਗਵਰਨਰ ਨੇ ਐਲਾਨ ਕੀਤਾ ਹੈ ਕਿ ਪਾਕਿਸਤਾਨ ਵਾਲੇ ਪਾਸੇ 'ਚ ਕਰਤਾਰਪੁਰ ਲਾਂਘੇ ਦਾ ਕੰਮ 80 ਫੀਸਦੀ ਮੁਕੰਮਲ ਹੋ ਚੁੱਕਾ ਹੈ। ਲਾਂਘਾ ਪਾਕਿਸਤਾਨ ਦੇ ਕਰਤਾਰਪੁਰ 'ਚ ਗੁਰਦੁਆਰਾ ਵੀ ਤਰ੍ਹਾਂ ਦੀ ਉਸਾਰੀ ਨਹੀਂ ਕੀਤੀ ਜਾਵੇਗੀ ਜਿਸ 'ਤੇ ਗੁਰੂ ਨਾਨਕ ਦੇਵ ਜੀ ਖੇਤੀ ਕਰਦੇ ਸਨ। ਲਾਂਘੇ ਦੇ ਕੰਮਾਂ ਦਾ ਜਾਇਜ਼ਾ ਲੈਣ ਦੌਰਾਨ ਸਰਵਰ ਨੇ ਕਿਹਾ ਕਿ ਉਹ ਦੁਨੀਆ ਭਰ 'ਚ ਵਸਦੇ ਸਿੱਖ ਭਰਾਵਾਂ ਨੂੰ ਇਹ ਸੁਨੇਹਾ ਦੇਣਾ ਚਾਹੁੰਦੇ ਹਨ ਕਿ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਲਈ ਜ਼ਮੀਨ 'ਚ ਕਟੌਤੀ ਨਹੀਂ ਕੀਤੀ ਜਾਵੇਗੀ।



ਦਰਬਾਰ ਸਾਹਿਬ ਨੂੰ ਗੁਰਦਾਸਪੁਰ ਜ਼ਿਲ੍ਹੇ 'ਚ ਡੇਰਾ ਬਾਬਾ ਨਾਨਕ ਗੁਰਦੁਆਰੇ ਨਾਲ ਜੋੜੇਗਾ। ਭਾਰਤੀ ਸਿੱਖ ਸ਼ਰਧਾਲੂ ਵੀਜ਼ੇ ਤੋਂ ਬਿਨਾਂ ਗੁਰਦੁਆਰੇ ਦੇ ਦਰਸ਼ਨ ਕਰ ਸਕਣਗੇ।

'ਦਿ ਨਿਊਜ਼' ਮੁਤਾਬਕ ਪੰਜਾਬ ਦੇ ਗਵਰਨਰ ਮੁਹੰਮਦ ਸਰਵਰ ਨੇ ਕਰਤਾਰਪੁਰ 'ਚ ਗੁਰਦੁਆਰਾ ਦਰਬਾਰ ਸਾਹਿਬ ਲਈ ਜ਼ਮੀਨ ਦੀ ਅਲਾਟਮੈਂਟ ਤਿੰਨ ਏਕੜ ਤੋਂ ਵਧਾ ਕੇ 42 ਏਕੜ ਕਰਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਜ਼ਮੀਨ 'ਤੇ ਕਿਸੇ

ਇਸ ਦੀ ਥਾਂ ਗੁਰਦੁਆਰਾ ਦਰਬਾਰ ਸਾਹਿਬ ਲਈ 42 ਏਕੜ ਜ਼ਮੀਨ ਅਤੇ ਖੇਤੀ ਲਈ 62 ਏਕੜ ਜ਼ਮੀਨ ਮਨਜ਼ੂਰ ਕੀਤੀ ਗਈ ਹੈ। ਇਸੇ ਤਰ੍ਹਾਂ ਗੁਰਦੁਆਰਾ ਦਰਬਾਰ ਸਾਹਿਬ ਲਈ ਕੁੱਲ 104 ਏਕੜ ਜ਼ਮੀਨ ਦਿੱਤੀ ਜਾਵੇਗੀ। ਗਵਰਨਰ, ਜੋ ਧਾਰਮਿਕ ਸੈਰ ਸਪਾਟਾ ਅਤੇ ਵਿਰਾਸਤ ਮਾਮਲਿਆਂ ਦੀ ਕਮੇਟੀ ਦੇ ਮੁਖੀ ਵੀ ਹਨ, ਨੇ ਕਿਹਾ ਕਿ ਕਰਤਾਰਪੁਰ ਲਾਂਘੇ ਲਈ ਕੁੱਲ 408 ਏਕੜ ਜ਼ਮੀਨ ਦਿੱਤੀ ਜਾਵੇਗੀ। ਉਨ੍ਹਾਂ ਆਸ ਜਤਾਈ ਕਿ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਰਤਾਰਪੁਰ ਲਾਂਘੇ ਦੇ ਉਦਘਾਟਨੀ ਸਮਾਗਮ 'ਚ ਸ਼ਿਰਕਤ ਕਰਨਗੇ। ਉਨ੍ਹਾਂ ਕਿਹਾ ਕਿ ਚੈੱਕ ਪੁਆਇੰਟ ਤੋਂ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਗੁਰਦੁਆਰੇ ਤਕ ਲੈ ਕੇ ਜਾਣ ਲਈ ਵਿਸ਼ੇਸ਼ ਟਰਾਂਸਪੋਰਟ ਦੇ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਦਰਬਾਰ ਸਾਹਿਬ ਗੁਰਦੁਆਰੇ 'ਚ ਤਿੰਨ 'ਲੰਗਰ ਖਾਨੇ' ਬਣਾਏ ਜਾ ਰਹੇ ਹਨ।

### ਅਮਰੀਕਾ ਵੱਲੋਂ ਕਰਤਾਰਪੁਰ ਲਾਂਘੇ ਦਾ ਸਵਾਗਤ

**ਵਾਸ਼ਿੰਗਟਨ:** ਅਮਰੀਕਾ ਨੇ ਭਾਰਤ ਤੇ ਪਾਕਿਸਤਾਨ ਵਿਚਕਾਰ ਇਤਿਹਾਸਕ ਕਰਤਾਰਪੁਰ ਲਾਂਘੇ ਨੂੰ ਖੋਲ੍ਹਣ ਅਤੇ ਸਿੱਖ ਸ਼ਰਧਾਲੂਆਂ ਨੂੰ ਵੀਜ਼ਾ ਮੁਕਤ ਯਾਤਰਾ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਦੋਵੇਂ ਗੁਆਂਢੀ ਮੁਲਕਾਂ ਦੇ ਲੋਕਾਂ ਵਿਚਕਾਰ ਰਿਸ਼ਤੇ ਵਧਾਉਣ ਦੇ ਕਿਸੇ ਵੀ ਕਦਮ ਦੀ ਹਮਾਇਤ ਕਰੇਗਾ। ਵਿਦੇਸ਼ ਵਿਭਾਗ ਦੇ ਤਰਜਮਾਨ ਮੌਰਗਨ ਓਰਟਾਗਸ ਨੇ ਪੱਤਰਕਾਰਾਂ ਵੱਲੋਂ ਲਾਂਘੇ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ 'ਚ ਕਿਹਾ ਕਿ ਇਹ ਚੰਗੀ ਖ਼ਬਰ ਹੈ ਅਤੇ ਅਮਰੀਕਾ ਇਸ ਨੂੰ ਹੱਲਾਸ਼ੇਰੀ ਦੇਵੇਗਾ।

# ਸਤਵੰਤ ਸਿੰਘ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਪ੍ਰਧਾਨ

**ਲਾਹੌਰ:** ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਐਸ.ਜੀ.ਪੀ.ਸੀ.) ਨੇ ਸਤਵੰਤ ਸਿੰਘ ਨੂੰ ਸਰਬਸੰਮਤੀ ਨਾਲ ਆਪਣਾ ਨਵਾਂ ਪ੍ਰਧਾਨ ਚੁਣ ਲਿਆ ਹੈ। ਭਾਰਤ ਵੱਲੋਂ ਜਥੇਬੰਦੀ 'ਚ ਖਾਲਿਸਤਾਨੀਆਂ ਖਾਸ ਕਰਕੇ ਸਕੱਤਰ ਜਨਰਲ



ਗੋਪਾਲ ਸਿੰਘ ਚਾਵਲਾ ਦੀ ਮੌਜੂਦਗੀ 'ਤੇ ਇਤਰਾਜ਼ ਜਤਾਏ ਜਾਣ ਮਗਰੋਂ ਇਮਰਾਨ ਖਾਨ ਸਰਕਾਰ ਨੇ ਪੀ.ਐਸ.ਜੀ.ਪੀ.ਸੀ. ਨੂੰ ਭੰਗ ਕਰ ਦਿੱਤਾ ਸੀ।

ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ (ਈ.ਟੀ.ਪੀ.ਬੀ.) ਵੱਲੋਂ ਜਾਰੀ ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ ਕਿ ਮੁਲਕ ਦੇ ਸਾਰੇ ਚਾਰ ਪ੍ਰਾਂਤਾਂ ਦੀ ਨੁਮਾਇੰਦਗੀ ਵਾਲੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਬਸੰਮਤੀ ਨਾਲ ਸਤਵੰਤ ਸਿੰਘ ਨੂੰ ਪ੍ਰਧਾਨ ਅਤੇ ਅਮੀਰ ਸਿੰਘ ਨੂੰ ਸਕੱਤਰ ਜਨਰਲ ਚੁਣ ਲਿਆ ਹੈ। ਈ.ਟੀ.ਪੀ.ਬੀ. ਦੇ ਤਰਜਮਾਨ ਆਮਿਰ ਹਾਸ਼ਮੀ ਨੇ ਖ਼ਬਰ ਏਜੰਸੀ ਨੂੰ ਦੱਸਿਆ ਕਿ ਸਿੱਖ ਜਥੇਬੰਦੀ ਦੇ 13 ਮੈਂਬਰੀ ਬੋਰਡ ਨੇ ਈ.ਟੀ.ਪੀ.ਬੀ. ਦੇ ਚੇਅਰਮੈਨ ਆਮਿਰ ਅਹਿਮਦ ਨਾਲ ਲਾਹੌਰ 'ਚ ਹੋਈ ਬੈਠਕ ਦੌਰਾਨ ਸਰਬਸੰਮਤੀ ਨਾਲ ਨਵੇਂ ਪ੍ਰਧਾਨ ਅਤੇ ਸਕੱਤਰ ਜਨਰਲ ਦੀ ਚੋਣ ਕਰ ਲਈ ਹੈ। ਸਤਵੰਤ ਸਿੰਘ ਖੈਬਰ ਪਖਤੂਨਖਵਾ ਅਤੇ ਅਮੀਰ ਸਿੰਘ ਪੰਜਾਬ ਸੂਬੇ ਨਾਲ ਸਬੰਧਤ ਹਨ।

ਨਵੇਂ ਚੁਣੇ ਗਏ ਪ੍ਰਧਾਨ ਸਤਵੰਤ ਸਿੰਘ ਨੇ ਕਿਹਾ ਕਿ ਉਹ ਸਿੱਖਾਂ ਦੀ ਭਲਾਈ ਲਈ ਕੰਮ ਕਰਨਗੇ। ਈ.ਟੀ.ਬੀ.ਪੀ. ਦੇ ਚੇਅਰਮੈਨ ਨੇ ਪੀ.ਐਸ.ਜੀ.ਪੀ.ਸੀ. ਦੇ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਭਰੋਸਾ ਦਿੱਤਾ ਕਿ ਉਹ ਗੁਰਧਾਮਾਂ ਦੀ ਸਾਂਭ-ਸੰਭਾਲ ਅਤੇ ਸਿੱਖ ਭਾਈਚਾਰੇ ਦੀਆਂ ਮੁਸ਼ਕਲਾਂ ਦੇ ਹੱਲ ਲਈ ਪੂਰਾ ਸਹਿਯੋਗ ਕਰਨਗੇ। ਸ੍ਰੀ ਅਹਿਮਦ ਨੇ ਕਿਹਾ ਕਿ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਦੀਆਂ ਤਿਆਰੀਆਂ ਲਈ ਵੱਖ ਵੱਖ ਕਮੇਟੀਆਂ ਬਣਾਈਆਂ ਗਈਆਂ ਹਨ। ਪੀ.ਐਸ.ਜੀ.ਪੀ.ਸੀ. ਨੂੰ ਭੰਗ ਕਰਨ ਨਾਲ ਪ੍ਰਧਾਨ ਤਾਰਾ ਸਿੰਘ ਨੂੰ ਲਾਂਭੇ ਕਰ ਦਿੱਤਾ ਗਿਆ। ਨਵੇਂ ਬੋਰਡ 'ਚ ਪਿਛਲੇ ਕਿਸੇ ਵੀ ਅਹੁਦੇਦਾਰ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਨਵੰਬਰ 'ਚ ਕਰਤਾਰਪੁਰ ਲਾਂਘੇ ਦੇ ਨੀਂਹ ਪੱਥਰ ਸਮੇਂ ਚਾਵਲਾ ਦੇ ਪਾਕਿਸਤਾਨੀ ਥਲ ਸੈਨਾ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨਾਲ ਮੌਜੂਦ ਰਹਿਣ 'ਤੇ ਭਾਰਤ ਨੇ ਇਸ ਦੀ ਤਿੱਖੀ ਆਲੋਚਨਾ ਕੀਤੀ ਸੀ।

# ਭ੍ਰਿਸ਼ਟਾਚਾਰ ਦੇ ਮਾਮਲਿਆਂ 'ਚ ਜੀ. ਕੇ. ਤੇ ਹੋਰਨਾਂ ਦੀਆਂ ਮੁਸ਼ਕਲਾਂ 'ਚ ਵਾਧਾ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਤ ਭ੍ਰਿਸ਼ਟਾਚਾਰ ਦੇ 3 ਮਾਮਲਿਆਂ ਦਾ ਸਾਹਮਣਾ ਕਰ ਰਹੇ ਸਾਬਕਾ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਤੇ ਸਾਬਕਾ ਸਕੱਤਰ ਅਮਰਜੀਤ ਸਿੰਘ ਪੱਪੂ ਸਮੇਤ



ਹੋਰਨਾਂ ਦੀਆਂ ਮੁਸ਼ਕਲਾਂ 'ਚ ਵਾਧਾ ਹੋ ਗਿਆ ਹੈ ਕਿਉਂਕਿ ਹੁਣ ਜੀ.ਕੇ. ਤੇ ਹੋਰਨਾਂ ਖਿਲਾਫ ਚੱਲ ਰਹੇ ਮਾਮਲਿਆਂ ਦੀ ਜਾਂਚ ਨੂੰ ਦਿੱਲੀ ਪੁਲਿਸ ਦੀ ਅਪਰਾਧ ਸ਼ਾਖਾ ਕੋਲ ਭੇਜਣ ਦੇ ਨਾਲ ਹੀ ਮੁਲਜ਼ਮਾਂ ਖਿਲਾਫ ਹੋਰ ਸਖਤ ਧਾਰਾ ਵੀ ਜੋੜ ਦਿੱਤੀਆਂ ਗਈਆਂ ਹਨ।

ਮਾਮਲੇ ਦੀ ਪ੍ਰਗਤੀ ਬਾਰੇ ਪਟਿਆਲਾ ਹਾਊਸ ਅਦਾਲਤ ਵੱਲੋਂ ਦਿੱਤੇ ਗਏ ਆਦੇਸ਼ਾਂ ਦੇ ਮੱਦੇਨਜ਼ਰ ਸੰਯੁਕਤ ਕਮਿਸ਼ਨਰ ਆਨੰਦ ਮੋਹਨ ਦੇ ਦਸਤਖਤ ਹੇਠ 17 ਜੁਲਾਈ 2019 ਨੂੰ ਸਟੇਟਸ ਰਿਪੋਰਟ ਦਾਖਲ ਕੀਤੀ ਗਈ ਸੀ। ਇਸ ਸਟੇਟਸ ਰਿਪੋਰਟ ਮੁਤਾਬਕ ਜੀ.ਕੇ. ਤੇ ਹੋਰਨਾ ਖਿਲਾਫ ਮਾਮਲਿਆਂ ਦੀ ਜਾਂਚ ਅਪਰਾਧ ਸ਼ਾਖਾ ਕੋਲ ਭੇਜਣ ਦੇ ਨਾਲ ਹੀ ਮੁਲਜ਼ਮਾਂ ਖਿਲਾਫ 7 ਤੋਂ 10 ਸਾਲ ਤੱਕ ਦੀ ਸਜ਼ਾ ਵਾਲੀ ਧਾਰਾ 409 ਸਮੇਤ 468 ਤੇ 471 ਧਾਰਾ ਵੀ ਜੋੜ ਦਿੱਤੀ ਗਈ ਹੈ ਜਦਕਿ 420 ਤੇ 34 ਧਾਰਾ ਪਹਿਲਾਂ ਹੀ ਜੁੜੀਆਂ ਹੋਈਆਂ ਹਨ। ਇਸ ਮਾਮਲੇ ਦੀ ਅਗਲੀ ਸੁਣਵਾਈ 19 ਅਗਸਤ ਨੂੰ ਹੋਵੇਗੀ।

ਜਾਂਚ ਅਪਰਾਧ ਸ਼ਾਖਾ ਕੋਲ ਜਾਣ ਉਪਰੰਤ ਮਾਮਲੇ ਦੇ ਸ਼ਿਕਾਇਤਕਰਤਾ ਗੁਰਮੀਤ ਸਿੰਘ ਸ਼ੰਟੀ (ਸਾਬਕਾ ਜਨਰਲ ਸਕੱਤਰ ਦਿੱਲੀ ਕਮੇਟੀ) ਨੇ ਪ੍ਰੈਸ ਕਾਨਫਰੰਸ ਕਰਦਿਆਂ ਕਿਹਾ ਕਿ ਉਹ ਸਿਰਫ ਦਿੱਲੀ ਕਮੇਟੀ ਪ੍ਰਬੰਧ 'ਚ ਹੋਏ ਭ੍ਰਿਸ਼ਟਾਚਾਰ ਦੇ ਖਿਲਾਫ ਲੜਾਈ ਲੜ ਰਹੇ ਹਨ ਤੇ ਉਨ੍ਹਾਂ ਦਾ ਮਕਸਦ ਸਿਰਫ ਤੇ ਸਿਰਫ ਗੋਲਕ ਫੰਡ ਦੀ ਦੁਰਵਰਤੋਂ ਕਰਨ ਵਾਲਿਆਂ ਨੂੰ ਸਜ਼ਾ ਦਿਵਾਉਣਾ ਹੈ।

# ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ 'ਤੇ ਦੁਰਵਿਹਾਰ ਦੇ ਦੋਸ਼

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗੁਰਜੀਤ ਸਿੰਘ ਨੇ ਸ੍ਰੀ ਅਕਾਲ ਤਖਤ 'ਤੇ ਸ਼ਿਕਾਇਤ ਦੇ ਕੇ ਦੋਸ਼ ਲਾਇਆ ਕਿ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਵੱਲੋਂ ਉਸ ਨਾਲ ਡਿਊਟੀ ਦੌਰਾਨ ਦੁਰਵਿਹਾਰ ਕੀਤਾ ਗਿਆ ਹੈ ਜਦੋਂਕਿ ਦੂਜੇ ਪਾਸਿਉਂ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਗਿਆ ਹੈ।

ਗ੍ਰੰਥੀ ਗਿਆਨੀ ਗੁਰਜੀਤ ਸਿੰਘ ਵੱਲੋਂ ਇਸ ਸਬੰਧੀ ਸ੍ਰੀ ਅਕਾਲ ਤਖਤ 'ਤੇ ਕੀਤੀ ਗਈ ਸ਼ਿਕਾਇਤ ਦਾ ਮਾਮਲਾ ਸੋਸ਼ਲ ਮੀਡੀਆ 'ਤੇ ਵੀ ਵਾਇਰਲ ਹੋਇਆ ਹੈ। ਆਪਣੀ ਸ਼ਿਕਾਇਤ ਵਿਚ ਉਸ ਨੇ ਦੱਸਿਆ ਕਿ 14 ਜੁਲਾਈ ਦੀ ਰਾਤ ਨੂੰ ਉਸ ਦੀ ਡਿਊਟੀ ਸਮਾਪਤੀ ਵੇਲੇ ਸੀ। ਡਿਊਟੀ ਦਾ ਸਮਾਂ ਸਾਢੇ 9 ਵਜੇ ਸ਼ੁਰੂ ਹੋਣਾ ਸੀ। ਜਦੋਂ ਉਹ ਆਪਣੀ ਡਿਊਟੀ 'ਤੇ ਪੁੱਜਾ ਤਾਂ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਬੈਠੇ ਹੋਏ ਸਨ। ਉਸ ਨੇ ਦੋਸ਼ ਲਾਇਆ ਕਿ ਉਸ ਨੂੰ ਡਿਊਟੀ 'ਤੇ ਦੇਖਦਿਆਂ ਹੀ ਉਸ ਨਾਲ ਦੁਰਵਿਹਾਰ ਕੀਤਾ ਗਿਆ ਹੈ। ਉਸ ਖਿਲਾਫ ਅਪਸ਼ਬਦ ਵਰਤੇ ਗਏ ਹਨ। ਗੁਰੂ ਸਾਹਿਬ ਦੀ ਹਜ਼ੂਰੀ ਵਿਚ ਇਹ ਵਤੀਰਾ ਮਰਿਆਦਾ ਦੀ ਉਲੰਘਣਾ ਹੈ। ਉਸ ਨੇ ਆਪਣੀ ਸ਼ਿਕਾਇਤ ਵਿਚ ਅਪੀਲ ਕੀਤੀ ਹੈ ਕਿ ਇਸ ਮਾਮਲੇ ਦੀ ਉਚ ਪੱਧਰੀ ਜਾਂਚ ਕਰਾਈ ਜਾਵੇ ਤੇ ਇਸ ਸਬੰਧੀ ਸੀ.ਸੀ.ਟੀ.ਵੀ. ਕੈਮਰਿਆਂ ਦੀ ਰਿਕਾਰਡਿੰਗ ਨੂੰ ਦੇਖਿਆ ਜਾ ਸਕਦਾ ਹੈ।

ਉਸ ਨੇ ਆਖਿਆ ਕਿ ਇਸ ਮਾਮਲੇ ਵਿੱਚ ਜੋ ਵੀ ਕੋਈ ਦੋਸ਼ੀ ਹੈ, ਉਸ ਖਿਲਾਫ ਕਾਰਵਾਈ ਕੀਤੀ ਜਾਵੇ। ਗ੍ਰੰਥੀ ਨੇ ਦੱਸਿਆ ਕਿ ਉਸ ਦਿਨ ਉਸ ਨੇ ਕੀਰਤਨ ਕੀਤਾ ਸੀ ਅਤੇ ਮਗਰੋਂ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਦੇ ਕਹਿਣ ਮੁਤਾਬਕ ਸ਼ਬਦ ਦਾ ਵੀ ਗਾਇਨ ਕੀਤਾ ਸੀ। ਉਸ ਨੇ ਆਖਿਆ ਕਿ ਇਸ ਮਾਮਲੇ ਵਿਚ ਸੰਗਤ ਨੇ ਵੀ ਇਤਰਾਜ਼ ਪ੍ਰਗਟਾਇਆ ਹੈ। ਦੂਜੇ ਪਾਸੇ ਇਸ ਮਾਮਲੇ ਵਿਚ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨਾਲ ਸੰਪਰਕ ਨਹੀਂ ਹੋ ਸਕਿਆ ਪਰ ਉਨ੍ਹਾਂ ਦੇ ਬੇਟੇ ਨਰਾਇਣ ਸਿੰਘ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਇਹ ਰਾਗੀ ਜੱਥਾ ਡਿਊਟੀ 'ਤੇ ਦੇਰੀ ਨਾਲ ਪੁੱਜਾ ਸੀ ਅਤੇ ਦੇਰ ਹੋਣ ਕਾਰਨ ਸੰਗਤ ਵੱਲੋਂ ਕੀਰਤਨ ਕੀਤਾ ਗਿਆ ਸੀ, ਜਿਸ ਕਾਰਨ ਦਫਤਰ ਵੱਲੋਂ ਉਸ ਦਾ ਤਬਾਦਲਾ ਕਰ ਦਿੱਤਾ ਗਿਆ ਸੀ। ਹੁਣ ਉਹ ਅਚਨਚੇਤੀ ਤਬਾਦਲਾ ਰੱਦ ਕਰਵਾ ਕੇ ਮੁੜ ਡਿਊਟੀ 'ਤੇ ਹਾਜ਼ਰ ਹੋ ਗਿਆ ਸੀ, ਜਿਸ 'ਤੇ ਗਿਆਨੀ ਜਗਤਾਰ ਸਿੰਘ ਨੇ ਹੈਰਾਨੀ ਪ੍ਰਗਟਾਈ ਸੀ। ਉਸ ਨੇ ਦਾਅਵਾ ਕੀਤਾ ਕਿ ਮੁੱਖ ਗ੍ਰੰਥੀ ਵੱਲੋਂ ਗ੍ਰੰਥੀ ਨਾਲ ਕਿਸੇ ਵੀ ਤਰ੍ਹਾਂ ਦਾ ਦੁਰਵਿਹਾਰ ਨਹੀਂ ਕੀਤਾ ਗਿਆ। ਇਹ ਦੋਸ਼ ਬੇਬੁਨਿਆਦ ਹੈ।

ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ ਨੇ ਇਸ ਸਬੰਧੀ ਮਾਮਲੇ ਤੋਂ ਅਣਜਾਣਤਾ ਪ੍ਰਗਟਾਈ ਹੈ। ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਿੱਜੀ ਸਕੱਤਰ ਜਸਪਾਲ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਸ਼ਿਕਾਇਤ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਪੁੱਜੀ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਦਫਤਰ ਆਉਣ 'ਤੇ ਸ਼ਿਕਾਇਤ ਉਨ੍ਹਾਂ ਨੂੰ ਸੌਂਪ ਦਿੱਤੀ ਜਾਵੇਗੀ। ਸੋਸ਼ਲ ਮੀਡੀਆ 'ਤੇ ਕੈਨੇਡਾ ਤੋਂ ਵੀ ਸ਼ਰਧਾਲੂਆਂ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਫੋਨ ਰਾਹੀਂ ਇਸ ਮਾਮਲੇ ਵਿਚ ਸ਼ਿਕਾਇਤ ਕਰ ਕੇ ਕਾਰਵਾਈ ਦੀ ਅਪੀਲ ਕੀਤੀ ਹੈ।

### ਦਫਤਰਾਂ ਵਿਚ ਲੌਂਗੋਵਾਲ ਦੀਆਂ ਤਸਵੀਰਾਂ ਲਾਉਣ ਉਤੇ ਵਿਵਾਦ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਸੀਨੀਅਰ ਮੀਤ ਪ੍ਰਧਾਨ ਤੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਇਤਿਹਾਸਕ ਗੁਰਦੁਆਰਿਆਂ ਦੇ ਮੈਨੇਜਰਾਂ ਜਾਂ ਦੂਜੇ ਪ੍ਰਬੰਧਕੀ ਦਫਤਰਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀਆਂ ਤਸਵੀਰਾਂ ਕੰਧਾਂ ਉਤੇ ਲਟਕਾਉਣ ਦੀ ਨਿੰਦਾ ਕੀਤੀ ਹੈ। ਉਨ੍ਹਾਂ ਇਸ ਮਾਮਲੇ 'ਤੇ ਸ਼੍ਰੋਮਣੀ ਕਮੇਟੀ ਨੂੰ ਕਟਹਿਰੇ ਵਿਚ ਖੜ੍ਹੇ ਕਰਦਿਆਂ ਇਸ ਨੂੰ ਗੁਰਮਤਿ ਦੀ ਉਲੰਘਣਾ ਦੱਸਿਆ ਹੈ।

ਬੀਰ ਦਵਿੰਦਰ ਸਿੰਘ ਨੇ ਆਖਿਆ ਹੈ ਕਿ ਪ੍ਰਧਾਨ ਦੀਆਂ ਤਸਵੀਰਾਂ ਲਾਉਣ ਦੀ ਪ੍ਰਵਿਰਤੀ ਗੋਬਿੰਦ ਸਿੰਘ ਲੌਂਗੋਵਾਲ ਦੇ ਪ੍ਰਧਾਨ ਬਣਨ ਮਗਰੋਂ ਜ਼ਿਆਦਾ ਜ਼ੋਰ ਫੜ ਗਈ ਹੈ। ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ ਸ਼ਖਸੀ ਪੂਜਾ ਦਾ ਇਹ ਰੁਝਾਨ ਨਿੰਦਣਯੋਗ ਹੈ। ਉਨ੍ਹਾਂ ਨੇ ਸਮੂਹ ਤਖਤਾਂ ਦੇ ਸਿੰਘ ਸਾਹਿਬਾਨ ਨੂੰ ਅਪੀਲ ਕੀਤੀ ਹੈ ਕਿ ਉਹ ਹੁਕਮਨਾਮਾ ਜਾਰੀ ਕਰ ਕੇ ਅਜਿਹੀ ਕਾਰਵਾਈ 'ਤੇ ਪਾਬੰਦੀ ਲਾਉਣ। ਉਧਰ, ਲੌਂਗੋਵਾਲ ਨੇ ਬੀਰ ਦਵਿੰਦਰ ਸਿੰਘ ਦੇ ਬਿਆਨ ਨੂੰ ਬੇਬੁਨਿਆਦ ਕਰਾਰ ਦਿੰਦਿਆਂ ਆਖਿਆ ਹੈ ਕਿ ਉਨ੍ਹਾਂ ਦੇ ਆਪਣੇ ਦਫਤਰ ਵਿਚ ਉਨ੍ਹਾਂ ਦੀ ਫੋਟੋ ਨਹੀਂ ਲੱਗੀ ਹੋਈ ਤੇ ਨਾ ਹੀ ਸ਼੍ਰੋਮਣੀ ਕਮੇਟੀ ਦੇ ਕਿਸੇ ਹੋਰ ਪ੍ਰਬੰਧਕੀ ਦਫਤਰ ਵਿਚ ਉਨ੍ਹਾਂ ਕਿਸੇ ਨੇ ਫੋਟੋ ਲਗਾਈ ਹੋਈ ਹੈ।

# ਨਹਿਰੂ ਨਾਲ ਜੁੜਿਆ ਇਤਿਹਾਸਕ ਸਮਾਰਕ ਹੋਇਆ ਢਹਿ-ਢੇਰੀ

**ਜੈਤੋ:** ਸਾਂਭ-ਸੰਭਾਲ ਪੱਖੋਂ ਵਿਸਾਰੀ ਇੱਥੇ ਕਿਲ੍ਹੇ ਵਿਚ ਸਥਿਤ ਨਹਿਰੂ ਦੀ ਯਾਦਗਾਰ ਮੀਂਹ ਦੀ ਮਾਰ ਨਾ ਝੱਲ ਸਕੀ ਅਤੇ ਢਹਿ-ਢੇਰੀ ਹੋ ਗਈ। ਬੀਤੇ ਦਿਨੀਂ ਰੁਕ-ਰੁਕ ਕੇ ਵਰ੍ਹੇ ਮੀਂਹ ਅੱਗੇ ਇਸ ਯਾਦਗਾਰ ਨੇ ਗੋਡੇ ਟੇਕ ਦਿੱਤੇ। ਕਿਲ੍ਹੇ ਦੀ ਚਾਰਦੀਵਾਰੀ ਦੇ ਅੰਦਰ ਡਿਓਢੀ ਦਾ ਇਕ ਹਿੱਸਾ ਤਹਿਸ-ਨਹਿਸ ਹੋ ਗਿਆ। ਇਸ 'ਚ ਨਹਿਰੂ ਯਾਦਗਾਰ ਵਜੋਂ ਜਾਣੀ ਜਾਂਦੀ ਕਾਲ ਕੋਠਰੀ ਵੀ ਢਹਿ ਗਈ। ਦੱਸਣਯੋਗ ਕਿ ਜੈਤੋ ਨਾਭਾ ਰਿਆਸਤ ਵਿਚ ਸੀ ਅਤੇ ਅੱਗੇ ਫਰੀਦਕੋਟ ਰਿਆਸਤ ਦੀ ਹੱਦ ਸ਼ੁਰੂ ਹੋ ਜਾਂਦੀ ਸੀ।

ਨਾਭਾ ਦੇ ਰਾਜੇ ਵੱਲੋਂ ਹਿਫਾਜ਼ਤ ਲਈ ਜੈਤੋ ਵਿਚ ਕਿਲ੍ਹਾ ਬਣਵਾਇਆ ਗਿਆ ਸੀ। ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਦੇ ਹੱਕ ਵਿਚ ਸਿੱਖਾਂ ਵੱਲੋਂ 1923-24 ਵਿਚ ਜੈਤੋ ਵਿਚ ਮੋਰਚਾ ਲਾਇਆ ਗਿਆ, ਜਿਸ ਦਾ ਇਤਿਹਾਸ ਦੇ ਸਫ਼ਿਆਂ ਵਿਚ 'ਜੈਤੋ ਦੇ ਮੋਰਚੇ' ਵਜੋਂ ਜ਼ਿਕਰ ਹੈ। ਮੋਰਚੇ ਦੌਰਾਨ ਜੈਤੋ ਆਏ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਅੰਗਰੇਜ਼ ਹਕੂਮਤ ਨੇ ਧਾਰਾ 144 ਦੀ ਉਲੰਘਣਾ ਦੇ ਦੋਸ਼ ਤਹਿਤ ਗ੍ਰਿਫਤਾਰ ਕਰ ਕੇ ਕਿਲ੍ਹੇ ਦੀ ਡਿਓਢੀ ਦੇ ਪ੍ਰਵੇਸ਼ ਦਰਵਾਜ਼ੇ ਨਾਲ ਸੱਜੇ ਹੱਥ ਬਣੇ ਹਨੇਰ ਕੋਠੜੀ ਵਿਚ ਬੰਦੀ ਬਣਾ ਕੇ ਰੱਖਿਆ। ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੱਲੋਂ ਯਾਦਗਾਰ ਦੀ ਸਾਂਭ-ਸੰਭਾਲ ਅਤੇ ਨਵੀਨੀਕਰਨ ਲਈ ਕਰੀਬ 63 ਲੱਖ ਰੁਪਏ ਖਰਚੇ ਗਏ। ਇਸ ਮਗਰੋਂ 19 ਫਰਵਰੀ 2018 ਨੂੰ ਜੈਤੋ ਆਏ ਤਤਕਾਲੀ ਸਥਾਨਕ ਸਰਕਾਰਾਂ ਅਤੇ ਸੈਰ ਸਪਾਟਾ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਯਾਦਗਾਰ ਦੀ ਸੰਭਾਲ ਅਤੇ ਸੁੰਦਰਤਾ ਲਈ 50 ਲੱਖ ਦੀ ਗ੍ਰਾਂਟ ਖਰਚਣ ਦੀ ਐਲਾਨ ਕੀਤਾ ਸੀ ਪਰ ਰਾਸ਼ੀ ਜਾਰੀ ਨਾ ਹੋ ਸਕੀ।

# ਅੰਮ੍ਰਿਤਸਰ ਹਵਾਈ ਅੱਡੇ ਦੀਆਂ ਸੱਤ ਉਡਾਣਾਂ ਬਹਾਲ ਹੋਣ ਦੇ ਆਸਾਰ

**ਅੰਮ੍ਰਿਤਸਰ:** ਪਾਕਿਸਤਾਨ ਸਰਕਾਰ ਵੱਲੋਂ ਆਪਣੇ ਦੇਸ਼ 'ਚੋਂ ਲੰਘਦੇ ਹਵਾਈ ਲਾਂਘੇ ਦੀ ਵਰਤੋਂ ਦੀ ਪ੍ਰਵਾਨਗੀ ਦਿੱਤੇ ਜਾਣ ਮਗਰੋਂ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ ਤੋਂ ਬੰਦ ਹੋਈਆਂ ਅਤੇ ਤਬਦੀਲ ਹੋਈਆਂ ਕਈ ਕੌਮਾਂਤਰੀ ਉਡਾਣਾਂ ਮੁੜ ਸ਼ੁਰੂ ਹੋਣ ਦੀ ਉਮੀਦ ਬਣ ਗਈ ਹੈ।

ਪੁਲਵਾਮਾ ਹਮਲੇ ਤੋਂ ਬਾਅਦ ਭਾਰਤੀ ਹਵਾਈ ਸੈਨਾ ਵੱਲੋਂ ਮਕਬੂਜ਼ਾ ਕਸ਼ਮੀਰ ਦੇ ਇਲਾਕੇ 'ਚ ਅਤਿਵਾਦੀ ਕੈਂਪਾਂ 'ਤੇ ਕੀਤੇ ਹਵਾਈ ਹਮਲੇ ਤੋਂ ਬਾਅਦ 26 ਫਰਵਰੀ ਨੂੰ ਪਾਕਿਸਤਾਨ ਸਰਕਾਰ ਨੇ ਆਪਣੇ ਦੇਸ਼ ਦਾ ਹਵਾਈ ਲਾਂਘਾ ਭਾਰਤ ਵਿਚ ਆਉਣ ਵਾਲੇ ਹਵਾਈ ਜਹਾਜ਼ਾਂ ਲਈ ਬੰਦ ਕਰ ਦਿੱਤਾ ਸੀ, ਜਿਸ ਕਾਰਨ ਸਥਾਨਕ ਹਵਾਈ ਅੱਡੇ ਦੀਆਂ ਸੱਤ ਕੌਮਾਂਤਰੀ ਉਡਾਣਾਂ ਪ੍ਰਭਾਵਿਤ ਹੋਈਆਂ ਸਨ। ਦੋ ਉਡਾਣਾਂ ਤਾਂ ਰੱਦ ਹੋ ਗਈਆਂ ਸਨ ਅਤੇ ਪੰਜ ਉਡਾਣਾਂ ਨੂੰ ਦਿੱਲੀ ਤਬਦੀਲ ਕਰ ਦਿੱਤਾ ਗਿਆ ਸੀ, ਜੋ ਆਪਣੀ ਮੰਜ਼ਿਲ ਤੱਕ ਲੰਮੇ ਰਸਤੇ ਤੋਂ ਹੋ ਕੇ ਚੱਲ ਰਹੀਆਂ ਹਨ। ਹਵਾਈ ਅੱਡਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਪਾਕਿਸਤਾਨ ਸਰਕਾਰ ਵੱਲੋਂ ਆਪਣਾ ਹਵਾਈ ਲਾਂਘਾ ਵਰਤਣ 'ਤੇ ਲਾਈ ਗਈ ਰੋਕ ਖ਼ਤਮ ਕੀਤੇ ਜਾਣ ਮਗਰੋਂ ਹਵਾਈ ਕੰਪਨੀਆਂ ਵੱਲੋਂ ਬੰਦ ਕੀਤੀਆਂ ਅਤੇ ਤਬਦੀਲ ਕੀਤੀਆਂ ਉਡਾਣਾਂ ਜਲਦੀ ਬਹਾਲ ਕੀਤੇ ਜਾਣ ਦੀ ਉਮੀਦ ਹੈ। ਇਸ ਨਾਲ ਜਿੱਥੇ ਯਾਤਰੂਆਂ ਨੂੰ ਫਾਇਦਾ ਹੋਵੇਗਾ, ਉਥੇ ਹਵਾਈ ਅੱਡੇ 'ਤੇ ਯਾਤਰੂਆਂ ਦੀ ਆਮਦ ਪਹਿਲਾਂ ਵਾਂਗ ਹੋ ਜਾਵੇਗੀ।

ਪਾਕਿਸਤਾਨ ਵੱਲੋਂ ਹਵਾਈ ਲਾਂਘਾ ਵਰਤਣ 'ਤੇ ਲਾਈ ਗਈ ਰੋਕ ਕਾਰਨ ਏਅਰ ਇੰਡੀਆ ਹਵਾਈ ਕੰਪਨੀ ਦੀ ਦਿੱਲੀ-ਅੰਮ੍ਰਿਤਸਰ-ਬਰਮਿੰਘਮ ਅਤੇ ਤੁਰਕਮੇਨਿਸਤਾਨ ਹਵਾਈ ਕੰਪਨੀ ਦੀ ਅੰਮ੍ਰਿਤਸਰ-ਅਸ਼ਕਾਬਾਦ-ਬਰਮਿੰਘਮ ਉਡਾਣ ਰੱਦ ਹੋ ਗਈ ਸੀ। ਇਸੇ ਤਰ੍ਹਾਂ ਉਜ਼ਬੇਕਿਸਤਾਨ ਹਵਾਈ ਕੰਪਨੀ ਦੀ ਅੰਮ੍ਰਿਤਸਰ-ਤਾਸ਼ਕੰਦ ਅਤੇ ਕਤਰ ਹਵਾਈ ਕੰਪਨੀ ਦੀ ਅੰਮ੍ਰਿਤਸਰ-ਦੋਹਾ ਉਡਾਣ ਨੂੰ ਬਾਰਸਤਾ ਮੁੰਬਈ ਚਲਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਦੁਬਈ ਜਾਣ ਵਾਲੀਆਂ ਤਿੰਨ ਉਡਾਣਾਂ ਵੀ ਮੁੰਬਈ ਰਸਤੇ ਅਰਬ ਸਾਗਰ ਦੇ ਉਪਰੋਂ ਹੋ ਕੇ ਦੁਬਈ ਜਾ ਰਹੀਆਂ ਹਨ।

PSCA Punjabi Khed Mela — PUNJAB SPORTS & CULTURAL ASSOCIATION MICHIGAN

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

ਸ਼ੋਹਰਤ ਦੇ ਦੀਵੇ ਵਿਚ ਖ਼ੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

## ਮਿਸ਼ੀਗਨ ਦੇ ਭਾਰਤੀ ਪੰਜਾਬੀ ਭਾਈਚਾਰੇ ਵਲੋਂ

# 12ਵਾਂ ਪੰਜਾਬੀ ਖੇਡ ਮੇਲਾ ਤੇ ਕਬੱਡੀ ਟੂਰਨਾਮੈਂਟ

ਖੇਡਾਂ: ਕਬੱਡੀ, ਵਾਲੀਬਾਲ, ਸੌਕਰ, ਅਥਲੈਟਿਕਸ

## 3 ਅਗਸਤ 2019

*(ਸਨਿਚਰਵਾਰ, ਸਵੇਰੇ 9 ਤੋਂ ਸ਼ਾਮ 8 ਵਜੇ ਤੱਕ)*

**Heritage Park**
46202 Heritage Park Dr., Canton Twp, MI 48188
Behind Canton Library
Address: 1150 S Canton Center Toad, Canton Twp, MI 48188

## ਇਨਾਮ

**ਕਬੱਡੀ ਓਪਨ**
ਪਹਿਲਾ ਇਨਾਮ $15,000
ਦੂਜਾ ਇਨਾਮ $12,000
ਤੀਜਾ ਇਨਾਮ $9,000
ਚੌਥਾ ਇਨਾਮ $7,000

**ਕਬੱਡੀ ਅੰਡਰ-21**
ਪਹਿਲਾ ਇਨਾਮ $3500
ਦੂਜਾ ਇਨਾਮ $2500
ਤੀਜਾ ਇਨਾਮ $1,000

**ਸੌਕਰ**
ਪਹਿਲਾ ਇਨਾਮ $3500
ਦੂਜਾ ਇਨਾਮ $2500

**ਵਾਲੀਬਾਲ (ਓਪਨ)**
ਪਹਿਲਾ ਇਨਾਮ $3100
ਦੂਜਾ ਇਨਾਮ $2100



## ਸਭਨਾਂ ਨੂੰ ਖੁੱਲ੍ਹਾ ਸੱਦਾ

ਪਰਿਵਾਰਾਂ ਸਮੇਤ ਆਓ ਤੇ ਮੇਲੇ ਦਾ ਲੁਤਫ ਉਠਾਓ
*ਲੰਗਰ ਦਾ ਖਰਚਾ ਤੇ ਸੇਵਾ ਆਰਗੇਨਾਈਜ਼ਿੰਗ ਕਮੇਟੀ ਵਲੋਂ*




AUTOBAHN FREIGHT LINES LTD.

WORLD WIDE CARRIERS US INC. Marysville, MI
Sukhi Dhaliwal
Ph: 416-213-1334

**Free Entry**
**Free Food**
**& Free Entertainment**

Charger logistics inc
Goldy Grewal, Ph: 586-610-3021

Radio Chann Pardesi ਰੇਡੀਓ ਚੰਨ ਪ੍ਰਦੇਸੀ

Hunter Express US Inc. Lincoln Park, MI
Balkar & Harry
Ph: 313-307-4185
Fax: 313-388-8449

## PSCA Committee Members and Gold Sponsors


ਸੁੱਖਾ ਸੇਖੋਂ


ਕੇਵਲ ਗਿੱਲ


ਮਨਪ੍ਰੀਤ ਗਿੱਲ


ਕੁਲਬੀਰ ਗਿੱਲ


ਅਮਰਜੀਤ ਗਿੱਲ


ਰਵਿੰਦਰ ਬਿੰਦ


ਜਸਵਿੰਦਰ ਧਾਲੀਵਾਲ


ਸੁਖਵੰਤ ਸਿੰਘ ਗਿੱਲ


ਰਾਜ ਨਿੱਜਰ


ਰਾਜ ਜਾਮਾਰਾਏ


ਅਰਜੁਨ ਗਿੱਲ


ਸੁਖਦੇਵ ਸੇਖੋਂ


ਕਰਮਬੀਰ ਸਿੰਘ


ਕਰਨ ਗਿੱਲ

### ਹੋਰ ਜਾਣਕਾਰੀ ਲਈ ਕਾਲ ਕਰੋ

ਜਸਵਿੰਦਰ ਧਾਲੀਵਾਲ ਫੋਨ: 734-347-1154
ਸੁਖਵੰਤ ਗਿੱਲ ਫੋਨ: 734-231-7035
ਰਾਜ ਨਿੱਜਰ ਫੋਨ: 734-637-7540
ਰਾਜ ਜਾਮਾਰਾਏ ਫੋਨ: 734-644-1010
ਸੁਖਦੇਵ ਸੇਖੋਂ ਫੋਨ: 248-431-9678
ਕਰਮਬੀਰ ਸਿੰਘ ਫੋਨ: 734-558-3151

*ਇਸ ਵਰ੍ਹੇ ਵੀ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।*

LIVE ON Chardikla tv CHANNEL 422 · Real tv CHANNEL 136 · f LIVE f/LIVEKABADDI · LIVE KABADDI · jadoo tv · YouTube LIVE KABADDI · IPTV · jus punjabi

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

## Diamond Sponsors




ਸ. ਚੈਨ ਸਿੰਘ ਸੰਧੂ | ਜਤਿੰਦਰਬੀਰ ਸਿੰਘ ਸੰਧੂ | ਦਰਸ਼ਨ ਸਿੰਘ ਗਰੇਵਾਲ | ਹਰਪ੍ਰੀਤ ਸਿੰਘ ਆਹਲੂਵਾਲੀਆ | ਜੈਰੀ ਸਿੰਘ

## Platinum Sponsors



ਕਰਮਵੀਰ ਸਿੰਘ | ਹਰਪ੍ਰੀਤ ਸਿੰਘ ਵਰਲਡਵਾਈਡ ਟਰੈਵਲ | ਰਾਜ ਨਿੱਝਰ | ਐਂਡੀ ਉਭੀ | ਅਮਰਜੀਤ ਸਿੰਘ ਸਿੱਧੂ | ਰਤਨ ਸਿੰਘ ਸੇਖੋਂ | ਸੁਖਵੰਤ ਸਿੰਘ ਗਿੱਲ | ਰੌਇਲ ਪੰਜਾਬੀ ਕਲੱਬ, ਮਿਸ਼ੀਗਨ | ਸੁੱਖੀ ਨਰਵਾਲ | ਗੋਲਡੀ ਢਿੱਲੋਂ

## Gold Sponsors



ਰਾਜ ਸ਼ੇਰਗਿੱਲ | ਬਲਬੀਰ ਸਿੰਘ ਗਰੇਵਾਲ | ਸੁੱਖੀ ਗਰੇਵਾਲ | ਹਾਰਵੀ ਘੁੰਮਾਣ | ਮਦਨ ਸਿੰਘ ਅਹੀਰ | ਡਾ. ਭਾਨ ਗਰਗ | ਡਾ. ਸੱਈਅਦ ਤਾਜ | ਪਰਮਿੰਦਰ (ਗੱਗੀ) ਗਿੱਲ | ਮਨਦੀਪ ਸੰਧੂ | ਓਂਕਾਰ ਸਿੰਘ



ਚਰਨਪ੍ਰੀਤ ਸਿੰਘ ਧਾਲੀਵਾਲ | ਜਸਬੀਰ ਸਿੰਘ ਸਹੋਤਾ | ਬਲਵਿੰਦਰ ਬਿਲ ਬਾਠ | ਇੰਦਰਜੀਤ ਸਿੰਘ ਗਿੱਲ | ਟੋਨੀ ਗੁਰੋਂ | ਪਰਮਜੀਤ ਸਿੰਘ ਢਿੱਲੋਂ | ਹਰਜੀਤ ਢਿੱਲੋਂ ਕਲੀਵਲੈਂਡ | ਗੁਰਜਿੰਦਰ ਸਿੰਘ ਡਿੰਪਲ | ਮਨਦੀਪ ਲੱਕੀ ਵਿੰਡਸਰ | ਪਰਮੀਤ ਸਿੰਘ | ਮਨਦੀਪ ਸਿੰਘ ਲੋਹਚਮ

## Silver Sponsors



ਗੁਰਦਾਤਾਰ ਸਿੰਘ | ਗੁਰਭਿੰਦਰ ਰਵਾਲਾ | ਗੁਰਦੀਪ ਸਿੰਘ ਰਵਾਲਾ | ਪਰਦੀਪ ਸੰਘਾ | ਅੰਮ੍ਰਿਤਪਾਲ ਸਿੰਘ ਹੇਅਰ | ਗੁਰਮੀਤ ਸਿੰਘ ਮਾਨ | ਦਲਜੀਤ ਸਿੰਘ ਬੈਨੀਪਾਲ | ਅਮਰਜੀਤ ਸਿੰਘ ਖਾਲਸਾ | ਡਾ. ਪਾਲ ਸਿੰਘ ਸੇਖੋਂ | ਮਨਜੀਤ ਨੰਨਣ | ਅਜੈ ਗਰੋਵਰ | ਕੁਲਦੀਪ ਗੁਰਾਏ



ਜਸਪਾਲ ਸਿੰਘ ਸੋਹਲ | ਗੁਰਿੰਦਰ ਸਿੰਘ ਧਨੋਆ | ਸੁਖਦੀਪ ਸੁੱਖੀ ਧਾਲੀਵਾਲ | ਜਗਜੀਤ ਸਿੰਘ ਚਾਹਲ | ਇਮਰੋਜ਼ ਸਿੰਘ | ਟੀ ਜੇ ਲੋਟਾ | ਡਾ. ਕੁਲਜੀਤ ਲੁਬਾਣਾ | ਰਾਜੂ ਅਟਵਾਲ | ਹਰਦੀਪ ਸਿੰਘ ਬੱਲ | ਕੰਵਰਦੀਪ ਧਾਲੀਵਾਲ | ਮਨਜੀਤ ਸਿੰਘ ਲੈਨਸਿੰਗ | ਚਮਕੌਰ ਬਰਾੜ



ਨਵਦੀਪ ਗਿੱਲ | ਰਣਜੀਤ ਸਿੰਘ | ਸਰਬਜੀਤ ਸਿੰਘ | ਹਰਜਿੰਦਰ ਸਿੰਘ ਗਿੱਲ | ਜਗਦੇਵ ਦੇਬੀ ਘੁਮਾਣ | ਕੁਲਵੰਤ ਸਿੰਘ ਮਾਂਗਟ | ਲੱਕੀ ਸੰਧੂ | ਮਲਕੀਅਤ ਸਿੰਘ ਭੱਠਲ | ਬਾਬਾ ਆਟੋ | ਇੰਦਰਬੀਰ ਬੰਟੀ ਭੰਗੂ | ਇੰਦਰਜੀਤ ਐਂਡੀ ਸਿੰਘ | ਲਾਲੀ ਮਾਂਗਟ | ਹਰਬੀਰ ਕੰਵਰ



ਸੋਨੂ ਮੰਡੇ | ਕੁਲਵਿੰਦਰ ਸਿੰਘ ਗਿੱਲ | ਰਾਜਿੰਦਰ ਸਿੰਘ ਪਿੰਕਾ | ਸ਼ਮਸ਼ੇਰ ਸਿੰਘ ਕੁੱਕੂ | ਸੰਦੀਪ ਸਿੰਘ ਢਿੱਲੋਂ | ਗੁਰਦੇਵ ਸਿੰਘ ਸੇਖੋਂ | ਸਤਵਿੰਦਰ ਸਿੰਘ ਬਿੱਲੂ | ਨਿਰਮਲ ਸਿੰਘ ਸਮਾਘ | ਗਗਨਦੀਪ ਸਿੰਘ | ਦਵਿੰਦਰ ਸਿੰਘ ਕਲੀਵਲੈਂਡ | ਹਰਪਿੰਦਰ ਸਿੰਘ ਚੱਠਾ | ਜਗਤਾਰ ਜੱਗਾ ਪਾਹਲ | ਲੱਖਾ ਸੂਨਰ ਕਲੀਵਲੈਂਡ

# Punjab Sports & Cultural Association Michigan

## Diamond Sponsors



ਮਿੱਕ ਗਰੇਵਾਲ ਅਟਾਰਨੀ, ਲੈਨਸਿੰਗ | ਕਰਨ ਗਿੱਲ | ਰਸਟੀ ਸਿੰਘ ਸੇਖੋਂ *(ਬੀ ਟੀ ਐਸ ਕੈਰੀਅਰ)* | ਸੁੱਖਾ ਅਤੇ ਹਰਵਿੰਦਰ ਬਾਸੀ

## Platinum Sponsors



ਅਮਰਜੀਤ ਸਿੰਘ ਗਿੱਲ | ਕੁਲਬੀਰ (ਕੇ.ਬੀ.) ਗਿੱਲ | ਭੁਪਿੰਦਰ ਸਿੰਘ ਸੰਧੂ | ਪਰਮਜੀਤ ਸਿੰਘ ਪੰਮਾ | ਇਕਬਾਲ ਬੋਪਾਰਾਏ ਕਲੀਵਲੈਂਡ | ਪਹਿਲਵਾਨ ਮੋਹਨ ਸਿੰਘ ਪੈਨਸਿਲਵੇਨੀਆ | ਸੁਖਪਾਲ ਸਿੰਘ ਬੈਂਸ | ਸੁਖਵੀਰ ਸਿੰਘ ਢਿੱਲੋਂ | ਦਵਿੰਦਰ ਗਰੇਵਾਲ | ਸੰਜੀਵ ਖੰਨਾ

## Gold Sponsors



ਸਰਤਾਜ ਜੱਜ ਅਟਾਰਨੀ | ਤਰਲੋਚਨ ਸਿੰਘ ਭੁੱਲਰ | ਡਾ. ਯਤਿੰਦਰ ਸਿੰਘਾਲ | ਡਾ. ਚਮਕੌਰ ਸਿੰਘ ਗਿੱਲ | ਸੁਖਦੇਵ ਸਿੰਘ ਬਰਾੜ | ਗੁਰਦੇਵ ਸਿੰਘ ਗਿੱਲ | ਰਸ਼ਮਿੰਦਰ ਸਿੰਘ ਗਿੱਲ | ਹਰਪਾਲ ਸਿੰਘ ਸੰਘਾ | ਗੁਰਿੰਦਰ ਗੋਗੀ ਸੰਧੂ | ਮੋਹਣਾ ਗਰੇਵਾਲ | ਸੰਨੀ ਧੁੜ



ਹਰਵਿੰਦਰ ਵਾਲੀਆ ਸਿਨਸਿਨੈਟੀ | ਜਸਕਰਨ ਸਿੰਘ ਧਾਲੀਵਾਲ | ਪਾਲ ਖਲੀਲ | ਦਰਸ਼ਨ ਬਸਰਾਓਂ ਰੇਡੀਓ ਚੰਨ ਪਰਦੇਸੀ | ਚਰਨਜੀਤ ਯੋਗੀ ਬਾਠ ਮੋਨਰੋ | ਗੁਰਮੇਲ ਸਿੰਘ ਮਾਨ ਟੇਲਰ | ਜਸਪਾਲ ਸਿੰਘ ਗਿੱਲ ਕੈਂਟਨ ਡਰਾਈ ਕਲੀਨਰਜ਼ | ਬਰੈਟੀ ਗਿੱਲ | ਨਵੀ ਮੁਲਤਾਨੀ | ਰਣਜੀਤ ਰਾਣਾ ਸੇਖੋਂ | ਅਰਵਿੰਦਰ ਹੈਪੀ ਬਦੇਸ਼ਾ | ਜਸਵਿੰਦਰ ਸੋਨੂੰ ਸੰਧੂ

## Silver Sponsors



ਰਾਜਿੰਦਰ ਰਾਜ ਸਿਆਨ | ਸੁਰਿੰਦਰ ਬੌਬੀ ਜੱਜ | ਇਸ਼ਟਦੇਵ ਸਿੰਘ ਰਾਠੌਰ | ਅਜੀਤ ਸਿੰਘ ਬਸਰਾ | ਸੁਰਜੀਤ ਸਿੰਘ ਧਾਲੀਵਾਲ | ਕੁਲਦੀਪ ਸਿੰਘ ਗਿੱਲ | ਡਾ. ਭੁਪਿੰਦਰ ਸਿੰਘ ਪੇਲੀਆ ਮੋਨਰੋ | ਡਾ. ਦੀਪਇੰਦਰ ਸਿੰਘ ਮੋਨਰੋ | ਇੰਦਰਜੀਤ ਸਿੰਘ ਬਾਠ | ਜੌਨੀ ਸਿੰਘ | ਦਵਿੰਦਰ ਸਿਆਨ | ਗੁਰਿੰਦਰ ਗੁਰੀ ਮਾਂਗਟ | ਰਾਜ ਸਾਹੀ



ਸੁਖਜੀਤ ਸਿੰਘ ਸੁੱਖ | ਅਮਰਰਾਜ ਧਾਲੀਵਾਲ | ਕਰਤਾਰ ਸਿੰਘ ਬੱਬੂ | ਕੁਲਦੀਪ ਵਿੱਕੀ ਗਿੱਲ | ਗੁਰਰਾਜਨ ਗੁਰਦੇਵ ਗਿੱਲ | ਕੁਲਦੀਪ ਟਾਂਡਾ | ਹਰਮੋਹਨਜੀਤ ਬੈਂਸ | ਬਲਬੀਰ ਸਿੰਘ ਵਿਰਦੀ | ਮਨਫੂਲ ਸਿੰਘ ਚੱਠਾ | ਲਖਵਿੰਦਰ ਸਿੰਘ ਭੱਟੀ | ਦੁਰਲਾਭ ਪੰਨੂ | ਗੁਰਪਾਲ ਬਲਕਾਰ ਗਿੱਲ | ਪਾਰਸ ਅਰਜਨ ਗਿੱਲ



ਇੰਦਰਪਾਲ ਸਿੰਘ ਬਠਲਾ | ਸੁਖਰਾਜ ਸੰਨੀ ਖਹਿਰਾ | ਗੁਰਬਖਸ਼ ਸਿੰਘ ਭੁੱਲਰ | ਬਿਕਰਮ ਗਰੇਵਾਲ | ਸੁਖਪਾਲ ਬੰਗਾ ਵਿੰਡਸਰ | ਬਲਵਿੰਦਰ ਸੇਖੋਂ ਵਿੰਡਸਰ | ਸਰਬਜੀਤ ਸੰਧੂ ਵਿੰਡਸਰ | ਦਿਲਬਾਗ ਸਿੰਘ ਗਿੱਲ | ਦਲਜੀਤ ਢਿੱਲੋਂ | ਗੁਰਦੀਪ ਵਿਰਕ | ਅਸ਼ਵਨੀ ਸੇਠੀ | ਰਣਜੀਤ ਔਜਲਾ | ਵਿਵੇਕ ਸਿੰਘ



ਹਰਪਾਲ ਸਿੰਘ ਪੰਮਾ | ਨਰਿੰਦਰ ਸਿੰਘ ਮੁੰਦਰ | ਲਾਡੀ ਮੁਲਤਾਨੀ ਲੈਨਸਿੰਗ | ਰਾਜ ਗਰੇਵਾਲ | ਜਸਵੀਰ ਸਿੰਘ ਰੰਧਾਵਾ | ਬਲਦੇਵ ਸਿੱਧੂ | ਜਗਦੇਵ ਗਰੇਵਾਲ ਟੋਲੀਡੋ | ਕੇ ਪੀ ਸੰਧੂ | ਰਾਜ ਕੰਗ | ਸਤਨਾਮ ਬਾਜਵਾ | ਅਬਦੂ ਮੀਟ ਮਾਰਕਿਟ | ਡਾ. ਹਰਮਨਦੀਪ ਸਿੰਘ ਗਿੱਲ | ਗੋਲਡੀ ਮਿਆਣੀ

# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ

## ਸ਼ਿਕਾਗੋ ਕਬੱਡੀ ਕੱਪ ਤੇ ਵਾਲੀਬਾਲ ਮੁਕਾਬਲੇ

ਬੱਚਿਆਂ ਦੀਆਂ ਖੇਡਾਂ ਕਰਵਾਈਆਂ ਜਾਣਗੀਆਂ, ਹਿੱਸਾ ਲੈਣ ਵਾਲੇ ਬੱਚਿਆਂ ਨੂੰ ਮੈਡਲ ਦਿੱਤਾ ਜਾਵੇਗਾ

**24 ਅਗਸਤ 2019**

**ਸਥਾਨ: ਬਸੀ ਵੁੱਡਜ਼, ਐਲਕ ਗਰੂਵ ਵਿਲੇਜ**

ਨਾਮੀ ਕਬੱਡੀ ਟੀਮਾਂ ਦੇ ਮੁਕਾਬਲੇ ਹੋਣਗੇ
ਪ੍ਰਸਿਧ ਪੰਜਾਬੀ ਗਾਇਕ ਗਾਇਕੀ ਦਾ ਖੁੱਲ੍ਹਾ ਅਖਾੜਾ ਲਾਉਣਗੇ
ਖਾਣ-ਪੀਣ ਦਾ ਖੁੱਲ੍ਹਾ ਪ੍ਰਬੰਧ, ਮੁਫਤ ਪਾਰਕਿੰਗ
ਬੀਬੀਆਂ ਲਈ ਫਰੀ ਮਹਿੰਦੀ

ਚੇਅਰਮੈਨ | ਪ੍ਰਧਾਨ | ਮੀਤ ਪ੍ਰਧਾਨ



ਹਰਦੀਪ ਸਿੰਘ ਭੱਟੀ | ਜਿੰਦਰ ਬੈਨੀਪਾਲ | ਕਾਬਲ ਸਿੰਘ ਭੁੱਲਰ

### ਸਾਬਕਾ ਚੇਅਰਮੈਨ



ਮੁਖਤਿਆਰ ਸਿੰਘ ਨੰਦੜਾ | ਗੁਰਬਚਨ ਸਿੰਘ ਪੱਪੂ | ਪਰਮਿੰਦਰ ਸਿੰਘ ਗਰੇਵਾਲ | ਰਣਬੀਰ ਸਿੰਘ ਧਾਲੀਵਾਲ | ਰਵਿੰਦਰਪਾਲ ਸਿੰਘ ਨੰਦੜਾ | ਹਰਇੰਦਰਜੀਤ ਧਾਲੀਵਾਲ | ਬਲਦੇਵ ਸਿੰਘ ਸੱਲ੍ਹਾਂ | ਗੁਰਮੀਤ ਸਿੰਘ ਸੱਲ੍ਹਾਂ | ਸਰਬਜੀਤ ਸਿੰਘ ਸੱਲ੍ਹਾਂ | ਦੀਦਾਰ ਸਿੰਘ ਧਨੋਆ | ਅਮਰਜੀਤ ਸਿੰਘ ਢੀਂਡਸਾ



ਵਾਲੀਬਾਲ ਦੇ ਇਨਾਮ ਢੀਂਡਸਾ ਬ੍ਰਦਰਜ਼ ਵਲੋਂ ਸਵਰਗੀ ਮਿਹਰ ਸਿੰਘ ਢੀਂਡਸਾ ਦੀ ਯਾਦ 'ਚ

### ਕੁਮੈਂਟੇਟਰ



ਮੱਖਣ ਅਲੀ | ਕਾਲਾ ਰਸ਼ੀਨ

ਰੱਸਾਕਸ਼ੀ ਦੇ ਮੁਕਾਬਲੇ ਵੀ ਹੋਣਗੇ

### ਕਲੱਬ ਮੈਂਬਰ



ਬਲਜਿੰਦਰ ਨੀਲੋਂ | ਬਲਜੀਤ ਟਿਵਾਣਾ | ਦੀਪਇੰਦਰ ਵਿਰਕ | ਗਗਨ ਬਾਜਵਾ | ਗੋਲਡੀ ਲਾਲੀ | ਗੋਗਾ ਘੁਮਾਣ | ਸੁਖਰਾਜ ਸਿੰਘ ਤੱਖਰ | ਧਰਮਿੰਦਰ ਜਸਵਾਲ | ਹਨੀ ਖੰਗੂੜਾ



ਹਰਪ੍ਰੀਤ ਗਿੱਲ | ਹਰਬੰਤ ਗਰੇਵਾਲ | ਹਰਜਿੰਦਰ ਸਮਰਾ | ਇੰਦਰਜੀਤ ਸਿੰਘ | ਜਗਜੀਤ ਨਾਹਲ | ਜੰਗੀ ਬੋਲੀਨਾ | ਜਸਪ੍ਰੀਤ ਮਠਾੜੂ | ਜਿੰਦੀ ਖੰਗੂੜਾ | ਜੋਧ ਸਿੰਘ ਸਿੱਧੂ



ਜਸਵਿੰਦਰ ਗਿੱਲ | ਜੱਸੀ ਸਹੋਤਾ | ਜੋਤੀ ਸਹੋਤਾ | ਕਾਲਾ ਪੱਡਾ | ਕਮਲਜੀਤ ਘੁਮਾਣ | ਕੁਲਵਿੰਦਰ ਨੀਲੋਂ | ਲਖਵਿੰਦਰ ਬਿਹਾਰੀਪੁਰੀਆ | ਮਨਜੀਤ ਸਿੰਘ | ਮਨਮੋਹਨ ਸਿੰਘ ਭੱਠਲ



ਮਿੰਦਰ ਭੱਠਲ | ਨੰਨਾ ਸਹੋਤਾ | ਓਂਕਾਰ ਸਹੋਤਾ | ਪਰਮਿੰਦਰ ਸਿੰਘ | ਪਿੰਦੀ ਛੀਨਾ | ਰਾਜਾ ਤੱਲ੍ਹਣ | ਰਾਣਾ ਭੰਡਾਲ | ਰਾਣਾ ਗਾਖਲ | ਹਰਕਮਲਦੀਪ ਸਿੰਘ | ਸ਼ੇਰਾ ਖਾਂਬੜਾ



ਸੁਰਿੰਦਰ ਭੱਟੀ | ਸੋਨੂੰ ਸਹੋਤਾ | ਸੁਰਜੀਤ ਸਿੰਘ ਡੀ ਸੀ | ਵਿੱਕੀ ਸ਼ੰਮੀਪੁਰੀਆ | ਯਾਦਵਿੰਦਰ ਗਿੱਲ | ਜਗਦੀਸ਼ ਸੰਧੂ | ਸੁਖਦੀਪ ਸਿੰਘ | ਗੁਰਪਾਲ ਸੰਧੂ | ਗੁਰਜੀਤ ਸੰਧੂ | ਰਾਜਵੀਰ ਟਾਂਡੀ

**ਹੋਰ ਜਾਣਕਾਰੀ ਲਈ ਸੰਪਰਕ ਕਰੋ**

ਵਿੱਕੀ ਸ਼ੰਮੀਪੁਰੀਆ 215-917-9885
ਬਲਜੀਤ ਟਿਵਾਣਾ 773-469-9384
ਰਾਣਾ ਭੰਡਾਲ 847-778-7519
ਜਿੰਦੀ ਖੰਘੂੜਾ 847-529-1464
ਜੋਧ ਸਿੰਘ ਸਿੱਧੂ 630-669-7175
ਓਂਕਾਰ ਸਹੋਤਾ 708-745-1815
ਕਾਬਲ ਸਿੰਘ ਭੁੱਲਰ 847-732-9813
ਰਾਜਾ ਤੱਲ੍ਹਣ 608-566-6655
ਜੱਸੀ ਗਿੱਲ 773-759-0433

## ਮੁੱਖ ਮਹਿਮਾਨ



ਦਰਸ਼ਨ ਸਿੰਘ ਧਾਲੀਵਾਲ

## ਕਬੱਡੀ ਦਾ ਪਹਿਲਾ ਇਨਾਮ



ਸਵ. ਫੁੰਮਣ ਸਿੰਘ ਟਿਵਾਣਾ | ਸਵ. ਪ੍ਰੇਮ ਸਿੰਘ ਓਬਰਾਏ

ਟਿਵਾਣਾ ਪਰਿਵਾਰ ਅਤੇ ਭੁੱਲਰ ਪਰਿਵਾਰ ਵਲੋਂ ਸਵਰਗਵਾਸੀ ਫੁੰਮਣ ਸਿੰਘ ਟਿਵਾਣਾ ਅਤੇ ਸਵਰਗਵਾਸੀ ਪ੍ਰੇਮ ਸਿੰਘ ਓਬਰਾਏ ਦੀ ਯਾਦ ਵਿਚ ਕਬੱਡੀ ਦਾ ਪਹਿਲਾ ਇਨਾਮ ਦਿਤਾ ਜਾਵੇਗਾ

## ਕਬੱਡੀ ਦੇ ਦੂਜੇ ਇਨਾਮ ਦੇ ਸਪਾਂਸਰ



ਗੁਰਸਾਹਿਬ ਸਿੰਘ ਤੂਰ | ਗੁਰਦੀਪ ਤੂਰ | ਸਤੀਸ਼ ਭਾਰਦਵਾਜ | ਗੈਰੀ ਤੂਰ

ਕਬੱਡੀ ਦਾ ਦੂਜਾ ਇਨਾਮ ਤੂਰ ਪਰਿਵਾਰ ਅਤੇ ਭਾਰਦਵਾਜ ਪਰਿਵਾਰ ਵਲੋਂ

**ਚੌਥੀ ਟੀਮ ਦੇ ਸਪਾਂਸਰ ਬੱਬੂ ਅਤੇ ਸੰਨੀ ਧਾਮੀ (ਧਾਮੀ ਟਰਾਂਸਪੋਰਟ)**
**ਬੈਸਟ ਰੇਡਰ ਤੇ ਬੈਸਟ ਸਟਾਪਰ ਦਾ ਇਨਾਮ ਸਮਰਾ ਪਰਿਵਾਰ (ਬਿਲੌਇਟ, ਵਿਸਕਾਨਿਸਨ) ਵਲੋਂ**

## ਵਿਸ਼ੇਸ਼ ਮਹਿਮਾਨ



ਬਚਨ ਸਿੰਘ ਗਿੱਲ | ਜਥੇਦਾਰ ਤਾਰਾ ਸਿੰਘ ਸੱਲ੍ਹਾਂ | ਬੱਬੂ ਐਪਲਟਨ | ਸੁਖਵੀਰ ਨਾਰੀਕੇ

## ਕਬੱਡੀ ਦੇ ਤੀਜੇ ਇਨਾਮ ਦੇ ਸਪਾਂਸਰ



ਸਰਪੰਚ ਇੰਦਰ ਸਿੰਘ | ਸੁਖਵਿੰਦਰ ਸਿੰਘ ਘੱਗਰ | ਰਣਦੀਪ ਪਾਲ ਰਿੰਕੂ | ਹਰਜਿੰਦਰ ਸਿੰਘ ਜਿੰਦੀ | ਸਤਪਾਲ ਸੱਤਾ | ਭੁਪਿੰਦਰ ਸਿੰਘ

## ਗੈਸਟ ਆਫ ਆਨਰਜ਼



ਸੰਦੀਪ ਧਾਲੀਵਾਲ (*Deputy Sheriff Harris County Sheriffs Office Houston TX.*) | ਮਨਪ੍ਰੀਤ ਜਿੰਮੀ ਲਸੋਈ | ਪਰਮਿੰਦਰ ਸਿੰਘ ਗੋਲਡੀ | ਸਤਪਾਲ ਸਿੰਘ ਬੈਂਸ | ਜਸਵਿੰਦਰ ਅਟਵਾਲ | ਸੰਨੀ ਸ਼ੇਰਗਿੱਲ | ਅਵਤਾਰ ਸਿੰਘ ਸੁੱਖੀ ਸਿੰਘ | ਕਰਨੈਲ ਸਿੰਘ ਮਿਆਣੀ | ਸੋਨੀ ਹਿਊਸਟਨ | ਸਤੀਸ਼ ਖਟਾਣਾ | ਲਖਵੀਰ ਸਿੰਘ ਭੁੱਲਰ | ਪਾਲ ਸਿੰਘ ਖਲੀਲ | ਜੇ. ਪੀ. ਖਹਿਰਾ

## ਗੋਲਡ ਸਪਾਂਸਰ



ਗੁਰਚਰਨ ਸਿੰਘ ਝੱਜ | ਹਰਕਿਸ਼ਨ ਸਿੰਘ ਭੱਟੀ | ਜੈਦੇਵ ਸਿੰਘ ਭੱਠਲ | ਲਖਵੀਰ ਸਿੰਘ ਸਹੋਤਾ | ਸਵਰਨ ਸਿੰਘ ਸੇਖੋਂ | ਬਿਕਰਮ ਸਿੱਧੂ | ਚਰਨ ਸਿੰਘ ਛੀਨਾ | ਬਲਵਿੰਦਰ ਸਿੰਘ | ਪਰਸਨ ਸਿੰਘ ਮਾਨ | ਕੁਲਵਿੰਦਰ ਮਾਨ ਅਤੇ ਸੁੱਖੀ ਮਾਨ | ਰਛਪਾਲ ਖੰਗੂੜਾ | ਗੁਰਿੰਦਰ ਸਿੰਘ ਖਾਲਸਾ



ਲਖਵੀਰ ਢੀਂਡਸਾ | ਰਿੰਪੀ ਖੱਟੜਾ | ਕੁਲਦੀਪ ਸਿੰਘ ਲੰਗ | ਧਰਮਿੰਦਰ ਖੱਟੜਾ | ਸਰਬਜੀਤ ਸਿੰਘ ਸਿੱਧੂ | ਬੌਬੀ ਖੱਟੜਾ | ਹਰਿੰਦਰ ਟਿਵਾਣਾ | ਸੱਤਾ ਖੱਟੜਾ | ਮਨਦੀਪ ਸਿੰਘ ਭੂਰਾ | ਰਾਜਿੰਦਰ ਸਿੰਘ ਬੈਂਸ | ਸਤਵਿੰਦਰ ਸੱਤਾ | ਲਵ ਮਿਨਹਾਸ | ਰਾਣਾ ਸਿੰਘ ਵਿਰਕ



ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਅਹੁਦੇਦਾਰ | ਸੰਤੋਖ ਸਿੰਘ ਡੀ. ਸੀ. | ਪਰਮਿੰਦਰ ਵਾਲੀਆ | ਤਾਲੀ ਭੱਠਲ | ਚਰਨਜੀਤ ਸਮਰਾ | ਰਵੀ ਹੇਂਝਰਾ | ਬੱਬੂ ਧਾਮੀ | ਸਨੀ ਧਾਮੀ | ਗੁਰਲਾਲ ਸਿੰਘ ਭੱਠਲ | ਅਮਰੀਕ ਸਿੰਘ ਸ਼ਿਕਾਗੋ | ਬਿਕਰਮਜੀਤ ਸਿੰਘ ਸੇਖੋਂ | ਜਸਜੀਤ ਸਿੰਘ ਸਿੱਧੂ

TAJ HOME GROUP

RE/MAX COMMERCIAL
Jesse Singh Broker/Realtor

TOM CARRIS
Carris Homes - Broker
@properties
210 S MILWAUKEE AVE LIBERTYVILLE, IL 60048
847.334.6538 tom@carrishomes.com
carrishomes.com ATPROPERTIES.COM

SWERA
SIKH WOMEN ERA

Solutions Financial
Mortgage Company

ਗੁਰਦੁਆਰਾ ਦੀਵਾਨ ਐਵੇਨਿਊ, ਸ਼ਿਕਾਗੋ ਵਲੋਂ ਵਿਸ਼ੇਸ਼ ਸਹਿਯੋਗ

# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ

## ਸਿਲਵਰ ਸਪਾਂਸਰ



ਹਰਜਿੰਦਰ ਸਿੰਘ ਓਹਾਇਓ
ਅਜੈਬ ਸਿੰਘ ਸੰਧੂ
ਜਸਪਾਲ ਅਟਵਾਲ
ਮਨਜੀਤ ਮੱਟੂ
ਖੜਕ ਸਿੰਘ
ਸੰਦੀਪ ਸਹੋਤਾ
ਕੁਮਾਰ (ਮੁੰਨਾ ਟਰੱਕ ਰਿਪੇਅਰ)
ਸ਼ਿੰਦਾ ਮੱਲ੍ਹੀ
ਰਣਜੀਤ ਸਿੰਘ ਬਾਜਵਾ
ਲੱਕੀ ਸਪਰਾ ਕੈਲੀਫੋਰਨੀਆ



ਪਾਖਰ ਸਿੰਘ ਸਿੱਧੂ
ਲਾਲੀ ਸਿੱਧੂ
ਕੁਲਵੰਤ ਢਿੱਲੋਂ
ਸੁੱਖ ਬਾਬਾ
ਪਰਮਜੀਤ ਮਹਿਰਾਜ
ਕੰਵਰਵੀਰ ਸਿੰਘ ਕੇਪੀ
ਗੁਰਦੇਵ ਸਿੰਘ ਜੌੜਾ
ਹਰਕੇਵਲ ਲਾਲੀ
ਦੀਪੂ ਟੋਰਾਂਟੋ
ਜੱਗੀ ਟਿਵਾਣਾ
ਕਿੰਦਾ ਟਿਵਾਣਾ



ਕੁਲਵਿੰਦਰ ਗਿੱਲ
ਮਨਜਿੰਦਰ ਬੈਨੀਪਾਲ
ਸੁਖਬੀਰ ਸੋਹੀ
ਅਜੀਤਪਾਲ ਸਿੰਘ ਬੈਨੀਪਾਲ
ਸੁਖਜਿੰਦਰ ਸਿੰਘ ਰਾਜਾ
ਪਵਨਜੀਤ ਸਿੰਘ ਠਾਕਰੀ
ਮਹਿੰਦਰ ਸਿੰਘ ਮਿਆਣੀ
ਮਸਤਾਨ ਸਿੰਘ
ਅੰਮ੍ਰਿਤਪਾਲ ਸਿੰਘ ਸੱਲ੍ਹਾਂ
ਹਰਪਾਲ (ਰਾਜ) ਸਿੰਘ



ਭਿੰਦਰ ਪੰਮਾ
ਹਰਭਜਨ ਸਿੰਘ ਚਾਹਲ
ਆਗਿਆਪਾਲ ਚਾਹਲ
ਸੁਖਵੰਤ ਪਹਿਲਵਾਨ
ਲੱਕੀ ਸਿੰਘ ਮਿਲਵਾਕੀ
ਬਲਜਿੰਦਰ ਲਾਲੀ
ਨਾਗਰਾ ਭੈਣ-ਭਰਾ
ਕੁਲਵਿੰਦਰ ਬੱਬੀ
ਪ੍ਰਿਥਪਾਲ ਘੋਤੜਾ
ਦਰਸ਼ਨ ਸਿੰਘ ਦਰੜ
ਬਲਵਿੰਦਰ ਸਿੰਘ ਨਿੱਕ



ਸੁਖਵੀਰ ਸਿੰਘ ਗਿੱਲ
ਬਲਵੀਰ ਸਿੰਘ ਝਾਵਰ
ਲਖਵੰਤ ਸਿੰਘ ਕੋਮਲ
ਗਗਨਦੀਪ ਸਿੰਘ
ਕਿਰਪਾਲ ਸਿੰਘ
ਰਵਿੰਦਰ ਰਵੀ
ਗਗਨਦੀਪ ਰੰਧਾਵਾ
ਗੁਰਦੀਪ ਕਾਹਲੋਂ
ਭੁਪਿੰਦਰ ਸਿੰਘ ਧਾਲੀਵਾਲ
ਤੇਜਵੀਰ ਸੰਧੂ
ਪੁਸ਼ਪਿੰਦਰ ਪੂਨੀਆ



ਗੁਰਮੇਲ ਸਿੰਘ ਅਟਵਾਲ
ਖੇਮ ਸਿੰਘ ਵਿਰਕ
ਸਰਵਣ ਸਿੰਘ ਟਿਵਾਣਾ
ਦਰਸ਼ਨ ਸਿੰਘ ਬਸਰਾਓਂ
ਮੋਹਿਤ ਵੇਦ
ਦੀਪਕ ਵੇਦ
ਪ੍ਰਿੰਸ ਵੇਦ
ਸ਼ਿਵਮ ਵੇਦ
ਕੀਪਾ ਟਾਂਡਾ
ਸੋਨੀ ਸਹੋਤਾ, ਸਿਆਟਲ
ਟੋਨੀ ਸੰਘੇੜਾ



ਮਨਜੀਤ ਸਿੰਘ
ਗੁਰੀ ਮਿਲਵਾਕੀ
ਗਰੇਵਾਲ ਭਰਾ
ਮਨਵੀਰ ਸਿੰਘ
ਸੁਰਿੰਦਰ ਜੈਨ
ਸੁਖਰਾਜ ਕਾਹਲੋਂ
Tom Carris
ਰਹੁਲ ਗਿੱਲ
Dan Houston

**ਸਹਿਯੋਗੀ ਸੱਜਣ:** ਸੁਭਾਸ਼ ਸਿੰਘ, ਅਮਰੀਕਪਾਲ ਸਿੰਘ, ਗੁਰਮੀਤ ਸਿੰਘ, ਗੁਰਮੀਤ ਕਲਸੀ, ਪਰਦੀਪ ਸਿੰਘ, ਹਰਜਿੰਦਰ ਸਿੰਘ, ਅਨਮੋਲਪ੍ਰੀਤ ਸਿੰਘ, ਪਾਲ ਧਾਲੀਵਾਲ, ਤਰਲੋਚਨ ਸਿੰਘ ਗਿੱਲ, ਸਤਨਾਮ ਸਿੰਘ ਸੰਧੂ, ਰਾਜਾ ਵਿਰਕ, ਗੁਰਬਚਨ ਸਿੰਘ, ਕੁਲਵੰਤ ਸਿੰਘ ਨਾਗਰਾ, ਹਰਪਾਲ ਸਿੰਘ ਗਿੱਲ, ਗੁਰਚਰਨ ਸਿੰਘ ਗਿੱਲ, ਸਤਨਾਮ ਸਿੰਘ (ਹੰਟਲੀ), ਜਗਤਾਰ ਸਿੰਘ ਸੈਣੀ, ਹਰਵਿੰਦਰਪਾਲ ਸਿੰਘ ਲੈਲ, ਚਿਤਵੰਤ ਸਿੰਘ, ਗੁਰਮਿੰਦਰ ਸਿੰਘ

# Shere Punjab Sports and Cultural Club, Chicago

## ਸਿਲਵਰ ਸਪਾਂਸਰ



ਅਮਨਦੀਪ ਹੁੰਦਲ | ਸ. ਚਰਨ ਸਿੰਘ ਨਾਗਰਾ | ਬਚਿੱਤਰ ਸਿੰਘ | ਰਾਣਾ ਸੇਖੋਂ | ਪੱਪੂ ਫੋਰਟਵੇਨ | ਬਿਕਰਮ ਸੋਹੀ | ਕਮਲਦੀਪ ਸਿੰਘ ਸੰਘਾ | ਅਯੁਧਿਆ ਸਲਵਾਨ | ਪਰਦੀਪ ਸਿੰਘ | ਜੈਸੀ ਸਿੰਘ



ਲਾਲੀ ਟਿਵਾਣਾ | ਸੋਨੂੰ ਤੇ ਸੁੱਚਾ ਟਿਵਾਣਾ | ਮਿੱਤਾ ਸਮਾਣਾ | ਰਾਜਿੰਦਰ ਸਿੰਘ ਸੋਨੂੰ | ਜੱਸੀ ਧਾਲੀਵਾਲ | ਡਾ. ਵਿਕਰਮ ਸਿੰਘ ਗਿੱਲ | ਗੁਰਪ੍ਰੀਤ ਸਿੱਧੂ | ਸੋਨੀ ਔਜਲਾ | ਗੁਰਚਰਨ ਝਾਵਰ | ਗੁਰਮੁਖ ਸਿੰਘ ਭੁੱਲਰ



ਮਨਦੀਪ ਸਿੰਘ ਛੀਨਾ | ਮੁਕੰਦ ਸਿੰਘ ਮਾਂਗਟ | ਮਨਰਾਜ ਨੋਨਾ | ਪਲਵਿੰਦਰ ਸਿੰਘ ਬਾਠ | ਪਾਲੀ ਧਾਲੀਵਾਲ | ਡਾ. ਹਰਜਿੰਦਰ ਸਿੰਘ ਖਹਿਰਾ | ਹੈਪੀ ਸਿੰਘ ਹੀਰ | ਨਰਿੰਦਰ ਸਿੰਘ ਸਰਾਂ | ਜਸਕਰਨ ਸਿੰਘ ਧਾਲੀਵਾਲ | ਰਜਿੰਦਰ ਸਿੰਘ ਦਿਆਲ | ਹਰਵਿੰਦਰ ਸਿੰਘ ਬਿੱਲਾ



ਹਰਕੀਰਤ ਸਿੰਘ ਸੰਧੂ | ਲਖਬੀਰ ਸਿੰਘ ਸੰਧੂ | ਹਰਜੀਤ ਸਿੰਘ ਗਿੱਲ | ਜੈਰਾਮ ਸਿੰਘ ਕਾਹਲੋਂ | ਜਗਜੀਤ ਸਿੰਘ ਢੀਂਡਸਾ | ਗੁਰਦਿਆਲ ਸਿੰਘ ਬਸਰਾਨ | ਹਰਗੁਰਮੁਖਪਾਲ ਸਿੰਘ | ਹਰਦਿਆਲ ਸਿੰਘ ਦਿਓਲ | ਹਰਦੀਪ ਸਿੰਘ ਗਿੱਲ | ਰਾਜ ਬੋਪਾਰਾਏ | ਗੁਲਜ਼ਾਰ ਵਿਰਕ



ਹਰਵੀਰ ਵਿਰਕ | ਬਲਵਿੰਦਰ ਸਿੰਘ ਵਿਰਕ | ਜੱਸੀ ਖਹਿਰਾ | ਗੁਰਪ੍ਰੀਤ ਤੂਰ | ਜਸਵਿੰਦਰ ਸਿੰਘ ਪੁਰੇਵਾਲ | ਮੇਜਰ ਸਿੰਘ ਹਿਊਸਟਨ | ਦੀਪਕ ਸਿੰਘ ਰਾਏ | ਚਰਨਦੀਪ ਮਾਨ | ਸੋਨੂੰ ਮਿਸ਼ੀਗਨ | ਕੁਲਵੰਤ ਸਿੰਘ | ਗੁਰਪ੍ਰੀਤ ਸਿੰਘ (ਕੂਲ ਲਾਈਨ)



ਹਰਜੀਤ ਸਿੰਘ | ਬੱਲ ਭਰਾ-ਕੈਨੇਡਾ | ਤਾਰੀ | ਦਰਸ਼ਨ ਸਿੰਘ | ਬਾਬ ਹੁੰਦਲ | ਸਨੀ ਕੁਲਾਰ | ਰੰਮੀ ਗਰੇਵਾਲ | ਡਾ. ਪਰਦੀਪ ਸਿੰਘ ਗਿੱਲ | ਸੁਰਿੰਦਰ ਸਿੰਘ ਭਾਟੀਆ



ਇਸ਼ਾਨ ਸੈਣੀ | ਸੰਦੀਪ ਗੁਰਨਾ | ਬਰੈਟੀ ਗਿੱਲ | ਮੋਹਣਾ ਜੋਧਾਂ | ਮਨਜਿੰਦਰ ਮੰਨਾ | ਹਰਜਸ ਸੋਮਲ | ਗੁਰਪ੍ਰੀਤ ਗੁਰੀ | ਸਤਨਾਮ ਸਿੱਧੂ | ਦਮਨਦੀਪ ਵਿਰਕ | ਸਵ. ਪ੍ਰਿਤਪਾਲ ਸਿੰਘ ਗਿੱਲ ਅਤੇ ਸ. ਰਣਧੀਰ ਸਿੰਘ ਵਿਰਕ

ਪੰਧੇਰ, ਸਤਵੰਤ ਸਿੰਘ ਅਟਵਾਲ, ਜਗਦੀਪ ਵਿਨੀਪੈਗ; ਟੋਰਾਂਟੋ ਤੋਂ ਹਨੀ ਵਿਰਕ, ਜੋਤੀ ਢਿੱਲੋਂ, ਹਰਵਿੰਦਰ ਕੰਗ, ਨਿਰਮਲ ਬਰਾੜ, ਕਾਕਾ ਚਾਹਲ, ਬਿੱਲਾ ਸਿੱਧੂ ਤੇ ਕਿਰਨਾ ਢਿੱਲੋਂ; ਹਰਜਿੰਦਰ ਸਿੰਘ ਲੱਧਰ, ਸੰਨੀ ਸ਼ਿਕਾਗੋ, ਦੀਪੂ, ਪਰਮਿੰਦਰ ਸਿੰਘ, ਰਣਵੀਰ ਸਿੰਘ।

## ਕਲਾ ਪਰਿਕਰਮਾ

# ਅਵਕਾਸ਼ ਮਾਨ ਦਾ ਆਕਾਸ਼



ਨਾਮੀ ਗਾਇਕ ਹਰਭਜਨ ਮਾਨ ਦਾ ਬੇਟਾ ਅਵਕਾਸ਼ ਮਾਨ ਜਦੋਂ ਸਾਲ 2018 ਵਿਚ ਅੰਗਰੇਜ਼ੀ ਗੀਤ 'ਅਵੇ' ਲੈ ਕੇ ਆਇਆ ਸੀ, ਉਦੋਂ ਵੀ ਉਸ ਵਿਚੋਂ ਹਰਭਜਨ ਮਾਨ ਮਨਫੀ ਸੀ ਅਤੇ ਹੁਣ ਜਦੋਂ ਉਹ ਆਪਣਾ ਪਹਿਲਾ ਪੰਜਾਬੀ ਗੀਤ 'ਤੇਰੇ ਵਾਸਤੇ' ਲੈ ਕੇ ਆਇਆ ਹੈ ਤਾਂ ਇਸ ਵਾਰ ਵੀ ਹਰਭਜਨ ਮਾਨ ਉਸ ਵਿਚੋਂ ਮਨਫੀ ਹੈ। ਅਵਕਾਸ਼ ਮਾਨ ਨੇ ਉਹ ਰਾਹ ਚੁਣਿਆ ਹੈ, ਜੋ ਪੰਜਾਬੀ ਗਾਇਕੀ ਵਿਚ ਨਵਾਂ ਰੰਗ ਭਰ ਕੇ ਉਸ ਨੂੰ ਕੌਮਾਂਤਰੀ ਗਾਇਕੀ ਦੇ ਰੰਗ ਵਿਚ ਰੰਗਣ ਦੀ ਮੰਜ਼ਿਲ ਵੱਲ ਜਾਂਦਾ ਹੈ।



**ਵਿਕਰਮ ਸੰਗਰੂਰ**
ਫੋਨ: 91-98884-13836

ਅਵਕਾਸ਼ ਬਿਲਕੁਲ ਆਪਣੇ ਨਾਂ ਵਾਂਗ ਹੈ। ਆਮ ਤੌਰ 'ਤੇ ਉਸ ਦੇ ਨਾਂ ਦੇ ਅਰਥ ਜੇ ਕਿਸੇ ਨੂੰ ਪੁੱਛੇ ਜਾਣ ਤਾਂ ਬਹੁਤੇ 'ਛੁੱਟੀ' ਹੀ ਦੱਸਣਗੇ, ਪਰ ਸ਼ਬਦ-ਕੋਸ਼ ਫਰੋਲਿਆ ਜਾਵੇ ਤਾਂ ਅਵਕਾਸ਼ ਸ਼ਬਦ ਦਾ ਅਰਥ 'ਆਕਾਸ਼' ਵੀ ਮਿਲ ਜਾਵੇਗਾ। ਉਸ ਦਾ ਨਾਂ ਉਸ ਦੀ ਛੁਪੀ ਸ਼ਖਸੀਅਤ ਨੂੰ ਪੇਸ਼ ਕਰਦਾ ਹੈ, ਉਸ ਦੀ ਅੰਦਰੂਨੀ ਡੂੰਘਾਈ ਦਾ ਸ਼ੀਸ਼ਾ ਹੈ। ਆਕਾਸ਼ ਨੂੰ ਜੇ ਸਮਝਣਾ ਹੈ ਤਾਂ ਆਕਾਸ਼ ਤੱਕ ਉਡਣਾ ਪੈਂਦਾ ਹੈ, ਜ਼ਮੀਨ 'ਤੇ ਖੜ੍ਹ ਕੇ ਆਕਾਸ਼ ਨੂੰ ਕਦੀ ਵੀ ਨਹੀਂ ਸਮਝਿਆ ਜਾ ਸਕਦਾ।

ਅਵਕਾਸ਼ ਜਾਣਦਾ ਹੈ ਕਿ ਉਹ ਜਿਸ ਰਾਹ 'ਤੇ ਤੁਰਿਆ ਹਾਂ, ਉਸ 'ਤੇ ਖਾਸ ਕਰ ਪੰਜਾਬੀ ਉਸ ਵਿਚੋਂ ਉਸ ਦੇ ਪਿਤਾ ਹਰਭਜਨ ਮਾਨ ਨੂੰ ਲੱਭਣਗੇ। ਜੇ ਖੋਜੀ ਬਿਰਤੀ ਨਾਲ ਅਵਕਾਸ਼ ਨੂੰ ਦੇਖਿਆ-ਸਮਝਿਆ ਜਾਵੇ ਤਾਂ ਸਹਿਜੇ ਹੀ ਪਤਾ ਲੱਗ ਜਾਵੇਗਾ ਕਿ ਉਹ ਹਰਭਜਨ ਮਾਨ ਤੋਂ ਬਹੁਤ ਵੱਖਰਾ ਹੈ। ਅਵਕਾਸ਼ ਦੀ ਅਵਾਜ਼ ਜਿੱਥੇ ਬਹੁਤ ਰੰਗਾਂ ਵਿਚ ਗਾਉਣ ਦਾ ਹੁਨਰ ਰਖਦੀ ਹੈ, ਉਥੇ ਉਹ ਇੱਕ ਚੰਗਾ ਕਲਮਕਾਰ ਵੀ ਹੈ ਅਤੇ ਗੀਤਾਂ ਦੀਆਂ ਧੁਨਾਂ ਘੜਨ ਵਾਲਾ ਵੀ।

ਹਰਭਜਨ ਮਾਨ ਅਤੇ ਅਵਕਾਸ਼ ਮਾਨ ਵਿਚ ਕੁਝ ਸਾਂਝਾ ਹੈ ਤਾਂ ਉਹ ਹੈ, ਆਪਣੇ ਸਮੁੱਚੇ ਕੈਰੀਅਰ ਨੂੰ ਦਾਅ 'ਤੇ ਲਾ ਕੇ 'ਰਿਸਕ' ਲੈਣ ਦੀ ਹਿੰਮਤ, ਕੁਝ ਨਵਾਂ ਕਰ ਦਿਖਾਉਣ ਦਾ ਜਨੂਨ। ਸਾਲ 2002 ਵਿਚ ਹਰਭਜਨ ਮਾਨ ਦਾ ਇਹ ਵੱਡਾ ਰਿਸਕ ਸੀ ਕਿ ਉਸ ਨੇ ਆਪਣੀ ਜ਼ਿੰਦਗੀ ਦਾ ਬਹੁਤ ਕੁਝ ਦਾਅ 'ਤੇ ਲਾ ਕੇ ਆਖਰੀ ਸਾਹ ਲੈ ਰਹੀ ਪੰਜਾਬੀ ਫਿਲਮ ਇੰਡਸਟਰੀ ਦੇ ਦੌਰ ਵਿਚ ਪੰਜਾਬੀ ਫਿਲਮ 'ਜੀ ਆਇਆਂ ਨੂੰ' ਰਿਲੀਜ਼ ਕਰਨ ਦੀ ਜੁਰਅਤ ਕੀਤੀ।

ਇਸੇ 'ਰਿਸਕ' ਲੈਣ ਦੀ ਪਰੰਪਰਾ ਨੂੰ ਅੱਜ ਅਵਕਾਸ਼ ਮਾਨ ਨੇ ਆਪਣੇ ਗੀਤ 'ਤੇਰੇ ਵਾਸਤੇ' ਨਾਲ ਦੁਹਰਾਇਆ ਹੈ। ਹਰ ਉਹ ਸੁਲਝਿਆ ਦਿਮਾਗ ਜਿਸ ਨੂੰ ਅੰਤਰ-ਰਾਸ਼ਟਰੀ ਗੀਤ-ਸੰਗੀਤ ਦੀ ਸੋਝੀ ਹੈ, ਉਹ ਅਵਕਾਸ਼ ਦੇ ਇਸ ਕੰਮ ਦੀ ਦਾਦ ਦੇਵੇਗਾ, ਕਿਉਂਕਿ ਅਵਕਾਸ਼ ਆਪਣੇ ਇਸ ਵੱਖਰੇ ਅੰਦਾਜ਼ ਨਾਲ ਪੰਜਾਬੀ ਗਾਇਕੀ, ਫਿਲਮਾਂਕਣ ਅਤੇ ਪੇਸ਼ਕਾਰੀ ਨੂੰ ਉਸ ਮੁਕਾਮ 'ਤੇ ਲੈ ਗਿਆ ਹੈ, ਜਿਸ ਬਾਰੇ ਹਾਲੇ ਕਿਸੇ ਨੇ ਸੋਚਿਆ ਤੱਕ ਵੀ ਨਹੀਂ ਸੀ। ਇਹੀ ਕਾਰਨ ਹੈ ਕਿ ਅਵਕਾਸ਼ ਦੇ ਇਸ ਗੀਤ ਨੂੰ ਕੁਝ ਤਬਕਿਆਂ ਵੱਲੋਂ ਹੈਰਾਨੀ ਨਾਲ ਤੱਕਿਆ ਜਾ ਰਿਹਾ ਹੈ, ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ 'ਜੀ ਆਇਆਂ ਨੂੰ' ਫਿਲਮ ਰਿਲੀਜ਼ ਹੋਣ ਤੋਂ ਪਹਿਲਾਂ ਲੋਕ ਆਖਿਆ ਕਰਦੇ ਸਨ ਕਿ ਹਰਭਜਨ ਮਾਨ ਇਹ ਕੀ ਕਮਲੇ ਕੰਮ ਕਰ ਰਿਹੈ, ਪੰਜਾਬੀ ਫਿਲਮ ਬਣਾ ਰਿਹੈ!

ਜੇ ਅਵਕਾਸ਼ ਦੇ ਇਸ ਨਵੇਂ ਗੀਤ ਨੂੰ ਸਮਝਣਾ ਹੈ ਜਾਂ ਉਸ ਬਾਰੇ ਕੋਈ ਵੀ ਟਿੱਪਣੀ ਕਰਨੀ ਹੈ ਤਾਂ ਇਸ ਲਈ ਲਾਜ਼ਮੀ ਹੈ ਕਿ ਕੌਮਾਂਤਰੀ ਗੀਤ-ਸੰਗੀਤ ਨੂੰ ਕੁਝ ਦਿਨ ਘੋਖ ਪੜਤਾਲ ਕਰਕੇ ਗੱਲ ਕੀਤੀ ਜਾਵੇ। ਪਰ ਸਾਡੀ ਕਮਜ਼ੋਰੀ ਹੈ ਕਿ ਅਸੀਂ ਜਹਾਜ 'ਤੇ ਤਾਂ ਚੜ੍ਹ ਗਏ ਹਾਂ ਪਰ ਸਾਡੀ ਸੋਚ ਹਾਲੇ ਵੀ 'ਸਾਈਕਲੀ' ਉਤੇ ਬੈਠੀ ਹੋਈ ਹੈ! ਦੁਨੀਆਂ ਭਰ ਵਿਚ ਜਿਨ੍ਹਾਂ ਪੁਸਤਕਾਂ ਨੂੰ ਨੋਬਲ ਪ੍ਰਾਈਜ਼ ਅਤੇ ਮੈਨ ਬੁੱਕਰ ਪ੍ਰਾਈਜ਼ ਮਿਲਦਾ ਹੈ, ਜ਼ਿਆਦਾਤਰ ਉਨ੍ਹਾਂ ਨੂੰ ਪੜ੍ਹਨਾ ਤਾਂ ਦੂਰ, ਅਸੀਂ ਕਦੇ ਇਨ੍ਹਾਂ ਬਾਰੇ ਸੋਚਦੇ ਵੀ ਨਹੀਂ, ਸਗੋਂ ਬੱਸ ਅੱਡਿਆਂ ਉਤੇ ਮਿਲਦੀਆਂ ਕਿਤਾਬਾਂ ਦੇਖਣ ਤੱਕ (ਉਹ ਵੀ ਖਰੀਦਦੇ ਨਹੀਂ) ਹੀ ਸੀਮਿਤ ਹਾਂ। ਜੇ ਸਾਡੇ ਨਜ਼ਰੀਏ ਦਾ ਦਾਇਰਾ ਵੱਡਾ ਹੋਵੇਗਾ ਤਾਂ ਅਸੀਂ ਕਿਸੇ ਕਲਾ ਦੀਆਂ ਬਾਰੀਕੀਆਂ ਨੂੰ ਵੀ ਪੜ੍ਹ ਸਕਾਂਗੇ, ਸਮਝ ਸਕਾਂਗੇ। ਅਫਸੋਸ! ਸਾਡੇ ਨਜ਼ਰੀਏ ਅਤੇ ਸੋਚ ਨੂੰ ਜੰਗਾਲ ਲਗਦਾ ਜਾ ਰਿਹਾ ਹੈ ਤੇ ਇਸੇ ਜੰਗਾਲ ਦਾ ਸਿੱਟਾ ਹੈ ਕਿ ਸਾਨੂੰ 'ਪਾਸ਼' ਵਰਗਾ ਕਵੀ ਵੀ ਕਦੀ-ਕਦੀ ਗੱਦਾਰ ਜਾਪਦਾ ਹੈ!

ਇੰਟਰਨੈਟ ਉਤੇ ਜ਼ਰਾ ਕੈਂਡਰਿਕ ਲੈਮਰ ਦੇ ਗੀਤ ਹੰਬਲ ਦਾ ਵੀਡੀਓ ਤਲਾਸ਼ ਕਰਿਓ। ਇਸ ਗੀਤ ਦੀ ਵੀਡੀਓ ਵਿਚ ਸ਼ਾਇਦ ਸਾਨੂੰ ਕੁਝ ਹੋਰ ਨਜ਼ਰ ਆਵੇ ਜਾਂ ਨਾ ਆਵੇ ਪਰ ਗੰਜੇ ਕਲਾਕਾਰਾਂ ਦੀਆਂ 'ਟਿੰਡਾਂ' ਜ਼ਰੂਰ ਨਜ਼ਰ ਆਉਣਗੀਆਂ। ਕਿਉਂਕਿ ਸਾਡੀ ਸੋਚ ਟਿੰਡਾਂ ਤੱਕ ਹੀ ਸੀਮਿਤ ਹੈ ਜਾਂ ਇਨ੍ਹਾਂ ਦੀ ਖਿੱਲੀ ਉਡਾਉਣ ਤੱਕ!

ਏਡਲ ਦਾ 'ਰੋਲਿੰਗ ਇਨ ਦਾ ਡੀਪ' ਗੀਤ ਦੇਖ ਕੇ ਅਸੀਂ ਸ਼ਾਇਦ ਇਹੀ ਆਖਾਂਗੇ, ਇਹ ਕਿਵੇਂ ਦਾ ਗੀਤ ਏ ਯਾਰ, ਬੀਬੀ ਨੇ ਕੁਰਸੀ 'ਤੇ ਹੀ ਬਹਿ ਕੇ ਸਾਰਾ ਗੀਤ ਨਿਬੇੜ'ਤਾ ਅਤੇ ਕੱਚ ਦੇ ਗਿਲਾਸ ਦਿਖਾ ਦਿੱਤੇ। ਇਹ ਵੀ ਕੋਈ ਗੌਣ ਹੋਇਆ ਤੇ ਆਹ ਕੀ ਵੀਡੀਓ ਹੋਈ?

ਡੌਨਲਡ ਗਲੋਵਰ ਦਾ ਗੀਤ 'ਦਿਸ ਇਜ਼ ਅਮੈਰਿਕਾ' ਸੁਣ/ਦੇਖ ਕੇ ਇਹੀ ਲੱਗੇਗਾ ਕਿ ਇੱਕ ਕਾਲਾ ਜਿਹਾ ਬੰਦਾ, ਬਿਨਾ ਕਮੀਜ਼ ਦੇ ਇਵੇਂ ਨੱਚ ਰਿਹੈ, ਜਿਵੇਂ ਇਸ ਨੂੰ ਕੋਈ ਦੌਰਾ ਪਿਆ ਹੋਵੇ! ਇਸ ਚੱਕਰ ਵਿਚ ਜੋ ਉਸ ਨੇ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ, ਉਹ ਅਸੀਂ ਦੇਖ ਹੀ ਨਹੀਂ ਸਕਦੇ।

ਪਰ ਤੁਹਾਨੂੰ ਹੈਰਾਨੀ ਹੋਵੇਗੀ ਕਿ ਉਪਰੋਕਤ ਇਹ ਤਿੰਨੋਂ ਗੀਤ/ਵੀਡੀਓਜ਼ ਦੁਨੀਆਂ ਦੇ ਸਭ ਤੋਂ ਵੱਡੇ ਸੰਗੀਤ ਐਵਾਰਡ 'ਜਰਮਨੀ ਅਵਾਰਡ' ਨੂੰ ਛੂਹ ਚੁਕੇ ਹਨ। ਖਾਸ ਗੱਲ ਇਹ ਹੈ ਕਿ ਇਹ ਐਵਾਰਡ ਇਨ੍ਹਾਂ ਨੂੰ ਕਿਸੇ ਸਿਫਾਰਸ਼ ਨਾਲ ਨਹੀਂ, ਸਗੋਂ ਸੰਗੀਤ ਖੇਤਰ ਵਿਚ ਕੀਤੇ ਵਿਲੱਖਣ ਕੰਮ ਲਈ ਮਿਲਿਆ ਹੈ, ਜੋ ਇਨ੍ਹਾਂ ਕਲਾਕਾਰਾਂ ਨੇ ਲੀਹੋਂ ਹੱਟ ਕੇ ਕੀਤਾ ਸੀ।

ਕਲਾ ਦੇ ਅਰਥ ਜੇ ਸਿੱਧੇ ਸਮਝ ਆ ਜਾਣ, ਜਿਸ ਨੂੰ ਦੇਖ/ਸੁਣ ਕੇ ਤੁਹਾਨੂੰ ਸੋਚਣਾ ਨਾ ਪਵੇ ਤਾਂ ਉਹ ਕਲਾ, ਕਲਾ ਨਹੀਂ ਹੁੰਦੀ। ਕਲਾ ਤਾਂ ਉਹ ਹੈ, ਜੋ ਸਾਨੂੰ ਸੋਚਣ ਲਈ ਮਜਬੂਰ ਕਰ ਦੇਵੇ। ਜੇ ਕੁਝ ਹਾਸਲ ਕਰਨਾ ਹੈ ਤਾਂ ਲੀਹੋਂ ਹਟ ਕੇ ਤੁਰਨਾ ਪਵੇਗਾ, ਕਲਾ ਦਾ ਉਹ ਰੰਗ ਦਿਖਾਉਣਾ ਪਵੇਗਾ, ਜੋ ਸੋਚਣ ਲਈ ਮਜਬੂਰ ਕਰੇ, ਜਿਵੇਂ ਅਵਕਾਸ਼ ਮਾਨ ਨੇ ਕੀਤਾ ਹੈ।

ਦੁਖਾਂਤ ਇਹ ਵੀ ਹੈ ਕਿ ਗਲੋਬਲਾਈਜੇਸ਼ਨ ਦੇ ਇਸ ਦੌਰ ਵਿਚ ਅਸੀਂ ਪ੍ਰਤੀਕਾਤਮਕ ਹਾਂ। ਸਾਡੇ ਵਾਸਤੇ ਸੱਭਿਆਚਾਰ ਦੇ ਅਰਥ ਸਿਰਫ ਚਰਖੇ, ਚੁੱਲ੍ਹਿਆਂ, ਫੁਲਕਾਰੀਆਂ ਤੱਕ ਹੀ ਸੁੰਗੜ ਗਏ ਹਨ। ਅਵਕਾਸ਼ ਦੇ ਇਸ ਗੀਤ ਨਾਲ ਸਿਰਫ ਅਵਕਾਸ਼ ਕੌਮਾਂਤਰੀ ਨਹੀਂ ਹੋਇਆ, ਸਗੋਂ ਉਸ ਨਾਲ ਪੰਜਾਬੀ ਗਾਇਕੀ, ਪੰਜਾਬੀ ਭਾਸ਼ਾ ਅਤੇ ਤਹਿਜ਼ੀਬ ਵੀ ਇੱਕ ਵੱਖਰੇ ਹਲਕਿਆਂ ਵਿਚ ਪਹੁੰਚੀ ਹੈ। ਅਵਕਾਸ਼ ਦੇ ਨਵੇਂ ਗੀਤ ਨੂੰ ਵਿਸ਼ੇ ਪੱਖ ਦੇ ਨਾਲ-ਨਾਲ ਕਲਾ ਪੱਖ ਤੋਂ ਵੀ ਸਮਝਣ ਦੀ ਲੋੜ ਹੈ। ਅਵਕਾਸ਼ ਦੇ ਗੀਤ ਲਈ ਆਈਆਂ ਟਿੱਪਣੀਆਂ ਦਾ ਜੇ ਗੌਰ ਨਾਲ ਅਧਿਐਨ ਕੀਤਾ ਜਾਵੇ ਤਾਂ ਇੱਕ ਖਾਸ ਗੱਲ ਦੇਖਣ ਨੂੰ ਮਿਲਦੀ ਹੈ ਕਿ ਗੈਰ-ਪੰਜਾਬੀਆਂ ਦੀਆਂ ਜੋ ਟਿੱਪਣੀਆਂ ਇਸ ਗੀਤ ਲਈ ਆਈਆਂ ਹਨ, ਉਹ ਇਸ ਗੀਤ ਦੇ ਵਿਸ਼ੇ ਪੱਖ ਤੋਂ ਵੱਧ ਕਲਾ ਪੱਖ ਨਾਲ ਸਬੰਧਤ ਹਨ, ਜਿਸ ਵਿਚ ਗੀਤ ਦੇ ਸ਼ਾਟਸ, ਤਰਜ਼, ਵਾਤਾਵਰਣ ਅਤੇ ਸ਼ਬਦਾਂ ਆਦਿ ਦੇ ਵੱਖਰੇਪਣ (ਖਾਸ ਕਰ ਪੰਜਾਬੀ ਗਾਇਕੀ ਦੇ ਸੰਦਰਭ ਵਿਚ) ਚਰਚਾ ਕੀਤੀ ਗਈ ਹੈ। ਪੰਜਾਬੀ ਗਾਇਕੀ ਦੇ ਸਿਰਮੌਰ ਗੀਤਕਾਰ ਬਾਬੂ ਸਿੰਘ ਮਾਨ (ਮਾਨ ਮਰਾੜ੍ਹਾਂ ਵਾਲਾ) ਨੇ ਅਵਕਾਸ਼ ਮਾਨ ਦੇ ਨਵੇਂ ਗੀਤ 'ਤੇਰੇ ਵਾਸਤੇ' ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਲਿਖਿਆ ਹੈ, "ਅਵਕਾਸ਼, ਕਿਹੜੇ ਸ਼ਬਦਾਂ ਨਾਲ ਮੁਬਾਰਕਬਾਦ ਦਿਆਂ! ਪਹਿਲੇ ਹੰਭਲੇ ਨਾਲ ਹੀ ਬਹੁਤ ਵੱਡੀ ਮੱਲ ਮਾਰੀ ਹੈ। ਇੱਕ ਬਹੁਤ ਵਧੀਆ ਗੀਤ ਕਮਾਲ ਦੀ ਕੰਪੋਜੀਸ਼ਨ ਅਤੇ ਪੱਛਮ ਦੇ ਰੂਹਾਨੀ ਰੋਮਾਂਸ ਦੀ ਰੰਗਤ ਵਿਚ ਰੰਗਿਆ ਸੰਗੀਤ ਤੇ ਫਿਰ ਅਵਕਾਸ਼ ਦੀ ਸੁਰੀਲੀ ਆਵਾਜ਼ ਵਿਚ ਅਹਿਸਾਸ ਦੀ ਗਹਿਰਾਈ ਅਤੇ ਕੁਦਰਤ ਵੱਲੋਂ ਬਖਸ਼ੀ ਇੱਕ ਵਿਲੱਖਣ ਕਿਸਮ ਦੀ ਕਸ਼ਿਸ਼, ਰੂਹ ਦੇ ਧੁਰ ਅੰਦਰ ਤੱਕ ਧੂਹ ਪਾਉਂਦੀ ਜਾਂਦੀ ਹੈ। ਇੱਕ ਅਦੁੱਤੀ ਪੇਸ਼ਕਸ਼ ਹੈ।"

ਜੇ ਅਵਕਾਸ਼ ਦੀ ਮਿਹਨਤ ਨੂੰ ਸਮਝਣਾ ਹੈ ਤਾਂ ਤੁਹਾਨੂੰ ਆਟੋ ਅਤੇ ਲੋਕਲ ਟਰੇਨ ਉਤੇ ਬੈਠ ਕੇ ਕਰੀਬ ਢਾਈ ਸਾਲ ਅਵਕਾਸ਼ ਵਾਂਗ ਮੁੰਬਈ ਦੀਆਂ ਸੜਕਾਂ ਅਤੇ ਪਟੜੀਆਂ ਉਤੇ ਕਲਾ ਨੂੰ ਨਿਖਾਰਨ ਵਾਲੀਆਂ ਕਲਾਸਾਂ ਦੇ ਗੇੜੇ ਲਾਉਣੇ ਪੈਣਗੇ। ਜੇ ਅਵਕਾਸ਼ ਦੀ ਹਿੰਮਤ ਨੂੰ ਪਰਖਣਾ ਹੈ ਤਾਂ ਤੁਹਾਨੂੰ ਕੈਨੇਡਾ ਦੀ ਖੂਬਸੂਰਤ ਸਰਜ਼ਮੀਂ ਛੱਡ ਕੇ ਭਾਰਤ ਆ ਕੇ ਮਿਹਨਤ ਕਰਨ ਦੀ ਜੁਰਅਤ ਕਰਨੀ ਪਵੇਗੀ।

ਜੇ ਅਵਕਾਸ਼ ਨੂੰ ਦੇਖਣਾ ਹੈ ਤਾਂ ਕੈਨੇਡਾ ਤੋਂ ਦਿੱਲੀ ਆ ਰਹੇ ਉਸ ਜਹਾਜ ਦੇ ਸ਼ੀਸ਼ਿਆਂ 'ਚ ਤੁਹਾਨੂੰ ਤੱਕਣਾ ਪਵੇਗਾ, ਜਿੱਥੋਂ ਅਵਕਾਸ਼ ਇੰਤਜ਼ਾਰ ਕਰਿਆ ਕਰਦਾ ਸੀ ਕਿ ਕਦੋਂ ਇਹ ਜਹਾਜ ਉਤਰੇ ਅਤੇ ਮੈਂ ਇਸ ਫਿਜ਼ਾ ਨੂੰ ਆਪਣੀਆਂ ਧੁਨਾਂ ਸੁਣਾ ਸਕਾਂ।

ਜੇ ਅਵਕਾਸ਼ ਨੂੰ ਪੜ੍ਹਨਾ ਹੈ, ਸੁਣਨਾ ਹੈ ਤਾਂ ਉਸ ਦੇ ਕਮਰੇ ਅੰਦਰ ਜਾ ਕੇ ਉਹ ਕਿਤਾਬਾਂ ਪੜ੍ਹਨੀਆਂ ਪੈਣਗੀਆਂ, ਜੋ ਵਿਸ਼ਵ ਦੇ ਚੋਟੀ ਦੇ ਅਦੀਬਾਂ ਦੀਆਂ ਹਨ, ਉਹ ਸੰਗੀਤ ਦੇ ਰਿਕਾਰਡ ਸੁਣਨੇ ਪੈਣਗੇ, ਜੋ 'ਜਰਮਨੀ ਅਵਾਰਡ' ਹਾਸਿਲ ਕਰਦੇ ਹਨ। ਵੱਖ-ਵੱਖ ਰੰਗਾਂ ਦੇ ਕਿਰਦਾਰ ਨਿਭਾਉਣ ਵਾਲੇ ਬਰੈਡ ਪਿਟ ਦੀਆਂ ਫਿਲਮਾਂ ਦੇਖਣੀਆਂ ਪੈਣਗੀਆਂ।

ਜੇ ਅਵਕਾਸ਼ ਨੂੰ ਸੁਣਨਾ ਹੈ ਤਾਂ ਉਸ ਦੇ ਘਰ ਦੀ ਛੱਤ ਉਤੋਂ ਗੁਜ਼ਰਨ ਵਾਲੀਆਂ ਪੌਣਾਂ ਨਾਲ ਕੰਨ ਲਾਉਣਾ ਪਵੇਗਾ, ਜਿਨ੍ਹਾਂ ਵਿਚ ਉਸ ਦੀ ਉਹ ਸੋਹਲ ਅਵਾਜ਼, ਜੋ ਬੋਲਣ ਤੋਂ ਪਹਿਲਾਂ ਗਾਉਣ ਲੱਗ ਪਈ ਸੀ, ਅੱਜ ਵੀ ਤੁਹਾਨੂੰ ਸੁਣ ਜਾਵੇਗੀ। ਅਵਕਾਸ਼ ਨੇ ਜੋ ਅੱਜ ਗਾਇਆ ਹੈ, ਉਹ ਔਲੇ ਖਵਾਉਣ ਵਰਗਾ ਹੈ, ਜਿਸ ਦਾ ਅਸਰ ਬਾਅਦ ਵਿਚ ਹੀ ਦੇਖਣ ਨੂੰ ਮਿਲੇਗਾ। ਸ਼ੁਰੂ ਵਿਚ ਕਈਆਂ ਨੂੰ ਔਲੇ ਹਜ਼ਮ ਕਰਨੇ ਬਹੁਤ ਮੁਸ਼ਕਿਲ ਹੁੰਦੇ ਹਨ, ਕੌੜੇ ਲੱਗਦੇ ਹਨ, ਪਰ ਸਮਾਂ ਪਾ ਕੇ ਇਨ੍ਹਾਂ ਦੇ ਅਸਰ ਦਾ ਪਤਾ ਲੱਗਦਾ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 3 ਅਗਸਤ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-388



*ਮਾਪੇ ਨਿਗਲ ਲਏ ਸਾਡੇ ਸਿਆਸਤਾਂ ਨੇ,*
*ਹੰਝੂ ਸਾਡੀਆਂ ਅੱਖਾਂ 'ਚੋਂ ਮੁੱਕਣੇ ਨਾ।*
*ਜਿਵੇਂ ਕਿਵੇਂ ਗੁਜ਼ਾਰਾਂਗੇ ਜ਼ਿੰਦਗਾਨੀ,*
*ਜ਼ਖਮ ਦਿਲਾਂ 'ਤੇ ਲੱਗੇ ਉਹ ਸੁੱਕਣੇ ਨਾ।*

## ਕੈਪਸ਼ਨ ਮੁਕਾਬਲਾ-386



ਭਾਣਜੀ ਦਾ ਵਿਆਹ ਧਰਿਆ
ਤੇ ਨਾਨਕਾ ਮੇਲਣਾਂ ਆਈਆਂ।
ਗੋਟੇ ਲੱਗੀਆਂ ਚੁੰਨੀਆਂ ਲੈ ਕੇ
ਉਤੇ ਫੁਲਕਾਰੀਆਂ ਪਾਈਆਂ।
ਗੀਤ ਸੁਹਾਗ ਦੇ ਮਿੱਠੇ ਗਾਵਣ
ਰਲ ਭੈਣ ਨੂੰ ਦੇਣ ਵਧਾਈਆਂ।
ਛੱਜ ਤੋੜੇ, ਬੰਬੀਹਾ ਬੋਲਿਆ
ਜਾਗੋ ਨਾਲ ਮੜਕ ਦੇ ਆਈਆਂ।

**-ਸੇਵਾ ਸਿੰਘ ਨੂਰਪੁਰੀ**
**ਸੈਨ ਹੋਜ਼ੇ, ਕੈਲੀਫੋਰਨੀਆ**

---

ਰਲ ਮਿਲ ਬੈਠ ਸਹੇਲੀਆਂ
ਵਿਰਸੇ ਵਾਲੀਆਂ ਬਾਤਾਂ ਪਾਵਣ।
ਕੋਈ ਨਾ ਕੋਈ ਲੱਭ ਬਹਾਨਾ
'ਕੱਠੀਆਂ ਹੋ ਕੇ ਮਨ ਪ੍ਰਚਾਵਣ।
ਬਾਗ, ਫੁਲਕਾਰੀ, ਪੱਖੀਆਂ
ਚੇਤਿਆਂ ਵਿਚੋਂ ਨਾ ਇਹ ਜਾਵਣ।
ਯੁੱਗ ਮਸ਼ੀਨੀ ਨਿਘਲ ਗਿਆ
ਹੁਣ ਨਾ ਹਾਸੇ ਵਾਪਸ ਆਵਣ।

**-ਜਗਮੀਤ ਸਿੰਘ ਪੰਧੇਰ, ਕੈਨੇਡਾ**
**ਫੋਨ: 1-431-887-7222**

---

ਕੱਚੇ ਘਰਾਂ, ਢਾਰਿਆਂ ਵਾਲੇ ਪਿੰਡ
ਸਮੇਂ ਦੇ ਗੇੜ ਨੇ ਕੀਤੇ ਅਲੋਪ।
ਨਾ ਬਾਗ, ਫੁਲਕਾਰੀਆਂ ਕੱਢਣ ਕੁੜੀਆਂ
ਨਾ ਹੀ ਪਾਉਂਦੀਆਂ ਨੇ ਹੁਣ ਛੋਪ।
ਅਜਾਇਬ ਘਰਾਂ 'ਚ ਪੁਰਾਣਾ ਸੱਭਿਆਚਾਰ
ਸਾਂਭਿਆ ਪਿਆ ਨਾਲ ਪਿਆਰ, ਸਤਿਕਾਰ।

**-ਦਵਿੰਦਰ ਕੌਰ**

---

ਬੀਤੇ ਯੁਗ ਦੀਆਂ ਕਰਕੇ ਗੱਲਾਂ
ਕਾਹਨੂੰ ਵਕਤ ਲੰਘਾਈਏ,
ਚਾਲ ਸਮੇਂ ਦੀ ਤੇਜ ਬੜੀ ਹੈ
ਉਸ ਵਿਚ ਹਿੱਸਾ ਪਾਈਏ।
ਅੱਜ ਦੀ ਨਾਰੀ ਹੱਕ ਬਰਾਬਰ
ਹਰ ਕੰਮ ਕਰਨ 'ਚ ਅੱਗੇ,
ਦੇਸ਼ ਕੌਮ ਦੀ ਕਰੇ ਅਗਵਾਈ
ਵੇਖੋ ਸੱਜੇ ਖੱਬੇ।
ਵਿਗਿਅਨਕ ਅਤੇ ਅੰਬਰੀ ਖੋਜਾਂ
ਕਿੱਥੇ ਨਹੀਂ ਹੈ ਨਾਰੀ,
ਵਿਹਲੇ ਵਕਤ ਨੂੰ ਸੀ ਧੱਕੇ ਦੇਣਾ
ਕੱਢ ਕੇ ਫੁੱਲ-ਫੁਲਕਾਰੀ।

**-ਮਾਸਟਰ ਪ੍ਰੀਤਮ ਸਿੰਘ ਲੰਮੇ**
**ਫੋਨ: 925-325-2486**

---

ਪੁਰਾਣਾ ਵੇਲਾ ਹੁਣ ਨਾ ਲੱਭੇ
ਜੋ ਇਕੱਠ ਤੇ ਪਿਆਰ ਦਾ ਚਿੰਨ੍ਹ।
ਸਕੂਲ ਦਾ ਕੰਮ ਮੁਕਾ
ਭਾਂਡਾ-ਟੀਂਡਾ ਸਾਂਭ
ਸੁਆਣੀਆਂ ਤੇ ਹਮਉਮਰ
ਆ ਬਹਿੰਦੀਆਂ ਸਨ ਮੰਜਿਆਂ 'ਤੇ।
ਰਲ ਮਿਲ ਕੱਢ ਕਸੀਦਾ
ਗੀਤ ਖੁਸ਼ੀ ਦੇ ਸੀ ਗਾਉਂਦੇ
ਇਕ ਬਹਿ ਜਾਂਦੀ ਝੱਲਣ ਪੱਖੀ
ਕੱਚੇ ਕੋਠੇ ਤਪਦੇ ਨਹੀਂ ਸੀ ਇੰਨਾ।
ਅੱਜ ਦਾ ਮਸ਼ੀਨੀ ਯੁਗ
ਵਕਤ ਦੀ ਹਰ ਸ਼ੈਅ ਗੁਲਾਮ
ਨੱਠੇ ਫਿਰਦੇ ਮਿਹਨਤ ਪੋਰਿਆਂ 'ਚ
ਸਮਾਂ ਹੀ ਨਹੀਂ ਇਕੱਠੇ ਬਹਿਣ ਦਾ
ਹੁਣ ਖਰਚੇ ਹੀ ਪੂਰੇ ਨਹੀਂ ਹੁੰਦੇ
ਸਿਰਫ ਗਵੱਈਏ ਹੀ
ਪੁਰਾਤਨ ਯਾਦਾਂ ਗੀਤ ਗਾਉਂਦੇ।

**-ਦਰਸ਼ਨਪਾਲ ਦੋਸਾਂਝ**

*To Advertise with Punjab Times Call: 847-359-0746*
*Fax:847-705-9388, e-mail:punjabtimes1@gmail.com*
*Visit us on the web:wwwpunjabtimesusa.com*

# ਬਗਲੀ ਬੰਧਨਾ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਸੋਗ 'ਤੇ ਸੋਗ ਮਨਾਉਂਦਿਆਂ ਕਿਹਾ ਸੀ, "ਸੋਗ, ਛੋਟਾ ਜਾਂ ਵੱਡਾ, ਤੇਰਾ ਜਾਂ ਮੇਰਾ, ਆਪਣਾ ਜਾਂ ਬੇਗਾਨਾ ਅਤੇ ਥੋੜ੍ਹਾ ਜਾਂ ਜ਼ਿਆਦਾ ਨਹੀਂ ਹੁੰਦਾ। ਸੋਗ, ਸਿਰਫ ਸੋਗ ਹੁੰਦਾ।...ਸੋਗ ਨੂੰ ਸਦੀਵੀ ਸੰਤਾਪ ਬਣਾਉਣਾ ਮਾੜਾ। ਸੋਗ-ਭੱਠੀ ਵਿਚ ਸੜਨਾ ਬੇਵਕੂਫੀ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਬਗਲੀ ਦਾ ਵਿਖਿਆਨ ਕਰਦਿਆਂ ਕਿਹਾ ਹੈ, "ਬਗਲੀ, ਬੀਹੀ ਵਿਚ ਖੈਰ ਮੰਗਦਿਆਂ ਨਿਆਮਤਾਂ ਨੂੰ ਝੋਲੀ 'ਚ ਪਵਾਉਣ ਅਤੇ ਬਰਕਤਾਂ ਵਰਤਾਉਣ ਦਾ ਨਾਂ।...ਬਗਲੀ ਵਿਚ ਸਾਂਝਾਂ, ਦੋਸਤੀਆਂ ਅਤੇ ਸਬੰਧਾਂ ਦਾ ਜ਼ਖੀਰਾ ਵੀ ਹੁੰਦਾ, ਜਿਨ੍ਹਾਂ ਨੇ ਜੀਵਨ-ਚੌਰਸਤੇ 'ਤੇ ਦਿਸ਼ਾ ਦਿਖਾਈ, ਪੈਰਾਂ ਵਿਚ ਆਈ ਮੋਚ ਹਟਾਈ, ਬਿਆਈਆਂ ਨੂੰ ਸਹਿਲਾਇਆ ਅਤੇ ਮਿੱਟੀ-ਘੱਟੇ ਨਾਲ ਅੱਟੇ ਪੱਬਾਂ ਨੂੰ ਆਪਣੇ ਲਵੇ ਲਾਇਆ।...ਬਗਲੀ ਤਾਂ ਯਾਰ ਲਈ ਪਾਈ ਜਾਂਦੀ, ਯਾਰ ਜੋ ਤੁਹਾਡੀ ਰੂਹ ਦਾ ਹਾਣੀ ਹੋਵੇ ਅਤੇ ਜੋ ਸੁਪਨੇ, ਸੋਚ ਤੇ ਤਰਜ਼ੀਹਾਂ ਦੀ ਸਾਂਝ ਦਾ ਮਾਣ ਹੋਵੇ।" ਪਰ ਨਾਲ ਹੀ ਉਨ੍ਹਾਂ ਵਿਅੰਗ ਕੀਤਾ ਹੈ, "ਬਗਲੀ ਪਾਉਣ ਦਾ ਬਹੁਤ ਲੋਕ ਡਰਾਮਾ ਕਰਦੇ। ਇਸ ਦੀ ਰੰਗ-ਬਰੰਗਤਾ ਨੂੰ ਭਰਮ ਭੁਲੇਖਿਆਂ ਦੇ ਨਾਮ ਕਰਦੇ ਅਤੇ ਮਨੁੱਖੀ ਸੋਚ ਵਿਚ ਕੋਹਝ, ਕਮੀਨੀਆਂ ਤੇ ਕਾਲਖਾਂ ਦਾ ਵਣਜ ਕਰਦੇ।" -ਸੰਪਾਦਕ*

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਬਗਲੀ, ਫੱਕਰਾਂ ਦੇ ਮੋਢੇ 'ਤੇ ਲਟਕਦੀ ਗਿਆਨ-ਗਠੜੀ, ਜੀਵਨ ਦੀਆਂ ਮੂਲ ਸਹੂਲਤਾਂ ਸੰਗ ਲਬਰੇਜ਼, ਜ਼ਿੰਦਗੀ ਦੇ ਸੁੱਚਮ ਦੀ ਤਸ਼ਬੀਹਾਂ ਅਤੇ ਜੀਵਨ-ਸੁਚਾਰਤਾ ਲਈ ਸਿਰਜੀਆਂ ਜਾਣ ਵਾਲੀਆਂ ਲੀਹਾਂ। ਬਗਲੀ, ਬੀਹੀ ਵਿਚ ਖੈਰ ਮੰਗਦਿਆਂ ਨਿਆਮਤਾਂ ਨੂੰ ਝੋਲੀ 'ਚ ਪਵਾਉਣ ਅਤੇ ਬਰਕਤਾਂ ਵਰਤਾਉਣ ਦਾ ਨਾਂ।

ਬਗਲੀ, ਕਦੇ ਖਾਲੀ ਨਹੀਂ ਹੁੰਦੀ। ਇਸ ਵਿਚੋਂ ਕੁਝ ਦੇਣ ਅਤੇ ਇਸ ਵਿਚ ਕੁਝ ਪਾਉਣ ਦਾ ਸਿਲਸਿਲਾ ਨਿਰੰਤਰ ਜਾਰੀ। ਆਈ ਚਲਾਈ। ਬਗਲੀ ਸਦੀਵੀ ਸੱਚ ਨੂੰ ਉਜਾਗਰ ਕਰਦੀ ਕਿ ਜੀਵਨ ਚਲਦੇ ਰਹਿਣ ਦਾ ਨਾਂ, ਕਿਸੇ ਦੀ ਨਹੀਂ ਸਥਿਰ ਥਾਂ ਅਤੇ ਨਾ ਹੀ ਆਪਣਾ ਏ ਕੋਈ ਥਾਂ। ਇਹ ਤਾਂ ਰੈਣ-ਬਸੇਰਾ। ਕੁਝ ਸਮਾਂ ਬਿਤਾ ਕੇ ਤੁਰ ਜਾਣਾ ਅਤੇ ਕਿਸੇ ਹੋਰ ਲਈ ਥਾਂ ਬਣਾਉਣਾ।

ਬਗਲੀ, ਸਾਧੂਆਂ ਤੇ ਫਕੀਰਾਂ ਦੀ ਅਮਾਨਤ। ਉਹ ਜਦ ਤੀਕ ਅਮਾਨਤ ਵਿਚ ਖਿਆਨਤ ਨਹੀਂ ਕਰਦੇ, ਸਰਬ-ਸੁੱਖ ਕਾਮਨਾ ਉਨ੍ਹਾਂ ਦਾ ਹਾਸਲ; ਪਰ ਖਿਆਨਤ ਕਰਨ ਵਾਲੇ ਸਮਾਜਕ ਅਲਾਮਤਾਂ ਵਿਚ ਗ੍ਰਸੇ, ਸਿਰਫ ਮੁਖੌਟਾਧਾਰੀ ਹੁੰਦੇ। ਅਜੋਕੇ ਸਮੇਂ ਵਿਚ ਮੁਖੌਟਾਧਾਰੀਆਂ ਦੀ ਬਹੁ-ਗਿਣਤੀ। ਹਰੇਕ ਹੀ ਵੱਖੋ-ਵੱਖ ਸਮਿਆਂ ਤੇ ਰੂਪਾਂ ਵਿਚ ਮੁਖੌਟੇ 'ਚੋਂ ਹੀ ਆਪਣੀ ਪਛਾਣ ਸਿਰਜਣ ਦੇ ਆਹਰ 'ਚ ਰਹਿੰਦਾ।

ਬਗਲੀ, ਬੰਦਗੀ ਦਾ ਪੈਗਾਮ, ਬੰਦਿਆਈ ਦਾ ਪ੍ਰਮਾਣ ਤੇ ਭਲਿਆਈ ਦਾ ਨਿਸ਼ਾਨ। ਸਦੀਵ ਕਾਲ ਤੋਂ ਇਸ ਦੀ ਹੋਂਦ। ਇਸ 'ਚੋਂ ਹੀ ਮਹਾਂਪੁਰਖਾਂ ਨੇ ਜੀਵਨ ਦੇ ਉਨ੍ਹਾਂ ਰਹੱਸਾਂ ਦਾ ਭੇਦ ਪਾਇਆ, ਜੋ ਪਹਿਲਾਂ ਕਿਸੇ ਦੇ ਸਮਝ ਵਿਚ ਨਹੀਂ ਸੀ ਆਇਆ।

ਫੱਕਰ ਦੀ ਬਗਲੀ ਵਿਚ ਹੁੰਦੇ ਨੇ ਮਾਲਾ ਦੇ ਮਣਕੇ, ਗਿਆਨ ਦੀਆਂ ਗੁੱਝੀਆਂ ਰਮਜ਼ਾਂ, ਪੁਰਾਤਨ ਖਰੜੇ ਤੇ ਗ੍ਰੰਥ। ਉਨ੍ਹਾਂ ਵਿਚਲੀ ਜੋਤ ਦਾ ਚਾਨਣ ਬਗਲੀ 'ਚੋਂ ਝਾਕਦਾ, ਰਾਹ-ਰਸਤਿਆਂ ਨੂੰ ਰੁਸ਼ਨਾਉਂਦਾ। ਇਸ ਬਗਲੀ ਨੂੰ ਬਾਬੇ ਨਾਨਕ ਨੇ ਮੋਢੇ 'ਤੇ ਲਟਕਾ, ਚਾਰ ਉਦਾਸੀਆਂ ਦੌਰਾਨ ਸੀਮਤ ਸਾਧਨਾਂ ਨਾਲ ਚਾਨਣ ਵੀ ਵੰਡਿਆ ਅਤੇ ਬਿਖਰੇ ਹੋਏ ਗਿਆਨ ਦੇ ਵਰਕਿਆਂ ਨੂੰ ਇਕੱਠਾ ਕੀਤਾ, ਜੋ ਗੁਰੂ ਗ੍ਰੰਥ ਸਾਹਿਬ ਵਿਚ ਚਾਨਣ-ਕਾਤਰਾਂ ਬਣ ਕੇ ਸਮੁੱਚੀ ਲੋਕਾਈ ਨੂੰ ਜੀਵਨ-ਜੁਗਤਾਂ ਦੀ ਸੋਝੀ ਦੇ ਰਹੇ ਨੇ। ਇਹ ਬਗਲੀ ਪਾ ਕੇ ਹੀ ਬੁੱਲੇ ਨੇ ਨੱਚ ਕੇ ਯਾਰ ਮਨਾਇਆ ਸੀ। ਇਹ ਬਗਲੀ ਬਾਹੂ, ਸ਼ਾਹ ਹੁਸੈਨ, ਸ਼ਾਹ ਅਨਾਇਤ ਅਲੀ ਆਦਿ ਵਰਗੇ ਦਰਵੇਸ਼ਾਂ ਦਾ ਸਾਥ ਮਾਣਦੀ, ਆਪਣੀ ਮਹਾਨਤਾ ਤੇ ਪਛਾਣ ਨੂੰ ਨੂਰੀ ਰੰਗਤ ਦੇਣ ਵਿਚ ਸਫਲ ਹੋਈ।

ਇਕ ਬਗਲੀ ਮੋਢੇ ਯਾਰ ਦੀ ਧਰ ਕੇ, ਮੈਂ ਤੋਂ ਤੂਹੀ ਹੋਈ। ਰਾਂਝਾ ਰਾਂਝਾ ਭਾਲਦੀ, ਖੁਦ ਹੀ ਰਾਂਝਾ ਹੋਈ। ਇਕ ਬਗਲੀ ਸਾਹਾਂ ਦੀ ਮੋਢੇ ਸੱਚਾ ਕਰਾਂ ਵਪਾਰ, ਜਿਸ ਨੇ ਜਿੰਦ ਦੇ ਸਾਗਰ 'ਚੋਂ ਕਰਨਾ ਪਾਰ-ਉਤਾਰ। ਇਕ ਬਗਲੀ ਕਲਮ ਦੇ ਮੋਢੇ ਹਰਫ-ਜੋਗ ਕਮਾਉਣੀ, ਜੋਤ-ਹੀਣ ਨੈਣਾਂ ਦੀ ਜੂਹੇ ਅੱਖਰ ਲੋਅ ਟਿਕਾਉਣੀ। ਇਕ ਬਗਲੀ ਵਿਚ ਚੂਰੀ ਪਾ ਕੇ ਦੇਣਾ ਉਚੀ ਹੋਕਾ। ਭੁੱਖਿਆਂ ਦੀ ਉਠ ਸਾਰ ਲੈ ਲਾ, ਜਾਗ ਵੇ ਸੁਤਿਆ ਲੋਕਾ। ਇਕ ਬਗਲੀ ਵਿਚ ਚੇਤਨਾ ਪਾ ਕੇ ਭੇਖੀ ਮਨੁੱਖ ਨੂੰ ਦੇਵਾਂ, ਉਸ ਦੀ ਰੱਕੜ-ਰੱਤੀ ਰੂਹ ਨੂੰ ਗਿਆਨ-ਗੰਗਾ ਨਾਲ ਭੇਵਾਂ। ਇਕ ਬਗਲੀ ਦੀਆਂ ਤਣੀਆਂ ਢਿੱਲੀਆਂ ਆਹਾਂ ਦੇ ਸੰਗ ਕੱਸਾਂ। ਸੂਲਾਂ ਮੱਲੇ ਰਾਹੀਂ ਤੁਰਦਿਆਂ ਨਿੰਮਾ ਨਿੰਮਾ ਹੱਸਾਂ। ਇਕ ਬਗਲੀ ਦੇ ਮਨ 'ਚ ਰੋਸਾ ਭਰਦੀ ਏ ਹਟਕੋਰੇ, ਜਿਸ ਨੇ ਆਪਣੇ ਚਾਅ-ਅਲੂਏਂ ਸਿਖਰ ਦੁਪਹਿਰੀਂ ਤੋਰੇ। ਇਕ ਬਗਲੀ 'ਚ ਅੰਬਰ ਵੱਸਦਾ ਟਿਮਕਣ ਚੰਨ ਤੇ ਤਾਰੇ, ਇਸ ਦੇ ਵਿਹੜੇ ਨਿੱਘ-ਤਰੌਂਕਾ ਤੇ ਚਾਨਣ ਦੇ ਲਿਸ਼ਕਾਰੇ। ਹਰ ਕੋਈ ਆਪਣੀ ਬਗਲੀ ਸਾਂਭੇ ਲੈ ਲਏ ਇਸ ਦੀਆਂ ਸੋਚਾਂ, ਤਾਂ ਜੀਵਨ ਦੇ ਬਿਰਖੀ ਛੱਤਿਓਂ ਮੋਹ ਦਾ ਸ਼ਹਿਦ ਹੀ ਚੋਵਾਂ।

ਬਗਲੀ, ਫਿਕਰਾਂ ਤੇ ਚਿੰਤਾਵਾਂ ਦੀ ਵੀ ਹੁੰਦੀ ਜਦ ਕੋਈ ਅਨਾਥ ਟੁੱਕ ਤੋਂ ਲਾਚਾਰ, ਗਿਆਨ-ਵਿਹੂਣਾ, ਆਪਣੀ ਹੋਂਦ-ਬਰਕਰਾਰੀ ਦੀ ਲੜਾਈ ਹੀ ਹਾਰ ਜਾਵੇ ਅਤੇ ਤਕਦੀਰ 'ਤੇ ਉਮਰਾਂ ਦਾ ਰੋਣਾ ਲਿਖਿਆ ਜਾਵੇ। ਚਿੱਟੀ ਚੁੰਨੀ ਦਾ ਰੁਦਨ ਬਗਲੀ ਵਿਚ ਛਹਿ ਜਾਵੇ ਅਤੇ ਸਿੰਮਦੇ ਭਾਵਾਂ ਨੂੰ ਚੁੱਪ ਰਹਿਣ ਲਈ ਕਹਿ ਜਾਵੇ। ਛੱਤ ਨੂੰ ਚੋਣ ਦਾ ਸਰਾਪ ਮਿਲੇ ਅਤੇ ਕੱਖਾਂ-ਕਾਨਿਆਂ ਨੂੰ ਛੱਪਰੀ ਬਣਨ ਦਾ ਨਸੀਬ ਵੀ ਨਾ ਮਿਲੇ। ਜੀਵਨ ਜਦ ਕਿਸੇ ਉਜੜੇ ਥੇਹ ਦੀ ਜੂਨ ਹੰਢਾਉਣ ਲਈ ਮਜਬੂਰ ਹੋ ਜਾਵੇ, ਚੌਗਿਰਦੇ ਵਿਚ ਝਾਕਦੀਆਂ ਨੇ ਖੁਦਕੁਸ਼ੀਆਂ ਅਤੇ ਫਿਰਨੀ 'ਚ ਮੌਤ ਲੈਂਦੀ ਏ ਸੂਹਾਂ। ਇਸ ਬਗਲੀ ਵਿਚ ਚਿੰਤਾ ਨੂੰ ਚੇਤਨਾ ਅਤੇ ਫਿਕਰ ਨੂੰ ਫੱਕਰਤਾ ਵਿਚ ਤਬਦੀਲ ਕਰਕੇ, ਨਿਵੇਕਲੀ ਤੇ ਚਿਰੰਜੀਵੀ ਦਿੱਖ ਨਾਲ ਨਿਵਾਜਿਆ ਜਾ ਸਕਦਾ। ਬਗਲੀ ਅਜਿਹਾ ਕੁਝ ਜਰੂਰ ਚਾਹੁੰਦੀ ਹੈ, ਕਿਉਂਕਿ ਬਗਲੀ ਕਦੇ ਵੀ ਬਦਨਸੀਬੀ ਦਾ ਨਾਮਕਰਨ ਨਹੀਂ ਬਣਨਾ ਚਾਹੁੰਦੀ।

ਬਗਲੀ ਫਰਜ਼ਾਂ ਦੀ ਵੀ ਹੁੰਦੀ। ਜਦ ਫਰਜ਼ਾਂ ਦੀ ਕੁਤਾਹੀ ਹੁੰਦੀ ਤਾਂ ਬਗਲੀ ਵਿਚ ਇਕ ਚੀਸ ਉਠਦੀ, ਜੋ ਆਲੇ-ਦੁਆਲੇ ਨੂੰ ਚੀਸਾਂ ਵਰਤਾਉਂਦੀ, ਆਪਣੀ ਹੋਂਦ ਦੀ ਮੁਨਕਰੀ ਦੇ ਰਾਹ ਤੁਰਨ ਲਈ ਮਜਬੂਰ ਹੋ ਜਾਂਦੀ। ਜਾਗਦਿਓ! ਕਦੀ ਵੀ ਬਗਲੀ ਨੂੰ ਮੁਨਕਰੀ ਦੇ ਰਾਹ ਨਾ ਤੋਰਨਾ, ਤੁਸੀਂ ਜ਼ਿੰਦਗੀ ਤੋਂ ਮੁਨਕਰੀ ਦੇ ਰਾਹ ਤੁਰ ਪਵੋਗੇ। ਫਿਰ ਕੋਈ ਵੀ ਤੁਹਾਨੂੰ ਹੋੜਨ ਜਾਂ ਮੋੜਨ ਵਾਲਾ ਨਹੀਂ ਹੋਣਾ। ਫਰਜ਼ਾਂ ਦੀ ਪਾਲਣਾ ਅਤੇ ਇਸ 'ਚੋਂ ਜੀਵਨ ਸੁੱਚਮ ਨੂੰ ਨਿਹਾਰਨਾ ਤੇ ਪਛਾਣਨਾ, ਜੇ ਮਨੁੱਖ ਦੀ ਤਰਜ਼ੀਹ ਬਣ ਜਾਵੇ ਤਾਂ ਬਗਲੀ ਇਕ ਸੁੱਚੀ ਤਸ਼ਬੀਹ ਹੁੰਦੀ, ਜਿਸ ਦੀ ਨਗਰੀ ਵਿਚ ਸ਼ੁਭ-ਭਾਵਨਾਵਾਂ ਤੇ ਜੀਵਨੀ ਕਦਰਾਂ-ਕੀਮਤਾਂ ਦਾ ਚਿਰਾਗ ਜਗਦਾ।

ਇਕ ਬਗਲੀ ਯਾਦਾਂ ਦੀ ਹੁੰਦੀ, ਜੋ ਸਾਡਾ ਸਰਮਾਇਆ ਬਣ ਕੇ ਹਮਸਾਇਆ ਵੀ ਬਣਦੀ। ਯਾਦਾਂ, ਜੋ ਸਾਨੂੰ ਸਮੁੱਚ ਦੇ ਰੂਬਰੂ ਕਰਦੀਆਂ, ਦੁੱਖ ਵਿਚ ਬਾਂਹ ਫੜਦੀਆਂ, ਹੂਕ ਦਾ ਹੁੰਗਾਰਾ ਵੀ ਬਣਦੀਆਂ ਅਤੇ ਤਿੱਖੜ ਦੁਪਹਿਰਾਂ ਵਿਚ ਤਿੱਤਰ-ਖੰਭੀ ਵੀ ਤਣਦੀਆਂ। ਇਨ੍ਹਾਂ ਯਾਦਾਂ ਵਿਚ ਕੁਝ ਕੁ ਜੀਵਨ ਲਈ ਸਾਹ, ਕੁਝ ਸੂਲੀ, ਕੁਝ ਹੁਸੀਨ ਪਲਾਂ ਦਾ ਪ੍ਰਗਟਾਅ ਅਤੇ ਕੁਝ ਦੁੱਖਦ ਪਲਾਂ ਦਾ ਦ੍ਰਿਸ਼। ਕੁਝ ਆਪਣਿਆਂ ਦੀ ਅਪਣੱਤ ਦਾ ਮੁਜੱਸਮਾ, ਕੁਝ ਆਪਣਿਆਂ ਦਾ ਬੇਦਾਵਾ। ਕੁਝ ਡੌਲਿਆਂ ਨਾਲ ਬਰ ਮੇਚਦੀਆਂ ਬਾਹਾਂ, ਕੁਝ ਡੌਲਿਆਂ ਤੋਂ ਟੁੱਟੀਆਂ ਬਾਹਾਂ; ਕੁਝ ਸਾਹਾਂ ਦੀ ਸੁਗੰਧ, ਕੁਝ ਆਹਾਂ ਦੀ ਗੰਧ; ਕੁਝ ਚਾਅ-ਚੰਗੇਰ ਅਤੇ ਕੁਝ ਗਮ ਦੀ ਭੜੋਲੀ। ਕੁਝ ਬੁਝੇ ਚੁੱਲ੍ਹਿਆਂ ਦੀ ਹੋਣੀ ਤੇ ਕੁਝ ਮਘਦੀ ਧੂਣੀ। ਕੁਝ ਪੂਰਨਿਆਂ 'ਤੇ ਫੈਲ ਰਹੀ ਸਿਆਹੀ ਤੇ ਕੁਝ ਕਰਮਾਂ ਵਿਚ ਉਕਰੀ ਕੁਤਾਹੀ। ਇਨ੍ਹਾਂ ਯਾਦਾਂ ਵਿਚੋਂ ਨਵੀਂ ਆਸ ਤੇ ਅਰਜੋਈ ਮਿਲਦੀ। ਉਧਾਰੇ ਸਾਹਾਂ ਵਰਗੀ ਤਾਜਗੀ ਹੁੰਦੀ, ਜੋ ਬਣਦੀ ਸੌਖੇ ਸਾਹ ਲੈਣ ਦਾ ਹੀਆ ਤੇ ਸਬੱਬ।

ਇਕ ਬਗਲੀ ਤੰਗੀਆਂ-ਤੁਰਸ਼ੀਆਂ ਦੀ ਵੀ ਝਾਕਣ ਲੱਗਦੀ ਜਦ ਜੀਵਨ ਦੀ ਸਿਖਰ ਦੁਪਹਿਰੇ ਹੀ ਸੂਰਜ ਗੋਡੀ ਮਾਰਨ ਲੱਗਦਾ, ਪਰ ਇਨ੍ਹਾਂ ਵਿਚ ਉਹ ਪਲ ਵੀ ਰਲ ਜਾਂਦੇ ਜਦ ਮੁਸ਼ਕਿਲਾਂ ਨੂੰ ਸਾਹਮਣੇ ਹੋ ਕੇ ਟੱਕਰਨ ਅਤੇ ਹੌਸਲਾ, ਸਿਰੜ ਤੇ ਸਾਧਨਾ ਨਾਲ ਜ਼ਿੰਦਗੀ ਦੇ ਮੁੱਖ 'ਤੇ ਚਾਨਣ ਉਕਰਨ ਦਾ ਹੀਆ ਕਰੀਦਾ। ਜੀਵਨ ਨੂੰ ਨਵੀਆਂ ਪੈੜਾਂ ਅਤੇ ਦਿਸਹੱਦਿਆਂ ਦੀ ਦੱਸ ਪੈਣੀ, ਜਿਨ੍ਹਾਂ 'ਤੇ ਤੁਰਦਿਆਂ ਜੀਵਨ ਨੂੰ ਬੁਲੰਦੀਆਂ ਦਾ ਮਾਣ ਮਿਲਦਾ।

ਬਗਲੀ, ਸੁਪਨਿਆਂ ਦੀ ਅੱਖ ਵਿਚ ਆਈ ਸੈਲਾਬ ਵੀ ਏ। ਸੁਪਨੇ ਜਿਨ੍ਹਾਂ ਨੂੰ ਅੱਖ ਖੋਲ੍ਹਣ ਤੋਂ ਵਰਜ ਦਿੱਤਾ ਗਿਆ, ਜਿਨ੍ਹਾਂ ਦੇ ਪਰਾਂ ਤੋਂ ਉਡਾਣ ਦਾ ਨਾਂ ਮਿਟਾ ਦਿੱਤਾ ਗਿਆ, ਜਿਨ੍ਹਾਂ ਨੂੰ ਲਿਖਣ ਲਈ ਸਿਆਹੀ, ਕਲਮ ਤੇ ਫੱਟੀ ਵੀ ਨਸੀਬ ਨਾ ਹੋਈ ਅਤੇ ਜਿਨ੍ਹਾਂ ਨੂੰ ਸਤਮਾਹੇ ਹੋਣ ਦਾ ਜੁਰਮਾਨਾ ਭਰਨਾ ਪਿਆ। ਸੁਪਨੇ ਜਿਨ੍ਹਾਂ ਵਿਚ ਜ਼ਿੰਦਗੀ ਨੂੰ ਉਸ ਦੇ ਸੁੱਚਮ ਅਤੇ ਸੁਰਖ ਰੰਗ ਵਿਚ ਦੇਖਣ, ਸਮਝਣ ਤੇ ਅਪਨਾਉਣ ਦੀ ਤਮੰਨਾ ਸੀ, ਜਿਨ੍ਹਾਂ ਵਿਚ ਹਰਫਾਂ ਨੂੰ ਉਲਥਾਉਣ, ਕਲਮ-ਦਾਬਾਂ ਦੇ ਅਰਥ ਉਪਜਾਉਣ ਦਾ ਚਾਅ ਤੇ ਅਜਿਹੇ ਹੋਰ ਸੁਪਨੇ ਸਿਰਜਣ ਦਾ ਉਮਾਹ ਸੀ। ਇਹ ਸੁਪਨੇ ਹੁਣ ਜਦ ਵੀ ਅਨਾਥ ਨਾਲ ਅੱਖ ਮਿਚੋਲੀ ਕਰਦੇ ਤਾਂ ਉਨ੍ਹਾਂ ਦੀ ਪੂਰਨਤਾ ਦੀ ਝਲਕ ਬਗਲੀ ਦੀ ਕਾਇਨਾਤ ਨੂੰ ਇਲਾਹੀ ਰੰਗ 'ਚ ਰੰਗਦੀ, ਜੀਵਨ-ਨਾਦ ਦਾ ਆਲਮ ਚੌਗਿਰਦੇ ਵਿਚ ਛੇੜ ਜਾਂਦੀ।

ਬਗਲੀ ਵਿਚ ਤਾਂ ਉਨ੍ਹਾਂ ਪੈਂਡਿਆਂ ਦੀ ਦਾਸਤਾਨ ਵੀ ਆਪਣੇ ਪਰ ਫੜਫੜਾਉਂਦੀ ਏ, ਜਿਨ੍ਹਾਂ 'ਤੇ ਰੋੜਿਆਂ ਅਤੇ ਪੱਥਰਾਂ ਦੀ ਤਾਮੀਰਦਾਰੀ ਕੀਤੀ ਗਈ, ਜਿਨ੍ਹਾਂ ਵਿਚ ਕੰਡਿਆਂ ਦੀ ਫਸਲ ਵਾਰ ਵਾਰ ਉਗਾਈ ਗਈ, ਜਿਨ੍ਹਾਂ ਵਿਚ ਧੁੰਦਲਕਾ ਪਸਾਰਿਆ ਗਿਆ, ਜਿਨ੍ਹਾਂ 'ਤੇ ਲਿਖੇ ਸਿਰਨਾਵਿਆਂ ਨੂੰ ਮਿਟਾਇਆ ਗਿਆ ਅਤੇ ਜਿਨ੍ਹਾਂ ਨੂੰ ਪੈਰਾਂ ਦੀ ਛੋਹ ਮਾਣਨ ਤੋਂ ਮਹਿਰੂਮ ਕਰਨ ਦੀਆਂ ਸਾਜ਼ਿਸ਼ਾਂ ਰਚੀਆਂ ਗਈਆਂ। ਯਾਦ ਰੱਖਣਾ! ਜਿਨ੍ਹਾਂ ਪੈਰਾਂ ਨੂੰ ਰਾਹਾਂ ਦੀ ਤਲਬ ਹੋਵੇ, ਜਿਨ੍ਹਾਂ ਕਦਮਾਂ ਨੂੰ ਮੰਜ਼ਿਲਾਂ 'ਤੇ ਪਹੁੰਚਣ ਦਾ ਚਾਅ ਹੋਵੇ ਅਤੇ ਜਿਨ੍ਹਾਂ ਮੰਜ਼ਿਲਾਂ ਨੂੰ ਆਪਣੇ ਦਿਸਹੱਦਿਆਂ 'ਤੇ ਨਾਜ਼ ਹੋਵੇ, ਉਨ੍ਹਾਂ ਦੀ ਪ੍ਰਾਪਤੀ ਮਨੁੱਖੀ ਸੋਚ ਦਾ ਹਾਣ ਭਾਲ, ਔਕੜਾਂ ਤੇ ਮੁਸ਼ਕਿਲਾਂ ਨੂੰ ਪੈਰਾਂ ਵਿਚ ਰੋਲ, ਦਿਸਹੱਦਿਆਂ 'ਤੇ ਉਕਰ ਦਿੰਦੀ ਏ ਨਵੇਂ ਅਰਮਾਨਾਂ ਦੀ ਨਿਸ਼ਾਨਦੇਹੀ। ਹਿੰਮਤਾਂ ਵਾਲੇ ਹੀ ਉਕਰਦੇ ਨੇ ਪਾਣੀ-ਪਿੰਡੇ 'ਤੇ ਸੁੱਚੀ ਇਬਾਰਤ। ਬਿਰਖਾਂ ਦੇ ਪੱਤਿਆਂ 'ਤੇ ਬੋਲਾਂ ਦੀ ਕਲਾ-ਨਿਕਾਸ਼ੀ। ਉਹ ਕੁਦਰਤ ਦੀ ਅਸੀਮਤਾ ਨੂੰ ਆਪਣੀ ਹਮਸਫਰ ਬਣਾ, ਕਰਾਮਾਤੀ ਵਰਤਾਰੇ ਬਣਾਉਣ ਵਿਚ ਦੇਰ ਨਹੀਂ ਲਾਉਂਦੇ। ਅਜਿਹੀ ਬਗਲੀ ਨੂੰ ਆਪਣੀ ਹਸਤੀ ਤੇ ਹੁੰਦਾ ਏ ਫਖਰ ਤੇ ਇਹ ਫਖਰ ਮਨ ਦੀ ਸੁੱਚਮ 'ਚ ਘੁੱਲ ਕੇ ਫੱਕਰਤਾ ਦਾ ਲਿਬਾਸ ਪਾਉਂਦਾ।

ਇਕ ਬਗਲੀ ਰਾਂਝੇ ਦੀ ਸੀ, ਜਿਸ ਵਿਚ ਸਨ-ਭਾਬੀਆਂ ਦੇ ਤਾਹਨੇ-ਮਿਹਣੇ, ਘਰੋਂ ਬੇਘਰ ਹੋਣ ਦਾ ਹੇਰਵਾ, ਹੀਰ ਨਾਲ ਤੋੜ ਨਿਭਾਉਣ ਦਾ ਵਾਅਦਾ, ਕੰਨ ਪੜਵਾਉਣ ਦਾ ਸ਼ੌਕ, ਚੂਰੀ ਦੀ ਲੱਜਤ, ਨਿੱਘੇ ਅਹਿਸਾਸਾਂ ਦੀ ਖੁਸ਼ਬੋ, ਮਿੱਠੜੇ ਬੋਲਾਂ ਦੀ ਅਵਾਰਗੀ, ਅਪਣੱਤ ਦੀ ਅਮੀਰਤਾ ਅਤੇ ਵਾਗੀ ਬਣ ਕੇ ਬੇਲੇ ਵਿਚ ਹੇਕਾਂ ਲਾਉਣ ਦੀ ਲੁਤਫੀ ਅਰਾਧਨਾ। ਇਕ ਬਗਲੀ ਸੀ ਹੀਰ ਦੀ, ਜਿਸ ਵਿਚ ਸਨ-ਮਨ ਦੀਆਂ ਕੋਮਲ ਰੀਝਾਂ ਦੀ ਪੋਟਲੀ, ਸੂਖਮ-ਭਾਵਾਂ ਦੀ ਪਥੇਰ, ਸੁੱਚੇ ਇਸ਼ਕ ਦਾ ਮਾਣ ਪਰ ਬਾਪ ਦੀ ਸਫੇਦ ਪੱਗ ਦਾ ਤੁਰਲਾ। ਇਹ ਦੋਵੇਂ ਬਗਲੀਆਂ, ਸਮਾਜਕ ਵਲਗਣਾਂ ਦੀ ਘੇਰਾਬੰਦੀ ਕਾਰਨ ਆਪਸ ਵਿਚ ਬਗਲਗੀਰ ਹੋਣ ਲਈ ਤਰਸਦੀਆਂ, ਖੁਦ ਨੂੰ ਖੁਦ ਸੰਗ ਮਿਲਣ ਤੋਂ ਵਿਰਵੀਆਂ ਰਹਿ ਗਈਆਂ।

ਬਗਲੀ ਵਿਚ ਤਾਂ ਉਹ ਪਲ ਸਦਾ ਮਹਿਫੂਜ਼ ਰਹਿੰਦੇ, ਜੋ ਸਿਰਫ ਤੁਹਾਡੇ ਸਨ, ਜਿਨ੍ਹਾਂ ਨੂੰ ਜਿਉਣ ਦੀ ਤਮੰਨਾ ਸੀ ਜਾਂ ਤੁਸੀਂ ਉਨ੍ਹਾਂ ਨੂੰ ਰੂਹ ਨਾਲ ਜੀਵਿਆਂ, ਜੋ ਬਣ ਗਏ ਜੀਵਨ ਦਾ ਹਾਸਲ; ਪਰ ਇਨ੍ਹਾਂ ਪਲਾਂ ਵਿਚ ਉਹ ਵੀ ਪਲ ਸ਼ਾਮਲ ਸਨ ਜਦ ਬੇਗਾਨਗੀ ਅਤੇ ਬੇਰੁਹਮਤੀ ਵਿਚੋਂ ਬੰਦਿਆਈ ਨੂੰ ਲੱਭਣ ਦਾ ਕਿਆਸ ਵੀ ਨਹੀਂ ਕਰ ਸਕਦੇ। ਉਂਜ ਹਨੇਰਾ ਸਦੀਵ ਨਹੀਂ ਰਹਿੰਦਾ, ਇਕ ਸਰਘੀ ਤੁਹਾਡੇ ਦਰ 'ਤੇ ਦਸਤਕ ਦਿੰਦੀ ਵਿਹੜੇ 'ਚ ਧੁੱਪ ਦਾ ਨਿਉਂਦਾ ਬਣ ਘਰ ਦਾ ਭਾਗ ਵੀ ਬਣਦੀ। ਪਲ ਪਲ ਦੀ ਖਬਰ ਤੋਂ ਬੇਖਬਰ ਬੰਦੇ ਨੂੰ ਜਦ ਬਗਲੀ ਵਿਚ ਪਏ ਪਲ ਝਾਤ ਕਰਦੇ ਤਾਂ ਬੰਦਾ ਬੀਤੇ ਨੂੰ ਮੁੜ ਜਿਉਂਦਾ। ਹਵਾ ਵਿਚ ਉਡਦਿਆਂ ਵੀ ਉਸ ਦੇ ਪੈਰ ਧਰਤੀ 'ਤੇ ਰਹਿੰਦੇ। ਉਹ ਦਰਿਆ ਵਿਚ ਤੈਰਦਾ ਵੀ ਕੰਢਿਆਂ ਤੋਂ ਦੂਰ ਨਹੀਂ ਜਾਂਦਾ। ਆਪੇ ਦੇ ਨੇੜੇ ਰਹਿਣ ਅਤੇ ਦਿਮਾਗ ਦੀ ਥਾਂ ਮਨ ਦੀਆਂ ਤਰਜ਼ੀਹਾਂ ਨੂੰ ਨਿਜੀ ਤਰਜ਼ੀਹਾਂ ਬਣਾਉਣ ਵਾਲੇ ਜਿਉਂਦੇ ਨੇ ਭਰਪੂਰ ਜ਼ਿੰਦਗੀ। ਉਨ੍ਹਾਂ ਦਾ ਜੀਵਨ ਸ਼ੁਕਰਗੁਜਾਰੀ ਨੂੰ ਹੀ ਮੁਖਾਤਿਬ ਹੁੰਦਾ।



*ਹੀਰ-ਰਾਂਝੇ ਦਾ ਇਕ ਚਿੱਤਰ*

ਬਗਲੀ ਵਿਚ ਸਾਂਝਾਂ, ਦੋਸਤੀਆਂ ਅਤੇ ਸਬੰਧਾਂ ਦਾ ਜ਼ਖੀਰਾ ਵੀ ਹੁੰਦਾ, ਜਿਨ੍ਹਾਂ ਨੇ ਜੀਵਨ-ਚੌਰਸਤੇ 'ਤੇ ਦਿਸ਼ਾ ਦਿਖਾਈ, ਪੈਰਾਂ ਵਿਚ ਆਈ ਮੋਚ ਹਟਾਈ, ਬਿਆਈਆਂ ਨੂੰ ਸਹਿਲਾਇਆ ਅਤੇ ਮਿੱਟੀ-ਘੱਟੇ ਨਾਲ ਅੱਟੇ ਪੱਬਾਂ ਨੂੰ ਆਪਣੇ ਲਵੇ ਲਾਇਆ। ਕਸ਼ਟ ਤੇ ਕਹਿਰਾਂ ਭਰੇ ਵਕਤ ਵਿਚ ਸੂਹੀ ਸੋਚ ਤੇ ਨਿੱਗਰ ਉਦਮ ਦਾ ਅਜਿਹਾ ਜਾਗ ਲਾਇਆ ਕਿ ਨਵੀਆਂ ਸਵੇਰਾਂ ਨੇ ਜਿੰਦ-ਦਰਵਾਜੇ 'ਤੇ ਤ੍ਰੇਲ ਚੋਈ, ਸਰਘੀ ਨੇ ਕਿਰਨਾਂ ਵਰੀਆਂ ਅਤੇ ਜੀਵਨੀ ਮਹਿਕਾਂ ਤੇ ਬਹਾਰਾਂ ਆਪਣੀ ਖੁਸ਼ਨਸੀਬੀ 'ਤੇ ਬਾਗੋ-ਬਾਗ ਹੋ ਗਈਆਂ।

ਬਗਲੀ ਤਾਂ ਯਾਰ ਲਈ ਪਾਈ ਜਾਂਦੀ, ਯਾਰ ਜੋ ਤੁਹਾਡੀ ਰੂਹ ਦਾ ਹਾਣੀ ਹੋਵੇ ਅਤੇ ਜੋ ਸੁਪਨੇ, ਸੋਚ ਤੇ ਤਰਜ਼ੀਹਾਂ ਦੀ ਸਾਂਝ ਦਾ ਮਾਣ ਹੋਵੇ। ਦੋਸਤ, ਜੋ ਦੋਸਤੀ ਦੇ ਅਰਥਾਂ ਵਰਗਾ ਹੋਵੇ, ਤੁਹਾਨੂੰ ਸਾਹਾਂ ਤੋਂ ਵੱਧ ਪਿਆਰਾ ਹੋਵੇ, ਜਿਸ ਦੀ ਅਰਦਾਸ ਵਿਚ ਅੱਲ੍ਹਾ, ਰਾਮ, ਰਹੀਮ, ਗੁਰੂ, ਖੁਦਾ ਅਤੇ ਰੱਬ ਆਪਸ ਵਿਚ ਘੁੱਲੇ ਹੋਣ। ਆਭਾ ਵਿਚ ਸਰਬ ਰੰਗਾਂ ਦਾ ਝਲਕਾਰਾ ਹੋਵੇ ਅਤੇ ਜੋ ਸਭ ਦਾ ਪਿਆਰਾ ਹੋਵੇ। ਮਿੱਤਰ, ਜੋ ਸੋਚ-ਬਗੀਚੇ ਨੂੰ ਭਾਗ ਲਾਉਣ ਅਤੇ ਇਸ ਦੀਆਂ ਜੂਹਾਂ ਵਿਚ ਧੰਨਭਾਗਤਾ ਉਪਜਾਉਣ ਦੇ ਸਮਰੱਥ ਹੋਵੇ। ਜੋ 'ਨੀ ਮੈਂ ਬਗਲੀ, ਯਾਰ ਦੀ ਬਗਲੀ' ਦੀ ਸੱਦ ਲਾਉਂਦਾ, ਹਰ ਰੂਹ ਵਿਚ ਸਕੂਨ ਤੇ ਸੁਹਜ ਦਾ ਕਰਮ ਉਪਜਾਊਂਦਾ, ਹਰੇਕ ਨੂੰ ਆਪਣਾ ਬਣਾਵੇ। ਰਾਹਾਂ ਵਿਚ ਗੁਲਾਬ ਦੀ ਪਿਉਂਦ ਲਾਈ ਜਾਵੇ ਅਤੇ ਖੁਦ ਆਪਣੀ ਹੋਂਦ ਤੋਂ ਹੀ ਮੁਨਕਰ ਹੋ ਜਾਵੇ। ਆਪੇ 'ਚੋਂ ਆਪ ਨੂੰ ਮਨਫੀ ਕਰਕੇ ਹੀ ਕਿਸੇ ਦਾ ਹੋਇਆ ਜਾ ਸਕਦਾ। ਅਜਿਹੀ ਸਾਧਨਾ ਬਗਲੀ ਦਾ ਭਾਗ ਹੋਵੇ ਤਾਂ ਬਗਲੀ ਦੀ ਉਚਮ ਤੇ ਸੁੱਚਮ ਦਾ ਵਿਰਲਾ ਹੀ ਹਾਣੀ ਹੋਵੇ, ਜੋ ਸਿਰ ਉਚਾ ਕਰਕੇ ਖਲੋਵੇ ਅਤੇ ਮਨ-ਮਸਤਕ ਵਿਚ ਰਹਿਬਰੀ ਦਾ ਰਾਗ ਛੋਹਵੇ।

ਬਗਲੀ ਪਾਉਣ ਦਾ ਬਹੁਤ ਲੋਕ ਡਰਾਮਾ ਕਰਦੇ। ਇਸ ਦੀ ਰੰਗ-ਬਰੰਗਤਾ ਨੂੰ ਭਰਮ ਭੁਲੇਖਿਆਂ ਦੇ ਨਾਮ ਕਰਦੇ ਅਤੇ ਮਨੁੱਖੀ ਸੋਚ ਵਿਚ ਕੋਹਝ, ਕਮੀਨੀਆਂ ਤੇ ਕਾਲਖਾਂ ਦਾ ਵਣਜ ਕਰਦੇ; ਪਰ ਜਦ ਬਗਲੀ ਨੂੰ ਪਤਾ ਲੱਗਦਾ ਤਾਂ ਬਗਲੀ ਦੀ ਰੂਹ ਛਾਲੋ-ਛਾਲੀ ਹੋ ਜਾਂਦੀ, ਕਿਉਂਕਿ ਬਗਲੀ ਦਾ ਧਰਮ, ਕਰਮਯੋਗ ਕਮਾਉਣਾ, ਕਿਰਤ-ਵਿਰਤ ਦੀ ਵਡਿਆਈ ਕਰਨਾ, ਵੰਡ ਛਕਣ ਨੂੰ ਵਡਿਆਉਣਾ ਅਤੇ ਦੁਖਿਆਰੀ ਮਨੁੱਖਤਾ ਦੇ ਦੁੱਖ-ਦਲਿਦਰਾਂ ਨੂੰ ਦੂਰ ਕਰਕੇ ਰੱਬ ਨੂੰ ਪਾਉਣਾ। ਬਗਲੀ ਆਪਣੀ ਔਕਾਤ ਅਤੇ ਆਸਥਾ ਤੋਂ ਕੁਤਾਹੀ ਕਰੇ ਤਾਂ ਖੁਦ ਆਪਣੀ ਮੌਤੇ ਮਰੇ, ਪਰ ਬਗਲੀ ਕਦੇ ਵੀ ਅਜਿਹਾ ਨਾ ਕਰੇ।

ਬਗਲੀ ਮੋਢੇ 'ਤੇ ਜਰੂਰ ਲਟਕਾਓ, ਸੁੱਚੇ ਸੁਪਨਿਆਂ ਦੀ, ਹਰਫਾਂ ਦੀ, ਪੂਰਨਿਆਂ ਦੀ, ਗਿਆਨ-ਗੋਸ਼ਟਿ ਦੀ, ਸਿਰੜ-ਸਾਧਨਾ ਦੀ, ਅਦਬ ਤੇ ਅਦਾਬ ਦੀ, ਵਡੇਰਿਆਂ ਦੀ ਸ਼ਾਨ ਤੇ ਮਾਣ ਦੀ, ਸੁੱਚੀ ਪਛਾਣ ਦੀ, ਕਿਰਦਾਰੀ ਈਮਾਨ ਦੀ, ਫਿਤਰਤ ਵਿਚ ਵੱਸਦੇ ਇਨਸਾਨ ਦੀ, ਹਰ ਸ਼ਖਸ ਵਿਚ ਵੱਸਦੇ ਭਗਵਾਨ ਦੀ, ਗ੍ਰੰਥ-ਗੀਤਾ-ਕੁਰਾਨ ਦੀ, ਸੰਖ ਤੇ ਅਜ਼ਾਨ ਦੀ, ਵਰੋਸਾਈਆਂ ਅਮਾਨਤਾਂ ਦੀ, ਬਰਕਤਾਂ ਦੀ, ਮਿਹਰਾਂ ਤੇ ਨਿਆਮਤਾਂ ਦੀ ਅਤੇ ਇਨ੍ਹਾਂ ਸਭ ਲਈ ਮਨ-ਦਰਗਾਹ ਵਿਚ ਉਪਜੀ ਸ਼ੁਕਰਗੁਜਾਰੀ ਦੀ। ਅਜਿਹੀ ਬਗਲੀ ਜਦ ਮਨੁੱਖ ਦਾ ਹਾਸਲ ਬਣ ਜਾਵੇ ਤਾਂ ਜੀਵਨ ਨੂੰ ਜ਼ਿੰਦਗੀ ਕਹਿਣ ਲੱਗਿਆਂ, ਮੱਥੇ 'ਚ ਚਾਨਣ ਫੈਲ ਜਾਂਦਾ ਅਤੇ ਜੀਵਨ-ਚਾਨਣੀ ਵਿਚ ਰਾਤ ਦੀ ਰਾਣੀ ਦੀ ਮਹਿਕ।

# 'ਸੂਰਜ ਪ੍ਰਕਾਸ਼' ਗ੍ਰੰਥ 'ਚ ਗੁਰੂ ਨਿੰਦਿਆ-2

**ਵਿਚਾਰ ਚਰਚਾ**

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਤਾਂਹਿ ਅਰਾਧਨਿ ਤਤਪਰ ਹੋਇ।
ਤਪਹਿ ਤਪਨਿ, ਜਾਵਦ ਨਹਿ ਜੋਇ।
ਧਯੱਨ ਪਰਾਯਨ ਕਰਨਿ ਪ੍ਰਤਛ।
ਦਰਸ ਬਿਲੋਚਨ ਗੋਚਰ ਸਵੱਛ॥੪੪॥

**ਅਰਥ:** ਗੁਰੂ ਜੀ ਉਸ ਦੁਰਗਾ ਮਾਈ ਪਾਰਬਤੀ ਦੀ ਅਰਾਧਨਾ ਲਈ ਉਚਾਵਲੇ ਹੋਏ ਹਨ। ਜਦ ਤਕ ਦੇਵੀ ਦੇ ਦਰਸ਼ਨ ਨਹੀਂ ਹੁੰਦੇ, ਤਦ ਤਕ ਅਰਾਧਨਾ ਕਰਦੇ ਰਹਿਣਗੇ। ਦੇਵੀ ਲਈ ਧਿਆਨ ਪਰਾਇਣ ਹੋਏ ਹਨ ਅਤੇ ਆਪਣੇ ਨੇਤ੍ਰਾਂ ਨਾਲ ਦੇਵੀ ਦੇ ਪ੍ਰਤੱਖ ਦਰਸ਼ਨ ਕਰਨਾ ਚਾਹੁੰਦੇ ਹਨ। (ਸੂਰਜ ਪ੍ਰਕਾਸ਼ ਸਟੀਕ ਡਾ. ਅਜੀਤ ਸਿੰਘ ਔਲਖ ਵਿਚੋਂ)

ਇਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਤ੍ਰਿਤਯ ਰੁੱਤੇ ਦੇਵੀ ਪ੍ਰਸੰਗ ਬਰਨਨ ਨਾਮ ਨਵਮੋ ਅੰਸੂ॥੯॥

**ਦੇਵੀ ਪ੍ਰਗਟ ਹੋਣ ਦੇ ਚਿੰਨ੍ਹ:** 10 ਮਹੀਨੇ ਹਵਨ ਕਰਦਿਆਂ ਗੁਰੂ ਜੀ ਨੂੰ ਹੋ ਚੁੱਕੇ ਹਨ। ਪੰਡਿਤ ਗੁਰੂ ਜੀ ਨੂੰ ਹੌਸਲਾ ਦਿੰਦਾ ਹੈ ਕਿ ਦੇਵੀ ਦੇ ਦਰਸ਼ਨ ਹੋਣ ਵਾਲੇ ਹਨ। ਗੁਰੂ ਜੀ ਪੰਡਿਤ ਨੂੰ ਕਹਿੰਦੇ ਹਨ ਕਿ ਬ੍ਰਾਹਮਣ ਹੀ ਖੱਤਰੀ ਦੀ ਰੱਖਿਆ ਕਰਨ ਵਾਲਾ ਹੈ। ਬ੍ਰਾਹਮਣ ਹੀ ਖੱਤਰੀ ਦਾ ਆਸਰਾ ਹੈ। ਕੇਸ਼ਵ ਦਾਸ ਜੀ, ਤੁਸੀਂ ਮੇਰੇ ਪਿਤਾ ਸਮਾਨ ਹੋ। ਇਹ ਮਨਮਤਿ ਦੀਆਂ ਗੱਲਾਂ ਕਵੀ ਸੰਤੋਖ ਸਿੰਘ ਨੇ ਇਸ ਤਰ੍ਹਾਂ ਲਿਖੀਆਂ ਹਨ,

**ਕਸ਼ਮੀਰਾ ਸਿੰਘ (ਪ੍ਰੋ.)**
**ਫੋਨ: 801-414-0171**

ਤੁਮ ਹੀ ਹੋ ਇਕ ਓਟ ਹਮਾਰੀ।
ਨਿਜ ਛਤ੍ਰੀ ਕੇ ਦਿਜ (ਬ੍ਰਾਹਮਣ) ਰਖਵਾਰੀ।
ਪਿਤਾ ਸਮਾਨ ਸਦਾ ਹੀ ਕਰਤੇ।
ਬਿਪ੍ਰ (ਬ੍ਰਾਹਮਣ) ਸਾਰਸੁਤ ਸਭਿ ਇਮ ਧਰਤੇ।

ਕਵੀ ਸੰਤੋਖ ਸਿੰਘ ਗੁਰਮਤਿ ਦੀਆਂ ਧੱਜੀਆਂ ਉਡਾਉਂਦਾ ਮਨਮਤਿ ਕਰਦਾ ਲਿਖਦਾ ਹੈ ਕਿ ਗੁਰੂ ਜੀ ਨੇ ਨੌਰਾਤੇ ਆਉਣ ਸਮੇਂ ਬਰਤ ਰੱਖ ਲਿਆ (ਗੁਰਮਤਿ ਅਨੁਸਾਰ ਵਰਤ ਰੱਖਣੇ ਮਨਮਤਿ ਹੈ)। ਮਨਮਤਿ ਅਧੀਨ ਕਵੀ ਲਿਖਦਾ ਹੈ,

ਪਾਂਚ ਪਹਿਰ ਲੌ ਹਮਨ ਕਰੰਤੇ।
ਤੀਨ ਪਹਿਰ ਬਿਸ੍ਰਾਮ ਧਰੰਤੇ।
ਪਾਛਲ ਪਖ ਨੌਰਾਤ੍ਰੇ ਆਏ।
ਧਰੋ ਬਰਤ ਕੁਛ ਪੀਯ ਨ ਖਾਏ॥੧੮॥

**ਅਰਥ:** ਪੰਜ ਪਹਰ ਤਕ ਗੁਰ ਜੀ ਦੇਵੀ ਦਰਸ਼ਨ ਲਈ ਹਵਨ ਕਰਦੇ ਹਨ ਅਤੇ ਤਿੰਨ ਪਹਰ ਵਿਸ਼੍ਰਾਮ ਕਰਦੇ ਹਨ। ਪਿਛਲੇ ਪੱਖ ਦੇ ਨੌਰਾਤ੍ਰੇ ਆ ਗਏ ਅਤੇ ਗੁਰੂ ਜੀ ਨੇ ਵਰਤ ਧਾਰਨ ਕਰ ਲਿਆ ਅਤੇ ਗੁਰੂ ਜੀ ਕੁਝ ਵੀ ਖਾਂਦੇ ਪੀਂਦੇ ਨਹੀਂ ਸਨ।

ਕਵੀ ਸੰਤੋਖ ਸਿੰਘ ਗੁਰੂ ਜੀ ਦੇ ਰੁਤਵੇ ਦਾ ਜ਼ਰਾ ਵੀ ਲਿਹਾਜ਼ ਨਹੀਂ ਕਰਦਾ ਅਤੇ ਬ੍ਰਾਹਮਣਵਾਦ ਵਿਚ ਲਪੇਟਦਾ ਲਿਖਦਾ ਹੈ ਕਿ ਗੁਰੂ ਜੀ ਚੰਡੀ ਦੁਰਗਾ ਦੀ ਜੈ ਜੈ ਬੋਲਣ ਲੱਗ ਗਏ,

ਇਕ ਆਸਨ ਪਰ ਦਿਵਸ ਬਿਤਾਵੈ।
ਮੰਤ੍ਰ ਸਮੇਤ ਅਹੁਤੀ ਪਾਵੈ।
ਜੈ ਦੇਵੀ! ਜੈ ਚੰਡ ਕਰਾਲੀ!
ਜੈ ਜੈ ਅੰਬੇ ਬਾਹੁ ਬਿਸਾਲੀ॥੧੯॥

**ਅਰਥ:** ਇੱਕ ਆਸਣ ਬੈਠੇ ਹੀ ਸਾਰਾ ਦਿਨ ਬਤੀਤ ਕਰਦੇ ਅਹੁਤੀ ਪਾਈ ਜਾਂਦੇ ਹਨ। ਦੁਰਗਾ ਦੇਵੀ ਪਾਰਬਤੀ ਦੀ ਜੈ ਜੈ ਬੋਲਦੇ ਕਹਿੰਦੇ ਹਨ, ਜੈ ਦੇਵੀ! ਜੈ ਚੰਡੀ! ਜੈ ਮਾਤਾ ਅੰਬੇ ਲੰਬੀਆਂ ਬਾਹਾਂ ਵਾਲੀ!

ਕਵੀ ਨੇ ਗੁਰੂ ਜੀ ਨੂੰ ਮਨਮਤਿ ਅਧੀਨ ਦੁਰਗਾ ਦੀ ਸਿਫਤਿ ਵਿਚ ਲਾ ਦਿੱਤਾ ਹੈ,

ਧਰਨੀ ਮਹਿ ਜਸੁ ਉਤਮ ਕਰਨੀ।
ਕਰਨੀ ਸਮ ਰਿਪੁ ਤਰੁ ਕੋ ਹਰਨੀ।
ਹਰਨੀ ਸਮ ਦ੍ਰਿਗ (ਅੱਖਾਂ), ਕੰਚਨ ਬਰਨੀ (ਰੰਗ)।
ਬਰਨੀ ਬੇਦਨਿ (ਵੇਦਾਂ ਵਿਚ) ਆਯੁਧ ਧਰਨੀ (ਸ਼ਸਤ੍ਰਧਾਰੀ)॥੨੦॥

**ਅਰਥ:** ਧਰਤੀ ਉਤੇ ਹੇ ਦੁਰਗਾ! ਤੇਰਾ ਉਤਮ ਜਸ਼ ਹੋ ਰਿਹਾ ਹੈ। ਤੂੰ ਵੈਰੀ ਰੂਪ ਬ੍ਰਿਛ ਨੂੰ ਹਥਣੀ ਵਾਂਗ ਨਾਸ਼ ਕਰਨ ਵਾਲੀ ਹੈਂ। ਹੇ ਦੁਰਗਾ ਮਾਈ ਪਾਰਬਤੀ ਤੇਰੇ ਨੈਣ ਹਰਨੀ ਦੇ ਨੈਣਾਂ ਵਰਗੇ ਸੁੰਦਰ ਹਨ। ਤੇਰਾ ਰੰਗ, ਹੇ ਮਾਤਾ! ਸੋਨੇ ਵਰਗਾ ਹੈ। ਵੇਦ ਤੈਨੂੰ ਸ਼ਸਤ੍ਰਧਾਰੀ ਮੰਨਦੇ ਹਨ।

ਭਰਨੀ ਜਗਤ ਸਦਾ ਬਯ ਤਰਨੀ।
ਤਰਨੀ ਸਮ ਜਗ ਕਾਰਜ ਕਰਨੀ।
ਕਰ ਨੀਰਜ ਤੇ ਦੁਸ਼ਟ ਨਿਵਰਨੀ।
ਵਰਨੀ ਬਕ੍ਰ, ਸੁਭਤਿ ਆਭਰਨੀ॥੨੧॥

**ਅਰਥ:** ਹੇ ਦੁਰਗਾ ਜਗਮਾਤਾ! ਤੂੰ ਜਗਤ ਨੂੰ ਪਾਲਣ ਵਾਲੀ ਹੈਂ ਅਤੇ ਸਦਾ ਜਵਾਨ ਰਹਿੰਦੀ ਹੈਂ। ਯੁਵਕਾਂ ਵਾਂਗ ਤੂੰ ਜਗਤ ਦੇ ਕਾਰਜ ਕਰਦੀ ਹੈਂ। ਤੂੰ ਆਪਣੇ ਕਰ ਕੰਵਲਾਂ ਨਾਲ ਦੁਸ਼ਟਾਂ ਦਾ ਨਾਸ਼ ਕਰਨ ਵਾਲੀ ਹੈਂ। ਤੇਰੀਆਂ ਭਿੰਮਣੀਆਂ ਟੇਢੀਆਂ ਅਤੇ ਗਹਿਣੇ ਸ਼ੋਭਦੇ ਹਨ। (ਨੋਟ: 'ਦੁਸ਼ਟ ਸੰਭਨ ਕੋ ਮੂਲ ਉਪਾਰਨ' ਵਾਲੀ ਗੱਲ ਦੁਰਗਾ ਨਾਲ ਜੁੜਦੀ ਹੈ, ਦਸਵੇਂ ਗੁਰੂ ਜੀ ਨਾਲ ਨਹੀਂ।)

ਨਮੋ ਨਮੋ ਤੁਵ ਪਦ ਅਰਬਿੰਦਾ।
ਨਮੋ ਨਮੋ ਕੋ ਹੈ ਨ ਮਨਿਦਾ।
ਨਮੋ ਨਮੋ ਮਧੁ ਕੈਟਭ ਮਾਰਨਿ।
ਨਮੋ ਨਮੋ ਪਿੰਗਾਛ ਪ੍ਰਹਾਰਨਿ॥੨੨॥

**ਅਰਥ:** ਗੁਰੂ ਜੀ ਕਹਿੰਦੇ ਹਨ, ਹੇ ਦੁਰਗਾ ਮਾਤਾ! ਤੇਰੇ ਚਰਨ ਕੰਵਲਾਂ ਉਤੇ ਮੇਰੀ ਨਮਸਕਾਰ ਹੈ। ਮਧੁ ਕੈਟਭ ਅਤੇ ਪਿੰਗਾਛ ਦੈਤਾਂ ਨੂੰ ਮਾਰਨ ਵਾਲੀ ਨੂੰ ਮੇਰੀ ਨਮਸਕਾਰ ਹੈ। (ਨੋਟ: ਸਿੱਖੀ ਵਿਚਾਰਧਾਰਾ ਦਾ ਕਵੀ ਨੇ ਮਲੀਆ ਮੇਟ ਹੀ ਕਰ ਦਿੱਤਾ ਹੈ। ਗੁਰੂ ਜੀ ਦੀ ਪੂੱਜ ਕੇ ਨਿਰਾਦਰੀ ਅਤੇ ਨਿੰਦਿਆ ਕੀਤੀ ਹੈ।)

ਨਮੋ ਨਮੋ ਹੇ ਰਾਮ ਸਰੂਪਾ।
ਨਮੋ ਨਮੋ ਸ੍ਰੀ ਕ੍ਰਿਸ਼ਨ ਅਨੂਪਾ।
ਨਮੋ ਨਮੋ ਜਨ ਕੋ ਬਰਦਾਨੀ।
ਨਮੋ ਨਮੋ ਦੁਰਗੇਸ਼ ਭਵਾਨੀ॥੨੩॥

**ਅਰਥ:** ਗੁਰੂ ਜੀ ਤੋਂ ਕਵੀ ਨੇ ਫਿਰ ਮਨਮਤਿ ਕਰਵਾਈ ਹੈ, ਜਿਸ ਨਾਲ ਗੁਰੂ ਜੀ ਦੁਰਗਾ ਮਾਈ ਪਾਰਬਤੀ ਨੂੰ ਰਾਮ ਚੰਦਰ ਸਰੂਪ, ਸ੍ਰੀ ਕ੍ਰਿਸ਼ਨ ਅਨੂਪਮ ਸਰੂਪ ਅਤੇ ਗਰੀਬਾਂ ਨੂੰ ਬਰ ਦੇਣ ਵਾਲੀ ਕਹਿ ਕੇ ਨਮਸਕਾਰ ਕਰਦੇ ਦਿਖਾਏ ਗਏ ਹਨ।

ਜੈ ਜੈ ਲੋਚਨ ਲੋਹਿਤ ਕਾਲੀ।
ਜੈ ਦਿਗੰਬਰਾ, ਆਨਨ ਜਾਲੀ।
ਜੈ ਜੈ ਅਸ਼ਟ ਭੁਜਾ ਬਲਵਾਲੀ।
ਜੈ ਜੈ ਭੀਮਾ ਮੁੰਡਨਿ ਮਾਲੀ॥੨੪॥

**ਅਰਥ:** ਗੁਰੂ ਜੀ ਤੋਂ ਕਵੀ ਅਖਵਾਉਂਦਾ ਹੈ, ਹੇ ਕਾਲੀ! ਲਾਲ ਰੰਗੇ ਨੇਤਰਾਂ ਵਾਲੀ, ਮੂੰਹ ਵਿਚੋਂ ਅੱਗ ਕੱਢਣ ਵਾਲੀ ਦਿਗੰਬਰਾ, ਅੱਠਾਂ ਬਾਹਾਂ ਵਾਲੀ ਅਤੇ ਗਲ ਵਿਚ ਡਰਾਉਣੇ ਮੁਰਦਿਆਂ ਦੇ ਸਿਰਾਂ ਦੀ ਮਾਲਾ ਪਾਉਣ ਵਾਲੀ ਤੇਰੀ ਜੈ ਹੋਵੇ।

ਜੈ ਜੈ ਭਦ੍ਰਾ ਲਘੁ ਸਸਿ ਭਾਲੀ।
ਭਵਾ ਭੈਰਹਾ ਭੂਰ ਕ੍ਰਿਪਾਲੀ।
ਛੂਟੇ ਸਿਰ ਪਰ ਬਾਲ ਬਿਸਾਲੀ।
ਜੈ ਜੈ ਰਣ ਮਹਿ ਰੂਪ ਕਰਾਲੀ॥੨੫॥

ਇਸ ਬੰਦ ਵਿਚ ਵੀ ਕਵੀ ਗੁਰੂ ਜੀ ਤੋਂ ਦੁਰਗਾ ਦੇ ਵੱਖ-ਵੱਖ ਰੂਪਾਂ ਦੀ ਜੈ ਹੀ ਕਰਾਉਂਦਾ ਹੈ ਅਤੇ ਇਹ ਗੁਰੂ ਜੀ ਦੀ ਨਿੰਦਿਆ ਹੈ। ਕਵੀ ਮਨਮਤਿ ਕਰਦਾ ਲਿਖਦਾ ਹੈ ਕਿ ਗੁਰੂ ਜੀ ਦੁਰਗਾ ਪੂਜਾ ਲਈ ਹਵਨ ਕਰਦੇ ਭੁੱਖੇ-ਪਿਆਸੇ ਰਹਿਣ ਲੱਗ ਪਏ ਅਤੇ ਦੁਰਗਾ ਦੀਆਂ ਸਿਫਤਾਂ ਵਿਚ ਦਿਨ-ਰਾਤ ਬਿਤਾਉਣ ਲੱਗ ਪਏ,

ਕਹਿ ਲਗਿ ਕਹੋਂ ਨਾਮ ਜਗ ਮਾਤਾ।
ਸਿਮਰਤਿ ਗੁਰ ਏਕੋ (ਕੇਵਲ ਦੁਰਗਾ ਦੇ) ਰੰਗ ਰਾਤਾ।
ਭੁਖ ਪਿਆਸਾ ਲਖੈ ਨ ਦੋਈ।
ਇਸ ਬਿਧਿ ਪ੍ਰੇਮ ਪਰਾਇ ਹੋਈ॥੨੬॥

**ਅਰਥ:** ਕਵੀ ਸੰਤੋਖ ਸਿੰਘ ਗੁਰੂ ਜੀ ਤੋਂ ਦੁਰਗਾ ਦੀ ਸਿਫਤਿ ਕਰਾਉਂਦਾ ਹੈ। ਦੁਰਗਾ ਦੀ ਜੈ ਹੋਵੇ, ਜਿਸ ਦੇ ਮੱਥੇ ਵਿਚ ਛੋਟਾ ਚੰਦ੍ਰਮਾ ਹੈ। ਕਲਿਆਣ ਰੂਪ ਤੇ ਭੈ ਦੂਰ ਕਰਨ ਵਾਲੀ ਦੀ ਜੈ ਹੋਵੇ। ਰਣਖੇਤਰ 'ਚ ਵਿਕਰਾਲ ਰੂਪ ਵਾਲੀ ਦੁਰਗਾ ਮਾਤਾ ਦੀ ਜੈ ਹੋਵੇ। (ਨੋਟ: ਸਿੱਖਾਂ ਨੇ ਤਾਂ ਗੁਰੂ ਜੀ ਦੀਆਂ ਸਿਫਤਾਂ ਕਰਨੀਆਂ ਹੁੰਦੀਆਂ ਹਨ, ਪਰ ਦੇਖੋ ਕਵੀ ਸੰਤੋਖ ਸਿੰਘ ਸਿੱਖਾਂ ਦੇ ਗੁਰੂ ਤੋਂ ਹੀ ਦੁਰਗਾ ਮਾਈ ਪਾਰਬਤੀ ਦੀਆਂ ਸਿਫਤਾਂ ਕਰਵਾਈ ਚਲਿਆ ਜਾਂਦਾ ਹੈ। ਜੋ ਕਵੀ ਖੁਦ ਗੁਰਬਾਣੀ ਨਾ ਸਮਝ ਸਕਿਆ, ਉਹ ਗੁਰ ਇਤਿਹਾਸ ਲਿਖਣ ਵਿਚ ਕੀ ਇਨਸਾਫ ਕਰ ਸਕਦਾ ਹੈ?)


ਉਚਰਹਿ ਉਸਤਤਿ ਅਨਿਕ ਪ੍ਰਕਾਰੀ।
ਗੁਨ ਗਨ ਸਿਮਰਤਿ ਪਰਉਪਕਾਰੀ।
ਹਮਨ ਕਰਤਿ ਹੈ ਮੰਤ੍ਰ ਉਚਾਰਤਿ।
ਨਿਸ (ਰਾਤਿ) ਦਿਨ ਧਾਨ ਚੰਡਿ ਕੋ ਧਾਰਤਿ॥੨੭॥

ਇਸ ਬੰਦ ਵਿਚ ਵੀ ਕਵੀ ਸੰਤੋਖ ਸਿੰਘ ਗੁਰੂ ਨਿੰਦਿਆ ਕਰਦਾ ਲਿਖਦਾ ਹੈ ਕਿ ਗੁਰੂ ਜੀ ਰਾਤ ਦਿਨ ਚੰਡੀ ਮਾਤਾ ਦੁਰਗਾ ਦਾ ਹੀ ਧਿਆਨ ਕਰਦੇ ਰਹਿੰਦੇ ਹਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਤ੍ਰਿਤਿਯ ਰੁਤੇ ਦੇਵੀ ਪ੍ਰਸੰਗ ਬਰਨਨ ਨਾਮ ਦਸਮੋ ਅੰਸੂ॥੧੦॥ (ਤੀਸਰੀ ਰੁੱਤ, ਦਸਵਾਂ ਅਧਿਆਇ ਸਮਾਪਤ)।

**ਦੇਵੀ ਦੁਰਗਾ/ਭਗਵਤੀ/ਭਗਉਤੀ ਦਾ ਪ੍ਰਗਟ ਹੋਣਾ:** ਮਹੀਨਾ ਚੇਤ, ਸ਼ੁਕਲ ਪੱਖ, ਨੌਵੀਂ ਤਿਥਿ, ਦਿਨ ਐਤਵਾਰ ਸੀ। ਬਿਜਲੀ ਕੜਕੀ, ਪਹਾੜਾਂ ਦੀਆਂ ਕਈ ਚੋਟੀਆਂ ਡਿਗ ਪਈਆਂ, ਤੇਜ਼ ਹਵਾਵਾਂ ਚੱਲੀਆਂ, ਡਰਾ ਦੇਣ ਵਾਲਾ ਜਿਵੇਂ ਭੁਚਾਲ ਆ ਗਿਆ ਹੋਵੇ। ਦੇਵੀ ਭਿਆਨਕ ਰੂਪ ਧਾਰ ਕੇ ਪ੍ਰਗਟ ਹੋਈ। ਕਵੀ ਸੰਤੋਖ ਸਿੰਘ ਲਿਖਦਾ ਹੈ,

**ਤ੍ਰਿਭੰਗੀ ਛੰਦ:**
ਪ੍ਰਗਟੀ ਜਗਰਾਨੀ, ਸਭਿ ਗੁਨ ਖਾਨੀ,




ਜਨ ਬਰਦਾਨੀ, ਭੂਰ ਪ੍ਰਭਾ।
ਕਯਾ ਸੂਰਜ ਇੰਦੈ, ਹੈ ਨ ਮਨਿਦੈ,
ਪਿਖਿ ਦ੍ਰਿਗ ਮੁੰਦੇ ਦੇਵ ਸਭਾ।
ਕਯਾ ਪਾਵਕ ਰਾਸੈ, ਤੜਿਤ ਭਾਸੈ,
ਕਹਾਂ ਪ੍ਰਕਾਸੈ, ਹੈ ਸਮ ਨਾ।
ਕਿਹ ਨਦਰ ਨ ਠਹਿਰੈ, ਝਾਂਕਤਿ ਹਹਿਰੈ,
ਅੰਗਨਿ ਥਹਿਰੈ, ਧ੍ਰਿਤ ਜਮ ਨਾ॥੫॥
ਗਰ ਮੈ ਧਰਿ ਮਾਲਾ ਮੁੰਡਨ ਜਾਲਾ
ਬਹੁਤ ਕਰਾਲਾ ਦਾੜ੍ਹ ਬਡੀ।
ਦੰਤਨ ਕੀ ਪਾਲਾ ਖਰੀ ਕੁਦਾਲਾ,
ਦੀਰਘ ਜਾਲਾ ਤੁੰਡ ਛਡੀ।
ਭ੍ਰਿਕੁਟੀ ਚਢਿ ਭਾਲਾ, ਲੋਚਨ ਲਾਲਾ,
ਸੀਸ ਬਿਸਾਲਾ ਬਾਲ ਮਹਾਂ।
ਤਨ ਸਭਿ ਬਿਕ੍ਰਾਲਾ, ਦਿਸ਼ ਪਟਵਾਲਾ,
ਕਰ ਕਰਵਾਲਾ ਲਾਹ ਲਹਾਂ॥੭॥

**ਸੰਖੇਪ ਅਰਥ:** ਦੁਰਗਾ ਮਾਈ ਪਾਰਬਤੀ ਬਿਨਾ ਬਸਤਰ ਹੱਥ ਤਲਵਾਰ ਲੈ ਵਿਕਰਾਲ ਰੂਪ ਦਿਖਾਉਂਦੀ ਪ੍ਰਗਟ ਹੁੰਦੀ ਹੈ। ਕਵੀ ਸੰਤੋਖ ਸਿੰਘ ਦੁਰਗਾ ਦੇਵੀ ਅਤੇ ਗੁਰੂ ਜੀ ਵਿਚ ਵਾਰਤਾਲਾਪ ਇੰਜ ਹੁੰਦਾ ਦਿਖਾਉਂਦਾ ਹੈ,

**ਦੋਹਰਾ:** ਭੀਮ ਭੇਖ ਤੇ ਭੈ ਹਰਾ,
ਗਿਰ ਕੇ ਸਿਰ ਪਰ ਆਇ।
ਖਰੀ ਭਈ ਬਰੰ ਬ੍ਰਹਮ ਬਚ,
ਉਚੇ ਕਹੋ ਸੁਨਾਇ॥੧੦॥

ਦੇਵੀ ਨੇ ਗੁਰੂ ਜੀ ਨੂੰ ਉਚੀ ਅਵਾਜ਼ ਵਿਚ ਕਿਹਾ, ਵਰ ਮੰਗੋ।

**ਚੌਪਈ:** ਜੈ ਜਗਦੰਬਾ ਕਹਿ ਗੁਰ ਖਰੇ।
ਸਕਲ ਰੂਪ ਕੋ ਦੇਖਨਿ ਕਰੇ।
ਏਕ ਬਾਰ ਨਖ ਸ਼ਿਖ ਤੇ ਹੇਰਿ।

ਦੁਰਗਾ ਦੇਵੀ ਦੀ ਪੂਜਾ ਤੋਂ ਬਾਅਦ ਉਸ ਦੇ ਪ੍ਰਗਟ ਹੋਣ 'ਤੇ ਗੁਰੂ ਜੀ ਨਾਲ ਉਸ ਦਾ ਹੁੰਦਾ ਵਾਰਤਾਲਾਪ ਕਵੀ ਅੱਗੇ ਇਉਂ ਤੋਰਦਾ ਹੈ,

ਨਮੋ ਕਰਤਿ ਚਖ ਮੀਚੇ ਫੇਰ॥੧੧॥
ਹਾਥ ਜੋਰਿ ਸਨਮੁਖ ਹੀ ਰਹੇ।
ਰਿਦੇ ਮਨੋਰਥ ਦੇਵੀ ਲਹੇ।
ਪਲਟੋ ਚਤਰਭੁਜੀ ਪੁਨ ਰੂਪ।
ਕੰਚਨ (ਸੋਨੇ) ਬਰਨੀ (ਰੰਗੀ) ਭਈ ਅਨੂਪ॥੧੨॥

ਕਵੀ ਦੀ ਮਨਮਤਿ ਅਨੁਸਾਰ ਦੁਰਗਾ ਦੇਵੀ ਪਾਰਬਤੀ ਗੁਰੂ ਜੀ ਨੂੰ ਪੁੱਤ੍ਰ ਕਹਿ ਕੇ ਸੰਬੋਧਨ ਕਰਦੀ ਹੈ ਕਿ ਸੇਵਾ ਤੋਂ ਮੈਂ ਬਹੁਤ ਰੀਝ ਗਈ ਹਾਂ, ਤੇ ਆਖਦੀ ਹੈ, ਪੁੱਤ੍ਰ! ਕੁੱਝ ਮੰਗ। ਕਵੀ ਸੰਤੋਖ ਸਿੰਘ ਨੇ ਦਾਤੇ ਸਤਿਗੁਰੂ ਨੂੰ ਦੁਰਗਾ ਦੇਵੀ ਅੱਗੇ ਇੱਕ ਮੰਗਤਾ ਬਣਾ ਕੇ ਪੇਸ਼ ਕਰ ਦਿੱਤਾ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਕਵੀ ਸੰਤੋਖ ਸਿੰਘ ਸਿੱਖੀ ਦੀਆਂ ਜੜ੍ਹਾਂ ਵਿਚ ਤੇਲ ਦੇ ਰਿਹਾ ਹੈ। ਕਵੀ ਲਿਖਦਾ ਹੈ,

ਚੜ੍ਹੀ ਸਿੰਘ ਪਰ ਆਯੁਧ ਧਰੇ।
ਚਾਰ ਚੰਦ੍ਰ ਜ਼ਾਲਾ ਛਬਿ ਭਰੇ।
ਮਾਂਗ ਪੁਤ੍ਰ! ਦੇਵੋਂ ਅਬਿ ਤੋਹੀ।
ਸੇਵਾ ਕਰਤਿ ਰਿਝਾਯੋ ਮੋਹੀ॥੧੩॥

**ਅਰਥ:** ਸ਼ੇਰ ਦੀ ਸਵਾਰੀ ਕੀਤੀ, ਸ਼ਸਤਰ ਪਹਿਨੇ ਹੋਏ, ਮੱਥੇ ਉਤੇ ਚੰਦ੍ਰਮਾ- ਦੇਵੀ ਦੁਰਗਾ ਗੁਰੂ ਗੋਬਿੰਦ ਸਿੰਘ ਸ਼ਹਿਨਸ਼ਾਹ ਨੂੰ ਪੁੱਤ੍ਰ ਆਖ ਕੇ ਕਹਿੰਦੀ ਹੈ, ਵਰ ਮੰਗ ਲਓ।

ਪ੍ਰਥਮ ਪ੍ਰਤਜ਼ਗਾ ਸਿਮਰੋਂ ਸੋਇ।
ਚਹਹੁ ਸੁ ਕਹੋਂ ਸਪੂਰਨ ਹੋਇ।
ਮ੍ਰਿਦੁ ਬਚ ਮੋਦ ਭਰੇ ਸੁਨਿ ਫੇਰਾ।
ਖੋਲਿ ਬਿਲੋਚਨ ਦਰਸ਼ਨ ਹੇਰਾ॥੧੪॥

**ਅਰਥ:** ਪਹਿਲੀ ਪ੍ਰਤਿਗਿਆ ਯਾਦ ਕਰਦੀ ਹਾਂ। ਜੋ ਮੰਗੋਗੇ, ਪੂਰਾ ਕਰਾਂਗੀ। ਕਵੀ ਮਨਮਤਿ ਕਰਦਾ ਲਿਖਦਾ ਹੈ ਕਿ ਗੁਰੂ ਜੀ ਨੇ ਅੱਖਾਂ ਖੋਲ੍ਹ ਕੇ ਦੁਰਗਾ/ਭਗਉਤੀ/ਦੇਵੀ ਪਾਰਬਤੀ ਦੇ ਦਰਸ਼ਨ ਕੀਤੇ।

ਸ਼ਹੀਦ ਮਾਤਾ ਗੁਜਰ ਕੌਰ ਦੇ ਬਰਾਬਰ ਕਵੀ ਸੰਤੋਖ ਸਿੰਘ ਨੇ ਦੁਰਗਾ ਮਾਈ ਪਾਰਬਤੀ/ਭਗਵਤੀ/ਭਗਉਤੀ ਨੂੰ ਗੁਰੂ ਜੀ ਦੀ ਮਾਤਾ ਬਣਾ ਦਿਤਾ ਹੈ। ਕਵੀ ਸੰਤੋਖ ਸਿੰਘ ਕਹਿੰਦਾ ਹੈ ਕਿ ਗੁਰੂ ਜੀ ਨੇ ਦੇਵੀ ਤੋਂ ਬਰ ਵੀ ਮੰਗਿਆ। ਇਹੋ ਜਿਹੇ ਕਵੀ ਦੇ ਲੱਖ ਵਾਰੀ ਫਿਟਕਾਰ ਪਾਓ ਤਾਂ ਵੀ ਥੋੜ੍ਹੀ ਹੈ। ਸਿੱਖਾਂ ਦੀਆਂ ਝੋਲੀਆਂ ਭਰਨ ਵਾਲੇ ਦਾਤੇ ਨੂੰ ਕਵੀ ਨੇ ਕੱਚੋਂ ਹੌਲਾ ਬਣਾ ਦਿੱਤਾ ਹੈ। ਕਵੀ ਲਿਖਦਾ ਹੈ ਕਿ ਖਾਲਸੇ ਦੀ ਸਥਾਪਨਾ ਦੇਵੀ/ਭਗਉਤੀ/ਦੁਰਗਾ/ਪਾਰਬਤੀ ਦੇ ਬਰ ਨਾਲ ਹੋਈ ਹੈ। ਦੇਖੋ ਕਵੀ ਦੀ ਲਿਖਤ,

ਦਿਹੁ ਬਰ ਮਾਤਾ ਪੰਥ ਉਪਾਵਉਣ।
ਤੁਰਕ ਰਾਜ ਕੋ ਤੇਜ ਖਪਾਵਉਣ।
ਹਿੰਦੁ ਧਰਮ ਨਿਤ ਹੋਇ ਬਿਨਸ਼ੇ।
ਜਿਹ ਬਚਾਇ ਪੁਨ ਕਰੋਂ ਪ੍ਰਕਾਸ਼ੇ॥੧੫॥

**ਅਰਥ:** ਗੁਰੂ ਜੀ ਨੇ ਦੁਰਗਾ ਦੇਵੀ ਨੂੰ ਮਾਤਾ ਕਹਿ ਕੇ ਵਰ ਮੰਗ ਲਿਆ ਕਿ ਨਵਾਂ ਪੰਥ ਪੈਦਾ ਹੋਵੇ। ਤੁਰਕ ਰਾਜ ਨੂੰ ਖਤਮ ਕਰਾਂ ਅਤੇ ਹਿੰਦੂ ਮੱਤ ਨਿੱਤ ਖਤਮ ਹੋ ਰਿਹਾ ਹੈ, ਇਸ ਨੂੰ ਬਚਾਵਾਂ।

**ਕਵੀ ਨੇ ਗੁਰੂ ਜੀ ਤੋਂ ਦੋ ਵਰਾਂ ਦੀ ਮੰਗ ਕਰਾਈ:**

1. ਮੈਨੂੰ ਕੋਈ ਸ਼ਸਤ੍ਰ ਦੇਵੋ, ਜਿਸ ਨੂੰ ਧੋ ਕੇ ਮੈਂ ਸਿੱਖਾਂ ਨੂੰ ਪਿਲਾਵਾਂ।
2. ਪੰਥ ਦਿਨ ਪ੍ਰਤੀ ਵਧੇ।

ਕਵੀ ਅਨੁਸਾਰ ਗੁਰੂ ਜੀ ਨੂੰ ਦੇਵੀ ਨੇ ਪਹਿਲਾ ਵਰ ਦੀ ਦਿੱਤਾ, ਭਾਵ ਸ਼ਸਤ੍ਰ ਦਿੱਤਾ, ਜਿਸ ਨਾਲ ਗੁਰੂ ਜੀ ਨੇ ਖੰਡੇ ਦੀ ਪਾਹੁਲ ਦਿੱਤੀ। ਦੂਜਾ ਵਰ ਇਸ ਲਈ ਨਹੀਂ ਦਿੱਤਾ ਕਿਉਂਕਿ ਗੁਰੂ ਜੀ ਨੇ ਦਰਸ਼ਨ ਕਰਦੇ ਸਮੇਂ ਅੱਖਾਂ ਮੀਟ ਲਈਆਂ ਸਨ। ਕਵੀ ਨੇ ਅਜਿਹਾ ਲਿਖ ਕੇ ਗੁਰੂ ਜੀ ਦੀ ਘੋਰ ਨਿਰਾਦਰੀ ਅਤੇ ਨਿੰਦਿਆ ਕੀਤੀ ਹੈ। ਕਵੀ ਦੀ ਲਿਖਤ ਇਉਂ ਹੈ,

ਤੁਮ ਕਰ ਤੇ ਅਸ ਆਯੁਧ (ਸ਼ਸਤ੍ਰ) ਪਾਵਉ।
ਜਿਹ ਪਖਾਰਿ ਨਿਜ ਪੰਥ ਪਿਲਾਵੋਂ।
ਜਿਸ ਤੇ ਧਾਰਹਿ ਤੇਜ ਕਰਾਲਾ।
ਜੀਤਹਿ ਸ਼ਤ੍ਰਨਿ ਬਲੀ ਬਿਸਾਲਾ॥੧੬॥
ਸਦਾ ਸਹਾਇ ਪੰਥ ਕੀ ਕੀਜੈ।
ਦਿਨ ਪ੍ਰਤਿ ਵਧੈ ਇਹੀ ਬਰ ਦੀਜੈ।
ਤੋਹਿ ਚਰਿਤ੍ਰ ਬਸਹਿ ਮਨ ਮੇਰੇ।
ਸਿਮਰੋਂ ਜਿਨ ਕੌ ਸੰਝ ਸਵੇਰੇ॥੧੭॥
ਰਚਨ ਪੰਥ ਅਰੁ ਤੁਰਕਨਿ ਖੋਇ।
ਕਰਹੁ ਕ੍ਰਿਪਾ ਬਰ ਦੀਜਹੁ ਦੋਇ।

ਦੁਰਗਾ ਦੇਵੀ ਨੇ ਗੁਰੂ ਜੀ ਨੂੰ ਆਪਣਾ ਪੁੱਤ੍ਰ ਕਹਿ ਕੇ ਇਉਂ ਬਰ ਦਿੱਤਾ,

ਇਮ ਸੁਨਿ ਹਸੀ ਬਾਕ ਸ਼ੁਭ ਕੀਨੋ।
ਪੰਥ ਸਕੇਸ ਪੁਤ੍ਰ! ਮੈ ਦੀਨੋ॥੧੮॥

ਗੁਰੂ ਜੀ ਨੇ ਦਰਸ਼ਨ ਸਮੇਂ ਅੱਖਾਂ ਮੀਟੀਆਂ, ਜਿਸ ਲਈ ਦੂਜੇ ਬਰ ਦਾ ਫਲ ਤਨ ਤਿਆਗਨ (ਜੋਤੀ ਜੋਤਿ ਸਮਾਉਣ) ਤੋਂ 40 ਸਾਲ ਬਾਅਦ ਮਿਲੇਗਾ, ਦੁਰਗਾ ਨੇ ਕਿਹਾ।

ਇਸ ਮਹਿ ਭੇਦ ਇਤਿਕ ਰਹਿ ਗਇਉ।
ਪ੍ਰਥਮ ਦਰਸ ਦ੍ਰਿਗ (ਅੱਖਾਂ) ਮੀਚਤਿ ਭਇਉ।
ਯਾਂ ਤੇ ਤੁਮ ਤਨ ਤਯਾਗਨ ਪਾਛੇ।
ਚਾਲੀ ਬਰਸ ਬਿਤੈ ਜਬਿ ਆਛੇ॥੧੯॥
ਵਧਹਿ ਪੰਥ ਜਗ ਵਿਖੈ ਬਿਸਾਲਾ (ਵਧੇਗਾ)।
ਤੇਜ ਤੁਰਕ ਤਬਿ ਹਤਹਿ ਕਰਾਲਾ।
ਪੂਰਨ ਹੁਇ ਅਭਿਲਾਖ ਤੁਮਾਰੀ।
ਸਾਚ ਹੋਇ ਸਭਿ ਜਥਾ ਉਚਾਰੀ॥੨੦॥

ਦੇਵੀ ਨੇ ਗੁਰੂ ਜੀ ਨੂੰ ਛੁਰੀ/ਕਰਦ ਦਿੱਤੀ ਅਤੇ ਕਿਹਾ ਕਿ ਇਸ ਨੂੰ ਜਲ ਵਿਚ ਮਿੱਠਾ ਪਾ ਕੇ ਫੇਰਿਓ। ਕਵੀ ਲਿਖਦਾ ਹੈ,

ਨਿਜ ਕਰ ਤੇ ਸਤਿਗੁਰ ਕੋ ਦਈ।
ਯਾਂ ਤੇ ਕਰਦ ਨਾਮ ਬਿਦਤਈ (ਪ੍ਰਗਟ ਹੋਇਆ)।
ਇਹ ਲੇ ਕਰਿ ਜਲ ਜੁਤਿ ਮਿਸ਼ਟਾਨ।
ਫੇਰਨ ਕਰਹੁ ਆਪਨੇ ਪਾਨ॥੨੧॥

ਦੁਰਗਾ ਨੇ ਗੁਰੂ ਜੀ ਤੋਂ, ਬਰ ਲੈਣ ਬਦਲੇ, ਪੁੱਤ੍ਰ ਕਹਿ ਕੇ ਕੁਝ ਭੇਟਾ ਮੰਗੀ। ਕਵੀ ਲਿਖਦਾ ਹੈ,

ਅਬਿ ਦੀਜਹਿ ਕੁਛ ਭੇਟ ਹਮਾਰੀ।
ਹੇ ਸੁਤ! ਜਿਸ ਤੇ ਹੁਇ ਸੁਖ ਭਾਰੀ॥੨੨॥

ਕਵੀ ਅਨੁਸਾਰ ਗੁਰੂ ਜੀ ਨੇ ਦੁਰਗਾ ਦੇਵੀ ਨੂੰ ਪਹਿਲੀ ਭੇਟਾ ਵਿਚ ਆਪਣਾ ਖੂਨ ਭੇਟ ਕੀਤਾ। ਗੁਰੂ ਜੀ ਨੇ ਦੇਵੀ ਤੋਂ ਮਿਲੀ ਛੁਰੀ ਨੂੰ ਸਰੀਰ ਵਿਚ ਮਾਰ ਕੇ ਆਪਣਾ ਖੂਨ ਦੁਰਗਾ ਨੂੰ ਭੇਟ ਕੀਤਾ ਤੇ ਦੁਰਗਾ ਪ੍ਰਸੰਨ ਹੋ ਗਈ। ਗੁਰੂ ਜੀ ਨੇ ਦੂਜੀ ਭੇਟਾ ਵਿਚ ਚਾਰੇ ਸਾਹਿਬਜ਼ਾਦੇ ਅਤੇ ਲੱਖਾਂ ਸਿੱਖ ਭੇਟਾ ਕਰ ਦਿੱਤੇ। ਕਵੀ ਮਨਮਤਿ ਕਰਦਾ ਲਿਖਦਾ ਹੈ,

ਸੁਨਿ ਗੁਰ ਕਰਦ ਕਰੀ ਕਰ ਧਾਰਨ (ਹੱਥ ਵਿਚ ਪਕੜੀ)।
ਹਤਿ ਨਿਜ ਤਨ ਕਿਯ ਰਕਤ (ਖੂਨ) ਨਿਕਾਰਨਿ।
ਸੋ ਲੇ ਕਰਿ ਜਗ ਮਾਤ ਪ੍ਰਸੰਨ।
ਪੁਨ ਗੁਰ ਦੇਨਿ ਭੇਟ ਕਰ ਅੰਨ (ਦੂਜੀ)॥੨੩॥
ਸ਼ਸਤ੍ਰਨਿ ਸੋ ਹਤਿ ਹੁਇ ਬਿਚ ਬਾਦੇ।
ਚਾਰਹੁ ਦੀਨੇ ਸਾਹਿਬਜ਼ਾਦੇ।
ਲਾਖਹੁ ਸਿੰਘ ਧਰਹਿ ਅੁਰ ਕ੍ਰੁੱਧ।
ਹੁਇ ਤੁਮ ਭੇਟ ਮ੍ਰਿਤਕ ਬਿਚ ਜੁੱਧ॥੨੪॥

ਕਵੀ ਸੰਤੋਖ ਸਿੰਘ ਨੇ ਸਾਹਿਬਜ਼ਾਦਿਆਂ ਅਤੇ ਸਿੰਘਾਂ ਦੀਆਂ ਸ਼ਹੀਦੀਆਂ ਨੂੰ ਘੱਟੇ ਵਿਚ ਰੋਲ ਦਿੱਤਾ ਹੈ ਕਿਉਂਕਿ ਉਸ ਅਨੁਸਾਰ ਇਹ ਸ਼ਹੀਦੀਆਂ ਨਹੀਂ ਸਨ, ਇਹ ਤਾਂ ਗੁਰੂ ਜੀ ਵਲੋਂ ਦੁਰਗਾ ਨੂੰ ਭੇਟਾ ਕਰਨ ਲਈ ਸਭ ਕੁਝ ਕੀਤਾ ਗਿਆ ਸੀ।

ਕੇਸ਼ਵ ਦਾਸ ਬ੍ਰਾਹਮਣ ਨੂੰ ਗੁਰੂ ਜੀ ਨਾਲੋਂ ਵੱਡਾ ਬਣਾ ਦਿੱਤਾ ਗਿਆ। ਕੇਸ਼ਵ ਦਾਸ ਨੇ ਗੁਰੂ ਜੀ ਨੂੰ ਆਸ਼ੀਸ਼ ਦਿੱਤੀ ਜਿਵੇਂ ਬ੍ਰਾਹਮਣ ਗੁਰੂ ਜੀ ਤੋਂ ਵੱਡਾ ਹੋਵੇ,

ਕੇਸ਼ਵਦਾਸ ਅਗਾਰੀ ਹੋਵਾ।
ਲਾਲ ਗੁਲਾਲ ਦਰਸ ਕੋ ਜੋਵਾ।
ਦਈ ਅਸੀਸ ਸੁਖੀ ਨਿਤ ਰਹੀਅਹਿ।
ਦੇਵੀ ਬਿਦਤ (ਪ੍ਰਗਟ) ਪ੍ਰਸੰਗ ਸੁ ਕਹੀਅਹਿ॥੩੨॥

ਦੇਵੀ ਵਲੋਂ ਦਿੱਤੀ ਛੋਟੀ ਜਿਹੀ ਛੁਰੀ ਗੁਰੂ ਜੀ ਨੇ ਸਿਰ ਉਤੇ ਬੰਨ੍ਹ ਲਈ ਸੀ। ਕਵੀ ਮਨਮਤਿ ਕਰਦਾ ਲਿਖਦਾ ਹੈ,

ਏਵੇ ਮਸਤੁ ਕਹਿ ਭੇਟ ਸੁ ਲੈ ਕੈ।
ਅੰਤਰ ਧਯਾਨ ਭਈ ਬਰ ਦੈ ਕੈ।
ਲਘੁ ਕ੍ਰਿਪਾਨ ਇਹੁ ਕਰ ਤੇ ਦੀਨਿ।
ਅਤਿ ਅਨਦ ਤੇ ਸਿਰ ਧਰਿ ਲੀਨਿ॥੩੫॥

ਕਵੀ ਅਨੁਸਾਰ ਦੁਰਗਾ ਦੇਵੀ ਦੇ ਚੋਬਦਾਰ ਨੇ ਗੁਰੂ ਜੀ ਨੂੰ ਆਪਣਾ ਬਾਣਾ ਦਿੱਤਾ।

ਦੁਰਗਾ ਬਰ ਦੇ ਕੇ ਅਲੋਪ ਹੋ ਗਈ। ਫਿਰ ਦੁਰਗਾ ਦੇ ਚੋਬਦਾਰ ਨੇ ਗੁਰੂ ਜੀ ਨੂੰ ਕਿਹਾ ਕਿ ਜੰਗ ਵਿਚ ਉਹ ਉਨ੍ਹਾਂ ਦੀ ਮਦਦ ਕਰਿਆ ਕਰੇਗਾ। ਉਸ ਨੇ ਆਪਣਾ ਬਾਣਾ ਗੁਰੂ ਜੀ ਨੂੰ ਦਿੱਤਾ ਤੇ ਪੰਥ ਨੂੰ ਧਾਰਨ ਕਰਨ ਲਈ ਕਿਹਾ ਤਾਂ ਜੋ ਤੇਜ ਵਧੇ। ਕੇਸ਼ਵ ਦਾਸ ਬ੍ਰਾਹਮਣ ਬਹੁਤ ਖੁਸ਼ ਹੋਇਆ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਤ੍ਰਿਤਿਯ ਰੁਤੇ ਸ੍ਰੀ ਦੇਵੀ ਪ੍ਰਗਟ ਹੋਨ ਪ੍ਰਸੰਗ ਬਰਨਨ ਨਾਮ ਇਕਾਦਸ਼ਮੋ ਅੰਸੂ॥੧੧॥

ਕਵੀ ਅਨੁਸਾਰ ਗੁਰੂ ਜੀ ਦੇਵੀ ਦਰਸ਼ਨ ਕਰ ਕੇ ਅਨੰਦਪੁਰ ਵਾਪਿਸ ਆਏ ਤਾਂ ਲੋਕਾਂ ਦੀਪਮਾਲਾ ਕੀਤੀ। ਕਵੀ ਲਿਖਦਾ ਹੈ,

ਆਨਿ ਕਰਾਵਤਿ ਸਿਖ ਅਰਦਾਸ।
ਧਰਹਿ ਤੂਸ਼ਨੀ (ਚੁੱਪ ਧਾਰ ਕੇ) ਬੈਠਹਿ ਪਾਸ।
ਦੀਪਕ ਮਾਲਾ ਸਭਿਹਿਨ ਕਰੀ।
ਘਰ ਘਰ ਕੇ ਸ਼ਿਖਰਨ ਪਰ ਧਰੀ॥੧੨॥

ਗੁਰੂ ਜੀ ਨੇ ਕੇਸ਼ਵ ਦਾਸ ਬ੍ਰਾਹਮਣ ਨੂੰ ਸਵਾ ਲੱਖ ਰੁਪਿਆ ਦੱਛਣਾ ਦਿੱਤੀ। ਜੱਗ ਕੀਤਾ। ਪੁੰਨ ਦਾਨ ਕੀਤਾ। ਕੇਸ਼ਵ ਦਾਸ ਨੇ ਕਿਹਾ ਕਿ ਉਹ ਸਿੱਖਾਂ ਵਿਚ ਜਨਮ ਲਵੇਗਾ। ਇਸ ਤੇ ਗੁਰੂ ਜੀ ਨੇ ਕਿਹਾ, ਤੇਰਾ ਸਿੱਖਾਂ ਵਿਚ 3 ਵਾਰ ਜਨਮ ਹੋਵੇਗਾ ਤੇ ਸਰਦਾਰੀ ਲਵੇਂਗਾ। 100 ਸਾਖੀ ਅਨੁਸਾਰ ਇਹ ਕੇਸ਼ਵ ਦਾਸ ਤੀਜੇ ਜਨਮ ਵਿਚ ਮਹਾਰਾਜਾ ਰਣਜੀਤ ਸਿੰਘ ਬਣਿਆ ਸੀ। ਇਹੋ ਜਿਹੀਆਂ ਗੱਪਾਂ ਅਤੇ ਬ੍ਰਾਹਮਣਵਾਦੀ ਚਾਲਾਂ ਹਨ, ਕਵੀ ਸੰਤੋਖ ਸਿੰਘ ਦੀਆਂ!

ਅਵਨੀ ਰਾਜ ਕਰਹਿ ਬਹੁਤੇਰਾ।
ਤਿਨ ਮਹਿ ਜਨਮ ਹੋਇ ਪੁਨ ਮੇਰਾ।
ਸੁਨਿ ਕਲੀਧਰ ਭਏ ਪ੍ਰਸੰਨ।

*(ਚਲਦਾ)*

# ਲੋਕ-ਸਿਮ੍ਰਿਤੀ ਵਿਚ ਮਹਾਰਾਜਾ ਰਣਜੀਤ ਸਿੰਘ

ਕਿਸੇ ਵੀ ਪੂਰਬਲੇ ਹਾਕਮ ਦੇ ਉਲਟ ਮਹਾਰਾਜਾ ਰਣਜੀਤ ਸਿੰਘ ਬਾਰੇ ਲੋਕਧਾਰਾਈ ਸਮੱਗਰੀ ਕਾਫੀ ਮਾਤਰਾ ਵਿਚ ਮਿਲਦੀ ਹੈ, ਜਿਸ ਨੂੰ ਮੁੱਖ ਤੌਰ 'ਤੇ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਹਿੱਸੇ ਵਿਚ ਉਹ ਕਹਾਣੀਆਂ ਜਾਂ ਹਕਾਇਤਾਂ ਹਨ, ਜੋ ਮਹਾਰਾਜੇ ਦੇ ਜਨਮ, ਸ਼ਖਸੀਅਤ, ਨਿੱਜੀ ਤੇ ਫੌਜੀ ਜੀਵਨ, ਸਖਾਵਤ, ਫਰਾਖਦਿਲੀ, ਪਰਜਾ ਪਾਲਕੀ ਆਦਿ ਤੋਂ ਪ੍ਰਭਾਵਿਤ ਹੋ ਕੇ ਲੋਕ ਮਨਾਂ ਨੇ ਘੜੀਆਂ। ਇਨ੍ਹਾਂ ਵਿਚੋਂ ਕੁਝ ਹਕਾਇਤਾਂ ਇਸ ਪ੍ਰਕਾਰ ਹਨ:

ਵਿਆਹ ਤੋਂ ਕਾਫੀ ਦੇਰ ਬਾਅਦ ਵੀ ਸ. ਮਹਾਂ ਸਿੰਘ ਦੇ ਘਰ ਔਲਾਦ ਨਾ ਹੋਈ। ਸ. ਮਹਾਂ ਸਿੰਘ ਨੂੰ ਕਿਸੇ ਨੇ ਦੱਸ ਪਾਈ ਕਿ ਉਹ ਜਾਨ ਮੁਹੰਮਦ ਨਾਂ ਦੇ ਫਕੀਰ ਦੀ ਸੇਵਾ ਕਰੇ ਅਤੇ ਉਸ ਕੋਲੋਂ ਅਸ਼ੀਰਵਾਦ ਦੇ ਰੂਪ ਵਿਚ ਪੁੱਤਰ ਦੀ ਮੰਗ ਕਰੇ। ਸ. ਮਹਾਂ ਸਿੰਘ ਨੇ ਅਜਿਹਾ ਹੀ ਕੀਤਾ ਤਾਂ

**ਡਾ. ਧਰਮ ਸਿੰਘ**

ਫਕੀਰ ਨੇ ਖੁਸ਼ ਹੋ ਕੇ ਵਰ ਦਿੱਤਾ ਕਿ ਉਸ ਦੇ ਘਰ ਪੁੱਤਰ ਪੈਦਾ ਹੋਵੇਗਾ, ਜੋ ਬੜਾ ਤੇਜੱਸਵੀ, ਪ੍ਰਤਾਪੀ ਤੇ ਬੀਰ ਪੁਰਸ਼ ਹੋਵੇਗਾ, ਪਰ ਨਿਸ਼ਾਨੀ ਇਹ ਹੋਵੇਗੀ ਕਿ ਉਸ ਦੀ ਇਕ ਅੱਖ ਹੀ ਹੋਵੇਗੀ। ਦੂਜੀ ਇਹ ਕਿ ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ ਮੌਕੇ ਮਹਾਰਾਜੇ ਨੇ ਐਲਾਨ ਕੀਤਾ ਕਿ ਖੁਸ਼ੀ ਦੇ ਇਸ ਮੌਕੇ 'ਤੇ ਹਰ ਮੰਗਤੇ ਨੂੰ ਸੋਨੇ ਦੀ ਇਕ-ਇਕ ਮੋਹਰ ਦਿੱਤੀ ਜਾਵੇਗੀ। ਇਕ ਲਾਲਚੀ ਮਿਰਾਸੀ ਨੇ ਕੀੜਿਆਂ ਦਾ ਕੁੱਜਾ ਭਰਿਆ ਅਤੇ ਮਹਾਰਾਜੇ ਅੱਗੇ ਲਿਆ ਰੱਖਿਆ। ਮਹਾਰਾਜੇ ਨੇ ਕੁੱਜੇ ਵਿਚਲੀ ਚੀਜ਼ ਬਾਰੇ ਪੁੱਛਿਆ ਤਾਂ ਮਿਰਾਸੀ ਨੇ ਢੱਕਣ ਲਾਹ ਕੇ ਦਿਖਾ ਦਿੱਤਾ ਤੇ ਬੇਨਤੀ ਕੀਤੀ ਕਿ ਮਹਾਰਾਜਾ ਆਪਣੇ ਵਾਅਦੇ ਅਨੁਸਾਰ ਪ੍ਰਤੀ ਜੀਅ ਇਕ-ਇਕ ਮੋਹਰ ਗਿਣ ਕੇ ਉਸ ਨੂੰ ਦੇ ਦੇਵੇ। ਮਹਾਰਾਜੇ ਨੇ ਕੀੜਿਆਂ ਦੀ ਗਿਣਤੀ ਤਾਂ ਕੀ ਕਰਨੀ ਸੀ, ਉਸ ਨੇ ਲਾਲਚੀ ਮਿਰਾਸੀ ਦਾ ਕੁੱਜਾ ਸੋਨੇ ਦੀਆਂ ਮੋਹਰਾਂ ਨਾਲ ਭਰਵਾ ਦਿੱਤਾ।

ਇਸੇ ਤਰ੍ਹਾਂ ਕਿਸੇ ਮਾਈ ਨੇ ਸੁਣਿਆ ਕਿ ਰਣਜੀਤ ਸਿੰਘ ਨਾਲ ਜਿਹੜੀ ਚੀਜ਼ ਛੂੰਹਦੀ ਹੈ, ਸੋਨਾ ਬਣ ਜਾਂਦੀ ਹੈ। ਲੋਭਣ ਮਾਈ ਇਕ ਦਿਨ ਰੋਟੀਆਂ ਪਕਾਉਣ ਵਾਲਾ ਤਵਾ ਲੈ ਕੇ ਬਾਹਰ ਆਣ ਖੜ੍ਹੀ ਹੋਈ। ਸੰਜੋਗ ਵੱਸ ਮਹਾਰਾਜਾ ਵੀ ਉਧਰੋਂ ਲੰਘ ਰਿਹਾ ਸੀ। ਸੇਵਾਦਾਰਾਂ ਦੀ ਪ੍ਰਵਾਹ ਕੀਤੇ ਬਗੈਰ ਮਾਈ ਨੇ ਤਵਾ ਮਹਾਰਾਜੇ ਨਾਲ ਘਸਾਉਣਾ ਸ਼ੁਰੂ ਕਰ ਦਿੱਤਾ। ਪੁੱਛਣ 'ਤੇ ਮਾਈ ਨੇ ਪਾਰਸੀ ਛੋਹ ਵਾਲੀ ਸੁਣੌਤ ਸੁਣਾ ਦਿੱਤੀ। ਮਹਾਰਾਜੇ ਨੇ ਲੋਭੀ ਮਾਈ ਦੇ ਮਨ ਦੀ ਮੁਰਾਦ ਪੂਰੀ ਕਰਨ ਵਾਸਤੇ ਤਵੇ ਦੇ ਬਰਾਬਰ ਸੋਨਾ ਤੁਲਵਾ ਕੇ ਉਸ ਨੂੰ ਦਿਵਾ ਦਿੱਤਾ। ਇਸ ਨਾਲ ਰਲਦੀ-ਮਿਲਦੀ ਛੋਟੇ ਬਾਲਾਂ ਵਲੋਂ ਮਹਾਰਾਜੇ ਨੂੰ ਵੱਟੇ ਮਾਰ ਕੇ ਬੇਰ ਹਾਸਲ ਕਰਨ ਵਾਲੀ ਕਹਾਣੀ ਵੀ ਮਿਲਦੀ ਹੈ।

ਇਕ ਲੜਾਈ ਸਮੇਂ ਅਟਕ ਦਰਿਆ ਪਾਰ ਕਰਨ ਦੀ ਚੁਣੌਤੀ ਸਾਹਮਣੇ ਆਈ। ਕੁਝ ਲੋਕਾਂ ਦਾ ਵਿਚਾਰ ਸੀ ਕਿ ਦਰਿਆ ਚੜ੍ਹਿਆ ਹੋਇਆ ਹੈ, ਇਸ ਲਈ ਉਸ ਦੇ ਲੱਥ ਜਾਣ ਦਾ ਇੰਤਜ਼ਾਰ ਕੀਤਾ ਜਾਵੇ, ਪਰ ਮਹਾਰਾਜਾ ਰਣਜੀਤ ਸਿੰਘ ਲਈ ਲੜਾਈ ਦੀ ਯੋਜਨਾ ਅਨੁਸਾਰ ਦਰਿਆ ਪਾਰ ਕਰਨਾ ਜ਼ਰੂਰੀ ਸੀ। ਮਹਾਰਾਜੇ ਨੇ ਅਟਕ ਅੱਗੇ ਅਰਜੋਈ ਕੀਤੀ ਕਿ ਉਹ ਅਟਕ ਜਾਵੇ ਤੇ ਉਸ ਨੂੰ ਲਾਂਘਾ ਦੇ ਦੇਵੇ। ਅਜਿਹਾ ਹੀ ਹੋਇਆ। ਰਣਜੀਤ ਸਿੰਘ ਨੇ ਠਾਠਾਂ ਮਾਰਦੇ ਦਰਿਆ ਵਿਚ ਆਪਣਾ ਘੋੜਾ ਠੇਲ੍ਹ ਦਿੱਤਾ ਤੇ ਜਿਉਂ ਹੀ ਉਸ ਨੇ ਅੱਗੇ ਵਧਣਾ ਸ਼ੁਰੂ ਕੀਤਾ, ਦਰਿਆ ਦਾ ਪਾਣੀ ਲਹਿਣਾ ਸ਼ੁਰੂ ਹੋ ਗਿਆ। ਮਹਾਰਾਜੇ ਦਾ ਆਪਣੀ ਪਰਜਾ ਨਾਲ ਕਿੰਨਾ ਪਿਆਰ ਸੀ, ਇਸ ਬਾਰੇ 'ਪਾਂਡੀ ਪਾਤਸ਼ਾਹ' ਵਾਲੀ ਕਹਾਣੀ ਸਰਬ-ਵਿਖਿਆਤ ਹੈ।

ਇਕ ਦਿਨ ਫਕੀਰ ਅਜ਼ੀਜ਼ੂਦੀਨ ਅਤੇ ਮਹਾਰਾਜਾ ਸੈਰ ਕਰਨ ਲਈ ਲਾਹੌਰ ਤੋਂ ਬਾਹਰ ਜਾ ਰਹੇ ਸਨ। ਰਸਤੇ ਵਿਚ ਉਨ੍ਹਾਂ ਕਿਸੇ ਛਕੜੇ 'ਤੇ ਕੋਈ ਚੀਜ਼ ਲੱਦੀ ਹੋਈ ਜਾਂਦੀ ਵੇਖੀ। ਇਤਫਾਕ ਨਾਲ ਮਹਾਰਾਜੇ ਦੀ ਨਜ਼ਰ ਉਸ ਛਕੜੇ 'ਤੇ ਪਈ ਤੇ ਉਸ ਨੇ ਫਕੀਰ ਨੂੰ ਹੁਕਮ ਕੀਤਾ ਕਿ ਉਹ ਪਤਾ ਕਰੇ ਕਿ ਕਿਹੜੀ ਚੀਜ਼ ਲੱਦੀ ਹੋਈ ਹੈ? ਫਕੀਰ ਨੂੰ ਦੱਸਿਆ ਗਿਆ ਕਿ ਛਕੜੇ 'ਤੇ ਕੁਰਾਨ ਸ਼ਰੀਫ ਦਾ ਨੁਸਖਾ ਲੱਦਿਆ ਹੋਇਆ ਹੈ, ਜੋ ਕਾਤਬ ਦੀ ਵਰ੍ਹਿਆਂ ਬੱਧੀ ਮਿਹਨਤ ਦਾ ਨਤੀਜਾ ਹੈ। ਕਾਤਬ ਦਾ ਵਿਚਾਰ ਸੀ ਕਿ ਲਾਹੌਰ ਦਾ ਮਹਾਰਾਜਾ ਕਿਉਂਕਿ ਸਿੱਖ ਹੈ, ਇਸ ਲਈ ਉਸ ਕੋਲੋਂ ਉਸ ਦੀ ਵਰ੍ਹਿਆਂ ਬੱਧੀ ਮਿਹਨਤ ਦਾ ਕੀ ਇਵਜ਼ਾਨਾ ਮਿਲ ਸਕਦਾ ਹੈ? ਯੋਗ ਮੁਆਵਜ਼ੇ ਦੀ ਭਾਲ ਵਿਚ ਉਹ ਨੁਸਖਾ ਲੈ ਕੇ ਹੈਦਰਾਬਾਦ (ਸਿੰਧ) ਜਾ ਰਿਹਾ ਸੀ ਤਾਂ ਜੋ ਉਥੋਂ ਦੇ ਮੁਸਲਮਾਨ ਹਾਕਮ ਕੋਲੋਂ ਮਿਹਨਤ ਦਾ ਪੂਰਾ ਮੁੱਲ ਪੁਆ ਸਕੇ। ਮਹਾਰਾਜੇ ਨੇ ਕਾਤਬ ਦੀ ਗੱਲ ਸੁਣ ਕੇ ਜਿੰਨਾ ਮੁੱਲ ਉਸ ਨੇ ਮੰਗਿਆ, ਉਸ ਨੂੰ ਦੇ ਕੇ ਨੁਸਖਾ ਖਰੀਦ ਲਿਆ। ਫਕੀਰ ਅਜ਼ੀਜ਼ੂਦੀਨ ਨੇ ਪੁੱਛਿਆ ਕਿ ਨੁਸਖਾ ਉਸ ਦੇ ਕਿਸ ਕੰਮ? ਮਹਾਰਾਜੇ ਨੇ ਉਤਰ ਦਿੱਤਾ ਕਿ ਪਰਮਾਤਮਾ ਨੇ ਸ਼ਾਇਦ ਇਸ ਕਰਕੇ ਉਸ ਨੂੰ ਇਕ ਹੀ ਅੱਖ ਦਿੱਤੀ ਹੈ ਤਾਂ ਜੋ ਉਹ ਉਸੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਅਤੇ ਕੁਰਾਨ ਸ਼ਰੀਫ ਦੇਖ ਸਕੇ।

ਸਿੱਖਾਂ ਦਾ ਵਫਦ ਮਹਾਰਾਜੇ ਨੂੰ ਮਿਲਿਆ ਤੇ ਮੁਸਲਮਾਨਾਂ ਵਲੋਂ ਪੰਜ ਵੇਲੇ ਦਿੱਤੀ ਜਾਂਦੀ ਅਜ਼ਾਨ ਵਿਰੁਧ ਸ਼ਿਕਾਇਤ ਕੀਤੀ ਅਤੇ ਮੰਗ ਕੀਤੀ ਕਿ ਇਹ ਬੰਦ ਕਰਵਾਈ ਜਾਵੇ। ਵਫਦ ਦੀ ਤਸੱਲੀ ਲਈ ਇਹ ਦੱਸਿਆ ਗਿਆ ਕਿ ਅਜ਼ਾਨ ਤਾਂ ਇਬਾਦਤ ਲਈ ਲੋਕਾਂ ਨੂੰ ਮਸੀਤ ਵਿਚ ਇਕੱਠੇ ਕਰਨ ਦਾ ਸੱਦਾ ਹੈ ਅਤੇ ਇਸ ਵਿਚ ਕੁਝ ਵੀ ਮੰਦਾ ਨਹੀਂ। ਵਫਦ ਨੇ ਮੰਗ ਨਾ ਮੰਨੀ ਤੇ ਆਪਣੀ ਜ਼ਿਦ 'ਤੇ ਅੜਿਆ ਰਿਹਾ। ਆਖਰ ਮਹਾਰਾਜੇ ਨੂੰ ਤਰਤੀਬ ਸੁੱਝੀ। ਉਸ ਨੇ ਵਫਦ ਵਿਚ ਆਏ ਸਿੱਖਾਂ ਨੂੰ ਕਿਹਾ ਕਿ ਦਿਨ ਵਿਚ ਪੰਜ ਵਾਰੀ, ਮੁਸਲਮਾਨਾਂ ਦੇ ਘਰਾਂ ਵਿਚ ਜਾ ਕੇ ਇਬਾਦਤ ਵੇਲੇ ਉਨ੍ਹਾਂ ਨੂੰ ਇਕੱਠਿਆਂ ਹੋਣ ਦਾ ਸੱਦਾ ਦਿਆ ਕਰਨ। ਵਫਦ



ਮਹਾਰਾਜਾ ਰਣਜੀਤ ਸਿੰਘ ਦਾ ਇਕ ਚਿੱਤਰ

ਉਸ ਸਮੇਂ ਤਾਂ ਮੰਨ ਗਿਆ ਪਰ ਦਿਨ ਭਰ ਦੀ ਬੇਆਰਾਮੀ ਤੇ ਖੱਜਲ ਖੁਆਰੀ ਪਿਛੋਂ ਫਿਰ ਆਇਆ ਤੇ ਅਜ਼ਾਨ ਮੁੜ ਸ਼ੁਰੂ ਕਰਾਉਣ ਦੀ ਮੰਗ ਕੀਤੀ।

ਮਹਾਰਾਜੇ ਦੇ ਅੰਤਿਮ ਸਸਕਾਰ ਸਬੰਧੀ ਹਕਾਇਤ ਵਿਚ ਇਸ ਤਰ੍ਹਾਂ ਆਉਂਦਾ ਹੈ ਕਿ ਜਦ ਚਿਤਾ ਨੂੰ ਲਾਂਬੂ ਲਾਇਆ ਗਿਆ ਤਾਂ ਅਚਾਨਕ ਹੀ ਅਸਮਾਨ ਵਿਚੋਂ ਦੋ ਕਬੂਤਰ ਉਡਦੇ-ਉਡਦੇ ਚਿਖਾ ਵਿਚ ਆਣ ਪਏ ਅਤੇ ਸੜ ਕੇ ਸੁਆਹ ਹੋ ਗਏ।

ਮਹਾਰਾਜਾ ਰਣਜੀਤ ਸਿੰਘ ਬਾਰੇ ਲੋਕਧਾਰਾਈ ਸਮੱਗਰੀ ਦਾ ਦੂਜਾ ਹਿੱਸਾ ਉਸ ਬਾਰੇ ਸਿਰਜੇ ਗਏ ਕੁਝ ਲੋਕ ਗੀਤ ਹਨ। ਇਹ ਸਾਰੇ ਲੋਕ ਗੀਤ ਵੀ ਕਹਾਣੀਆਂ ਵਾਂਗ ਉਸ ਦੀ ਸ਼ਖਸੀਅਤ ਅਤੇ ਕਾਰਨਾਮਿਆਂ ਦੇ ਵੱਖ-ਵੱਖ ਪੱਖਾਂ ਬਾਰੇ ਹਨ। ਹੇਠ ਲਿਖਿਆ ਗੀਤ ਉਨ੍ਹਾਂ ਦੀ ਮਹਿਮਾ ਦਾ ਵਿਖਿਆਨ ਕਰਦਾ ਹੈ:

ਚਿੱਟੀ ਪੱਗ 'ਤੇ ਪੈ ਗਈ ਧੂੜ ਵੇ।
ਕਿਸੇ ਚੰਦਰੇ ਮਾਰਿਆ ਕੂੜ ਵੇ।
ਜਿਸ ਰਾਜੇ ਦੀ ਲਈ ਤੂੰ ਟੇਕ ਵੇ।
ਰਣਜੀਤ ਉਹ ਡਾਢਾ ਨੇਕ ਵੇ।

ਮਹਾਰਾਜੇ ਦੀ ਅਗਵਾਈ ਹੇਠ ਫੌਜ ਵਲੋਂ ਕੀਤੀ ਗਈ ਮੁਲਤਾਨ ਫਤਿਹ (1818 ਵਿਚ) ਬਾਰੇ ਲੋਕ ਗੀਤ ਮਿਲਦਾ ਹੈ, ਜੋ ਲੜਾਈ ਦਾ ਸਜੀਵ ਚਿੱਤਰ ਸਾਹਮਣੇ ਲਿਆਉਂਦਾ ਹੈ,

ਕਾਲ ਬੁਲੰਦੀ ਨਾਰਦ ਉਠਿਆ ਏ ਨੱਚ,
ਲਾਹੌਰੋਂ ਫੌਜਾਂ ਚੜ੍ਹੀਆਂ,
ਸ਼ਹਿਰ ਗਿਆ ਮੁਲਤਾਨ ਦਾ ਮੱਚ।
ਘੋੜੇ ਤੜਫਣ ਤੇ ਤੁਪਕਾਂ ਛੁੱਟਣ,
ਰਾਠਾਂ ਦੀਆਂ ਰੁਲੀਵਣ ਲਾਸ਼ਾਂ,
ਜਿਵੇਂ ਸੱਥਰ ਕਰੇਂਦੇ ਨੇ ਚਰੀਆਂ ਜੱਟ।
ਐਲੀ ਐਲੀ ਪਏ ਖਾਨ ਕਰੇਂਦੇ ਨੇ,
ਜਿਨ੍ਹਾਂ ਮਰਦਾਨਿਆਂ ਲਤ ਕੇ,
ਮਰਦ ਦਾ ਵਧਾਇਆ ਏ ਪੱਕ,
ਗੁੱਠਿਓ ਚੜ੍ਹੇ ਨੇ ਕਟਕ ਸਿੱਖਾਂ ਦੇ,
ਰੱਬੂ ਪਈ ਬਚਣੀ ਏ,
ਦਾਨਿਸ਼ਮੰਦਾਂ ਦੀ ਪੱਤ।

ਅਟਕੋਂ ਪਾਰ ਦਾ ਇਲਾਕਾ ਮਹਾਰਾਜਾ ਰਣਜੀਤ ਸਿੰਘ ਅਤੇ ਅਫਗਾਨਾਂ ਵਿਚਾਲੇ ਹਮੇਸ਼ਾ ਲੜਾਈਆਂ ਦਾ ਕਾਰਨ ਬਣਦਾ ਰਿਹਾ ਹੈ। ਇਸ ਕਸ਼ਮਕਸ਼ ਵਿਚ ਮਹਾਰਾਜੇ ਨੂੰ ਪੰਜ ਵਾਰ ਅਫਗਾਨਾਂ ਵਿਰੁਧ ਫੌਜਕਸ਼ੀ ਕਰਨੀ ਪਈ, ਜਿਨ੍ਹਾਂ ਦਾ ਸਥਾਨਕ ਲੋਕਾਂ ਦੇ ਮਨਾਂ 'ਤੇ ਤ੍ਰਾਸ ਜਿਹਾ ਛਾਇਆ ਰਿਹਾ। ਹੇਠਲੇ ਬੰਦ 'ਚ ਅਟਕ ਫਤਿਹ ਹੋਣ ਦਾ ਜ਼ਿਕਰ ਹੈ,

ਕਤਦਿਆਂ ਕਤਦਿਆਂ ਭੈਣੋਂ ਨੀ,
ਮੇਰਾ ਮੋਢਾ ਫੁਰਿਆ,
ਭੈਣੋਂ ਦਿਉਂ ਵਧਾਈਆਂ ਨੀ,
ਸਿੰਘ ਅਟਕਾਂ ਤੋਂ ਤੁਰਿਆ।

ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਪਿਛੋਂ ਜੋ ਦੋ ਐਂਗਲੋ-ਸਿੱਖ ਲੜਾਈਆਂ ਹੋਈਆਂ, ਉਨ੍ਹਾਂ ਵਿਚ ਅਨੇਕ ਸੂਰਬੀਰ ਸ਼ਹੀਦ ਹੋ ਗਏ। ਲੜਾਈਆਂ ਵਿਚ ਸਿੱਖਾਂ ਦੀ ਹਾਰ ਦਾ ਕੀ ਕਾਰਨ ਸੀ? ਲੋਕ ਕਵੀ ਅਨੁਸਾਰ ਇਹ ਮਹਾਰਾਜੇ ਦੀ ਅਣਹੋਂਦ ਸੀ। ਅੰਗਰੇਜ਼ਾਂ ਅਤੇ ਹੋਰ ਦੋਖੀਆਂ ਦੀਆਂ ਚਾਲਾਂ ਕਾਮਯਾਬ ਹੋਈਆਂ ਅਤੇ ਸਦੀਆਂ ਦੇ ਸੰਘਰਸ਼ ਵਿਚੋਂ ਪੈਦਾ ਹੋਇਆ ਪੰਜਾਬੀਆਂ ਦਾ ਸੁਤੰਤਰ ਰਾਜ ਖੁੱਸ ਗਿਆ। ਸ਼ਾਹ ਮੁਹੰਮਦੀ ਅੰਦਾਜ਼ ਵਿਚ ਲਹੂ ਦੇ ਅੱਥਰੂ ਕੇਰਦਾ ਲੋਕ ਕਵੀ ਕਹਿੰਦਾ ਹੈ,

ਇਕ ਸਰਕਾਰ ਬਾਝੋਂ,
ਪਿਆ ਉਮਰਾਂ ਦਾ ਰੋਣਾ ਵੇ।
---
ਮੰਦੇ ਹਾਲ ਬੀਮਾਰਾਂ ਦੇ,
ਫੌਜਾਂ ਹਾਰ ਗਈਆਂ।
ਬੇੜੇ ਡੁੱਬ ਗਏ ਹਜ਼ਾਰਾਂ ਦੇ।

ਮਹਾਰਾਜਾ ਰਣਜੀਤ ਸਿੰਘ ਬਾਰੇ ਪ੍ਰਾਪਤ ਇਸ ਲੋਕਧਾਰਾਈ ਸਮੱਗਰੀ ਦਾ ਸੰਖੇਪ ਵਿਸ਼ਲੇਸ਼ਣ ਨਿਸ਼ਚੇ ਹੀ ਕਈ ਭਾਵਪੂਰਤ ਸਿੱਟੇ ਦ੍ਰਿਸ਼ਟੀਗੋਚਰ ਕਰਦਾ ਹੈ। ਜਾਨ ਮੁਹੰਮਦ ਦੇ ਵਰ ਨਾਲ ਰਣਜੀਤ ਸਿੰਘ ਦੇ ਪੈਦਾ ਹੋਣ ਦੀ ਕਥਾ ਲੋਕ ਮਨਾਂ ਵਿਚ ਵੱਸ ਰਹੇ ਨਾਇਕ ਦੇ ਮੱਧਕਾਲੀ ਸੰਕਲਪ ਵਲ ਇਸ਼ਾਰਾ ਕਰਦੀ ਹੈ ਕਿ ਉਨ੍ਹਾਂ ਦਾ ਮਹਿਬੂਬ ਨਾਇਕ ਕੋਈ ਅਸਾਧਾਰਨ ਬੰਦਾ ਹੀ ਹੋ ਸਕਦਾ ਹੈ, ਬੇਸ਼ੱਕ ਇਤਿਹਾਸਕ ਸਰੋਤਾਂ ਅਨੁਸਾਰ ਮਹਾਰਾਜੇ ਦੀ ਇਕ ਅੱਖ ਵਾਲੀ ਗੱਲ ਗਲਤ ਹੈ, ਕਿਉਂਕਿ ਉਹ ਚੇਚਕ ਦੀ ਬਿਮਾਰੀ ਨਾਲ ਜਾਇਆ ਹੋਈ ਸੀ। ਮੱਧਕਾਲ ਦੇ ਬਹੁਤੇ ਨਾਇਕਾਂ ਦਾ ਜਨਮ ਵਰਦਾਨ ਦਾ ਸਿੱਟਾ ਹੈ। ਅਟਕ ਦਰਿਆ ਦੇ ਰਾਹ ਦੇਣ ਦੀ ਗੱਲ ਮਹਾਰਾਜੇ ਦੇ ਦ੍ਰਿੜ ਆਤਮ-ਵਿਸ਼ਵਾਸ, ਨਿਸ਼ਚੇ ਅਤੇ ਮੁਸੀਬਤ ਵਿਚ ਨਾ ਘਬਰਾਉਣ ਦੀ ਰੁਚੀ ਦਾ ਬੋਧ ਕਰਾਉਂਦੀ ਹੈ। ਮਿਰਾਸੀ ਅਤੇ ਲੋਭਣ ਮਾਈ ਦੀਆਂ ਕਹਾਣੀਆ ਵਿਚੋਂ ਉਸ ਦੇ ਦਾਨੀ ਅਤੇ ਸਖੀ ਹੋਣ ਦੀ ਝਲਕ ਮਿਲਦੀ ਹੈ। ਪਾਂਡੀ ਪਾਤਸ਼ਾਹ ਦੀ ਕਥਾ ਉਸ ਦੀ ਪਰਜਾ-ਪਾਲਕੀ ਵਲ ਸੰਕੇਤ ਕਰਦੀ ਹੈ। ਕੁਰਾਨ ਮਜੀਦ ਦਾ ਨੁਸਖਾ ਖਰੀਦਣ ਅਤੇ ਅਜ਼ਾਨ ਬੰਦ ਨਾ ਕਰਨਾ ਮਹਾਰਾਜਾ ਰਣਜੀਤ ਸਿੰਘ ਦੀ ਧਾਰਮਿਕ ਰਵਾਦਾਰੀ ਤੇ ਸਹਿਣਸ਼ੀਲਤਾ ਦੀਆਂ ਠੋਸ ਮਿਸਾਲਾਂ ਹਨ। ਬਲਦੀ ਚਿਤਾ ਵਿਚ ਦੋ ਕਬੂਤਰਾਂ ਦਾ ਸੜ ਮਰਨਾ ਪਰਜਾ ਵਿਚ ਉਸ ਦੀ ਮਕਬੂਲੀਅਤ ਅਤੇ ਵਿਆਕੁਲਤਾ ਦੀ ਅਲਾਮਤ ਹੈ। ਸਾਰੰਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਲੋਕਧਾਰਾਈ ਮਹਾਰਾਜਾ ਰਣਜੀਤ ਸਿੰਘ, ਇਤਿਹਾਸਕ ਰਣਜੀਤ ਸਿੰਘ ਦਾ ਹੀ ਪ੍ਰਤੌਅ ਹੈ। ਲੋਕ ਮਨਾਂ ਨੇ ਰਣਜੀਤ ਸਿੰਘ ਨੂੰ ਇਤਿਹਾਸ ਦੇ ਦਾਇਰੇ ਵਿਚੋਂ ਕੱਢ ਕੇ ਅਰਧ ਪੌਰਾਣਿਕ ਬਣਾ ਧਰਿਆ ਹੈ। ਇਹ ਯਾਤਰਾ ਨਿਸ਼ਚੇ ਹੀ ਮਹਾਰਾਜੇ ਦੀ ਚਿਰਜੀਵੀ ਪ੍ਰਾਪਤੀ ਹੈ। ਲੋਕ ਗੀਤਾਂ ਵਿਚ ਵੀ ਅਜਿਹੀਆਂ ਹੀ ਸੁਰਾਂ ਸੁਣਾਈ ਦਿੰਦੀਆਂ ਹਨ। ਮਹਾਰਾਜਾ ਰਣਜੀਤ ਸਿੰਘ ਦਾ ਬਿੰਬ ਤਿੰਨ ਧਰਾਤਲਾਂ 'ਤੇ ਅੰਕਿਤ ਹੋਇਆ ਮਿਲਦਾ ਹੈ। ਇਕ ਇਤਿਹਾਸ ਦੀਆਂ ਪੁਸਤਕਾਂ ਵਿਚ, ਦੂਜਾ ਉਸ ਦੇ ਸਮਕਾਲੀ, ਨਿਕਟ ਸਮਕਾਲੀ ਕਵੀਆਂ ਦੇ ਮਨ ਵਿਚੋਂ ਉਪਜੇ ਕਾਵਿ ਵਲਵਲਿਆਂ ਦੇ ਰੂਪ ਵਿਚ ਅਤੇ ਤੀਜਾ ਲੋਕ ਸਿਮ੍ਰਿਤੀ ਵਿਚ। ਦਿਲਚਸਪ ਗੱਲ ਹੈ ਕਿ ਇਨ੍ਹਾਂ ਵਿਚ ਕੋਈ ਵਿਰੋਧ ਨਹੀਂ, ਸਗੋਂ ਇਹ ਇਕ ਦੂਜੇ ਦੇ ਪੂਰਕ ਹਨ। ਮੱਧਕਾਲੀ ਪੰਜਾਬ ਦੇ ਪ੍ਰਸੰਗ ਵਿਚ ਬਾਬਾ ਫਰੀਦ ਅਤੇ ਗੁਰੂ ਸਾਹਿਬਾਨ ਤੋਂ ਪਿਛੋਂ ਮਹਾਰਾਜਾ ਰਣਜੀਤ ਸਿੰਘ ਹੀ ਅਜਿਹਾ ਬੰਦਾ ਹੈ, ਜਿਸ ਦਾ ਅਸਰ ਲੋਕ ਮਨਾਂ ਵਿਚ ਅੱਜ ਵੀ ਅਮਿਟ ਹੈ।

# ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੇ ਦਿਲਚਸਪ ਕਿੱਸੇ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਬਾਰੇ ਇਤਿਹਾਸਕ ਤੇ ਮਿਥਿਹਾਸਕ ਕਿੱਸਿਆਂ ਦਾ ਕੋਈ ਅੰਤ ਨਹੀਂ। ਉਸ ਦੀ ਜਵਾਨੀ ਵੇਲੇ ਮੁਗਲੀਆ ਸਲਤਨਤ ਦਾ ਪਤਨ ਹੋ ਰਿਹਾ ਸੀ ਤੇ ਅਫਗਾਨ ਹਾਕਮ ਡਾਵਾਂਡੋਲ ਸਨ। ਰਣਜੀਤ ਸਿੰਘ ਚੁੰਬਕੀ ਸ਼ਕਤੀ ਦਾ ਮਾਲਕ ਸੀ। ਉਸ ਨੇ ਆਪਣੀ ਦਿਬਦ੍ਰਿਸ਼ਟੀ ਸਦਕਾ ਇਸ ਸਿਆਸੀ ਖਲਾਅ ਦਾ ਲਾਭ ਉਠਾ ਕੇ ਅਜਿਹੀ ਸਲਤਨਤ ਕਾਇਮ ਕੀਤੀ, ਜਿਸ ਦਾ ਦਬਦਬਾ ਸਿਖਰਾਂ ਛੂਹਣ ਵਾਲਾ ਸੀ।

ਪੰਜਾਬੀ ਸਾਹਿਤਕਾਰ ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਪਰਿਵਾਰ ਨਾਲ ਸਬੰਧ ਰੱਖਣ ਵਾਲੇ ਪਰਵਾਸੀ ਪੰਜਾਬੀ ਸਰਬਪ੍ਰੀਤ ਸਿੰਘ ਨੇ ਉਸ ਦੇ ਦਰਬਾਰ ਦੀਆਂ ਦਿਲਚਸਪ ਘਟਨਾਵਾਂ ਨੂੰ ਆਪਣੀ ਅੰਗਰੇਜ਼ੀ ਵਿਚ ਲਿਖੀ 'ਕੈਮਲ ਮਰਚੈਂਟ ਆਫ ਫਿਲਾਡੈਲਫੀਆ' ਨਾਂ ਦੀ ਪੁਸਤਕ ਵਿਚ ਆਪਣੇ ਢੰਗ ਨਾਲ ਕਲਮਬੰਧ ਕੀਤਾ ਹੈ। ਇਹ ਰਚਨਾ ਸੁਣੇ ਸੁਣਾਏ ਕਿੱਸਿਆ 'ਤੇ ਆਧਾਰਤ ਹੋਣ ਦੀ ਥਾਂ ਡੂੰਘੀ ਖੋਜ ਦਾ ਨਤੀਜਾ ਹੈ।

ਸਮੇਂ ਦੇ ਹੰਗਾਮੀ ਮਾਹੌਲ ਨੂੰ ਪੇਸ਼ ਕਰਨ ਲਈ ਸਰਬਪ੍ਰੀਤ ਸਿੰਘ ਨੇ ਮਹਾਰਾਜਾ ਦਰਬਾਰ 'ਚ ਕੰਮ ਕਰਦੇ ਇੱਕ ਸ਼ੇਖੀਮਾਰ ਅਮਰੀਕਨ ਜੋਸੀਆ ਹਾਰਲਨ ਨੂੰ ਚੁਣਿਆ ਹੈ, ਜੋ ਉਨ੍ਹੀਵੀਂ ਸਦੀ ਵਿਚ ਫਿਲਾਡੈਲਫੀਆ ਤੋਂ ਚਲ ਕੇ ਮਹਾਰਾਜੇ ਦੀ ਸਿੱਖ ਸਲਤਨਤ ਵਿਚ ਨੌਕਰੀ ਕਰਨ ਆਇਆ ਸੀ। ਪੁਸਤਕ ਦਸਦੀ ਹੈ ਕਿ ਉਸ ਦਰਬਾਰ ਵਿਚ ਹਾਰਲਨ ਜਿਹੇ ਹੋਰ ਵੀ ਸਨ, ਜੋ ਹੋਰ ਦੇਸ਼ਾਂ ਤੋਂ ਆ ਕੇ ਮਹਾਰਾਜੇ ਦਾ ਪਾਣੀ ਭਰਦੇ ਰਹੇ ਹਨ। ਵੈਨਚੂਰਾ ਨਾਂ ਦੇ ਫਰਾਂਸੀਸੀ ਕਮਾਂਡਰ ਨੇ ਸਿੰਘ ਸਰਦਾਰਾਂ ਵਾਂਗ ਦਾੜ੍ਹੀ ਮੁੱਛਾਂ ਵਧਾ ਕੇ ਇਹ ਸੇਵਾ ਨਿਭਾਈ ਤੇ ਇੱਕ ਸਿੱਖ ਮਹਿਲਾ ਨਾਲ ਵਿਆਹ ਰਚਾ ਕੇ ਸਦਾ ਲਈ ਮਹਾਰਾਜੇ ਦਾ ਹੋ ਗਿਆ।

ਲੇਖਕ ਨੇ ਆਪਣੀ ਰਚਨਾ ਨੂੰ ਸਵਾਦਲੀ ਤੇ ਦਿਲਚਸਪ ਬਣਾਉਣ ਲਈ ਉਨ੍ਹਾਂ ਸਭ ਘਟਨਾਵਾਂ ਦੀ ਥਾਹ ਪਾਈ ਹੈ, ਜੋ ਰਣਜੀਤ ਸਿੰਘ ਦੇ ਦਰਬਾਰ ਨਾਲ ਸੱਚੇ ਜਾਂ ਝੂਠੇ ਰੂਪ ਵਿਚ ਜੁੜੀਆਂ ਹੋਈਆਂ ਹਨ। ਖੂਬੀ ਇਹ ਕਿ ਉਸ ਨੇ ਪਹਿਲੇ ਰਚਨਾਕਾਰਾਂ ਦੇ ਬਿਆਨਾਂ ਨੂੰ ਛੱਜ ਵਿਚ ਛੰਡਿਆ ਹੈ। ਪ੍ਰਮਾਣ ਵਜੋਂ ਉਹ ਡੋਗਰਾ ਭਰਾਵਾਂ ਦੇ ਸੁਭਾਅ ਨੂੰ ਪਾਸਕੂ ਵਾਲੀ ਤੱਕੜੀ ਨਾਲ ਨਹੀਂ ਤੋਲਦਾ, ਮਾਨਵਤਾ ਦੀ ਭੱਠੀ 'ਚ ਮਘਾ ਕੇ ਵੇਖਦਾ ਹੈ। ਲੇਖਕ ਅਨੁਸਾਰ ਡੋਗਰਾ ਭਰਾ ਸਥਿਤੀਆਂ ਦਾ ਸ਼ਿਕਾਰ ਸਨ। ਅਜਿਹੀ ਸਥਿਤੀ ਦੇ ਸ਼ਿਕਾਰ ਇਕ ਬਰਾਡਫਟ ਨਾਂ ਦੇ ਬਰਤਾਨਵੀ ਏਜੰਟ ਦੇ ਮੂੰਹੋਂ ਲੇਖਕ ਇਹ ਵਾਕ ਵੀ ਅਖਵਾਉਂਦਾ ਹੈ, "ਕਦੀ ਕਦੀ ਮੈਨੂੰ ਇਓਂ ਜਾਪਦਾ ਹੈ ਕਿ ਮੈਂ ਕਿਸੇ ਹਾਕਮ ਦਾ ਪ੍ਰਤੀਨਿਧ ਬਣ ਕੇ ਦੂਜੇ ਹਾਕਮ ਨਾਲ ਗੱਲ ਨਹੀਂ ਕਰਦਾ, ਸਗੋਂ ਕਿਸੇ ਚਕਲੇ ਦੇ ਦੱਲੇ ਦਾ ਰੋਲ ਨਿਭਾ ਰਿਹਾ ਹਾਂ।" ਫਿਲਾਡੈਲਫੀਆ ਤੋਂ ਆਏ ਊਠਾਂ ਦੇ ਵਪਾਰੀ ਦਾ ਕਿੱਸਾ ਵੀ ਇਸੇ ਰੌਂਅ ਵਿਚ ਹੈ।

ਇਸ ਪੁਸਤਕ ਦੀ ਵੱਡੀ ਸ਼ਕਤੀ ਇਸ ਦੇ ਇਤਿਹਾਸਕ ਪਾਤਰਾਂ ਦੀ ਉਸਾਰੀ ਹੈ। ਮਹਾਰਾਜਾ ਰਣਜੀਤ ਸਿੰਘ ਦੀ ਸੱਸ ਸਦਾ ਕੌਰ ਹੋਵੇ ਜਾਂ ਮੁਸਲਿਮ ਕੰਚਨੀ ਮੋਰਾਂ ਨਾਲ ਵਿਆਹ ਕਰਵਾਉਣ 'ਤੇ ਮਹਾਰਾਜੇ ਨੂੰ ਜਨਤਕ ਤੌਰ 'ਤੇ ਕੋਰੜੇ ਮਾਰਨ ਵਾਲਾ ਅਕਾਲੀ ਫੂਲਾ ਸਿੰਘ-ਸਭਨਾਂ ਦੇ ਗੁਣ-ਔਗੁਣ ਉਭਾਰਨ ਵਿਚ ਲੇਖਕ ਨੇ ਢੁਕਵੀਂ ਸ਼ੈਲੀ ਤੇ ਸ਼ਬਦਾਵਲੀ ਵਰਤੀ ਹੈ। ਪੰਜਾਬ ਦੇ ਰਾਜੇ ਮਹਾਰਾਜੇ ਤੇ ਲਾਹੌਰ ਵਰਗੇ ਵੱਡੇ ਸ਼ਹਿਰਾਂ ਨੂੰ ਲੁੱਟਣ ਵਾਲੇ ਸਿੱਖ ਸਰਦਾਰ ਵੀ ਨਹੀਂ ਬਖਸ਼ੇ।

ਲੇਖਕ ਦੀ ਉਚੇਚੀ ਦੇਣ ਉਸ ਕਾਲ ਦੀਆਂ ਸਿੱਖ ਤੇ ਅਫਗਾਨ ਔਰਤਾਂ ਦੀ ਦਲੇਰੀ ਨੂੰ ਉਭਾਰਨ ਵਿਚ ਹੈ। ਲੇਖਕ ਨੇ ਮਹਾਰਾਜੇ ਦੀ ਉਸ ਰਾਜਨੀਤਕ ਚਤੁਰਾਈ ਨੂੰ ਵੀ ਖੂਬ ਉਭਾਰਿਆ, ਜੋ ਉਸ ਨੇ ਈਸਟ ਇੰਡੀਆ ਕੰਪਨੀ ਨਾਲ ਅਹਿਦਨਾਮਾ ਕਰਕੇ ਗੋਰਿਆਂ ਦਾ ਪੰਜਾਬ ਵਲ ਵਧਣਾ ਬੰਦ ਕੀਤਾ; ਤੇ ਇਹ ਵੀ ਕਿ ਮਹਾਰਾਜੇ ਦੇ ਅਕਾਲ ਚਲਾਣੇ ਤੋਂ ਪਿਛੋਂ ਏਨੀ ਸ਼ਕਤੀਸ਼ਾਲੀ ਸਲਤਨਤ ਕਿਵੇਂ ਈਸਟ ਇੰਡੀਆ ਕੰਪਨੀ ਦੀ ਝੋਲੀ ਜਾ ਪਈ। ਲੇਖਕ ਨੇ ਮਹਾਰਾਜੇ ਨੂੰ ਅਸਲੀ ਬਾਦਸ਼ਾਹਾਂ ਵਰਗਾ ਸਖਤ ਵੀ ਦਰਸਾਇਆ ਹੈ ਅਤੇ ਗਰੀਬ ਗੁਰਬਿਆਂ ਤੇ ਲੋੜਵੰਦਾਂ ਦਾ ਹਮਦਰਦ ਵੀ। ਲੇਖਕ ਅਨੁਸਾਰ ਉਸ ਨੇ ਹਾਰੇ ਹੋਏ ਦੁਸ਼ਮਣ ਨੂੰ ਕਦੀ ਆਪਣੇ ਗੁੱਸੇ ਦਾ ਸ਼ਿਕਾਰ ਨਹੀਂ ਬਣਾਇਆ।

ਇਹ ਦੱਸਣਾ ਵੀ ਯੋਗ ਹੋਵੇਗਾ ਕਿ ਮਹਾਰਾਜਾ ਰਣਜੀਤ ਸਿੰਘ ਜਾਂ ਧਾੜਵੀ ਸਿੰਘ ਸਰਦਾਰਾਂ ਦੇ ਸੁਭਾਅ ਤੇ ਬਿਰਤੀ ਦੀ ਪੇਸ਼ਕਾਰੀ ਲਈ ਵੱਖਰੀ ਸ਼ੈਲੀ ਵਰਤਣ ਵਾਲਾ ਸਰਬਪ੍ਰੀਤ ਸਿੰਘ ਪਹਿਲਾ ਲੇਖਕ ਨਹੀਂ। ਇਸ ਤੋਂ ਪਹਿਲਾਂ ਖੁਸ਼ਵੰਤ ਸਿੰਘ ਵੀ ਮਾਅਰਕੇ ਦਾ ਲੇਖਕ ਹੋਇਆ ਹੈ, ਜੋ ਤੱਥਾਂ ਦੀ ਥਾਂ ਰੌਚਕਤਾ ਨੂੰ ਤਰਜੀਹ ਦਿੰਦਾ ਸੀ।

ਜਾਇਸ ਪੈਟੀਗਰੀਊ ਨਾਂ ਦੀ ਇਕ ਲੇਖਕਾ ਨੇ ਸਿੱਖ ਜੱਟਾਂ ਦੀਆਂ ਸਿਆਸੀ ਗਤੀਵਿਧੀਆਂ 'ਤੇ ਇਕ ਪੁਸਤਕ 'ਰਾਬਰ ਨੌਬਲਮੈਨ' ਲਿਖੀ ਹੈ, ਜਿਸ ਵਿਚ ਉਸ ਨੇ ਧਾੜਵੀ ਸਰਦਾਰਾਂ ਦੀ ਲੁੱਟ ਖਸੁੱਟ ਵਾਲੀ ਬਿਰਤੀ ਨੂੰ ਵੀ ਉਭਾਰਿਆ ਤੇ ਵਿਆਹ ਸ਼ਾਦੀਆਂ ਰਾਹੀਂ ਉਚੇਰੇ ਸਬੰਧ ਕਾਇਮ ਕਰਨ 'ਤੇ ਵੀ ਪੂਰਾ ਚਾਨਣਾ ਪਾਇਆ ਹੈ। ਸਰਬਪ੍ਰੀਤ ਸਿੰਘ ਨੇ ਮਹਾਰਾਜੇ ਦੀ ਧਰਮ ਨਿਰਪੱਖ ਧਾਰਨਾ ਨੂੰ ਉਭਾਰਿਆ ਹੈ।



ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦਾ ਇਕ ਚਿੱਤਰ।

**ਅੰਤਿਕਾ: ਅਬਦੁਲ ਹਮੀਦ ਅਦਮ**

1. ਚੰਦ ਕਤਰੋਂ ਸੇ ਫਕੀਰੋਂ ਕੀ
ਨਾ ਦਾਵਤ ਕੀਜੀਏ,
ਰਹਿਨੇ ਦੀਜੀਏ ਯੇਹ ਕਿਸੀ
ਔਰ ਕੇ ਕਾਮ ਆਏਂਗੇ।

2. ਮੈ ਕੇ ਬਾਰੇ ਮੇਂ ਅਦਮ
ਇਤਨੀ ਖਬਰ ਹੈ ਹਮਕੋ,
ਚੀਜ਼ ਅੱਛੀ ਹੈ ਤਬੀਅਤ ਕੀ
ਰਵਾਨੀ ਕੇ ਲੀਏ।

# ਹਲੀਮੀ ਦਾ ਹੰਕਾਰ

ਹੰਕਾਰ ਕਈ ਰੂਪਾਂ ਵਿਚ ਵਿਚਰਦਾ ਏ। ਕਿਤੇ ਅਮੀਰੀ ਦਾ, ਤੇ ਕਿਤੇ ਫਕੀਰੀ ਦਾ ਵੀ। ਕਿਤੇ ਚੜ੍ਹਦੀ ਜਵਾਨੀ ਮੋਢਿਆਂ ਤੋਂ ਥੁੱਕਦੀ ਏ ਤਾਂ ਕਿਤੇ ਵਡੇਰੀ ਉਮਰ ਵੀ ਤੱਕਲਿਓਂ ਤੜਿੰਗ ਹੋ ਜਾਂਦੀ ਏ ਕਿ ਇਨ੍ਹਾਂ ਨੂੰ ਕੀ ਪਤਾ, ਕੱਲ੍ਹ ਦੇ ਜੰਮਿਆਂ ਨੂੰ? ਕਿਸੇ ਪਾਸੇ ਹੰਕਾਰ ਕਿਸੇ ਦੇ ਸਵੈਮਾਣ ਨੂੰ ਠੋਕਰ ਮਾਰਦਾ ਏ ਤੇ ਕਿਤੇ ਸਵੈਮਾਣ ਈ ਹੰਕਾਰ ਦਾ ਰੂਪ ਲੈ ਕੇ ਤਬਾਹੀ ਲਿਆਉਂਦਾ ਏ। ਅੱਜ ਜੋ ਬੰਦਾ ਮਾਇਆ ਦੇ ਗੁਮਾਨ 'ਚ ਆਕੜ ਕੇ ਤੁਰਦਾ ਏ, ਕੱਲ੍ਹ ਨੂੰ ਓਹੀ ਮਾਇਆ ਤਿਆਗ ਕੇ ਵੀ ਆਕੜਿਆ ਫਿਰਦਾ ਏ ਕਿ ਮੇਰੇ ਵਰਗਾ ਕੌਣ ਏ, ਜੋ ਕਰੋੜਾਂ ਦੀ ਜਾਇਦਾਦ ਨੂੰ ਠੋਕਰ ਮਾਰ ਸਕਦਾ ਹੋਵੇ। ਰੱਸੀ ਸੜ੍ਹ ਤਾਂ ਗਈ, ਪਰ ਵੱਟ ਨਾ ਲੱਥਾ। ਹੰਕਾਰ ਜਦ ਵੀ ਲੰਘਦਾ ਏ ਤਾਂ ਬਾਕੀ ਚਾਰ ਭਾਈਵੰਦਾਂ-ਕਾਮ, ਕਰੋਧ, ਲੋਭ, ਮੋਹ 'ਚੋਂ ਵੀ ਕਿਸੇ ਨਾ ਕਿਸੇ ਨੂੰ ਨਾਲ ਲੈ ਕੇ ਤੁਰਦਾ ਏ, ਤੇ ਤਬਾਹੀ ਲਿਆਉਂਦਾ ਏ। ਲਚਕ ਜਿਉਂਦੇ ਮਨੁੱਖ ਦੀ ਨਿਸ਼ਾਨੀ ਐ, ਜੋ ਵਕਤ ਅਨੁਸਾਰ ਢਲ ਜਾਵੇ, ਰੁੱਖਾਂ ਵਾਂਗ ਪੱਤੇ ਝਾੜ ਕੇ ਸਰਦ ਰੁੱਤ ਕੱਟ ਲਵੇ, ਜੜ੍ਹਾਂ ਤੋਂ ਨਾ ਉਖੜੇ ਤੇ ਮੌਸਮ ਸਾਜਗਾਰ ਹੋਣ 'ਤੇ ਮੁੜ ਹਰਿਆ ਭਰਿਆ ਹੋ ਜਾਵੇ।




**ਦਵਿੰਦਰ ਸਿੰਘ ਜੌਹਲ**

**ਬਰਮਿੰਘਮ, ਇੰਗਲੈਂਡ।**
**ਫੋਨ: 0044-7845217455**
**E-mail: ds95200@gmail.com**


ਗੁਰਬਾਣੀ ਵੀ ਇਸ ਗੱਲ 'ਤੇ ਮੋਹਰ ਲਾਉਂਦੀ ਏ, "ਵਖਤੁ ਵੀਚਾਰੇ ਸੁ ਬੰਦਾ ਹੋਇ॥" ਪਰ ਇਹ ਗੱਲਾਂ ਆਪਣੇ ਆਪ ਈ ਸਮਝ ਆ ਜਾਣ ਤਾਂ ਖੁਸ਼ਕਿਸਮਤੀ ਏ ਇਨਸਾਨ ਦੀ, ਨਹੀਂ ਤਾਂ ਕਈ ਵਾਰ ਜ਼ਿੰਦਗੀਆਂ ਬਰਬਾਦ ਹੋ ਜਾਂਦੀਆਂ ਨੇ, ਪੀੜ੍ਹੀਆਂ ਖਤਮ ਹੋ ਜਾਂਦੀਆਂ ਨੇ, ਵੱਸਦੇ ਰਸਦੇ ਘਰਾਂ ਦੇ ਚੁੱਲ੍ਹਿਆਂ 'ਚ ਘਾਹ ਉਗ ਪੈਂਦੇ ਨੇ।

ਕੋਈ 40-45 ਸਾਲ ਪਹਿਲਾਂ ਦੀ ਇਕ ਯਾਦ ਜ਼ਿਹਨ ਵਿਚ ਤੈਰ ਰਹੀ ਏ। ਮੇਰੇ ਪਿੰਡ ਦੇ ਚੜ੍ਹਦੇ ਪਾਸੇ ਗੁਰਦੁਆਰੇ ਤੇ ਸਕੂਲ ਦੇ ਨਾਲ ਕਰੀਬ ਦੋ ਕਨਾਲ ਥਾਂ ਸੀ, ਜਿਸ ਦੀ ਚਾਰ-ਦੀਵਾਰੀ ਤਾਂ ਸੀ, ਪਰ ਗੇਟ ਨਹੀਂ ਸੀ। ਵਿਚਾਲੇ ਕਰਕੇ ਛੇ ਕੁ ਸ਼ਤੀਰਾਂ ਦਾ ਗੁਰੂ ਘਰ ਬਣਿਆ ਹੋਇਆ ਸੀ, ਪਰ ਪੱਕਾ ਸੇਵਾਦਾਰ ਕੋਈ ਨਹੀਂ ਸੀ। ਦਿਨ ਤਿਉਹਾਰ ਤੇ ਪਿੰਡ ਵਾਲਿਆਂ 'ਚੋਂ ਕੁਝ ਬੰਦੇ ਰਲ ਕੇ ਪ੍ਰਕਾਸ਼ ਕਰਦੇ, ਪਰ ਜ਼ਿਆਦਾਤਰ ਜਿੰਦਰਾ ਈ ਲੱਗਾ ਰਹਿੰਦਾ। ਇੱਕ ਖੂਹ ਤੇ ਪੁਰਾਣੀ ਹਲਟ ਸੀ, ਬੇ-ਆਬਾਦ। ਟਿੰਡਾਂ ਟੁੱਟ ਕੇ ਖੂਹ ਵਿਚ ਡਿੱਗੀਆਂ ਹੋਈਆਂ ਸਨ, ਮੌਣ ਵੀ ਢੱਠੀ ਹੋਈ ਸੀ। ਖਾਲੀ ਥਾਂ 'ਤੇ ਸਫਾਈ ਦੀ ਘਾਟ ਕਾਰਨ ਵੱਡਾ ਵੱਡਾ ਘਾਹ ਉਗਿਆ ਹੋਇਆ ਸੀ ਤੇ ਸਿਊਂਕ ਨੇ ਘਰ ਪਾਏ ਹੋਏ ਸਨ, ਉਚੇ ਉਚੇ, ਜਿਨ੍ਹਾਂ ਵਿਚ ਸੱਪਾਂ ਨੇ ਵਰਮੀਆਂ ਬਣਾਈਆਂ ਹੋਈਆਂ ਸਨ। ਮਾਪੇ ਬੱਚਿਆਂ ਨੂੰ ਓਧਰ ਜਾਣ ਤੋਂ ਵਰਜਦੇ।

ਫਿਰ ਇੱਕ ਦਿਨ ਅਚਾਨਕ ਗੁਰਦੁਆਰੇ ਤੋਂ ਸਪੀਕਰ ਦੀ ਅਵਾਜ਼ ਆਈ ਕਿ ਗੁਰਦੁਆਰਾ ਸਾਹਿਬ ਵਿਚ ਇੱਕ ਸੰਤ ਆਏ ਨੇ, ਜੋ ਪੱਕੇ ਤੌਰ 'ਤੇ ਸੇਵਾ ਸੰਭਾਲ ਕਰਨਗੇ ਤੇ ਇਥੇ ਈ ਰਹਿਣਗੇ। ਸ਼ਾਮ ਦਾ ਵਕਤ ਸੀ, ਲੋਕ ਵਹੀਰਾਂ ਘੱਤ ਕੇ ਆਣ ਪੁੱਜੇ। ਜਦ ਵੇਖਿਆ ਤਾਂ ਉਥੇ ਇੱਕ ਸਾਧੂ ਆਇਆ ਹੋਇਆ ਸੀ। ਉਮਰ ਹੋਵੇਗੀ ਕੋਈ ਚਾਲੀ ਕੁ ਦੇ ਗੇੜ 'ਚ। ਗੇਰੂਆ ਕੁੜਤਾ, ਪੀਲਾ ਚਾਦਰਾ, ਸਿਰ 'ਤੇ ਲੰਮੀਆਂ ਤੇ ਸੰਘਣੀਆਂ ਜਟਾਂ, ਜੋ ਧਰਤੀ ਛੂੰਹਦੀਆਂ ਸਨ। ਕਣਕ ਵੰਨਾ ਰੰਗ, ਤਿੱਖੇ ਨੈਣ ਨਕਸ਼, ਤੇਜੱਸਵੀ ਚਿਹਰਾ ਤੇ ਨਾਂ ਸੀ, ਗੋਪਾਲ ਦਾਸ। ਕੁਝ ਲੋਕ ਆਪ ਮੁਹਾਰੇ ਕਹੀਆਂ-ਬਾਲਟੇ ਲੈ ਕੇ ਸਾਫ-ਸਫਾਈ ਨੂੰ ਜੁੱਟੇ ਹੋਏ ਸਨ। ਕੁਝ ਖੂਹ ਦੀ ਸਫਾਈ ਕਰ ਰਹੇ ਸਨ। ਲੋਕਾਂ ਦਾ ਉਤਸ਼ਾਹ ਵੇਖਣਯੋਗ ਸੀ।

ਕੁਝ ਈ ਦਿਨਾਂ 'ਚ ਗੁਰਦੁਆਰੇ ਦੀ ਕਾਇਆ ਕਲਪ ਹੋ ਗਈ ਤੇ ਖੂਹ ਨੂੰ ਨਵੀਆਂ ਟਿੰਡਾਂ ਵੀ ਪੈ ਗਈਆਂ, ਪੈਰਾਂ ਨਾਲ ਗੇੜ ਕੇ ਲੋਕ ਚਾਈਂ ਚਾਈਂ ਪਾਣੀ ਭਰ ਲੈਂਦੇ। ਵਰਮੀਆਂ ਗਾਇਬ ਹੋ ਗਈਆਂ, ਬੀਆਬਾਨ ਥਾਂ ਸੋਹਣੀ ਫੁਲਵਾੜੀ 'ਚ ਬਦਲ ਗਈ। ਨਵਾਂ ਨਿਸ਼ਾਨ ਸਾਹਿਬ, ਨਵਾਂ ਥੜ੍ਹਾ, ਮਰਕਰੀ ਬਲਬ, ਵਾਤਾਵਰਣ 'ਚ ਧੂਫ ਦੀ ਮਹਿਕ।

ਗੱਲ ਕੀ, ਸਿਰਫ ਇੱਕ ਬੰਦੇ ਦੇ ਆਉਣ ਨਾਲ ਉਸ ਚੌਰਸ ਜਿਹੇ ਵਲਗਣ ਵਿਚ ਰੂਹ ਪੈ ਗਈ। ਬਾਬਾ ਗੋਪਾਲ ਦਾਸ ਜਦ ਸ਼ਾਮ ਨੂੰ ਰਹਿਰਾਸ ਦੇ ਪਾਠ ਤੋਂ ਪਹਿਲਾਂ ਸੰਖ ਪੂਰਦਾ ਤਾਂ ਹੱਥ ਆਪ ਮੁਹਾਰੇ ਸ਼ਰਧਾ ਨਾਲ ਜੁੜ ਜਾਂਦੇ। ਪਾਠ ਕਰਦਾ ਤਾਂ ਜਾਪਦਾ ਜਿਵੇਂ ਸਾਰੀ ਕਾਇਨਾਤ ਸੁਣਦੀ ਹੋਵੇ। ਦਿਨ ਰਾਤ ਰੌਣਕ ਬੱਝ ਗਈ, ਨਵੇਂ ਪੱਖੇ ਲੱਗ ਗਏ, ਕੁਝ ਲੋਕ ਰਾਤ ਨੂੰ ਵੀ ਉਥੇ ਈ ਬਾਬੇ ਕੋਲ ਟਿਕ ਜਾਂਦੇ। ਜਾਦੂਮਈ ਮਾਹੌਲ ਉਸਰ ਗਿਆ। ਬਾਬੇ ਦੇ ਰਹਿਣ ਲਈ ਇੱਕ ਨੁੱਕਰ ਵਿਚ ਇੱਕ ਕਮਰਾ ਤੇ ਵਰਾਂਡਾ ਛੱਤ ਦਿੱਤਾ ਤੇ ਨਾਲ ਲੱਗਦੀ ਰਸੋਈ ਵੀ।

ਬਾਬਾ ਗੋਪਾਲ ਦਾਸ ਗੁਰਬਾਣੀ ਦਾ ਚੰਗਾ ਗਿਆਤਾ ਸੀ, ਹਾਰਮੋਨੀਅਮ ਤੇ ਢੋਲਕੀ ਵੀ ਜਾਣਦਾ ਸੀ, ਕਦੇ ਮਾੜਾ ਕੱਪੜਾ ਨਹੀਂ ਸੀ ਪਾਉਂਦਾ ਤੇ ਵੰਡ ਛਕਣ ਦਾ ਧਾਰਨੀ ਸੀ। ਛੋਟੀ ਉਮਰੇ ਘਰ ਤਿਆਗ ਕੇ ਅਖਾੜਾ ਬ੍ਰਹਮਬੂਟੇ ਨਾਲ ਵਿਚਰਿਆ ਸੀ, ਆਯੁਰਵੈਦਿਕ ਦਵਾਈਆਂ ਦਾ ਚੰਗਾ ਮਾਹਰ ਤੇ ਦਵਾ ਦਾਰੂ ਲਈ ਕਦੀ ਕਿਸੇ ਤੋਂ ਹੱਥ ਅੱਡ ਕੇ ਪੈਸੇ ਨਹੀਂ ਸੀ ਮੰਗਦਾ; ਜੋ ਕਿਸੇ ਦੀ ਸ਼ਰਧਾ ਹੋਵੇ, ਦੇ ਜਾਂਦਾ। ਉਹ ਹਰ ਸੰਗਰਾਂਦ ਅਤੇ ਗੁਰਪੁਰਬ 'ਤੇ ਪਾਠ ਕਰਾਉਂਦਾ, ਪਰ ਉਗਰਾਹੀ ਨੂੰ ਕਦੀ ਨਹੀਂ ਸੀ ਤੁਰਿਆ, ਕਈ ਵਾਰ ਪੱਲਿਓਂ ਵੀ ਖਰਚਾ ਦਿੰਦਾ। ਉਸ ਦੀ ਸੋਭਾ ਦਾ ਡੰਕਾ ਪੂਰੇ ਇਲਾਕੇ 'ਚ ਗੂੰਜਦਾ ਸੀ।

ਕੁਝ ਸਮੇਂ ਬਾਅਦ ਗੋਪਾਲ ਦਾਸ ਦੇ ਪੁਰਾਣੇ ਅਖਾੜੇ ਵਾਲੇ ਸਾਥੀ ਸਾਧੂ ਪੂਰੇ ਲਾਮ ਲਸ਼ਕਰ ਸਮੇਤ ਪੜਾਅ ਕਰਨ ਪਿੰਡ ਆਏ, ਜੋ ਇੱਕ ਹਜੂਮ ਦੀ ਸ਼ਕਲ ਵਿਚ ਚੱਲਦੇ ਸਨ। ਕੋਈ 35-40 ਸਾਧੂ, ਇੱਕ ਹਾਥੀ, ਕੁਝ ਕੁ ਘੋੜਾ ਗੱਡੀਆਂ ਬਜੁਰਗ ਸਾਧੂਆਂ ਲਈ, ਤੇ ਬਾਕੀ ਸਭ ਪੈਦਲ। ਜਦ ਉਨ੍ਹਾਂ ਪਿੰਡ ਵਿਚ ਉਤਾਰਾ ਕੀਤਾ ਤਾਂ ਸਾਰਾ ਪਿੰਡ ਉਨ੍ਹਾਂ ਨੂੰ ਵੇਖਣ ਆਣ ਪੁੱਜਾ। ਉਹ ਕੋਈ ਸੱਤ ਦਿਨ ਪਿੰਡ ਰੁਕੇ, ਪਿੰਡ ਨੇ ਰਲ ਕੇ ਸਭ ਦੀ ਸੋਹਣੀ ਸੇਵਾ ਸੰਭਾਲ ਕੀਤੀ। ਉਨ੍ਹਾਂ ਦੇ ਪੜਾਅ ਦੌਰਾਨ ਲੜੀਵਾਰ ਅਖੰਡ ਪਾਠ ਚੱਲਦੇ ਰਹੇ, ਹਰ ਸ਼ਾਮ ਸਾਰੇ ਸਾਧੂ ਇਕੱਠੇ ਹੋ ਕੇ ਆਰਤੀ ਉਚਾਰਣ ਕਰਦੇ, ਥਾਲੀਆਂ ਵਿਚ ਆਟੇ ਦੇ ਦੀਵੇ ਬਾਲ ਕੇ ਐਨੀ ਸ਼ਰਧਾ ਤੇ ਪਿਆਰ ਨਾਲ ਆਰਤੀ ਉਤਾਰਦੇ ਕਿ ਵੇਖਣ ਵਾਲਾ ਹਰ ਸ਼ਖਸ ਕੀਲਿਆ ਜਾਂਦਾ, ਪਰਮਾਤਮਾ ਦੀ ਉਪਮਾ ਤੋਂ ਬਲਿਹਾਰੇ ਜਾਂਦਾ। ਜਿੰਨੇ ਦਿਨ ਸਾਧੂ ਰਹੇ, ਰੌਣਕਾਂ ਲੱਗੀਆਂ ਰਹੀਆਂ। ਆਖਰੀ ਦਿਨ ਉਨ੍ਹਾਂ ਨੇ ਸਾਰੇ ਪਿੰਡ ਦੀ ਪਰਿਕਰਮਾ ਕੀਤੀ, ਜਿਸ ਵਿਚ ਹਾਥੀ ਵੀ ਸ਼ਾਮਲ ਸੀ। ਪਿੰਡ ਵਿਚ ਵਿਆਹ ਵਰਗਾ ਮਾਹੌਲ ਸੀ। ਜਿਸ ਦਿਨ ਉਨ੍ਹਾਂ ਦਾ ਕਾਫਲਾ ਅਗਲੇ ਸਾਲ ਫਿਰ ਆਉਣ ਦਾ ਵਾਅਦਾ ਕਰਕੇ ਪਿੰਡ ਤੋਂ ਰਵਾਨਾ ਹੋਇਆ, ਵੀਰਾਨਗੀ, ਉਦਾਸੀ ਛਾ ਗਈ।

ਸਮਾਂ ਪਾ ਕੇ ਗੋਪਾਲ ਦਾਸ ਪੱਕੇ ਪੈਰ ਲਾ ਗਿਆ। ਸੰਗਰਾਂਦ, ਗੁਰਪੁਰਬ ਆਦਿ ਮੌਕੇ ਜਿਵੇਂ ਕਿਵੇਂ ਅਖੰਡ ਪਾਠ ਕਰਵਾਉਂਦਾ ਰਿਹਾ। ਇਸ ਤੋਂ ਇਲਾਵਾ ਕੁਝ ਉਹ ਥਾਂਵਾਂ, ਜਿਨ੍ਹਾਂ ਬਾਰੇ ਕਈ ਦੰਦ ਕਥਾਵਾਂ ਚੱਲਦੀਆਂ ਸਨ ਕਿ ਜੇ ਕਿਸੇ ਨੇ ਝਾੜੀ ਵੀ ਕੱਟੀ ਤਾਂ ਫਨਾਹ ਹੋ ਜਾਵੇਗਾ, ਉਥੇ ਬਾਬੇ ਨੇ ਆਪ ਅੱਗੇ ਹੋ ਕੇ ਸਾਫ ਸਫਾਈ ਕਰਵਾਈ, ਅਖੰਡ ਪਾਠ ਕਰਵਾਏ, ਜਿਸ ਨਾਲ ਉਸ ਦੀ ਮਾਨਤਾ ਤੇ ਪ੍ਰਸਿੱਧੀ ਹੋਰ ਵਧ ਗਈ। ਉਸ ਦੀ ਹਿਕਮਤ ਅਕਸਰ ਲੋਕਾਂ ਦੇ ਕੰਮ ਆਉਣ ਲੱਗੀ, ਦਾੜ੍ਹ ਦਰਦ, ਕੰਨ ਦਰਦ, ਪੇਟ ਦਰਦ, ਅੱਧੇ ਸਿਰ ਦੀ ਦਰਦ, ਧਰਨ ਵਗੈਰਾ ਦਾ ਇਲਾਜ ਉਹ ਬਿਨਾ ਦਵਾਈ, ਗੁਰਬਾਣੀ ਨਾਲ ਈ ਕਰ ਦਿੰਦਾ।

ਕੋਈ ਅੱਧੀ ਰਾਤ ਵੀ ਅਵਾਜ਼ ਮਾਰੇ ਤਾਂ ਉਠ ਪੈਂਦਾ ਇਲਾਜ ਕਰਨ ਨੂੰ। ਉਹ ਪਾਠ ਉਪਰੰਤ ਅਰਦਾਸ ਵਿਚ ਬੋਲਿਆ ਕਰਦਾ ਸੀ ਕਿ ਹੇ ਅਕਾਲ ਪੁਰਖ ਵਾਹਿਗੁਰੂ! ਨਗਰ ਖੇੜੇ, ਮਾਲ ਮਨੁੱਖੀਂ ਸੁੱਖ ਵਰਤਾਉਣਾ। ਜਦ ਕਦੀ ਗੜੇ ਪੈਣੇ ਤਾਂ ਨੰਗੇ ਪੈਰੀਂ ਬਾਹਰ ਨਿਕਲ ਕੇ ਸ਼ੰਖ ਪੂਰਦਾ, ਜਿਵੇਂ ਨਗਰ ਦੀ ਸਲਾਮਤੀ ਲਈ ਕੂਕ ਰਿਹਾ ਹੋਵੇ ਤੇ ਜਾਪਣਾ ਜਿਵੇਂ ਰੱਬ ਸੱਚੀਂ ਉਹਦੇ ਆਖੇ ਲੱਗ ਗਿਆ ਹੋਵੇ।

ਪਰ ਉਸ ਦੀ ਮਾਨਤਾ ਕੁਝ ਚਿਰ ਪਿਛੋਂ ਕੁਝ ਲੋਕਾਂ ਨੂੰ ਰੜਕਣ ਲੱਗੀ। ਇੱਕ ਵਾਰ ਤਾਂ ਇੱਕ ਬੰਦੇ ਨੇ ਆਨੇ ਬਹਾਨੇ ਉਸ 'ਤੇ ਹੱਥ ਵੀ ਚੁੱਕ ਲਿਆ, ਜਟਾਂ ਦਾ ਗੁੱਛਾ ਈ ਪੁੱਟ ਸੁੱਟਿਆ, ਜੋ ਗੋਪਾਲ ਦਾਸ ਨੇ ਬਾਅਦ ਵਿਚ ਵੀ ਸਾਂਭ ਛੱਡਿਆ ਸੀ। ਉਹ ਕਿਧਰੇ ਪੁਲਿਸ ਕੋਲ ਫਰਿਆਦੀ ਤਾਂ ਨਾ ਹੋਇਆ ਪਰ ਸੁਭਾਅ ਵਿਚ ਕੁਝ ਤਲਖੀ ਜ਼ਰੂਰ ਆ ਗਈ। ਜਦ ਕਦੀ ਸੁਖਮਨੀ ਸਾਹਿਬ ਦਾ ਪਾਠ ਕਰਦਾ ਤਾਂ ਜੋਸ਼ ਵਿਚ ਆ ਜਾਂਦਾ,

ਸੰਤ ਕਾ ਦੋਖੀ ਅਧ ਬੀਚ ਤੇ ਟੂਟੈ॥
ਸੰਤ ਕਾ ਦੋਖੀ ਕਿਤੈ ਕਾਜਿ ਨਾ ਪਹੂਚੈ॥

ਇਹ ਅਸ਼ਟਪਦੀ ਪੜ੍ਹਦਿਆਂ ਕਈ ਵਾਰ ਜਾਪਦਾ ਕਿ ਦਿਲੋਂ ਕਿਸੇ ਨੂੰ ਬਦ ਦੁਆ ਈ ਦੇ ਰਿਹਾ ਹੋਵੇ।

ਫਿਰ ਕੁਝ ਅਰਸੇ ਪਿਛੋਂ ਦੋ ਬੰਦੇ ਸ਼ਾਮ ਨੂੰ ਬਾਬਾ ਗੋਪਾਲ ਦਾਸ ਕੋਲ ਆਏ। ਬਾਬੇ ਨੇ ਰੋਟੀ-ਪਾਣੀ ਛਕਾਇਆ ਤੇ ਉਹ ਰਾਤ ਉਥੇ ਹੀ ਰੁਕ ਗਏ। ਅੱਧੀ ਕੁ ਰਾਤ ਨੂੰ ਉਹੀ ਬੰਦੇ ਬਾਬੇ ਨੂੰ ਕਿਰਪਾਨ ਨਾਲ ਮਾਰਨ ਪੈ ਗਏ, ਪਰ ਬਾਬੇ ਨੇ ਨੰਗੀ ਤਲਵਾਰ ਹੱਥਾਂ ਨਾਲ ਫੜ੍ਹ ਲਈ, ਜੋ ਖਿੱਚੇ ਜਾਣ 'ਤੇ ਦੋਵੇਂ ਹੱਥ ਬੁਰੀ ਤਰ੍ਹਾਂ ਚੀਰੇ ਗਏ, ਹੱਡੀਆਂ ਨਿਕਲ ਆਈਆਂ। ਜਾਨ ਤਾਂ ਬਚ ਗਈ, ਪਰ ਗੋਪਾਲ ਦਾਸ ਦੇ ਹੱਥ ਕੰਮ ਕਰਨ ਯੋਗ ਨਾ ਰਹੇ। ਛੇ ਮਹੀਨੇ ਤੋਂ ਵੀ ਵੱਧ ਸਮਾਂ ਗੋਪਾਲ ਦਾਸ ਆਪਣੇ ਹੱਥਾਂ 'ਤੇ ਪੱਟੀਆਂ ਕਰਵਾਉਂਦਾ ਰਿਹਾ, ਪਰ ਲਿਖਤੀ ਸ਼ਿਕਾਇਤ ਕਿਸੇ ਦੀ ਵੀ ਨਾ ਕੀਤੀ।

ਜਦ ਹੱਥਾਂ ਦੇ ਜ਼ਖਮ ਕੁਝ ਠੀਕ ਹੋਏ ਤਾਂ ਗੋਪਾਲ ਦਾਸ ਨੇ ਪਿੰਡ ਦੇ ਮੋਹਤਬਰਾਂ ਨੂੰ ਚਾਬੀਆਂ ਸੌਂਪਦਿਆਂ ਫਾਰਗ ਹੋਣ ਦੀ ਬੇਨਤੀ ਕੀਤੀ। ਮੋਹਤਬਰਾਂ ਨੇ ਚਾਬੀਆਂ ਫੜ੍ਹਨੋਂ ਨਾਂਹ ਕਰਦਿਆਂ ਰੁਕੇ ਰਹਿਣ ਦੀ ਬੇਨਤੀ ਕੀਤੀ ਅਤੇ ਭਰੋਸਾ ਦਿਤਾ ਕਿ ਅਸੀਂ ਤੁਹਾਡੇ ਨਾਲ ਹਾਂ। ਅਸਲੀ ਗੱਲ ਬਾਬੇ ਨੂੰ ਵੀ ਪਤਾ ਸੀ ਤੇ ਲੋਕਾਂ ਨੂੰ ਵੀ ਕਿ ਉਹ ਹਮਲਾਵਰ ਕਿਸ ਦੇ ਇਸ਼ਾਰੇ 'ਤੇ ਆਏ ਸਨ, ਪਰ ਬੋਲਿਆ ਕੋਈ ਵੀ ਨਾ। ਦੋ ਕੁ ਸਾਲ ਦਾ ਵਕਫਾ ਪਿਆ ਹੋਵੇਗਾ ਕਿ ਉਹ ਬੰਦਾ ਜਿਸ 'ਤੇ ਬਾਬੇ ਨੂੰ ਸ਼ੱਕ ਸੀ, ਨਿਮੋਨੀਆ ਹੋ ਕੇ ਮਰ ਗਿਆ, ਉਸ ਦੇ ਵਿਯੋਗ ਵਿਚ ਉਸ ਦਾ ਹੱਟਾ-ਕੱਟਾ ਬਾਪ ਵੀ ਮਹੀਨੇ ਦੇ ਵਿਚ ਵਿਚ ਚੱਲਦਾ ਬਣਿਆ।

ਵਕਤ ਆਪਣੀ ਰਫਤਾਰ ਤੁਰਦਾ ਰਿਹਾ। 1978 ਦੇ ਕਾਂਡ ਤੋਂ ਬਾਅਦ ਚੰਦ ਸਾਲਾਂ ਵਿਚ ਈ ਪਿੰਡਾਂ ਦਾ ਮਾਹੌਲ ਬਦਲ ਗਿਆ। 1984 ਵੀ ਆਣ ਲੱਥਾ, ਜਿਸ ਨੇ ਮਾਹੌਲ ਨੂੰ ਭੁਆਂਟਣੀ ਦੇ ਦਿੱਤੀ। ਅਜਿਹੇ ਮਸਲੇ ਪੈਦਾ ਹੋ ਗਏ, ਜਿਨ੍ਹਾਂ ਦਾ ਪਹਿਲਾਂ ਕਦੀ ਜ਼ਿਕਰ ਤੱਕ ਨਹੀਂ ਸੀ ਹੋਇਆ। ਅਮਨ ਚੈਨ ਨਾਲ ਵੱਸਦੇ ਲੋਕਾਂ ਨੂੰ ਜਿਵੇਂ ਸਿੰਗ ਨਿਕਲ ਆਏ ਹੋਣ। ਚੌਰਾਸੀ ਦੇ ਖੌਫਨਾਕ ਸਿੱਖ ਕਤਲੇਆਮ ਅਤੇ ਪਿਛੋਂ ਨਿਆਂ ਤੋਂ ਇਨਕਾਰ ਨੇ ਇੱਕ ਪੂਰੀ ਪੀੜ੍ਹੀ ਨੂੰ ਨਿਰਾਸ਼ਾ ਤੇ ਗੁੱਸੇ ਦੀ ਜੱਦ ਵਿਚ ਲੈ ਲਿਆ। ਰੋਹ ਵਧਦਾ ਵਧਦਾ ਖਾੜਕੂਵਾਦ ਦੀ ਲਹਿਰ ਬਣ ਗਿਆ। ਕਈ ਤਰ੍ਹਾਂ ਦੇ ਲੋਕ ਵੀ ਇਸ ਮਾਹੌਲ ਵਿਚ ਸਰਗਰਮ ਹੋ ਗਏ। ਸਮਾਜ ਸੁਧਾਰ ਦੇ ਨਾਂ 'ਤੇ ਲਹਿਰ ਚੱਲੀ, ਮਿਲਣੀ ਦਾ ਰਿਵਾਜ ਹਟਿਆ, ਗਿਆਰਾਂ ਬਰਾਤੀਆਂ ਦਾ ਫੁਰਮਾਨ ਜਾਰੀ ਹੋ ਗਿਆ, ਜੋ ਕਿਸੇ ਹੱਦ ਤੱਕ ਠੀਕ ਵੀ ਸੀ, ਪਰ 'ਹਲੇਮੀ ਰਾਜ' ਵਾਲੀ ਗੱਲ ਗਾਇਬ ਹੋ ਗਈ; ਨਿੱਕੇ ਮੋਟੇ ਦੋਸ਼ਾਂ ਦੀ ਸਜ਼ਾ ਵੀ ਮੌਤ ਹੀ ਬਣ ਗਈ। ਸਰਕਾਰੀ ਜਬਰ ਤਾਂ ਜਾਰੀ ਸੀ ਹੀ, ਲੋਕਾਂ 'ਚੋਂ ਉਠੇ ਲੋਕ ਨਾਇਕ ਵੀ ਮਨ ਆਈਆਂ ਕਰਨ ਲੱਗੇ।

ਸਾਲ 1988 ਆਣ ਪੁੱਜਾ। ਗੋਪਾਲ ਦਾਸ, ਜੋ ਜਟਾਂ ਦੇ ਉਪਰ ਦੀ ਪੱਗ ਲਪੇਟਦਾ ਸੀ ਤੇ ਅੰਮ੍ਰਿਤਧਾਰੀ ਨਹੀਂ ਸੀ, ਉਸ ਨੂੰ ਵੀ ਜ਼ਬਾਨੀ ਹੁਕਮ ਮਿਲ ਗਿਆ ਕਿ ਪੂਰੀ ਤਰ੍ਹਾਂ ਮਰਿਆਦਾ ਵਿਚ ਆਵੇ, ਜਿਸ ਨੂੰ ਉਹਨੇ ਬਹੁਤਾ ਨਾ ਗੌਲਿਆ ਕਿ ਕੋਈ ਨਾ, ਕਿਤੇ ਜਾਨੋਂ ਤਾਂ ਨਹੀਂ ਮਾਰ ਦੇਣਗੇ। ਫਿਰ ਇੱਕ ਦਿਨ ਪਿੰਡ ਵਿਚ ਕਿਸੇ ਦੇ ਪਾਠ ਦੇ ਭੋਗ ਉਪਰੰਤ ਅਰਦਾਸ ਵਿਚ ਸ਼ਾਮਲ ਕੁਝ ਬਾਹਰੀ ਬੰਦਿਆਂ ਨੇ ਬਾਬਾ ਗੋਪਾਲ ਦਾਸ ਨੂੰ ਅਰਦਾਸ ਤੋਂ ਵੀ ਰੋਕ ਦਿੱਤਾ। ਇੱਕ ਪਾਸੇ ਜਵਾਨੀ ਦਾ ਜੋਸ਼ ਤੇ ਲਹਿਰ ਦਾ ਅਸਰ, ਦੂਜੇ ਪਾਸੇ ਆਪਣੀ ਬੰਦਗੀ ਦਾ ਗੁਮਾਨ ਆਹਮੋ ਸਾਹਮਣੇ ਹੋ ਗਏ। ਹਲੀਮੀ ਕਿਸੇ ਪਾਸੇ ਵੀ ਨਾ ਵਰਤੀ ਗਈ, ਅਗਰ ਮੁੰਡੇ ਗਰਮ ਬੋਲੇ ਤਾਂ ਠੰਢ ਗੋਪਾਲ ਦਾਸ ਵੀ ਨਾ ਰੱਖ ਸਕਿਆ।

ਉਹ ਬੰਦੇ ਜਾਂਦੇ ਹੋਏ ਦਸ ਦਿਨਾਂ ਦਾ ਟਾਈਮ ਦੇ ਕੇ ਚਲੇ ਗਏ ਕਿ ਜਾਂ ਤਾਂ ਬਾਬਾ ਪੂਰਨ ਮਰਿਆਦਾ 'ਚ ਆ ਕੇ ਕੱਕਾਰਾਂ ਦਾ ਧਾਰਨੀ ਬਣੇ, ਜਾਂ ਪਿੰਡ ਛੱਡ ਜਾਵੇ।

ਮਾਹੌਲ ਬੇਹੱਦ ਸੰਗੀਨ ਸੀ, ਪਿੰਡ ਦੇ ਮੋਹਤਬਰ ਬੰਦੇ ਵੀ ਕੋਈ ਫੈਸਲਾ ਕਰਾ ਸਕਣ ਤੋਂ ਟਾਲਾ ਵੱਟ ਗਏ। ਬਾਬੇ ਦਾ ਇੱਕ ਭਰਾ ਸੀ, ਜੋ ਗ੍ਰਿਹਸਥੀ ਸੀ ਤੇ ਲੁਧਿਆਣੇ ਰਹਿੰਦਾ ਸੀ, ਉਹਨੇ ਵੀ ਆ ਕੇ ਬਾਬੇ ਨੂੰ ਉਸ ਨਾਲ ਚੱਲਣ ਲਈ ਕਿਹਾ, ਪਰ ਗੋਪਾਲ ਦਾਸ ਅੜ ਗਿਆ। ਕਹਿੰਦਾ, ਮੈਂ ਨਹੀਂ ਜਾਵਾਂਗਾ, ਮੇਰਾ ਲਹੂ ਏਥੇ ਈ ਡੁੱਲ੍ਹੇਗਾ, ਇਹ ਕੱਲ੍ਹ ਦੇ ਜਵਾਕ ਮੈਨੂੰ ਹਰਾ ਨਹੀਂ ਸਕਣਗੇ।

ਆਖਰ ਇੱਕ ਸ਼ਾਮ ਹੋਣੀ ਆ ਪਹੁੰਚੀ। ਸ਼ਾਮ ਨੂੰ ਰਹਿਰਾਸ ਤੋਂ ਪਹਿਲਾਂ ਜਦ ਗੋਪਾਲ ਦਾਸ ਸ਼ੰਖ ਪੂਰਨ ਲਈ ਹਲਟੀ ਕੋਲ ਲਾਏ ਪਿੱਪਲ, ਨਿੰਮ ਅਤੇ ਬੋਹੜ ਦੇ ਜੁੜਵੇਂ ਬੂਟੇ ਕੋਲ ਖੜ੍ਹਾ ਸੀ ਤਾਂ ਅੱਲ੍ਹੜ ਉਮਰ ਦੇ ਮੁੰਡਿਆਂ ਨੇ ਆਣ ਘੇਰਿਆ। ਐਵੇਂ ਛੋਟੀ ਜਿਹੀ ਬਹਿਸ ਈ ਹੋਈ ਕਿ ਸਭ ਤੋਂ ਛੋਟੀ ਉਮਰ ਦੇ ਮੁੰਡੇ ਨੇ ਬਾਬੇ ਦੇ ਕੰਨ 'ਤੇ ਬਰਸਟ ਮਾਰ ਦਿੱਤਾ। ਬਾਬਾ ਗੋਪਾਲ ਦਾਸ ਹਲਟੀ ਕੋਲ ਮੂਧੇ ਮੂੰਹ ਜਾ ਪਿਆ। ਰਾਤ ਭਰ ਪਿਆ ਰਿਹਾ, ਡਰਦਾ ਮਾਰਾ ਕੋਈ ਕੋਲ ਵੀ ਨਾ ਗਿਆ। ਸਵੇਰੇ ਪੁਲਿਸ ਨੇ ਆ ਕੇ ਲਾਸ਼ ਚੁਕਵਾਈ। ਸਾਰੇ ਪਿੰਡ ਨੂੰ ਆਪਣਾ ਸਮਝਣ ਦਾ ਭਰਮ ਪਾਲਣ ਵਾਲਾ ਖੁਦ ਲਾਵਾਰਿਸ ਹੋ ਰੁਖਸਤ ਹੋ ਗਿਆ।

ਸਾਰੇ ਨਗਰ ਖੇੜੇ ਦੀ ਖੈਰ ਮੰਗਣ ਵਾਲਾ ਆਪਣੀ ਜਾਨ ਦੀ ਖੈਰ ਨਾ ਮਨਾ ਸਕਿਆ। ਜ਼ਿੰਦਗੀ ਹਾਰ ਗਈ, ਜਿੱਦ ਜਿੱਤ ਗਈ। ਜਿਉਂਦੇ ਜੀਅ ਪਾਠਾਂ ਦੀਆਂ ਲੜੀਆਂ ਕਰਵਾਉਣ ਵਾਲਾ, ਆਪਣੇ ਮਰਨ ਉਪਰੰਤ ਪਾਠ ਕਰਵਾਏ ਜਾਣ ਤੋਂ ਵੀ ਵਾਂਝਾ ਰਹਿ ਗਿਆ। ਲੋੜਵੰਦ ਲੋਕ, ਜੋ ਲੋੜ ਪੈਣ 'ਤੇ ਬਾਬੇ ਤੋਂ ਦਵਾ ਦਾਰੂ ਲੈ ਕੇ ਰਾਜ਼ੀ ਹੁੰਦੇ ਸਨ, ਵਾਂਝੇ ਹੋ ਗਏ ਇਸ ਸਹੂਲਤ ਤੋਂ। ਗੋਪਾਲ ਦਾਸ ਨੂੰ ਮੌਤ ਦੇਣ ਵਾਲਾ ਗੱਭਰੂ ਵੀ ਚੰਦ ਦਿਨਾਂ ਬਾਅਦ ਬੁਰੀ ਮੌਤ ਮਾਰਿਆ ਗਿਆ।

ਇਹ ਸਾਰੀ ਕਹਾਣੀ ਉਸ ਵਿਅਕਤੀ ਨੇ ਬਿਆਨ ਕੀਤੀ ਏ, ਜੋ ਬਚਪਨ ਵਿਚ ਬਾਬਾ ਗੋਪਾਲ ਦਾਸ ਤੋਂ ਗੁਰਬਾਣੀ ਦੀ ਸੰਥਿਆ ਲੈਂਦਾ ਰਿਹਾ। ਜੀਵਨ ਦੇ ਪੰਜਾਹ ਵਰ੍ਹੇ ਹੰਢਾ ਚੁਕਾ ਉਹ ਵਿਅਕਤੀ ਅੱਜ ਵੀ ਪੰਜਾਬ ਦੀ ਨਿੱਘਰਦੀ ਸੂਰਤ-ਏ-ਹਾਲ 'ਤੇ ਫਿਕਰਮੰਦ ਏ। ਉਹਦੇ ਬੋਲ ਸਨ, "ਬੜਾ ਭਿਆਨਕ ਸਮਾਂ ਹੰਢਾਇਆ ਏ ਪੰਜਾਬ ਨੇ ਉਸ ਤੋਂ ਬਾਅਦ ਵੀ, ਜਦੋਂ ਅੱਜ ਵੀ ਯਾਦ ਆਉਂਦੇ ਨੇ ਉਹ ਦਿਨ ਤਾਂ ਅਖਬਾਰਾਂ ਦੇ ਲਹੂ ਲੁਹਾਣ ਪੰਨੇ ਅੱਖਾਂ ਅੱਗੇ ਘੁੰਮਦੇ ਨੇ। ਜਦ ਹੁਣ ਕੋਈ ਫੇਰ ਲਾਂਬੂ ਲਾਉਣ ਦੀਆਂ ਗੱਲਾਂ ਕਰਦਾ ਏ ਤਾਂ ਪੰਜਾਬ ਵਾਸਤੇ ਹੂਕ ਨਿਕਲਦੀ ਏ, ਖੁਦਾ! ਰਹਿਮ ਕਰੀਂ ਇਸ ਧਰਤੀ 'ਤੇ, ਸੁਮੱਤ ਦੇਵੀਂ ਮੌਤ ਦੇ ਸੌਦਾਗਰਾਂ ਨੂੰ, ਉਹ ਕਾਲੇ ਦਿਨ ਫਿਰ ਕਦੀ ਨਾ ਪਰਤਣ।"

## ਕਾਵਿ ਕਿਆਰੀ

### ਕਿੱਸਿਆਂ ਦੇ ਕੈਦੀ

ਅਸੀਂ ਜੇ ਸੱਥ ਵਿਚ ਹੀਰ ਗਾਉਂਦੇ ਹਾਂ,
ਘਰ ਵਿਚ ਧੀ ਦੇ ਨੱਕ ਨਕੇਲ ਪਾਉਂਦੇ ਹਾਂ,
ਕੋਈ ਜੁਰਮ ਨਹੀਂ ਕਰਦੇ,
ਕਿੱਸਿਆਂ ਦੇ ਕੈਦੀ ਹਾਂ
ਕੈਦ ਦਾ ਕਾਇਦਾ ਨਿਭਾਉਂਦੇ ਹਾਂ।

ਅਸੀਂ ਨਾ ਨਾਨਕ ਨੂੰ
ਨੈਣਾਂ 'ਤੇ ਬਿਠਾਇਆ ਸੀ,
ਨਾ ਬੁਲ੍ਹੇ ਦੇ ਪੈਰੀਂ ਹੱਥ ਲਾਇਆ ਸੀ,
ਅਸੀਂ ਅੱਜ ਜੋ ਉਨ੍ਹਾਂ ਦੇ ਕਿੱਸੇ ਗਾਉਂਦੇ ਹਾਂ
ਉਦੋਂ ਉਨ੍ਹਾਂ ਨੂੰ ਵੀ
ਕੋਈ ਕਿੱਸਾ ਹੀ ਸੁਣਾਇਆ ਸੀ।
ਅਸੀਂ ਜੋ ਭਲਕ ਨੂੰ
ਭੈਂਗੀ ਅੱਖ ਨਾਲ ਦੇਖਦੇ ਹਾਂ
ਅੱਜ ਦੀ ਅੱਖ ਮੀਚ ਮੀਚ ਕੇ
ਕੱਲ੍ਹ ਦੀ ਕਹਾਣੀ ਪਾਉਂਦੇ ਹਾਂ।
ਕੋਈ ਜੁਰਮ ਨਹੀਂ ਕਰਦੇ
ਕਿੱਸਿਆਂ ਦੇ ਕੈਦੀ ਹਾਂ
ਕੈਦ ਦਾ ਕਾਇਦਾ ਨਿਭਾਉਂਦੇ ਹਾਂ।

ਹਰ ਪਾਂਧੀ ਦਾ ਆਪਣਾ ਪੀਰ ਹੈ,
ਮੰਨਦੇ ਹਾਂ,
ਹਰ ਸਫਰ ਦੀ ਆਪਣੀ ਤਕਸੀਰ ਹੈ,
ਮੰਨਦੇ ਹਾਂ,
ਪਰ ਅਸੀਂ ਜੋ ਮਿੱਟੀ ਦੇ ਜਾਏ
ਸਾਨੂੰ ਮਿੱਟੀ ਦਾ ਮੋਹ
ਜੜ੍ਹ ਦੀ ਜੂਨ ਝੱਲਦੇ ਹਾਂ,
ਅਤੀਤ ਦੀਆਂ ਅੱਖਾਂ 'ਚ ਅੱਖਾਂ ਗੱਡ ਕੇ ਅਸੀਂ
ਭਵਿੱਖ ਵੱਲ ਨੂੰ ਪਿਛਲ ਖੁਰੀ ਚੱਲਦੇ ਹਾਂ,
ਲੱਖ ਠੋਕਰਾਂ ਖਾਣ ਤੋਂ ਬਾਅਦ ਵੀ
ਨਾ ਸਾਡੀ ਪਿੱਠ 'ਤੇ ਤੀਸਰੀ ਅੱਖ ਉਗੀ ਹੈ
ਨਾ ਅਸੀਂ ਅਗਲ ਖੁਰੀ ਚੱਲਣ ਦੀ
ਜਾਚ ਸਿੱਖੀ ਹੈ,
ਤੁਸੀਂ ਸਾਨੂੰ ਭੁੱਲੜ ਪਏ ਆਖੋ
ਅਸੀਂ ਨਾ ਇਸ ਭੁੱਲ 'ਤੇ ਸ਼ਰਮਿੰਦਾ ਹਾਂ
ਨਾ ਇਹ ਭੁੱਲ ਬਖਸ਼ਾਉਂਦੇ ਹਾਂ।
ਅਸੀਂ ਤਾਂ ਕਿੱਸਿਆਂ ਦੇ ਕੈਦੀ ਹਾਂ
ਕੈਦ ਦਾ ਕਾਇਦਾ ਨਿਭਾਉਂਦੇ ਹਾਂ।

ਨ੍ਹੇਰੇ ਤੋਂ ਡਰਦੇ ਹਾਂ ਨ੍ਹੇਰੇ ਦੀ ਪੂਜਾ ਕਰਦੇ ਹਾਂ,
ਤੁਸੀਂ ਚਾਨਣ ਦੇ ਆਸ਼ਕ
ਨ੍ਹੇਰੇ 'ਚ ਸ਼ਮ੍ਹਾਂ ਕੁਝ ਇਸ ਕਦਰ ਜਲਾਂਦੇ ਹੋ,
ਕਿ ਬਣ ਕੇ ਪਤੰਗੇ ਸੜ੍ਹ ਜਾਂਦੇ ਹੋ,
ਸੜ੍ਹਦੇ ਪਤੰਗੇ ਤੱਕ ਕੇ
ਅਸੀਂ ਪੈਰਾਂ ਤੋਂ ਯਰਕ ਜਾਈਏ,
ਨ੍ਹੇਰੇ ਵਿਚ ਗਿੱਠ ਭਰ
ਹੋਰ ਡੂੰਘੇ ਗਰਕ ਜਾਈਏ।
ਕਦੀ ਕਦੀ ਦਿਲ ਤਾਂ ਸਾਡਾ ਵੀ ਕਰੇ
ਜ਼ਿੰਦਗੀ ਦੀਆਂ ਅੱਖਾਂ ਵਿਚ
ਸਿੱਧੀ ਅੱਖੇ ਤੱਕਣ ਨੂੰ,
ਠਰ੍ਹੂ ਠਰ੍ਹੂ ਕਰਦਿਆਂ ਧੁੱਪ ਸੇਕਣ ਨੂੰ
ਹਵਾਵਾਂ ਸੰਗ ਨੱਸ ਨੱਸ ਕੇ ਹਫਣ ਨੂੰ,
ਤੁਸੀਂ ਦੱਸਦੇ, ਅਸੀਂ ਹੱਸਦੇ ਕਿ ਕੈਦ ਹੁੰਦੀ
ਜਿਉਂਦਿਆਂ ਦਫਨਾਏ ਜਾਣਾ ਮੌਤ ਭੋਗਣ ਲਈ,
ਕੁਝ ਸਿਆਣਿਆਂ ਦੇ ਕਹਿਣ ਕਰਕੇ,
ਕੁਝ ਸਦੀਆਂ ਭਰ ਸਹਿਣ ਕਰਕੇ,
ਅਸੀਂ ਇਸੇ ਮੌਤ ਭੋਗਣ ਨੂੰ
ਹਾਂ ਜਿਉਣਾ ਮੰਨ ਬੈਠੇ,
ਮੰਨਦੇ ਹਾਂ, ਮਨਾਉਂਦੇ ਹਾਂ,
ਮਨੌਤਾਂ ਵਿਚ ਉਮਰਾਂ ਬਿਤਾਉਂਦੇ ਹਾਂ।
ਕੀ ਜੁਰਮ ਕਰਦੇ ਹਾਂ,
ਕਿੱਸਿਆਂ ਦੇ ਕੈਦੀ ਹਾਂ
ਕੈਦ ਦਾ ਕਾਇਦਾ ਨਿਭਾਉਂਦੇ ਹਾਂ।

ਇਸ ਕੈਦ ਦੀਆਂ ਬੁਲੰਦੀਆਂ
ਸਾਡੇ ਦਿਸਹੱਦਿਆਂ ਤੋਂ ਉਚੀਆਂ,
ਇਸ ਕੈਦ ਦੀਆਂ ਨੀਂਹਾਂ ਪਤਾਲੀਂ ਜਾ ਸੁੱਤੀਆਂ,
ਤੁਸੀਂ ਆਜ਼ਾਦ ਹਵਾਵਾਂ ਉਡਾਉਣ ਵਾਲਿਓ,
ਖੁੱਲ੍ਹੇ ਮੈਦਾਨਾਂ, ਅਸਮਾਨਾਂ ਵਾਲਿਓ,
ਤੁਹਾਡੇ 'ਚੋਂ ਕਦੀ ਕੋਈ
ਲਫਜ਼ਾਂ ਵਿਚ ਚਾਨਣੀ ਬੰਦ ਕਰ ਕੇ,
ਅੱਖਾਂ ਵਿਚ ਅਸਮਾਨ ਭਰ ਕੇ,
ਸਾਡੀ ਮੁਲਾਕਾਤ 'ਤੇ ਲਿਆਇਆ?
ਤਾਂ ਗੱਲ ਕਰੋ।
ਸਾਡਿਆਂ ਸਿਰਾਂ ਉਪਰ
ਅਹਿੱਲਤਾ ਦਾ ਇਲਜ਼ਾਮ ਧਰਨ ਵਾਲਿਓ,
ਜ਼ਮਾਨੇ ਭਰ ਦੀ ਜਿੱਲ੍ਹਣ ਵਿਚ
ਸਦੀਆਂ ਡੂੰਘੇ ਖੁੱਭੇ ਸਾਡੇ ਪੈਰਾਂ ਦਾ
ਧਿਆਨ ਕਦੀ ਆਇਆ? ਤਾਂ ਗੱਲ ਕਰੋ।
ਖੁੱਭੇ ਹੋਏ ਪੈਰਾਂ 'ਤੇ ਖੜ੍ਹ ਕੇ,
ਸਿਰ ਨੂੰ ਕਿਸੇ ਵੀ ਤਰ੍ਹਾਂ ਸਲਾਮਤ ਕਰਕੇ,
ਦੁਖਦੇ ਹੋਏ ਦਿਲ 'ਤੇ ਹੱਥ ਧਰ ਕੇ
ਹੀਰ ਦੀ ਹੇਕ ਲਾਉਂਦੇ ਹਾਂ,
ਧੀ ਦੇ ਨੱਕ ਨਕੇਲ ਪਾਉਂਦੇ ਹਾਂ,
ਭਲਕ ਨੂੰ ਭੈਂਗੀ ਅੱਖ ਨਾਲ ਦੇਖਦੇ ਹਾਂ,
ਅੱਜ ਦੀ ਅੱਖ ਮੀਚ ਕੇ
ਕੱਲ੍ਹ ਦੀ ਕਹਾਣੀ ਪਾਉਂਦੇ ਹਾਂ।
ਤਾਂ ਕੋਈ ਜੁਰਮ ਨਹੀਂ ਕਰਦੇ,
ਕਿੱਸਿਆਂ ਦੇ ਕੈਦੀ ਹਾਂ
ਕੈਦ ਦਾ ਕਾਇਦਾ ਨਿਭਾਉਂਦੇ ਹਾਂ।

*-ਡਾ. ਸੁਖਪਾਲ ਸੰਘੇੜਾ*

## ਲਤੀਫਾ

### ਚਾਹ

ਇਕ ਪਾਰਟੀ ਵਿਚ ਚਾਹ ਪਾਣੀ ਪੀਣ ਸਮੇਂ ਤਿੰਨ ਦੋਸਤ ਇਕ ਗੋਰਾ, ਇਕ ਜਾਪਾਨੀ ਅਤੇ ਇਕ ਪੰਜਾਬੀ ਇਕੱਠੇ ਇਕੋ ਟੇਬਲ 'ਤੇ ਚਾਹ ਪੀ ਰਹੇ ਸਨ। ਚਾਹ ਪੀ ਕੇ ਗੋਰੇ ਨੇ ਆਪਣਾ ਕੱਪ ਪਲੇਟ ਵਿਚ ਮੂਧਾ ਰੱਖ ਦਿੱਤਾ। ਜਾਪਾਨੀ ਨੇ ਵੀ ਇਸੇ ਤਰ੍ਹਾਂ ਆਪਣਾ ਕੱਪ ਮੂਧਾ ਕਰਕੇ ਪਲੇਟ 'ਤੇ ਰੱਖ ਦਿੱਤਾ। ਪੰਜਾਬੀ ਨੇ ਚਾਹ ਪੀ ਕੇ ਕੱਪ ਟੇਢਾ ਕਰ ਕੇ ਪਲੇਟ ਵਿਚ ਰੱਖ ਦਿੱਤਾ।

ਗੋਰੇ ਨੇ ਪੁੱਛਿਆ ਕਿ ਟੇਢਾ ਕੱਪ ਰੱਖਣ ਦਾ ਕੀ ਮਤਲਬ?

ਪੰਜਾਬੀ ਨੇ ਕਿਹਾ, "ਚਾਹ ਹੋਰ ਹੈ ਤਾਂ ਲੈ ਆਉ, ਨਹੀਂ ਤਾਂ ਫਿਰ ਠੀਕ ਹੈ।"

*-ਵਾਸਦੇਵ ਸਿੰਘ ਪਰਹਾਰ*
*ਫੋਨ: 206-434-1155*

# ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ

ਗੁਰੂ ਗ੍ਰੰਥ ਸਾਹਿਬ 'ਚ ਸੁਸ਼ੋਭਿਤ ਇਹ ਪਾਵਨ ਸ਼ਬਦ ਰਾਗ ਵਡਹੰਸ ਵਿਚ ਗੁਰੂ ਨਾਨਕ ਸਾਹਿਬ ਦਾ ਉਚਾਰਨ ਕੀਤਾ ਹੋਇਆ ਹੈ, ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥ ਸ਼ਬਦ ਦੀ ਪਹਿਲੀ ਪੰਕਤੀ ਪੜ੍ਹਦਿਆਂ ਹੀ ਸਮਝ ਪੈ ਜਾਂਦੀ ਹੈ ਕਿ ਸਤਿਗੁਰੂ ਸਾਉਣ ਮਹੀਨੇ ਦੀਆਂ ਕਾਲੀਆਂ ਸਿਆਹ ਘਨਘੋਰ ਘਟਾਵਾਂ ਨੂੰ ਆਸਮਾਨ 'ਤੇ ਚੜ੍ਹ ਆਈਆਂ ਦੇਖ ਉਸ ਕਰਤਾ ਪੁਰਖ ਕਰਤਾਰ ਨਾਲ ਇਕ ਮਿਕ ਹੋ ਕਿਸੇ ਵਿਸਮਾਦੀ ਰੰਗ ਵਿਚ ਰੰਗੇ ਹੋਏ ਇਸ ਸੋਹਣੇ ਸ਼ਬਦ ਦਾ ਉਚਾਰਨ ਕਰਦੇ ਹਨ। ਗੁਰੂ ਨਾਨਕ ਸ਼ਾਇਰ ਹਨ ਅਤੇ ਸ਼ਾਇਰ ਮਨ ਇਸ ਸੁਹਾਵਣੇ ਤੇ ਮਨ



**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ: 916-687-3536**

ਮੋਹਕ ਮੌਸਮ ਦੇ ਸੁੰਦਰ ਨਜ਼ਾਰਿਆਂ ਨੂੰ ਦੇਖਦਾ ਹੈ ਅਤੇ ਫਿਰ ਸੁਤੇ ਸਿਧ ਆਖ ਉਠਦਾ ਹੈ, 'ਬਿਸਮੁ ਭਏ ਬਿਸਮਾਦੁ ਦੇਖਿ ਕੁਦਰਤਿ ਤੇਰੀਆ॥'

ਅੰਬਰੀਂ ਕਾਲੇ ਬੱਦਲਾਂ ਦੀ ਗੜਗੜਾਹਟ, ਕਾਲੇ ਸਿਆਹ ਬੱਦਲਾਂ ਵਿਚ ਚਮਕਦੀ ਅਤੇ ਕੜਕਦੀ ਬਿਜਲੀ, ਠੰਢੀ ਠੰਢੀ ਰੁਮਕਦੀ ਚੰਚਲ ਸ਼ੋਖ ਹਵਾ, ਝੂਮ ਝੂਮ ਕੇ ਗਿੱਧਾ ਪਾਉਂਦੀ ਬਨਸਪਤੀ, ਹਰ ਪਾਸੇ ਹਰਿਆਵਲ ਹੀ ਹਰਿਆਵਲ, ਲਹਿ ਲਹਾਉਂਦੀਆਂ ਹਰੀਆਂ ਭਰੀਆਂ ਫਸਲਾਂ, ਫੁੱਲਾਂ ਅਤੇ ਫਲਾਂ ਨਾਲ ਲੱਦੇ ਹਰੇ-ਭਰੇ ਰੁੱਖਾਂ ਦੀਆਂ ਕਤਾਰਾਂ, ਬਾਗਾਂ ਵਿਚ ਪੈਲਾਂ ਪਾਉਂਦੇ ਤੇ ਨੱਚਦੇ ਮੋਰ, ਪੀਓ ਪੀਓ ਪੀਓ ਦਾ ਨਿਰੰਤਰ ਜਾਪ ਕਰ ਰਿਹਾ ਪਪੀਹਾ, ਤੇ ਅੰਬ ਦੇ ਬੂਟੇ 'ਤੇ ਬੈਠੀ ਕੋਇਲ ਨੇ ਜਦ ਵਜਦ ਵਿਚ ਆ ਬਿਰਹਾ ਭਰੀ ਅਵਾਜ਼ ਨਾਲ ਸਵੇਰ ਦਾ ਗਾਇਨ ਲੰਮੀ ਹੇਕ ਨਾਲ ਸ਼ੁਰੂ ਕੀਤਾ ਤਾਂ ਜਿਵੇਂ ਕੁਝ ਪਲ ਲਈ ਤਾਂ ਸਮਾਂ ਵੀ ਰੁਕ ਗਿਆ ਹੋਵੇ। ਇਹ ਸਭ ਦੇਖਦੇ ਹੀ ਮੇਘੜੇ ਮੀਂਹ ਨੇ ਵੀ ਵਰਸਣਾ ਸ਼ੁਰੂ ਕਰ ਦਿੱਤਾ ਤਾਂ ਸਤਿਗੁਰੂ ਨਾਨਕ ਆਖਿਆ,

ਨਾਨਕ ਬਿਜੁਲੀਆ ਚਮਕੰਨਿ
ਘੁਰਨ੍ਹਿ ਘਟਾ ਅਤਿ ਕਾਲੀਆ॥
ਬਰਸਨਿ ਮੇਘ ਅਪਾਰ ਨਾਨਕ
ਸੰਗਮਿ ਪਿਰੀ ਸੁਹੰਦੀਆ॥

ਗੁਰੂ ਅੰਗਦ ਦੇਵ ਜੀ ਵੀ ਫੁਰਮਾਉਂਦੇ ਹਨ,

ਸਾਵਣੁ ਆਇਆ ਹੇ ਸਖੀ
ਜਲਹਰੁ ਬਰਸਨਹਾਰੁ॥
ਨਾਨਕ ਸੁਖਿ ਸਵਨੁ ਸੋਹਾਗਣੀ
ਜਿਨ੍ਹ ਸਹ ਨਾਲਿ ਪਿਆਰੁ॥

ਇਥੇ ਗੁਰੂ ਜੀ ਪ੍ਰਭੂ ਪਿਆਰਿਆਂ ਨੂੰ ਸਖੀ ਆਖ ਅਵਾਜ਼ ਦਿੰਦੇ ਹਨ, ਹੇ ਸਖੀ ਸਾਉਣ ਦਾ ਮਹੀਨਾ ਆ ਗਿਆ ਹੈ, ਬਦਲ ਵਰਸਣਗੇ, ਜੇਠ-ਹਾੜ੍ਹ ਦੀ ਡਾਢੀ ਤਪਸ਼ ਪਿਛੋਂ ਹੁਣ ਮੌਸਮ ਠੰਢਾ ਤੇ ਸੁਹਾਵਣਾ ਹੋ ਜਾਵੇਗਾ, ਪਰ ਉਹੀ ਜੀਵ ਰੂਪੀ ਸੁਹਾਗਣਾਂ ਸੁਖੀ ਸੌਣਗੀਆਂ, ਜਿਨ੍ਹਾਂ ਦਾ ਆਪਣੇ ਸਹੁ ਕੰਤ ਭਾਵ ਪਰਮੇਸ਼ਰ ਨਾਲ ਪਿਆਰ ਹੈ।

ਸਾਡੇ ਬਚਪਨ ਦਾ ਸਾਉਣ ਮਹੀਨਾ ਅਤੇ ਅੱਜ ਦੇ ਸਮੇਂ ਦਾ ਸਾਉਣ ਮਹੀਨਾ ਆਪਸ ਵਿਚੀ ਕੋਈ ਸਮਾਨਤਾ ਨਹੀਂ। ਖੈਰ! ਅਸੀਂ ਜਾਂ ਤੁਸੀਂ ਕਦੀ ਇਹ ਸੋਚਿਆ ਸੀ ਕਿ ਅਸੀਂ ਉਸ ਸਾਉਣ ਵਿਚੋਂ ਨਿਕਲ ਕੇ ਇਸ ਸਾਉਣ ਮਹੀਨੇ ਨੂੰ ਵੀ ਦੇਖਾਂਗੇ, ਪਰ ਸਮਾਂ ਇੰਨੀ ਤੇਜ਼ ਸਪੀਡ ਨਾਲ ਸਰਪਟ ਦੌੜਿਆ ਹੈ ਕਿ ਅਸੀਂ ਕਿਥੋਂ ਕਿੱਥੇ ਆ ਪਹੁੰਚੇ ਹਾਂ। ਸਾਉਣ ਮਹੀਨਾ ਤਾਂ ਕੀ, ਸਾਡੇ ਕੋਲ ਸਾਡਾ ਕੁਝ ਵੀ ਬਾਕੀ ਨਹੀਂ ਬਚਿਆ।

ਹਾਏ! ਉਹ ਬਚਪਨ ਅਤੇ ਸਾਉਣ ਦਾ ਮਹੀਨਾ, ਜ਼ਰਾ ਕੁ ਹੁੰਮਸ ਜਿਹਾ ਲੱਗਣਾ ਤਾਂ ਬੇ ਜੀ ਨੇ ਆਖਣਾ, ਲਓ ਜੀ ਹੁਣੇ ਬੱਦਲ ਆਇਆ ਕਿ ਆਇਆ! ਦੇਖਦੇ ਹੀ ਦੇਖਦੇ ਇਕ ਗੁੰਠ ਜਿਹੀ ਵਿਚੋਂ ਕਾਲਾ ਬੱਦਲ ਦਿਸ ਪੈਣਾ, ਘੜੀ ਪਲਾਂ ਵਿਚ ਹੀ ਛੱਰਾਟੇ ਮਾਰ ਮੀਂਹ ਨੇ ਵੱਸ ਕੇ ਹਰ ਪਾਸੇ ਜਲ ਥਲ ਕਰ ਦੇਣੀ। ਹਾਏ! ਉਹ ਭੋਲੇ ਭਾਲੇ, ਸਿੱਧੇ ਸਾਦੇ ਲੋਕ ਰੱਬ ਦੇ ਕਿੰਨਾ ਨੇੜੇ ਵੱਸਦੇ ਸਨ ਜਿਵੇਂ ਉਨ੍ਹਾਂ ਦੀ ਰੱਬ ਨਾਲ ਕੋਈ ਪੁਰਾਣੀ ਜਾਣ-ਪਛਾਣ ਜਾਂ ਡੂੰਘੀ ਸਾਂਝ ਹੋਵੇ, ਗੁਰਬਾਣੀ ਵੀ ਤਾਂ ਆਖਦੀ ਹੈ, ਭੋਲੇ ਭਾਇ ਮਿਲੈ ਰਘੁਰਾਇਆ॥

ਜਦੋਂ ਕਿਤੇ ਕਦੀ ਕੋਈ ਪੱਤਾ ਨਾ ਹਿਲਦਾ ਦਿਖਾਈ ਦੇਣਾ, ਜ਼ੋਰ ਦਾ ਹੁੰਮਸ ਲੱਗਣਾ, ਸਾਹ ਲੈਣਾ ਵੀ ਮੁਸ਼ਕਿਲ ਹੋ ਜਾਣਾ ਤਾਂ ਬੇ ਜੀ ਨੇ ਆਖਣਾ, ਕੋਈ ਨੂੰਹਾਂ ਦਾ ਸਤਾਇਆ ਡਿਊਟੀ 'ਤੇ ਬੈਠਾ ਹੈ; ਤੇ ਜਦ ਹੁੰਮਸ ਪਿਛੋਂ ਠੰਢੀ ਪੁਰੇ ਦੀ ਹਵਾ ਵਗਣੀ ਤਾਂ ਆਖਣਾ, ਹੁਣ ਕੋਈ ਧੀਆਂ ਦਾ ਧਰਮੀ ਬਾਬੁਲ ਆ ਕੇ ਬੈਠਾ ਹੈ। ਪਰ ਜਦੋਂ ਦਾ ਇਨਸਾਨ ਸਮਝਦਾਰ ਹੋ ਗਿਆ, ਰੱਬ ਤੋਂ ਬਹੁਤ ਦੂਰ ਹੋ ਗਿਆ ਹੈ।

ਸਾਉਣ ਮਹੀਨੇ ਵਿਚ ਕਾਲੇ ਬੱਦਲਾਂ ਦਾ ਗਰਜਣਾ, ਜ਼ੋਰਦਾਰ ਝੱਖੜ ਹਵਾਵਾਂ ਦਾ ਵਗਣਾ, ਬੱਚਿਆਂ ਦਾ ਮੀਂਹ ਵਿਚ ਖੇਡਣਾ ਅਤੇ ਨਹਾਉਣਾ, ਕਿਸਾਨਾਂ ਨੇ ਫਸਲਾਂ ਨੂੰ ਦੇਖ ਦੇਖ ਝੂਮਣਾ, ਜਦ ਸਾਰੀ ਪ੍ਰਕਿਰਤੀ ਨੇ ਨਸ਼ਿਆ ਉਠਣਾ ਤਾਂ ਜ਼ੋਰਦਾਰ ਮੀਂਹ ਪਿਛੋਂ ਅਸਮਾਨ 'ਤੇ ਸੱਤ ਰੰਗੀ ਪੀਂਘ ਦਾ ਪੈਣਾ ਇੰਜ ਲਗਣਾ ਜਿਵੇਂ,

ਕੁਦਰਤ ਰਾਣੀ ਨਹਾ ਰਹੀ ਹੈ ਬਾਰਸ਼ ਵਿਚ
ਪਉਣ ਵੀ ਗਿੱਧਾ ਪਾ ਰਹੀ ਹੈ ਬਾਰਸ਼ ਵਿਚ
ਸੋਹਣੀ ਸੱਤ ਰੰਗੀ ਇਸ ਪੀਂਘ 'ਤੇ ਬੈਠ ਕੇ
ਕੁਦਰਤ ਵੀ ਮੁਸਕਰਾ ਰਹੀ ਹੈ ਬਾਰਸ਼ ਵਿਚ। ('ਪੰਜ ਆਬਾਂ ਦੀ ਜਾਈ' ਵਿਚੋਂ)

ਸੱਤ ਰੰਗੀ ਪੀਂਘ ਵੇਖ ਕੇ ਨਿਆਣਿਆਂ ਨੇ ਉਹ ਭੰਗੜੇ ਪਾਉਣੇ ਕਿ ਜਿਵੇਂ ਕੋਈ ਖਜਾਨਾ ਮਿਲ ਗਿਆ ਹੋਵੇ, ਨਿੱਕੀਆਂ ਉਮਰਾਂ ਨਿੱਕੇ ਚਾਅ, ਨਿੱਕੀਆਂ ਸੱਧਰਾਂ, ਨਿੱਕੀਆਂ ਖੇਡਾਂ; ਉਧਰ ਕੁਦਰਤ ਰਾਣੀ ਨੇ ਪੀਂਘ 'ਤੇ ਬੈਠਣਾ ਤੇ ਇੱਧਰ ਸਜ ਵਿਆਹੀਆਂ ਧੀਆਂ ਨੇ ਵੀ ਪਿੱਪਲਾਂ 'ਤੇ ਆ ਪੀਂਘਾਂ ਪਾਉਣੀਆਂ, ਤੇ ਜਿਦ ਜਿਦ ਕੇ ਪੀਂਘਾਂ ਚੜਾਉਣੀਆਂ। ਕਿਸੇ ਕਿਸੇ ਮੇਰੇ ਵਰਗੀ ਕੁੜੀ ਨੇ ਤਾਂ ਬੈਠ ਕੇ ਹੀ ਝੂਟਾ ਲੈ ਲੈਣਾ, ਪਰ ਕਈਆਂ ਨੇ ਤਾਂ ਪਿੱਪਲ ਦੀ ਸਭ ਤੋਂ ਉਚੀ ਟਾਹਣੀ ਦੇ ਪੱਤੇ ਵੀ ਮੂੰਹ ਨਾਲ ਤੋੜ ਲਿਆਉਣੇ; ਸਾਰਾ ਦਿਨ ਹੱਸਦਿਆਂ ਖੇਡਦਿਆਂ ਪਤਾ ਨਹੀਂ ਕਦੋਂ ਲੰਘ ਜਾਣਾ। ਗਿੱਧੇ ਦੇ ਪਿੜ ਵਿਚ ਜਦ ਚੂੜੀਆਂ ਨਾਲ ਭਰੀਆਂ ਬਾਹਾਂ ਅਤੇ ਮਹਿੰਦੀ ਰੰਗੇ ਹੱਥਾਂ ਨਾਲ ਕੁੜੀਆਂ ਨੇ ਗਿੱਧਾ ਪਾਉਣਾ ਅਤੇ ਨਾਲ ਪੈਰਾਂ ਵਿਚ ਪਈਆਂ ਝਾਂਜਰਾਂ ਨੇ ਜਦ ਨੱਚਣਾ ਤਾਂ ਕੁਦਰਤ ਰਾਣੀ ਨੇ ਵੀ ਆ ਅਛੋਪਲੇ ਜਿਹੇ ਝਾਤੀਆਂ ਮਾਰਨੀਆਂ।

ਬਿਦ ਬਿਦ ਕੇ ਸੋਹਣੀਆਂ ਮੁਟਿਆਰਾਂ, ਮੇਰੇ ਪੰਜਾਬ ਦੀਆਂ ਧੀਆਂ ਨੇ ਗਿੱਧੇ ਵਿਚ ਬੋਲੀਆਂ ਪਾਉਣੀਆਂ ਅਤੇ ਦਿਲ ਦੇ ਵਲਵਲੇ ਸਾਂਝੇ ਕਰ ਲੈਣੇ। ਉਹ ਸਾਉਣ ਮਹੀਨੇ ਦਾ ਮੀਂਹ, ਕਦੀ ਜ਼ੋਰਦਾਰ ਅਤੇ ਕਦੀ ਕਿਣਮਿਣ ਕਿਣਮਿਣ; ਕਦੀ ਠੰਢੀ ਠੰਢੀ ਪੁਰੇ ਦੀ ਹਵਾ ਅਤੇ ਕਦੀ ਡਾਢਾ ਸੜ੍ਹਿਆਂਦ ਭਰਿਆ ਹੁੰਮਸ। ਘਰਾਂ 'ਚ ਬੈਠੀਆਂ ਸੁਚੱਜੀਆਂ ਮਾਂਵਾਂ ਨੇ ਤਾਰਿਆਂ ਦੀ ਛਾਂਵੇਂ ਅੰਮ੍ਰਿਤ ਵੇਲੇ ਉਠ ਇਸ਼ਨਾਨ ਕਰਕੇ ਗੁਰਦੁਆਰੇ ਮੱਥਾ ਟੇਕ ਕੇ ਘਰੀਂ ਪਰਤ ਚੁੱਲ੍ਹਿਆਂ 'ਤੇ ਖੀਰਾਂ ਦੇ ਪਤੀਲੇ ਧਰ ਦੇਣੇ ਅਤੇ ਨਾਲ ਦੀ ਨਾਲ ਮਿੱਠੇ ਪੂੜੇ ਪੱਕਣੇ ਸ਼ੁਰੂ ਹੋ ਜਾਣੇ। ਕਿੰਨਾ ਪਿਆਰ ਅਤੇ ਕਿੰਨੀਆਂ ਡੂੰਘੀਆਂ ਆਪਸੀ ਸਾਂਝਾਂ ਹੁੰਦੀਆਂ ਸਨ ਕਿ ਹਰ ਘਰ, ਹਰ ਪਰਿਵਾਰ ਆਪਣਾ ਹੀ ਹੁੰਦਾ ਸੀ, ਜਿੱਥੇ ਮਰਜ਼ੀ ਜਾ ਵੜਨਾ ਅਤੇ ਖਾ ਪੀ ਲੈਣਾ।

ਅੱਜ ਨਾ ਉਹ ਸਾਂਝਾਂ ਰਹੀਆਂ ਹਨ, ਨਾ ਹੀ ਉਹ ਪਰਿਵਾਰ; ਨਾ ਹੀ ਉਹ ਆਪਸੀ ਮਿਲਵਰਤਨ ਅਤੇ ਨਾ ਹੀ ਉਹ ਸਾਉਣ ਮਹੀਨੇ ਦਾ ਮੀਂਹ; ਨਾ ਪੀਂਘਾਂ, ਨਾ ਗਿੱਧੇ; ਨਾ ਖੀਰ, ਨਾ ਪੂੜੇ। ਅਸੀਂ ਸਿਆਣੇ ਵੀ ਹੋ ਗਏ ਹਾਂ, ਸਮਝਦਾਰ ਵੀ ਹੋ ਗਏ ਹਾਂ, ਧਨਵਾਨ ਵੀ ਹੋ ਗਏ ਹਾਂ, ਪਰ ਇਕੱਲੇ ਵੀ ਹੋ ਗਏ ਹਾਂ। ਅਸੀਂ ਸਾਰੀ ਦੁਨੀਆਂ ਵਿਚ ਪੈਰ ਪਸਾਰ ਲਏ ਹਨ, ਸਾਰੀ ਦੁਨੀਆਂ ਦੀ ਖਬਰ ਰੱਖਦੇ ਹਾਂ, ਪਰ ਆਪਣੇ ਹੀ ਘਰਾਂ ਵਿਚ ਇਕੱਲੇ ਜੀ ਰਹੇ ਹਾਂ। ਹੁਣ ਅਸੀਂ ਸਾਉਣ ਮਹੀਨੇ ਨੂੰ ਪਿੱਪਲਾਂ ਥੱਲੇ ਨਹੀਂ, ਹਾਲਾਂ ਵਿਚ ਮਨਾ ਕੇ ਇਕ ਰਸਮ ਜਿਹੀ ਪੂਰੀ ਕਰ ਲੈਂਦੇ ਹਾਂ। ਹੌਲੀ ਹੌਲੀ ਇਕ ਦਿਨ ਇਹ ਰਸਮ ਵੀ ਮੁੱਕ ਜਾਵੇਗੀ, ਕਿਉਂਕਿ ਸਾਡੀ ਅਗਲੀ ਪੀੜ੍ਹੀ ਇਨ੍ਹਾਂ ਮੁਲਕਾਂ ਦੀ ਹੀ ਬਣ ਚੁਕੀ ਹੈ।

ਸਾਉਣ ਮਹੀਨਾ ਤਾਂ ਜ਼ਰੂਰ ਆਇਆ ਕਰੇਗਾ, ਪਰ ਉਹ ਪਹਿਲਾਂ ਵਾਲੀਆਂ ਗੱਲਾਂ ਕਦੀ ਵੀ ਨਾ ਹੋਣਗੀਆਂ, ਸਾਉਣ ਦੀਆਂ ਰੌਣਕਾਂ ਨੂੰ ਸ਼ਾਇਦ ਸਾਉਣ ਵੀ ਕਦੀ ਕਦੀ ਯਾਦ ਜ਼ਰੂਰ ਕਰਿਆ ਕਰੇਗਾ। ਖੈਰ! ਬਦਲਾਓ ਤਾਂ ਕੁਦਰਤ ਦਾ ਨਿਯਮ ਹੈ, ਪਰ ਅਸੀਂ ਕੁਝ ਲੋੜ ਤੋਂ ਵੱਧ ਹੀ ਬਦਲ ਗਏ ਹਾਂ; ਸੱਚਾਈ ਨੂੰ ਛੱਡ ਦਿਖਾਵੇ ਨਾਲ ਸਾਡਾ ਨਾਤਾ ਜੁੜ ਗਿਆ ਹੈ, ਪਰ ਆਓ, ਅੱਜ ਗੱਲ ਸਾਉਣ ਮਹੀਨੇ ਦੀ ਹੀ ਕਰੀਏ। ਜਦ ਭਿੰਨੀ ਰੈਣਿ ਅੰਮ੍ਰਿਤ ਵੇਲੇ ਨਿੱਕੀ ਨਿੱਕੀ ਕਣੀ ਦਾ ਮੀਂਹ ਵਸਦਾ ਹੈ ਤਾਂ ਗੁਰੂ ਅਮਰਦਾਸ ਜੀ ਆਖਦੇ ਹਨ,

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ
ਤਾਂ ਦਰਿ ਸੁਣੀ ਪੁਕਾਰ॥
ਮੇਘੈ ਨੋ ਫੁਰਮਾਨੁ ਹੋਆ
ਵਰਸਹੁ ਕਿਰਪਾ ਧਾਰਿ॥

ਬਾਣੀ ਦੇ ਬੋਹਿਥ ਗੁਰੂ ਅਰਜਨ ਦੇਵ ਜੀ ਵੀ ਬਾਰ੍ਹਾਂ ਮਾਂਹ ਦੀ ਬਾਣੀ ਵਿਚ ਸਾਉਣ ਮਹੀਨੇ ਦੀ ਪ੍ਰਸ਼ੰਸਾ ਕਰਦਿਆਂ ਆਖਦੇ ਹਨ,

ਸਾਵਣਿ ਸਰਸੀ ਕਾਮਣੀ
ਚਰਨ ਕਮਲ ਸਿਉ ਪਿਆਰੁ॥
ਮਨੁ ਤਨੁ ਰਤਾ ਸਚ ਰੰਗਿ
ਇਕੋ ਨਾਮੁ ਅਧਾਰੁ॥

ਗੁਰੂ ਅਮਰਦਾਸ ਜੀ ਤਾਂ ਆਖਦੇ ਹਨ,

ਬਰਸਨਾ ਤ ਬਰਸੁ ਘਨਾ
ਬਹੁੜਿ ਬਰਸਹਿ ਕਾਹਿ॥

ਹੇ ਮੇਘੜੇ! ਨਿੱਕਾ ਨਿੱਕਾ ਨਹੀਂ, ਜ਼ਰਾ ਖੁੱਲ੍ਹ ਕੇ ਵਰਸ ਤਾਂ ਕਿ ਇਸ ਧਰਤੀ ਦੀ ਤਪਸ਼ ਵੀ ਅਤੇ ਪਿਆਸ ਵੀ ਮੁੱਕ ਜਾਵੇ; ਜੇ ਵੱਸਣਾ ਹੈ ਤਾਂ ਜ਼ੋਰ ਨਾਲ ਵੱਸ, ਫੇਰ ਤੂੰ ਕਦੋਂ ਵੱਸੇਂਗਾ! ਹੁਣ ਸਾਉਣ ਦਾ ਮਹੀਨਾ ਹੈ, ਖੁੱਲ੍ਹ ਕੇ ਵੱਸ।

ਗੁਰਬਾਣੀ ਵਿਚ ਇਸ ਮਹੀਨੇ ਦੇ ਠੰਢੇ ਅਤੇ ਸੁਹਾਵਣੇ ਮੌਸਮ ਦਾ ਜੋ ਵਾਰ ਵਾਰ ਜ਼ਿਕਰ ਕੀਤਾ ਗਿਆ ਹੈ, ਉਸ ਨਾਲ ਸਾਨੂੰ ਦੁਨਿਆਵੀ ਝੰਜਟਾਂ ਤੋਂ ਦੂਰ ਹੋ ਕੇ ਪਰਮਾਤਮਾ ਨਾਲ ਜੁੜਨ ਲਈ ਸੁਨੇਹਾ ਦਿੱਤਾ ਗਿਆ ਹੈ ਕਿ ਹੇ ਜੀਵ ਇਸ ਸੋਹਣੇ ਸੁਹਾਵਣੇ ਮੌਸਮ ਵਿਚ ਆਪਣੇ ਮਾਲਕ ਨੂੰ ਯਾਦ ਕਰ, ਉਸ ਦੇ ਸ਼ੁਕਰਾਨੇ ਕਰ, ਜਿਸ ਨੇ ਤੈਨੂੰ ਮਨੁੱਖਾ ਜਨਮ ਦੇ ਕੇ ਇਹ ਸਮਾਂ ਤੇਰੀ ਝੋਲੀ ਵਿਚ ਪਾਇਆ ਹੈ। ਸਾਉਣ ਦਾ ਸੋਹਣਾ ਮਹੀਨਾ ਮਾਣਦਿਆਂ ਜਿਥੇ ਸਤਿਗੁਰਾਂ ਦੇ ਸ਼ੁਕਰਾਨੇ ਕਰੀਏ, ਉਥੇ ਆਪਣੇ ਜੀਵਨ ਨੂੰ ਵੀ ਸੰਭਾਲੀਏ ਅਤੇ ਇਸ ਸਰਪਟ ਦੌੜ ਰਹੀ ਜ਼ਿੰਦਗੀ ਦੀ ਰਫਤਾਰ ਨੂੰ ਵੀ ਥੋੜ੍ਹਾ ਘੱਟ ਕਰਨ ਦੀ ਕੋਸ਼ਿਸ਼ ਕਰੀਏ; ਕੁਝ ਸਮਾਂ ਆਪਣੇ ਲਈ ਅਤੇ ਆਪਣੇ ਬੱਚਿਆਂ ਲਈ ਵੀ ਬਚਾਈਏ ਤਾਂ ਕਿ ਘਰ ਪਰਿਵਾਰਾਂ ਵਿਚੋਂ ਵੀ ਦੂਰ ਤੁਰ ਗਈਆਂ ਖੁਸ਼ੀਆਂ ਵਾਪਸ ਘਰਾਂ ਵੱਲ ਕਿਤੇ ਪਰਤ ਸਕਣ। ਆਓ, ਆਪਣੀ ਹਉਮੈ ਅਤੇ ਹੰਕਾਰ ਤੋਂ ਉਪਰ ਉਠ ਕੇ ਸਮੁੱਚੀ ਮਾਨਵਤਾ ਨੂੰ ਪਿਆਰ ਕਰੀਏ, ਸਰਬਤ ਦਾ ਭਲਾ ਮੰਗੀਏ ਵੀ ਅਤੇ ਭਲਾ ਕਰੀਏ ਵੀ, ਤਾਂ ਹੀ ਤਾਂ ਇਹ ਮੌਸਮ, ਇਹ ਰੁਤਾਂ ਸੁਹਾਵਣੀਆਂ ਲੱਗਣਗੀਆਂ।

ਫਿਰ ਦੇਖਣਾ ਜਦ ਅੰਦਰ ਬਦਲਾਓ ਆਇਆ ਤਾਂ ਸਾਰਾ ਜੀਵਨ ਹੀ ਬਦਲ ਜਾਵੇਗਾ, ਪਰ ਇਹ ਬਦਲੇਗਾ ਉਦੋਂ, ਜਦ ਅਸੀਂ ਪਹਿਲਾਂ ਆਪਣੇ ਆਪ ਨੂੰ ਬਦਲਾਂਗੇ। ਇਸ ਬਦਲਾਓ ਲਈ ਸਾਨੂੰ ਗੁਰੂ ਨਾਲ ਜੁੜਨਾ ਪਵੇਗਾ, ਸੋ ਆਓ ਅਸੀਂ ਭਲਾ ਕਿਥੇ ਹਾਂ, ਸਾਉਣ ਵਿਚ, ਸਾਉਣ ਦਾ ਮਹੀਨਾ ਹੈ, ਕਾਲੇ ਬੱਦਲ ਗਰਜ ਰਹੇ ਹਨ, ਹੁਣੇ ਮੀਂਹ ਪਵੇਗਾ, ਠੰਢੀ ਹਵਾ ਵਗੇਗੀ, ਮੋਰ ਪੈਲਾਂ ਪਾਉਣਗੇ, ਕੋਇਲਾਂ ਗੀਤ ਗਾਉਣਗੀਆਂ ਅਤੇ ਸੁਣੀਏ ਸਤਿਗੁਰੂ ਜੀ ਕੀ ਆਖ ਰਹੇ ਨੇ, "ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥"

# ਸਾਉਣ ਦਿਆ ਬੱਦਲਾ ਵੇ...

ਸਾਉਣ ਦੇ ਮਹੀਨੇ ਦਾ ਵਿਸ਼ੇਸ਼ ਮਹੱਤਵ ਹੈ ਤੇ ਇਸ ਮਹੀਨੇ ਦਾ ਪੰਜਾਬੀ ਲੋਕ ਜੀਵਨ ਨਾਲ ਬੜਾ ਨੇੜਲਾ ਸਬੰਧ ਹੈ। ਲੋਕ ਜੀਵਨ ਵਿਚ ਇਹ ਮਹੀਨਾ ਖੁਸ਼ੀਆਂ, ਖੇੜਿਆਂ, ਨੱਚਣ-ਟੱਪਣ, ਗਿੱਧੇ, ਭੰਗੜੇ, ਕਿੱਕਲੀ ਆਦਿ ਪਾਉਣ ਦਾ ਪ੍ਰਤੀਕ ਬਣ ਗਿਆ ਹੈ। ਲੋਕ ਸਾਉਣ ਦੇ ਮਹੀਨੇ ਦੀਆਂ ਖੁਸ਼ੀਆਂ ਨੂੰ ਆਪਣੇ ਧੁਰ ਅੰਦਰ ਤੱਕ ਵਸਾ ਲੈਣਾ ਚਾਹੁੰਦੇ ਹਨ। ਇੰਜ ਪ੍ਰਤੀਤ ਹੋਣ ਲੱਗ ਜਾਂਦਾ ਹੈ ਜਿਵੇਂ ਸਾਉਣ ਮਹੀਨਾ ਵੀ ਲੋਕਾਂ ਸੰਗ ਰਲ-ਮਿਲ ਕੇ ਨੱਚਦਾ, ਖੇਡਦਾ, ਗਾਉਂਦਾ, ਹੱਸਦਾ, ਮੌਜ-ਮਸਤੀ ਮਨਾ ਰਿਹਾ ਹੋਵੇ। ਅਕਸਰ ਲੋਕੀਂ ਆਪੋ ਆਪਣੇ ਤਰੀਕੇ ਨਾਲ ਇਸ ਮਹੀਨੇ ਦੀ ਆਮਦ



**ਡਾ. ਪ੍ਰਿਤਪਾਲ ਸਿੰਘ ਮਹਿਰੋਕ**
**ਫੋਨ: 91-98885-10185**

'ਤੇ ਖੁਸ਼ੀਆਂ ਮਨਾਉਂਦੇ ਹਨ।

ਸਾਉਣ ਮਹੀਨੇ ਮਨੁੱਖੀ ਮਨ ਦੇ ਖੁਸ਼ੀ ਵਿਚ ਝੂਮ ਉਠਣ ਦਾ ਅਸਲ ਕਾਰਨ ਇਹ ਸਮਝਿਆ ਜਾਂਦਾ ਹੈ ਕਿ ਮੀਂਹ ਪੈਣ ਨਾਲ ਮੌਸਮ ਖੁਸ਼ਗਵਾਰ ਹੋ ਜਾਂਦਾ ਹੈ। ਜੇਠ-ਹਾੜ੍ਹ ਦੇ ਮਹੀਨਿਆਂ ਦੀ ਕਹਿਰਾਂ ਦੀ ਤਪਸ਼, ਲੂਅ ਤੇ ਗਰਮੀ ਤੋਂ ਸਤਾਏ ਲੋਕਾਂ ਨੂੰ, ਧਰਤੀ ਨੂੰ, ਜੀਵਾਂ ਨੂੰ, ਬਨਸਪਤੀ ਆਦਿ ਨੂੰ ਗਰਮੀ ਤੋਂ ਰਾਹਤ ਮਿਲਦੀ ਹੈ। ਜੇਠ-ਹਾੜ੍ਹ ਦੀ ਗਰਮੀ ਲੋਕਾਂ ਨੂੰ ਲੂਹ ਸੁੱਟਦੀ ਹੈ। ਲੋਕ ਸਵੇਰੇ-ਸ਼ਾਮ ਅੰਬਰੀਂ ਬਦਲੋਟੀਆਂ ਨੂੰ ਲਲਚਾਈਆਂ ਨਜ਼ਰਾਂ ਨਾਲ ਭਾਲਦੇ ਫਿਰਦੇ ਹਨ। ਜਦ ਸਾਉਣ ਦੀਆਂ ਫੁਹਾਰਾਂ ਠੰਢਕ ਤੇ ਨਮੀ ਲੈ ਕੇ ਆਉਂਦੀਆਂ ਹਨ, ਧਰਤੀ ਦੀ ਚਿਰੋਕਣੀ ਪਿਆਸ ਬੁਝਦੀ ਹੈ ਤਾਂ ਖੁਸ਼ੀ ਦਾ ਪਾਸਾਰ ਹੋਣਾ ਸੁਭਾਵਿਕ ਹੁੰਦਾ ਹੈ,

ਸਾਉਣ ਮਹੀਨੇ ਦਿਨ ਗਿੱਧੇ ਦੇ
ਕੁੜੀਆਂ ਰਲ ਕੇ ਆਈਆਂ
ਨੱਚਣ, ਕੁੱਦਣ, ਝੂਟਣ ਪੀਂਘਾਂ
ਵੱਡਿਆਂ ਘਰਾਂ ਦੀਆਂ ਜਾਈਆਂ
ਗਿੱਧਾ ਪਾ ਰਹੀਆਂ ਨਣਦਾਂ ਤੇ ਭਰਜਾਈਆਂ।

ਸਾਉਣ ਮਹੀਨਾ ਆਪਣਾ ਰੰਗ ਵਿਖਾਉਂਦਾ ਹੈ ਤਾਂ ਹੌਲੀ ਹੌਲੀ ਜੰਮ ਕੇ ਮੀਂਹ ਪੈਣ ਲੱਗਦਾ ਹੈ। ਲਗਾਤਾਰ ਵਰ੍ਹਨ ਵਾਲਾ ਮੀਂਹ ਵਾਰੇ ਨਿਆਰੇ ਕਰ ਦਿੰਦਾ ਹੁੰਦਾ ਸੀ। ਹੁਣ ਮੀਂਹ ਪੈਂਦਾ ਹੈ ਤਾਂ ਇਸ ਮਹੀਨੇ ਦਾ ਰੂਪ ਨਿਖਰਨ ਲੱਗਦਾ ਹੈ। ਗਿੱਧੇ, ਭੰਗੜੇ, ਤੀਆਂ, ਕਿੱਕਲੀ ਆਦਿ ਦੇ ਪਿੜਾਂ ਵਿਚ ਰੌਣਕ ਵਧਣ ਲੱਗਦੀ ਹੈ। ਅੱਲ੍ਹੜ ਮੁਟਿਆਰਾਂ ਕਾਲੀਆਂ ਘਟਾਵਾਂ ਵੇਖ ਕੇ ਖੁਸ਼ੀ ਵਿਚ ਫੁੱਲੀਆਂ ਨਹੀਂ ਸਮਾਉਂਦੀਆਂ, ਨੱਚਣ ਲਈ ਉਤਾਵਲੀਆਂ ਹੋਈਆਂ ਕੁੜੀਆਂ ਦੀ ਅੱਡੀ ਟੱਪਣ ਲੱਗਦੀ ਹੈ ਤੇ ਸਾਉਣ ਦੇ ਸਵਾਗਤ ਵਿਚ ਉਚਾਰੇ ਪੰਜਾਬੀ ਲੋਕ ਗੀਤਾਂ ਦੇ ਬੋਲ ਉਨ੍ਹਾਂ ਦੇ ਬੁੱਲ੍ਹਾਂ 'ਤੇ ਆਪ ਮੁਹਾਰੇ ਆਉਣ ਲੱਗਦੇ ਹਨ। ਸਾਉਣ ਦਾ ਮੀਂਹ, ਪੀਂਘਾਂ ਦੇ ਹੁਲਾਰੇ ਤੇ ਸਹੇਲੀਆਂ ਦਾ ਸਾਥ ਆਦਿ ਗਿੱਧੇ ਦੇ ਬੋਲਾਂ ਨੂੰ ਹੋਰ ਬਲ ਪ੍ਰਦਾਨ ਕਰਦੇ ਹਨ,

ਉਰਲੇ ਪਾਸੇ ਮੀਂਹ ਵਰਸੇਂਦਾ
ਪਰਲੇ ਪਾਸੇ 'ਨ੍ਹੇਰੀ
ਸਾਉਣ ਦਿਆ ਬੱਦਲਾ ਵੇ
ਮੁੜ ਕੇ ਹੋ ਜਾ ਫੇਰੀ।

ਸਾਉਣ ਮਹੀਨੇ ਘਾਹ ਹੋ ਗਿਆ
ਰੱਜੀਆਂ ਮੱਝੀਆਂ ਗਾਈਂ
ਗਿੱਧਿਆ ਪਿੰਡ ਵੜ ਵੇ
ਲਾਂਭ-ਲਾਂਭ ਨਾ ਜਾਈਂ।

ਖੁਸ਼ੀਆਂ ਦਾ ਸੁਨੇਹਾ ਲੈ ਕੇ ਆਉਣ ਵਾਲੀਆਂ ਸਾਉਣ ਮਹੀਨੇ ਦੀਆਂ ਠੰਢੀਆਂ ਫੁਹਾਰਾਂ ਗਰਮੀ ਨਾਲ ਝੁਲਸੀ ਤੇ ਮੁਰਝਾਈ ਜ਼ਿੰਦਗੀ ਵਿਚ ਨਵੀਂ ਤਾਜ਼ਗੀ, ਨਵੀਂ ਰੂਹ, ਨਵੀਂ ਉਮੰਗ, ਨਵਾਂ ਉਤਸ਼ਾਹ ਆਦਿ ਪੈਦਾ ਕਰ ਦਿੰਦੀਆਂ ਹਨ। ਹਰ ਪ੍ਰਾਣੀ ਤੇ ਜੀਵ ਜੰਤੂ ਸਾਉਣ ਦੀ ਰਿਮਝਿਮ ਨੂੰ ਆਪਣੀ ਝੋਲੀ ਵਿਚ ਭਰ ਲੈਣ ਲਈ ਉਤਾਵਲਾ ਤੇ ਉਤਸੁਕ ਹੁੰਦਾ ਹੈ। ਪਿੰਡ-ਸ਼ਹਿਰ ਮੇਲੇ ਲੱਗਦੇ ਹਨ, ਤੀਆਂ ਲੱਗਦੀਆਂ ਹਨ। ਇਸ ਮਹੀਨੇ ਦੇ ਵਿਲੱਖਣ ਤੇ ਅਨੂਠੇ ਪ੍ਰਭਾਵ ਅਧੀਨ ਮਨ-ਤਰੰਗਾਂ ਚੰਚਲ ਹੋ ਉਠਦੀਆਂ ਹਨ ਤੇ ਵੰਨ ਸੁਵੰਨੇ ਪੰਜਾਬੀ ਲੋਕ ਗੀਤਾਂ ਦੀ ਛਹਿਬਰ ਲੱਗਣੀ ਸ਼ੁਰੂ ਹੋ ਜਾਂਦੀ ਹੈ,

ਮੇਰੇ ਭਿੱਜ ਗਏ ਵਰੀ ਦੇ ਲੀੜੇ
ਪੱਛੋਂ ਦੀਆਂ ਪੈਣ ਕਣੀਆਂ।

ਸਾਉਣ ਦੇ ਮਹੀਨੇ ਵਿਚ ਲੋਕਾਂ ਦੇ ਮਨਾਂ ਵਿਚ ਸੁੱਤੀਆਂ ਮਸਤੀਆਂ ਜਾਗ ਉਠਦੀਆਂ ਹਨ। ਭਰਪੂਰ ਮੀਂਹ ਵਰ੍ਹਾਉਂਦੇ ਮੇਘਲੇ ਧਰਤੀ ਦੇ ਸੀਨੇ 'ਤੇ ਹਰੇ ਭਰੇ ਘਾਹ ਦੀ ਚਾਦਰ ਵਿਛਾ ਦਿੰਦੇ ਹਨ। ਧਰਤੀ 'ਤੇ ਲੋਹੜੇ ਦਾ ਨਿਖਾਰ ਆ ਜਾਂਦਾ ਹੈ। ਸੁਗੰਧੀਆਂ ਲਿਪਟੀਆਂ ਹਵਾਵਾਂ ਵਾਤਾਵਰਣ ਨੂੰ ਮਹਿਕਾਉਂਦੀਆਂ ਹਨ। ਬਨਸਪਤੀ ਫਲਦੀ-ਫੁੱਲਦੀ ਹੈ ਤੇ ਮਹਿਕਾਂ ਵੰਡਣ ਲੱਗਦੀ ਹੈ। ਨਦੀਆਂ ਦੇ ਕੰਢਿਆਂ 'ਤੇ ਉਗੀ ਬਨਸਪਤੀ ਹਵਾਵਾਂ ਨਾਲ ਝੂਮਦੀ ਤੇ ਨੱਚਦੀ ਪ੍ਰਤੀਤ ਹੁੰਦੀ ਹੈ। ਬੱਦਲ ਗਰਜਦੇ ਹਨ, ਮੋਰ ਪੈਲਾਂ ਪਾਉਂਦੇ ਹਨ। ਪ੍ਰੇਮਿਕਾ ਆਪਣੇ ਪ੍ਰੇਮੀ ਨੂੰ ਮੁਖਾਤਿਬ ਹੁੰਦਿਆਂ ਕਹਿੰਦੀ ਹੈ,

ਗੱਜੇ ਬੱਦਲ ਚਮਕੇ ਬਿਜਲੀ
ਮੋਰਾਂ ਪੈਲਾਂ ਪਾਈਆਂ
ਹੀਰ ਨੇ ਰਾਂਝੇ ਨੂੰ
ਦਿਲ ਦੀਆਂ ਖੋਲ੍ਹ ਸੁਣਾਈਆਂ।

ਸਾਉਣ ਦੇ ਮਹੀਨੇ ਵਿਚ ਕੁੜੀਆਂ ਦੇ ਘੇਰਿਆਂ ਵਿਚ ਵਿਸ਼ੇਸ਼ ਕਿਸਮ ਦੀ ਖੁਸ਼ੀ ਅਭਿਆਸ ਕਰ ਰਹੀ ਹੁੰਦੀ ਹੈ। ਪਿੰਡ ਤੋਂ ਬਾਹਰ ਕਿਸੇ ਨਹਿਰ, ਛੱਪੜ, ਟੋਭੇ ਆਦਿ ਦੇ ਕੰਢੇ 'ਤੇ ਸੰਘਣੇ ਬਿਰਖਾਂ ਦੀ ਛਾਂ ਹੇਠ ਵੱਡੀ ਗਿਣਤੀ ਵਿਚ ਮੁਟਿਆਰਾਂ ਜੁੜਦੀਆਂ ਹਨ, ਨੱਚਦੀਆਂ ਹਨ, ਕਿੱਕਲੀ ਪਾਉਂਦੀਆਂ ਹਨ ਤੇ ਪੀਂਘਾਂ ਝੂਟਦੀਆਂ ਹਨ,

ਨੱਚ ਲਓ ਕੁੜੀਓ ਨੀ
ਸਾਉਣ ਨੇ ਕਦ-ਕਦ ਆਉਣਾ।
ਆਓ ਨੀ ਕੁੜੀਓ ਹੱਸੀਏ ਖੇਡੀਏ
ਬਾਗੀਂ ਪੀਂਘਾਂ ਪਾਈਏ
ਵਿਚ ਗਿੱਧੇ ਦੇ ਪਾਈਏ ਬੋਲੀਆਂ
ਝਾਂਜਰ ਨੂੰ ਛਣਕਾਈਏ
ਸਾਉਣ ਮਹੀਨਾ ਕਦ ਕਦ ਆਉਣੈਂ
ਰੱਜ ਰੱਜ ਸ਼ਗਨ ਮਨਾਈਏ
ਨੀ, ਨੱਚ ਲੈ ਮੋਰਨੀਏ
ਐਵੇਂ ਨਾ ਸ਼ਰਮਾਈਏ।

ਖੱਟਾ ਡੋਰੀਆ ਉਡ ਉਡ ਜਾਂਦਾ
ਜਦ ਮੈਂ ਪੀਂਘ ਚੜ੍ਹਾਵਾਂ
ਸਾਉਣ ਦਿਆ ਬੱਦਲਾ ਵੇ
ਤੇਰਾ ਜੱਸ ਗਿੱਧਿਆਂ ਵਿਚ ਗਾਵਾਂ।

ਸਾਉਣ ਦੇ ਮਹੀਨੇ ਵਿਚ ਮਨ ਦੀਆਂ ਖੁਸ਼ੀਆਂ ਅਤੇ ਦਿਲ ਪਰਚਾਵਿਆਂ ਦੀਆਂ ਪੀਂਘਾਂ ਅਸਮਾਨ ਛੂਹਦੀਆਂ ਹਨ। ਸਾਉਣ ਦੀ ਰੰਗਲੀ ਤੇ ਸੁਹਾਵਣੀ ਰੁੱਤ ਵਿਚ ਜੇ ਕਿਸੇ ਵਿਆਹੀ-ਵਰੀ ਨੂੰ ਆਪਣੇ ਪ੍ਰੀਤਮ ਦੀ ਯਾਦ ਸਤਾਉਂਦੀ ਹੈ ਤਾਂ ਉਹ ਆਪਣੀ ਕਲਪਨਾ ਦੀ ਦੁਨੀਆਂ ਵਿਚ ਗਵਾਚੀ ਰਹਿੰਦੀ ਹੈ। ਪੀਂਘ ਝੂਟਦਿਆਂ ਵੀ ਉਸ ਦਾ ਮਨ ਹੋਰਥੇ ਉਡਾਰੀਆਂ ਮਾਰਦਾ ਰਹਿੰਦਾ ਹੈ। ਫਿਰ ਮਾਹੀ ਦੇ ਆਉਣ ਦਾ ਸੁਨੇਹਾ ਮਿਲਣ 'ਤੇ ਉਹ ਬਾਗੋ-ਬਾਗ ਹੋ ਜਾਂਦੀ ਹੈ,

ਪਹਿਨ ਪਚਰ ਕੇ ਚੜ੍ਹ ਗਈ ਪੀਂਘ 'ਤੇ
ਡਿੰਗ ਪਈ ਹੁਲਾਰਾ ਖਾ ਕੇ
ਪੈਣ ਫੁਹਾਰਾਂ, ਚਮਕੇ ਬਿਜਲੀ
ਮੈਨੂੰ ਵੇਖ ਲੈ ਰਾਂਝਿਆ ਆ ਕੇ
ਬੱਦਲਾਂ ਨੂੰ ਵੇਖ ਰਹੀ
ਮੈਂ ਤੇਰਾ ਸੁਨੇਹਾ ਪਾ ਕੇ।

ਖੇਤਾਂ ਵਿਚ ਹਰੀਆਂ-ਭਰੀਆਂ, ਲਹਿਰਾਉਂਦੀਆਂ ਫਸਲਾਂ ਵੇਖ ਕੇ ਕਿਸਾਨ ਖੁਸ਼ੀ ਵਿਚ ਫੁੱਲੇ ਨਹੀਂ ਸਮਾਉਂਦੇ। ਪਾਣੀ ਵਿਚ ਖੇਡਦੇ, ਅਠਖੇਲੀਆਂ ਕਰਦੇ, ਖੁਸ਼ੀਆਂ ਮਨਾਉਂਦੇ ਨੰਗ-ਧੜੰਗੇ ਬੱਚੇ ਉਛਲਦੇ ਕੁੱਦਦੇ ਹਨ, ਗਾਉਂਦੇ ਹਨ, ਖੁਸ਼ੀਆਂ ਮਾਣਦੇ ਹਨ,

ਕਾਲੀਆਂ ਇੱਟਾਂ ਕਾਲੇ ਰੋੜ
ਮੀਂਹ ਵਸਾ ਦੇ ਜ਼ੋਰੋ ਜ਼ੋਰ।
ਰੱਬਾ ਰੱਬਾ ਮੀਂਹ ਵਸਾ
ਸਾਡੀ ਕੋਠੀ ਦਾਣੇ ਪਾ।


ਸਾਰੀਆਂ ਰੁੱਤਾਂ ਦਾ ਸਿਰਤਾਜ, ਸਭ ਦੇ ਕਲੇਜੇ ਠੰਢ ਪਾਉਣ ਵਾਲਾ ਸਾਉਣ ਦਾ ਮਹੀਨਾ ਸਵਾਦਲੇ, ਵੰਨ ਸੁਵੰਨੇ ਪਕਵਾਨ ਬਣਾਉਣ ਲਈ ਵੀ ਵਿਸ਼ੇਸ਼ ਮਹੱਤਵ ਰੱਖਦਾ ਹੈ। ਮਾਲ੍ਹ ਪੂੜੇ, ਖੀਰਾਂ, ਪਕੌੜੇ, ਹਲਵੇ ਅਤੇ ਹੋਰ ਭਾਂਤ ਸੁਭਾਂਤੇ ਪਕਵਾਨ ਲੋਕਾਂ ਦੀਆਂ ਖੁਸ਼ੀਆਂ ਤੇ ਚਾਵਾਂ ਵਿਚ ਵਾਧਾ ਕਰਦੇ ਹਨ। ਇਸ ਮਹੀਨੇ ਦੇ ਰੰਗ ਹੀ ਨਿਰਾਲੇ ਹਨ।

ਆਲਮੀ ਤਪਸ਼ ਨੇ, ਧਰਤੀ ਦੇ ਵਧਦੇ ਤਾਪਮਾਨ ਨੇ, ਰੁੱਖਾਂ ਦੀ ਬੇਤਹਾਸ਼ਾ ਤੇ ਬੇਰਹਿਮੀ ਨਾਲ ਕੀਤੀ ਜਾਂਦੀ ਕਟਾਈ ਨੇ ਮੌਸਮਾਂ ਅਤੇ ਰੁੱਤਾਂ ਦੇ ਮਿਜਾਜ਼ ਹੀ ਬਦਲ ਦਿੱਤੇ ਹਨ। ਹੁਣ ਕਈ ਵਾਰ ਜੂਨ ਮਹੀਨੇ ਵਿਚ ਹੀ ਭਰਪੂਰ ਮੀਂਹ ਪੈ ਜਾਂਦੇ ਹਨ ਤੇ ਸਾਉਣ ਮਹੀਨਾ ਸੁੱਕਾ ਲੰਘ ਜਾਂਦਾ ਹੈ। ਕਈ ਵਾਰ ਸਤੰਬਰ ਦੇ ਮਹੀਨੇ ਵਿਚ ਪੈਣ ਵਾਲੇ ਮੀਂਹ ਕਾਰਨ ਹੜ੍ਹਾਂ ਵਾਲੀ ਸਥਿਤੀ ਬਣ ਜਾਂਦੀ ਹੈ। ਸਾਉਣ ਮਹੀਨੇ ਵਿਚ ਕਈ ਵਾਰ ਪਿਆਸੀ ਧਰਤੀ ਮੀਂਹ ਲਈ ਤਰਸਦੀ ਰਹਿ ਜਾਂਦੀ ਹੈ। ਕੱਚੇ ਕੋਠਿਆਂ ਵਿਚ ਰਹਿਣ ਵਾਲਿਆਂ ਲਈ ਕਈ ਵਾਰ ਸਾਉਣ ਦਾ ਮਹੀਨਾ ਮੁਸੀਬਤ ਬਣ ਕੇ ਆਉਂਦਾ ਹੈ। ਕਈ ਥਾਂਈਂ ਆ ਜਾਣ ਵਾਲੇ ਹੜ੍ਹ ਇਸ ਮਹੀਨੇ ਦਾ ਮਜ਼ਾ ਕਿਰਕਿਰਾ ਕਰ ਦਿੰਦੇ ਹਨ। ਫਿਰ ਵੀ ਸਾਉਣ ਮਹੀਨੇ ਦੇ ਆਉਣ ਦੀ ਉਡੀਕ ਬਣੀ ਰਹਿੰਦੀ ਹੈ। ਆਮ ਵਿਅਕਤੀ, ਵਿਆਹੀਆਂ-ਅਣਵਿਆਹੀਆਂ ਸਖੀਆਂ-ਸਹੇਲੀਆਂ, ਕਿਸਾਨ, ਬਨਸਪਤੀ, ਪਸ਼ੂ-ਪੰਛੀ ਆਦਿ ਵੀ ਮੀਂਹ ਪੈਣ ਵਾਲੇ ਇਸ ਸਮੇਂ (ਮਹੀਨੇ) ਦੀ ਬੜੀ ਬੇਸਬਰੀ ਤੇ ਉਤਸੁਕਤਾ ਨਾਲ ਉਡੀਕ ਕਰ ਰਹੇ ਹੁੰਦੇ ਹਨ। ਮੌਸਮ ਦੀਆਂ ਹਾਲਤਾਂ ਬਦਲ ਜਾਣ ਦੇ ਬਾਵਜੂਦ ਸਾਉਣ ਦੇ ਮਹੀਨੇ ਦਾ ਮਹੱਤਵ ਕਿਸੇ ਨਾ ਕਿਸੇ ਰੂਪ ਵਿਚ ਬਣਿਆ ਚਲਿਆ ਆ ਰਿਹਾ ਹੈ।

### ਕੰਵਲ ਦਾ ਸ਼ਾਹਕਾਰ ਨਾਵਲ 'ਪੂਰਨਮਾਸ਼ੀ'

# ਮੁੰਡਾ ਸੁੱਕ ਗਿਆ ਚੰਨਣ ਦਾ ਬੂਟਾ...

**ਪ੍ਰਿੰ. ਸਰਵਣ ਸਿੰਘ ਦੀ ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਦਾ ਇਕ ਕਾਂਡ**




**ਕਿਸ਼ਤ ਦੂਜੀ**

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

**ਮੇਲੇ ਮੁਸਾਹਬੇ ਜਾਂਦਿਆਂ ਬੋਤੇ ਦੀ ਸਵਾਰੀ ਦਾ ਟੌਹਰ:**

ਰੂਪ ਨੇ ਬੀਹੀ ਵਿਚ ਬੋਤਾ ਕੱਢਿਆ ਅਤੇ ਉਸ ਨੂੰ 'ਇੱਛ ਇੱਛ' ਆਖ ਬਹਾਇਆ। ਪਾਟੇ ਦੋੜੇ ਨਾਲ ਉਸ ਨੇ ਸਾਰੇ ਨੂੰ ਝਾੜਿਆ ਅਤੇ ਫਿਰ ਪਤਲਾ ਛੀਂਟ ਦਾ ਝੁੱਲ ਸੁੱਟਿਆ। ਛੀਂਟ ਦੇ ਹਰੇ ਨੀਲੇ ਝੁੱਲ 'ਤੇ ਲਾਲ ਗੱਦੀਆਂ ਫੱਬ ਗਈਆਂ। ਸੂੰਡਕੇ ਵਿਚ ਅੜੀਆਂ ਗੱਦੀਆਂ ਨੂੰ ਫਰਾਕੀ ਨੇ ਕੱਸ ਦਿੱਤਾ। ਨਵੀਂ ਮੁਹਾਰ ਅਤੇ ਗਲ ਬਾਰੀਕ ਘੁੰਗਰੂਆਂ ਦੀ ਕੈਂਠੀ ਨੇ ਬੋਤੇ ਦੀ ਜਵਾਨੀ ਨੂੰ ਸ਼ਿੰਗਾਰ ਦਿੱਤਾ। ਰੂਪ ਨੇ ਨੀਵੀਂ ਕਮੀਜ਼ ਨਾਲ ਸੂਫ ਦਾ ਚਾਦਰਾ ਬੰਨ੍ਹਿਆ ਹੋਇਆ ਸੀ, ਜੋ ਤੁਰਦਿਆਂ ਜਵਾਨੀ ਦਾ ਸ਼ੋਰ ਪੈਦਾ ਕਰਦਾ ਸੀ। ਅੰਗੂਰੀ ਰੰਗ ਦੀ ਉਸ ਦੀ ਟੇਢੀ ਪੱਗ ਬਹਾਰ ਦੇ ਸੱਜਰੇ ਸੁਨੇਹੇ ਵਿਚ ਹੱਸ ਰਹੀ ਸੀ। ਜਗੀਰ ਦਾ ਲਾਜਵਰੀ ਪੂੰਝਾ ਰੋਕ ਰੋਕ ਰੱਖਿਆਂ ਵੀ ਡਿੱਗ ਡਿੱਗ ਪੈਂਦਾ ਸੀ। ਦੋਹਾਂ ਨੇ ਬੋਤੇ 'ਤੇ ਚੜ੍ਹਨ ਲਈ ਚਾਦਰਿਆਂ ਦੇ ਲਾਂਗੜ ਮਾਰ ਲਏ। ਪੱਟਾਂ ਕੋਲੋਂ ਉਨ੍ਹਾਂ ਦੇ ਚਾਦਰਿਆਂ ਵਿਚ ਲਹਿਰਾਂ ਜਿਹੀਆਂ ਬਣ ਗਈਆਂ, ਜਿਵੇਂ ਹਿਰਦੇ ਵਿਚ ਮਚਲਦੇ ਅਰਮਾਨ ਇਕ ਦੂਜੇ ਦੇ ਗਲ ਬਾਹਾਂ ਪਾਉਂਦੇ ਹਨ। ਜਵਾਨੀ ਦੇ ਨਾਜ਼ ਅੱਜੀਂ-ਪੱਜੀਂ ਕੁਦਰਤ ਦੀ ਹਿੱਕ ਵਿਚ ਕੁਤ-ਕਤਾਰੀਆਂ ਕੱਢ ਰਹੇ ਸਨ...।

ਬੋਤਾ ਪਿੰਡ ਦੀ ਫਿਰਨੀ ਪੈ ਗਿਆ। ਨਿਆਈਂ ਵਾਲੇ ਖੂਹ ਤੋਂ ਮੋੜ ਮੁੜਦਿਆਂ ਰੂਪ ਨੇ ਬਚਨੋ ਨੂੰ ਵਾੜੇ ਵਿਚ ਖੜ੍ਹੀ ਨੂੰ ਤੱਕਿਆ। ਜਗੀਰ ਨੇ ਰੂਪ ਦੀ ਵੱਖੀ ਵਿਚ ਚੂੰਢੀ ਭਰੀ। ਓਧਰ ਬਚਨੋ ਸੈਨਤ ਵਿਚ ਦੀ ਆਪਣੇ ਗੁੱਟ ਨੂੰ ਹੱਥ ਲਾ ਗਈ,

ਜਾਵੀਂ ਮੇਲੇ 'ਤੇ ਲਿਆ ਦੀਂ ਪਹੁੰਚੀ,
ਲੈ ਜਾ ਮੇਰਾ ਗੁੱਟ ਮਿਣ ਕੇ।

**ਕੰਵਲ ਦੀਆਂ ਲਿਖਤਾਂ ਦਾ ਮੁੱਖ ਧੁਰਾ ਪਿਆਰ ਹੈ। ਪੂਰਨਮਾਸ਼ੀ ਵਿਚ ਪਿਆਰ ਬਾਰੇ ਵਿਚਾਰ:**

"ਫੁੱਲਾਂ ਦੀ ਸੁਗੰਧੀ ਵਾੜਾਂ ਵਿਚ ਡੱਕਿਆਂ ਵੀ ਚੁਫੇਰੇ ਖਿਲਰ ਜਾਂਦੀ ਹੈ। ਦਿਆਲੇ ਤੇ ਸ਼ਾਮੋ ਦੇ ਪਿਆਰ ਦੀਆਂ ਗੱਲਾਂ ਵੀ ਮਸਾਲੇ ਲਾ ਲਾ ਕੀਤੀਆਂ ਜਾਣ ਲੱਗੀਆਂ। ਜਵਾਨੀ ਦੇ ਕੋਮਲ ਹੁਸਨ ਨੂੰ ਬਦਨਾਮੀ ਦਾ ਸੇਕ ਬੁਰੀ ਤਰ੍ਹਾਂ ਝੁਲਸ ਦਿੰਦਾ ਹੈ। ਕਿਸੇ ਦੇ ਪਿਆਰ ਦੀ ਗੱਲ ਕਰਨੀ ਸਾਨੂੰ ਇਸ ਤਰ੍ਹਾਂ ਮਿਲਦੀ ਹੈ ਕਿ ਅਸੀਂ ਆਪ ਲੋਹੜੇ ਦੇ ਪਿਆਰ ਦੇ ਭੁੱਖੇ ਹੁੰਦੇ ਹਾਂ। ਪਿਆਰ ਦੇ ਮਾਮਲੇ ਵਿਚ ਸਾਡੀਆਂ ਰੁਚੀਆਂ ਸਖਤ, ਤਲਖ-ਤੁਰਸ਼ ਹੋ ਗਈਆਂ ਹੁੰਦੀਆਂ ਹਨ। ਪਿਆਰ ਕਰਨ ਦੇ ਮੌਕੇ ਸਾਨੂੰ ਘੱਟ ਮਿਲੇ ਹੁੰਦੇ ਹਨ ਜਾਂ ਦੂਜੇ ਅਰਥਾਂ ਵਿਚ ਉਨ੍ਹਾਂ ਨੂੰ ਪਰਵਾਨ ਨਹੀਂ ਚੜ੍ਹਨ ਦਿੱਤਾ ਜਾਂਦਾ। ਹਰ ਪਿਆਰ ਕਰਨ ਵਾਲੇ ਜੋੜੇ ਦੇ ਮਾਮਲੇ ਵਿਚ ਸਾਡੀਆਂ ਭਾਵਨਾਵਾਂ ਬਦਲਾ-ਲਊ ਹੋ ਜਾਂਦੀਆਂ ਹਨ। ਜਵਾਨੀ ਵਿਚ ਆ ਕੇ ਕੁਦਰਤੀ ਪਿਆਰ-ਭੁੱਖ ਜਾਗਦੀ ਹੈ। ਪਿਆਰ ਵਿਚ ਕਾਮਯਾਬ ਜਿੰਦੜੀਆਂ ਕਦੇ ਸਾੜਾ ਨਹੀਂ ਕਰਦੀਆਂ, ਸਗੋਂ ਪ੍ਰੇਮੀਆਂ ਨੂੰ ਅਸ਼ੀਰਵਾਦ ਦਿੰਦੀਆਂ ਹਨ। ਪਰ ਸੱਖਣੇ ਤੇ ਅਧੂਰੇ ਹਿਰਦੇ ਨਿੰਦਿਆ ਨਾਲ ਪ੍ਰੇਮੀਆਂ ਦੇ ਰਾਹ ਵਿਚ ਕੰਡੇ ਖਿਲਾਰਦੇ ਹਨ।"

**ਮੇਲੇ ਵਿਚ ਗਾਉਣ ਦੇ ਅਖਾੜੇ ਦਾ ਦ੍ਰਿਸ਼:**

"ਢੱਡ ਸਾਰੰਗੀ ਵਾਲੀ ਤਿੱਖੜੀ ਨੇ ਮੇਲੇ ਦੇ ਇਕ ਪਾਸੇ, ਵਿਚਕਾਰ ਖਾਲੀ ਥਾਂ ਰੱਖ ਕੇ ਗੋਲ ਦਾਇਰਾ ਬਣਾ ਲਿਆ। ਗਾਉਣ ਲੱਗਦਾ ਵੇਖ ਕੇ ਸਾਰਾ ਮੇਲਾ ਹੀ ਉਨ੍ਹਾਂ ਵੱਲ ਨੂੰ ਉਲਰ ਪਿਆ ਅਤੇ ਗਾਉਣ ਵੱਲ ਜਾਂਦੇ ਮੇਲੇ ਨੂੰ ਵੇਖ ਕੇ ਦੁਕਾਨਦਾਰਾਂ ਦੇ ਮੱਥਿਆਂ ਵਿਚ ਤਿਓੜੀਆਂ ਪੈ ਗਈਆਂ। ਸਾਰੰਗੀ ਵਾਲੇ ਨੂੰ ਸੁਰ ਕਰਦਿਆਂ ਥੋੜ੍ਹੀ ਦੇਰ ਲੱਗੀ, ਪਰ ਸੁਰ ਹੋਣ ਦੀ ਹੀ ਢਿੱਲ ਸੀ ਕਿ ਢੱਡਾਂ ਬੁੜ੍ਹਕ ਪਈਆਂ ਅਤੇ ਸਰੋਤਿਆਂ ਦੇ ਸੁਆਦ ਵਿਚ ਦਿਲ ਵੀ ਉਛਲੇ। ਪਹਿਲਾਂ ਗਵੰਤਰੀਆਂ ਨੇ ਵਰਾਂ ਦੀ ਦਾਤੀ ਸ਼ਾਰਦਾ ਮਾਤਾ ਦੀ ਬੰਦਨਾ ਗਾਈ ਅਤੇ ਪਿੱਛੋਂ ਕਿੰਨੇ ਹੀ ਪੀਰ ਅਵਤਾਰ ਗਿਣ ਮਾਰੇ, ਜਿਵੇਂ ਉਨ੍ਹਾਂ ਸਭ 'ਤੇ ਹੀ ਵਿਸ਼ਵਾਸ ਸੀ। ਫਿਰ ਪਾਛੂ ਮੁੰਡੇ ਨੇ ਚਾਦਰੇ ਵਿਚੋਂ ਸੱਜੀ ਲੱਤ ਅਗਾਂਹ ਕੱਢਦਿਆਂ ਬਾਂਹ ਉੱਚੀ ਕਰ ਕੇ ਦੋਹਰਾ ਲਾਇਆ,

ਫੁੱਲ ਦਾ ਲੋਭੀ ਭੌਰ ਹੈ,
ਧਨ ਦਾ ਲੋਭੀ ਚੋਰ!
ਮੈਂ ਲੋਭਣ ਇਕ ਦਰਦ ਦੀ,
ਕੁਝ ਨਾ ਮੰਗਦੀ ਹੋਰ।

ਵਜੰਤਰੀ ਨੇ ਸਾਰੰਗੀ ਨਾਲ ਝੂਮਦਿਆਂ ਤਾਨ ਬਦਲੀ ਅਤੇ ਗਾਉਣ ਦੇ ਮੋਹਰੀ ਨੇ ਕੰਨ ਉਤੇ ਹੱਥ ਰੱਖ ਕੇ ਹੀਰ ਦੀ ਕਲੀ ਛੇੜ ਦਿੱਤੀ,

ਚੂਰੀ ਕੱਛ ਵਿਚ ਦੇ ਕੇ
ਹੀਰ ਤੁਰ ਪਈ ਬੇਲੇ ਨੂੰ,
ਪੰਜਾਂ ਪੀਰਾਂ ਤਾਈਂ
ਮਨ ਵਿਚ ਜਾਇ ਧਿਆਉਂਦੀ।
ਮਾਂ ਦੇ ਭਾਣੇ ਰਾਂਝਿਆ
ਮੈਂ ਤ੍ਰਿੰਜਣ ਵਿਚ ਕੱਤਦੀ ਆਂ,
ਬਾਹਾਂ ਚੁੱਕ ਚੁੱਕ ਸਾਊਆ
ਵੇ ਤੱਕਲੇ ਤੰਦ ਪਾਉਂਦੀ...।

ਦੀਆਂ ਗੰਦਲਾਂ ਦੇ ਘਿਉ ਪਾ ਪਾ ਖਾਧੇ ਸਾਗ ਤੋਂ ਪੈਦਾ ਹੋਇਆ ਲਹੂ ਸ਼ਰਾਬ ਦੀ ਪੁੱਠ ਨਾਲ ਉਬਲ ਪਿਆ। ਜਵਾਨੀ ਵਿਚ ਕਿਹੜਾ ਸ਼ਰਾਬੀ ਸਰੋਤਾ ਆਪਣੀ ਮੋੜੀ ਗੱਲ ਸਹਾਰ ਸਕਦਾ ਹੈ? ਸਾਰੇ ਖਾੜੇ ਵਿਚ ਰੌਲਾ ਪੈ ਗਿਆ। ਉਨ੍ਹਾਂ ਦੇ ਗਾਲ੍ਹੋ-ਗਾਲ੍ਹੀ ਹੋਣ ਨਾਲ ਹੀ ਖਾੜਾ ਪੁੱਟਿਆ ਗਿਆ। ਉਸ ਪਿੱਛੋਂ ਡਾਂਗ ਚੱਲ ਪਈ। ਗਵੰਤਰੀਆਂ ਨੇ ਆਪਣੇ ਸਾਜ਼ ਕੱਛਾਂ ਵਿਚ ਦਿੱਤੇ ਅਤੇ ਵੱਡਿਆਂ ਦੇ ਹੇਠਾਂ ਦੀ ਨਿਉਂ ਕੇ ਖਿਸਕ ਗਏ। ਅਕਲ ਅਕਲ 'ਤੇ ਅਸਰ ਕਰਦੀ ਹੈ, ਮੂਰਖ ਅੱਗੇ ਅਫਲਾਤੂਨ ਨੇ ਵੀ ਹੱਥ ਬੰਨ੍ਹੇ ਸਨ।"

**ਕੁੜੀ ਦੇ ਵਿਆਹ ਵੇਲੇ ਜੰਜ ਆਉਣ ਦੀ ਝਾਕੀ:**

"ਸ਼ਾਮੋ ਦੀ ਜੰਜ ਘੋੜੀਆਂ, ਬੋਤਿਆਂ ਅਤੇ ਰੱਥਾਂ ਉਤੇ ਸ਼ਿੰਗਾਰੀ ਆ ਗਈ। ਵਾਜੇ ਵਾਲਿਆਂ ਦਾ ਬੇਸੁਰਾ ਸ਼ੋਰ ਪਿੰਡ ਦੇ ਸੁੱਤੇ ਮਾਹੌਲ ਨੂੰ ਹਲੂਣ ਰਿਹਾ ਸੀ। ਗੱਭਰੂ ਜਾਨੀਆਂ ਨੇ, ਜੋ ਤਿੱਖੀਆਂ ਤੇ ਚੁਸਤ ਘੋੜੀਆਂ ਉਤੇ ਸਵਾਰ ਸਨ, ਪਿੰਡ ਨੂੰ ਵਲਿਆ। ਘੋੜੀਆਂ ਦੇ ਗੋਡਿਆਂ ਨਾਲ ਬੱਧੀਆਂ ਝਾਂਜਰਾਂ ਦੀ ਛਣਕਾਰ ਹਿਰਦੇ ਦੇ ਅਰਮਾਨਾਂ ਨੂੰ ਤੜਫਾ ਰਹੀ ਸੀ। ਨੱਚਦੀਆਂ ਘੋੜੀਆਂ ਮੁੜ ਧਰਮਸ਼ਾਲਾ ਅੱਗੇ ਆ ਰੁਕੀਆਂ, ਜਿਥੇ ਪਿੰਡ ਦੀ ਪੰਚਾਇਤ ਵੀ ਜੁੜੀ ਖਲੋਤੀ ਸੀ। ਲਾਗੀਆਂ ਨੇ ਮੰਜੇ ਡਾਹੁਣੇ ਸ਼ੁਰੂ ਕਰ ਦਿੱਤੇ ਅਤੇ ਕਾਮਿਆਂ ਨੇ ਸਵਾਰੀਆਂ ਨੂੰ ਸਾਂਭ ਲਿਆ।

ਜੰਜ ਦੀ ਰੋਟੀ ਪਰੋਸਦਿਆਂ ਹੀ ਇਕ ਕੁੜੀ ਨੇ ਜੰਜ ਬੰਨ੍ਹ ਦਿੱਤੀ। ਇਕ ਗੱਭਰੂ ਥਾਲੀ ਹੱਥ 'ਤੇ ਰੱਖ ਕੇ ਜੰਜ ਛਡਾਉਣ ਲਈ ਉਠਿਆ।

'ਬੱਸ ਸਰਦਾਰ ਜੀ ਬਹਿ ਜਾਵੋ ਅਤੇ ਪ੍ਰਸ਼ਾਦੇ ਛਕੋ।' ਇਕ ਵਰਤਾਵੇ ਨੇ ਆਖਿਆ।

ਬਰਾਤ ਰੋਟੀ ਖਾਣ ਲੱਗੀ ਅਤੇ ਜੰਜ-ਛੁਡਾਵੇ ਦੇ ਬਹਿ ਜਾਣ 'ਤੇ ਕੁੜੀਆਂ ਨੇ ਗੀਤ ਛੋਹ ਦਿੱਤਾ,

ਤੈਨੂੰ ਜੰਜ ਛਡਾਉਣੀ ਨਾ ਆਈ,
ਕੱਚਾ ਹੋ ਕੇ ਬਹਿ ਵੇ ਗਿਆ।
ਤੈਨੂੰ ਭੈਣ ਦੇਣੀ ਨਾ ਆਈ,
ਬੱਧੀ ਰੋਟੀ ਖਾ ਵੇ ਗਿਆ...।
ਜੇ ਲਾੜਿਆ ਤੇਰਾ ਹੋਵੇ ਕਬੀਲਾ,
ਬੱਧੀ ਜੰਜ ਛੁਡਾਵੇ,
ਜੰਜ ਕੌਣ ਛੁਡਾਵੇ।
ਲਾਗੀ ਦੱਥੇ ਆਏ,
ਜੰਜ ਕੌਣ ਛੁਡਾਵੇ...।
ਉਠ ਖੜ੍ਹੋ ਸੱਜਣੋ, ਉਠ ਖੜ੍ਹੋ
ਉਤੋਂ ਚੜ੍ਹ ਪਈ ਧੁੱਪ।
ਤੁਸੀਂ ਤਾਂ ਰੋਟੀ ਖਾ ਹਟੇ
ਸਾਡੇ ਵੀਰਾਂ ਨੂੰ ਲੱਗੀ ਭੁੱਖ।..."

ਜੇਠ ਹਾੜ ਦੀ ਗਰਮੀ ਦਾ ਦ੍ਰਿਸ਼:

ਹਾੜ ਦਾ ਪਹਿਲਾ ਪੱਖ ਸੀ। ਰੁੱਖੇ ਵਾਹਣਾਂ ਵਿਚ ਵਾਵਰੋਲੇ ਘੁੰਮਰੀਆਂ ਪਾ ਪਾ ਉਡ ਰਹੇ ਸਨ। ਗਲੀਆਂ ਵਿਚ ਧੁੱਪ ਦੇ ਸੇਕ ਨਾਲ ਸਾੜ ਉਭਰ ਰਿਹਾ ਸੀ। ਰਾਤ ਨੂੰ ਵੱਟ ਹੁੰਦਾ ਜਾਂ ਹਨੇਰੀ ਆਉਂਦੀ। ਕੋਠਿਆਂ ਅਤੇ ਚੁਬਾਰਿਆਂ ਤੋਂ ਵੀ ਉਚੀ ਉਠੀ ਗਰਦ ਨੇ ਚਾਨਣੀ ਦਾ ਮੂੰਹ ਧੂੜਿਆ ਹੋਇਆ ਸੀ। ਜ਼ਿੰਦਗੀ, ਸੁੱਕੇ ਬੁੱਲ੍ਹ, ਉਦਾਸੀ, ਨੋਚਿਆ ਚਿਹਰਾ ਅਤੇ ਵੀਰਾਨ ਖੁਸ਼ਕੀ ਵਿਚ ਉਜੜੀ ਉਜੜੀ ਜਾਪ ਰਹੀ ਸੀ। ਖੇਤਾਂ ਵਿਚ ਹਰਿਆਵਲ ਦਾ ਦੂਰ ਤਕ ਨਿਸ਼ਾਨ ਨਹੀਂ ਸੀ ਲੱਭਦਾ। ਵੱਟਾਂ ਦਾ ਖੱਬਲ ਵੀ ਸੁੱਕ ਸੜ ਗਿਆ ਸੀ। ਲੋਹੜੇ ਦੀ ਗਰਮੀ ਨੇ ਛੱਪੜਾਂ ਦਾ ਪਾਣੀ ਚੂਸ ਲਿਆ ਅਤੇ ਉਨ੍ਹਾਂ ਦੇ ਤਲੇ ਸੁੰਗੜ ਕੇ ਤਰੇੜਾਂ ਛੱਡ ਗਏ ਸਨ। ਅੰਬਰ ਦੀ ਅੱਖੋਂ ਇਕ ਕਣੀ ਵੀ ਨਹੀਂ ਸੀ ਡਿੱਗੀ ਅਤੇ ਸਮੁੱਚਾ ਮਾਹੌਲ ਹਿਜ਼ਰ ਵਿਚ ਆਏ ਆਸ਼ਕਾਂ ਦੀ ਹਿੱਕ ਵਾਂਗ ਸੜ ਰਿਹਾ ਸੀ। ਸਮਾਜ ਦੀ ਨਿਰਦੈਤਾ ਨਾਲ ਰੱਬ ਦਾ ਕਹਿਰ ਵੀ ਵਧਿਆ ਹੋਇਆ ਸੀ। ਪੰਛੀਆਂ ਦੀਆਂ ਡਾਰਾਂ ਪਾਣੀ ਦੀ ਭਾਲ ਵਿਚ ਭਟਕ ਰਹੀਆਂ ਸਨ। ਇਹ ਕਹਿਰ ਜ਼ਿੰਦਗੀ ਦੇ ਰਾਣੇ ਮਨੁੱਖ ਤੋਂ ਲੈ ਕੇ ਪਸ਼ੂ, ਪੰਛੀਆਂ ਅਤੇ ਬ੍ਰਿਛ-ਬੂਟਿਆਂ ਉਤੇ ਸਾਰੇ ਛਾਇਆ ਹੋਇਆ ਸੀ।"

**ਵਿਆਹ 'ਚ ਜਾਗੋ ਕੱਢਣ ਦੀ ਝਾਕੀ:**

ਜਾਗੋ ਦੀ ਤਿਆਰੀ ਮੁਕੰਮਲ ਹੋ ਜਾਣ 'ਤੇ ਸ਼ੌਕੀਨ ਮੇਲਣਾਂ ਨੇ ਘੱਗਰੇ ਪਾਏ ਅਤੇ ਜਿਨ੍ਹਾਂ ਜਿਨ੍ਹਾਂ ਦੇ ਬੋਲ ਇਕੋ ਜਿਹੇ ਮਿਲਦੇ ਸਨ, ਉਨ੍ਹਾਂ ਜੋਟੀਆਂ ਬੰਨ੍ਹ ਲਈਆਂ। ਇਕ ਚੱਠੂ ਵਰਗੀ ਨਰੋਈ ਮੁਟਿਆਰ ਨੇ ਜਾਗੋ ਸਿਰ ਉਤੇ ਟਿਕਾ ਲਈ ਅਤੇ ਕੁੜੀਆਂ ਤੇ ਬੁੜ੍ਹੀਆਂ ਦਾ ਤਕੜਾ ਵਹੀਰ ਉਸ ਦੇ ਪਿੱਛੇ ਹੋ ਤੁਰਿਆ। ਘਰ ਦੇ ਬਾਰੋਂ ਨਿਕਲਦਿਆਂ ਹੀ ਉਨ੍ਹਾਂ ਗੀਤ ਛੋਹ ਦਿੱਤਾ, 'ਚੌਕੀ ਹਾਕਮਾਂ ਦੀ ਆਈ ਖਬਰਦਾਰ ਰਹਿਣਾ ਜੀ...।'

ਜਾਗੋ ਦੇ ਚਾਨਣ ਨਾਲ ਗਲੀ ਦੂਰ ਤਕ ਰੌਸ਼ਨ ਹੋ ਗਈ। ਮੁਟਿਆਰ ਕੁੜੀਆਂ ਦੇ ਗੀਤਾਂ ਤੋਂ ਪ੍ਰਭਾਵਿਤ ਹੋ ਕੇ ਗੱਭਰੂ ਮੁੰਡਿਆਂ ਦਾ ਰੌਲਾ ਜਾਗੋ ਦੇ ਚਾਨਣ ਨੂੰ ਧੱਕੇ ਮਾਰ ਰਿਹਾ ਸੀ। ਧਰਮਸ਼ਾਲਾ ਦੇ ਕੋਲੋਂ ਲੰਘਦੀਆਂ ਕੁੜੀਆਂ ਨੇ ਪ੍ਰਾਹੁਣੇ ਦਾ ਨਾਂ ਲੈ ਕੇ ਗਾਉਣਾ ਸ਼ੁਰੂ ਕਰ ਦਿੱਤਾ,

ਕਰਮਿਆਂ ਭੈਣਾਂ ਜਗਾ ਲੈ ਵੇ,
ਜਾਗੋ ਆਈ ਆ।
ਚੁੱਪ ਕਰ ਬੀਬੀ ਮਸਾਂ ਸਮਾਈ ਐ,
ਲੋਰੀ ਦੇ ਕੇ ਪਾਈ ਐ, ਅੜੀ ਕਰੂਗੀ...।

ਪਿੰਡ ਦੇ ਆਲੇ ਦੁਆਲੇ ਚੱਕਰ ਲਾ ਕੇ ਅਤੇ ਕਈ ਨਿਕਟ ਸਨੇਹੀਆਂ ਦੇ ਘਰ ਜਾ ਕੇ ਜਾਗੋ ਮੁੜ ਵਿਆਹ ਵਾਲੇ ਘਰ ਦੇ ਵਿਹੜੇ ਵਿਚ ਆ ਗਈ। ਮੁਟਿਆਰ ਕੁੜੀਆਂ ਅਤੇ ਵਹੁਟੀਆਂ ਨੇ ਗਿੱਧਾ ਪਾਉਣ ਲਈ ਘੇਰਾ ਘੱਤ ਲਿਆ। ਕੁਝ ਇਕ ਜ਼ਿੰਦਾਦਿਲ ਅਧਖੜ ਔਰਤਾਂ ਦੇ ਜਜ਼ਬਾਤ ਵੀ ਉਬਾਲਾ ਖਾ ਗਏ ਅਤੇ ਉਹ ਆਪਣੇ ਧੌਲਿਆਂ ਦਾ ਖਿਆਲ ਭੁਲਾ ਕੇ ਗਿੱਧੇ ਵਿਚ ਆ ਜੁੜੀਆਂ। ਮੁਟਿਆਰਾਂ ਦੀਆਂ ਅੱਡੀਆਂ ਅਤੇ ਪੱਬੀਆਂ ਨਾਲ ਖੁੱਲ੍ਹੇ ਵਿਹੜੇ ਵਿਚ ਧਮਕਾਂ ਪੈਣ ਲੱਗੀਆਂ। ਇਕ ਕੁੜੀ ਨੇ ਪਹਿਲ ਕਰਦਿਆਂ ਬੋਲੀ ਪਾਈ,

ਗਿੱਧਾ ਗਿੱਧਾ ਕਰੇਂ ਮੇਲਣੇ,
ਗਿੱਧਾ ਪਊ ਬਥੇਰਾ,
ਲੋਕ ਘਰਾਂ ਤੋਂ ਜੁੜ ਕੇ ਆ'ਗੇ,
ਲਾ ਬੁਢੜਾ ਲਾ ਠੇਰਾ,
ਝਾਤੀ ਮਾਰ ਕੇ ਵੇਖ ਉਤਾਂਹ ਨੂੰ,
ਭਰਿਆ ਪਿਆ ਬਨੇਰਾ,
ਤੈਨੂੰ ਧੁੱਪ ਲੱਗਦੀ,
ਸੜੇ ਕਾਲਜਾ ਮੇਰਾ,
ਤੈਨੂੰ ਧੁੱਪ ਲੱਗਦੀ...।


ਸੱਚੀਂ ਮੁੱਚੀਂ ਗਿੱਧਾ ਵੇਖਣ ਵਾਲਿਆਂ ਨਾਲ ਬਨੇਰੇ ਭਰੇ ਪਏ ਸਨ। ਗਿੱਧੇ ਦੀਆਂ ਤਾੜੀਆਂ ਅਤੇ ਗੀਤਾਂ ਦੀਆਂ ਰੰਗਲੀਆਂ ਹੇਕਾਂ ਨੇ ਨੇੜ ਤੇੜ ਦੇ ਗੱਭਰੂਆਂ ਦੀ ਨੀਂਦ ਉਚਾਟ ਕਰ ਦਿੱਤੀ। ਉਹ ਗਿੱਧਾ ਵੇਖਣ ਲਈ ਮਜਬੂਰ ਹੋ ਗਏ। ਕਈ ਇਕ ਪੌੜੀ ਤੋਂ ਦੀ ਤਿਲ੍ਹਕਦੇ ਥੱਲੇ ਖੁਰਲੀਆਂ 'ਤੇ ਆ ਬੈਠੇ। ਜਾਗੋ ਚੁੱਕਣ ਵਾਲੀ ਕੁੜੀ ਨੇ ਕਮਾਲ ਈ ਕਰ ਦਿੱਤੀ ਸੀ। ਉਸ ਦੀਆਂ ਫਿਜ਼ਾ ਵਿਚ ਖੁੱਲ੍ਹੀਆਂ ਅਤੇ ਵਲ ਖਾ ਖਾ ਮੁੜਦੀਆਂ ਬਾਹਾਂ ਜ਼ਿੰਦਗੀ ਨੂੰ ਕਲਾਵੇ ਵਿਚ ਮਦਹੋਸ਼ ਕਰ ਰਹੀਆਂ ਸਨ। ਰੂੰ ਪਿੰਜਦੀਆਂ ਦੇ ਅੱਗੇ ਆਏ ਪੱਲੇ ਇਉਂ ਉਡ ਰਹੇ ਸਨ, ਜਿਵੇਂ ਤੇਲੀ ਦੇ ਵਾੜੇ ਵਿਚ ਰੂੰ। ਸ਼ਾਮੋ ਨੂੰ ਟੋਕ ਮਾਰਨ ਲਈ ਕੁੜੀ ਨੇ ਬੋਲੀ ਦਾ ਮੋੜ ਦਿੱਤਾ,

ਬੱਗੀ ਬੱਗੀ ਕਣਕ ਦੇ
ਮੰਡੇ ਪਕਾਉਣੀ ਆਂ,
ਛਾਂਵੇਂ ਬਹਿ ਕੇ ਖਾਵਾਂਗੇ,
ਚਿੱਤ ਕਰੂ ਮੁਕਲਾਵੇ ਜਾਵਾਂਗੇ।


ਮੇਲਣਾਂ ਨੇ ਮੁੰਡਿਆਂ ਨੂੰ ਕਾਨੀਆਂ ਮਾਰੀਆਂ, 'ਏਥੇ ਤਾਂ ਸਾਰੇ ਝੁੱਡੂ ਹੀ ਹਨ।' ਮੁੰਡਿਆਂ ਨੂੰ ਗੁੱਸਾ ਆ ਗਿਆ ਅਤੇ ਸਾਰਿਆਂ ਸਮਝਿਆ, ਹੁਣ ਤਾਂ ਵਾਰੀ ਲੈਣੀ ਹੀ ਪਵੇਗੀ। ਮਾਲ ਚਾਰਨ ਵਾਲੇ ਇਕ ਮੁੰਡੇ ਨੇ ਜਿਗਰਾ ਕਰ ਕੇ ਪਟਵਾਰਨ ਦੀ ਬੋਲੀ ਪਾਈ, ਜਿਵੇਂ ਉਹ ਉਸ 'ਤੇ ਆਸ਼ਕ ਸੀ,

ਅੱਖ ਪਟਵਾਰਨ ਦੀ,
ਇੱਲ ਦੇ ਆਲ੍ਹਣੇ ਆਂਡਾ।

ਬੋਲੀ ਦੀ ਹੇਕ ਟੁੱਟਣ 'ਤੇ ਮੁੰਡੇ ਨੇ ਬੋਲੀ



***ਕੰਵਲ ਨੇ ਇਹ ਨਾਵਲ ਤੀਹਵੇਂ ਸਾਲ ਦੀ ਉਮਰ ਵਿਚ ਲਿਖਿਆ ਸੀ। ਤਦ ਤਕ ਦਸਵੀਂ ਜਮਾਤ ਤੱਕ ਦੀ ਪੜ੍ਹਾਈ, ਮੇਲਿਆਂ 'ਚੋਂ ਖਰੀਦੇ ਕਿੱਸੇ, ਵਾਰਸ ਦੀ ਹੀਰ ਪੜ੍ਹਨੀ ਤੇ ਗਾਉਣੀ, ਲੋਕ ਗੀਤ, ਮਲਾਇਆ ਵਿਚ ਜਾਗੇ ਦੀ ਨੌਕਰੀ, ਚੀਨਣ ਤੇ ਮਲਾਇਣ ਨਾਲ ਇਸ਼ਕ, ਪਿੰਡ ਪਰਤ ਕੇ ਖੇਤੀ ਵਾਹੀ, ਪ੍ਰਸਿੱਧ ਸਾਹਿਤਕ ਪੁਸਤਕਾਂ ਦੀ ਪੜ੍ਹਾਈ, ਸ਼੍ਰੋਮਣੀ ਕਮੇਟੀ ਦੀ ਕਲਰਕੀ, 1947 ਦਾ ਉਜਾੜਾ, ਵੇਦਾਂਤ ਤੇ ਮਾਰਕਸਵਾਦ ਦੇ ਸਬਕ; 'ਜੀਵਨ ਕਣੀਆਂ', 'ਸੱਚ ਨੂੰ ਫਾਂਸੀ' ਤੇ 'ਪਾਲੀ' ਪੁਸਤਕਾਂ ਲਿਖਣਾ ਉਹਦਾ ਪਿਛੋਕੜ ਤੇ ਤਜਰਬਾ ਸੀ। ਉਹ ਕਮਿਊਨਿਸਟ ਬਣਨ ਦੇ ਰਾਹ ਪੈ ਗਿਆ ਸੀ, ਪਰ ਕਮਿਊਨਿਸਟ ਪਾਰਟੀ ਦਾ ਮੈਂਬਰ ਨਹੀਂ ਸੀ ਬਣਿਆ। ਬਾਬਾ ਰੂੜ ਸਿੰਘ ਚੂਹੜਚੱਕ ਦੀ ਸੰਗਤ ਕਰਕੇ ਕਮਿਊਨਿਸਟ ਪਾਰਟੀ ਦਾ ਹਮਦਰਦ ਜ਼ਰੂਰ ਬਣ ਗਿਆ ਹੋਇਆ ਸੀ। ਇਹੋ ਕਾਰਨ ਹੈ ਕਿ ਮਾਲਵੇ ਦੇ ਪਿੰਡਾਂ ਦੀ ਪ੍ਰੀਤ ਕਹਾਣੀ ਦੇ ਵਿਸ਼ੇ ਵਾਲੇ ਨਾਵਲ ਵਿਚ ਉਸ ਤੋਂ ਧਰਮ ਤੇ ਸਾਇੰਸ ਦਾ ਵਾਦ-ਵਿਵਾਦ ਅਤੇ ਮਾਰਕਸਵਾਦ ਦਾ ਲੋਕ-ਇਨਕਲਾਬ ਮੱਲੋ-ਮੱਲੀ ਘੁਸੜ ਗਿਆ ਸੀ।***




'ਵਾਹ ਓਏ ਗਮੰਤਰੀਆ, ਤਾਰ 'ਤੇ ਚਿੱਠੇ! ਆਹ ਫੜੀਂ ਰੁਪਈਆ।'

ਪਾਛੂ ਮੁੰਡੇ ਨੇ ਫਿਰ ਦੋਹਰਾ ਲਾਇਆ,

ਬਾਗਾ ਤੇਰੀ ਜੜ੍ਹ ਵਧੇ,
ਭੌਰਿਆ ਜੁਗ ਜੁਗ ਜੀ।
ਉਜੜ ਖੇੜਾ ਮੁੜ ਵਸੇ,
ਮੂਰਖ ਜਾਣੇ ਕੀ...।
ਗੱਲਾਂ ਗੱਲਾਂ ਦੇ ਵਿਚ ਮੈਨੂੰ
ਠੱਗ ਲਿਆ ਹੀਰ ਨੇ,
ਮੈਂ ਵੀ ਹੁਣ ਪਛਤਾਵਾਂ
ਛੱਡ ਕੇ ਤਖਤ ਹਜ਼ਾਰਾ।
ਮੈਨੂੰ ਚੂਰੀ ਖੁਆ ਕੇ ਤੂੰ
ਪਰਚਾਵੇਂ ਬੇਲੇ ਵਿਚ,
ਜੱਗ ਤੋਂ ਨਿਆਰਾ ਕੀਤਾ
ਪਿਉ ਤੇਰੇ ਨੇ ਕਾਰਾ।
ਤੇਰਾ ਸ਼ਗਨ ਤੋਰਿਆ
ਹੀਰੇ ਸੈਦੇ ਖੇੜੇ ਨੂੰ,
ਬੇਲੇ ਫਿਰੇ ਦੁਹਾਈ
ਦੇਂਦਾ ਚਾਕ ਵਿਚਾਰਾ...।

ਗਵੰਤਰੀਆਂ ਦੇ ਗਾਉਣ ਤੋਂ ਹਟਦਿਆਂ ਹੀ ਇਕ ਸ਼ਰਾਬੀ ਨੇ ਮੁੜ ਹੀਰ ਸੁਣਨ ਲਈ ਜਿੱਦ ਕੀਤੀ ਅਤੇ ਦੂਜਿਆਂ ਨੇ ਮਿਰਜ਼ਾ ਸੁਣਨ ਦੀ। ਦੋਵੇਂ ਢਾਣੀਆਂ ਦੇ ਚੋਬਰ ਸ਼ਰਾਬੀ ਸਨ। ਪੋਹ ਮਾਘ

ਫਿਰ ਚੁੱਕ ਲਈ,

ਨਵੀਂ ਬਹੂ ਮੁਕਲਾਵੇ ਆਈ,
ਸੱਸ ਧਰਤੀ ਪੈਰ ਨਾ ਲਾਵੇ।
ਲੈ ਨੀ ਨੂੰਹੇਂ ਰੋਟੀ ਖਾ ਲੈ,
ਨੂੰਹ ਸੰਗਦੀ ਨਾ ਖਾਵੇ।
ਪਿਛਲੇ ਯਾਰ ਦਾ ਕਰਦੀ ਹੇਰਵਾ,
ਕਿਹਨੂੰ ਆਖ ਸੁਣਾਵੇ।
ਰੋਂਦੀ ਭਾਬੋ ਦੇ ਨਣਦ ਬੁਰਕੀਆਂ ਪਾਵੇ,
ਰੋਂਦੀ ਭਾਬੋ ਦੇ...।

ਸ਼ਾਮੋ ਨੂੰ ਬੋਲੀ ਕਾਟ ਕਰ ਗਈ। ਉਸ ਆਪਣੇ ਤਲਖ ਉਭਰਦੇ ਅੰਦਰ ਨੂੰ ਠਾਰਨ ਲਈ ਵਾਰੀ ਲਈ, ਜਿਸ ਨੂੰ ਮੁੰਡਿਆਂ ਇਕ ਦੂਜੇ ਦੇ ਕੂਹਣੀਆਂ ਮਾਰਦਿਆਂ ਸੁਣਿਆ,

ਇਸ਼ਕ ਤੰਦੂਰ ਹੱਡਾਂ ਦਾ ਬਾਲਣ,
ਦੋਜ਼ਖਾਂ ਨਾਲ ਤਪਾਵਾਂ।
ਕੱਢ ਕਲੇਜਾ ਕਰ ਲਾਂ ਪੇੜੇ,
ਹੁਸਨ ਪਲੇਥਣ ਲਾਵਾਂ।
ਮਿੱਤਰਾ ਮੁੜ ਪਓ ਵੇ,
ਰੋਜ਼ ਔਸੀਆਂ ਪਾਵਾਂ,
ਮਿੱਤਰਾ ਮੁੜ ਪਓ ਵੇ...।

ਅੱਧੀ ਰਾਤ ਤਕ ਗਿੱਧੇ ਦੀ ਧਮਕਾਰ ਪੈਂਦੀ ਰਹੀ। ਜ਼ਿੰਦਗੀ ਦੇ ਵਗਦੇ ਦਰਿਆ ਉਤੋਂ ਦੀ ਲੋਕ

*(ਬਾਕੀ ਅਗਲੇ ਸਫੇ 'ਤੇ)*

ਗੀਤਾਂ ਦੇ ਰੁਮਾਂਚ-ਪੁਲ ਬੱਝਦੇ ਰਹੇ। ਰੂੰ ਦੇ ਗੋਹੜੇ ਉਡਦੇ ਰਹੇ, ਲੱਕ ਲਚਕਾਰੇ ਖਾਂਦੇ ਰਹੇ ਅਤੇ ਅਰਮਾਨ ਧੜਕਦੇ ਰਹੇ। ਨਾਨਕੇ ਮੇਲ ਨੇ ਕੋਠੇ ਚੜ੍ਹ ਕੇ ਛੱਜ ਕੁੱਟਿਆ ਅਤੇ ਮੁੜ ਸਾਰੀਆਂ ਮੇਲਣਾਂ ਥਾਂ ਪੁਰ ਥਾਂ ਮੰਜਿਆਂ 'ਤੇ ਪੈ ਗਈਆਂ।"

**ਘੋਲੀਏ ਮਾਰੇ ਡਾਕੇ ਦਾ ਵਰਣਨ:**

ਘੋਲੀਏ ਤੋਂ ਇਕ ਮੀਲ 'ਤੇ ਨਹਿਰ ਸਰਹਿੰਦ ਵਗਦੀ ਸੀ। ਨਹਿਰ ਦੇ ਕਾਹਾਂ ਵਿਚ ਲੁਕ ਕੇ ਉਨ੍ਹਾਂ ਦੁਪਹਿਰਾ ਲੰਘਾਇਆ। ਡਾਕਾ ਮਾਰਨ ਦਾ ਸਮਾਂ ਉਨ੍ਹਾਂ ਆਥਣ ਦਾ ਚੰਗਾ ਸਮਝਿਆ, ਕਿਉਂਕਿ ਇਸ ਤਰ੍ਹਾਂ ਉਹ ਅੱਗੇ ਰਾਤ ਪੈ ਜਾਣ ਨਾਲ ਦੂਰ ਨੇੜੇ ਜਾ ਸਕਦੇ ਸਨ ਅਤੇ ਉਨ੍ਹਾਂ ਦਾ ਬਹੁਤੀ ਦੂਰ ਤਕ ਪਿੱਛਾ ਨਹੀਂ ਸੀ ਕੀਤਾ ਜਾ ਸਕਦਾ। ਨਹਿਰ ਦੇ ਪਾਣੀ ਨਾਲ ਹੀ ਉਨ੍ਹਾਂ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ। ਉਹ ਆਪਣੇ ਦਿਲ ਨੂੰ ਤਕੜਾ ਕਰਨਾ ਚਾਹੁੰਦੇ ਸਨ। ਮਨੁੱਖ ਜਦ ਕੋਈ ਗੁਨਾਹ ਕਰਦਾ ਹੈ, ਤਦ ਜ਼ਮੀਰ ਅੰਦਰੋਂ ਕੁਰਲਾਉਂਦੀ ਹੈ। ਜ਼ਮੀਰ ਦੀ ਅਵਾਜ਼ ਨੂੰ ਦਬਾਉਣ ਲਈ ਉਹ ਨਸ਼ੇ ਵਰਤਦਾ ਹੈ। ਸਹੀ ਹੋਸ਼ ਵਿਚ ਮਨੁੱਖ ਤੋਂ ਅਵੱਗਿਆ ਹੋਣੀ ਮੁਸ਼ਕਿਲ ਹੀ ਨਹੀਂ, ਸਗੋਂ ਕਈ ਵਾਰ ਅਸੰਭਵ ਵੀ ਹੋ ਜਾਂਦੀ ਹੈ। ਜਦ ਪਾਲੀਆਂ ਪਸ਼ੂ ਡੰਗਰ ਪਿੰਡ ਨੂੰ ਛੇੜ ਦਿੱਤੇ, ਤਦ ਉਹ ਚਾਰੇ ਪਿੰਡ ਵੱਲ ਹੌਲੀ ਹੌਲੀ ਸਰਕਦੇ ਗਏ। ਇਕ ਦੁਨਾਲੀ ਅਰਜਨ ਦੇ ਮੋਢੇ ਪਾਈ ਹੋਈ ਸੀ ਅਤੇ ਪਠਾਣੀ ਦਿਆਲੇ ਦੀ ਕੱਛ ਵਿਚ ਘੁੱਟੀ ਹੋਈ ਸੀ। ਅਰਜਨ ਨੇ ਕਰਾਰੇ ਬੋਲ ਨਾਲ ਦਿਆਲੇ ਤੋਂ ਪੁੱਛਿਆ, 'ਕਿਉਂ ਬਈ! ਛੱਤ ਸਾਂਭਣੀ ਏ ਜਾਂ ਵਿਹੜਾ?'

'ਮੌਕੇ 'ਤੇ ਜਿਹੜਾ ਸੂਤ ਲੱਗਾ।' ਦਿਆਲੇ ਨੇ ਪੱਥਰ ਚੁੱਪ ਤੋੜਦਿਆਂ ਉੱਤਰ ਦਿੱਤਾ।

ਸ਼ਾਮੋ ਦੇ ਸਹੁਰਿਆਂ ਦਾ ਘਰ ਨਾ ਪਿੰਡ ਦੇ ਵਿਚਾਲੇ ਸੀ ਅਤੇ ਨਾ ਹੀ ਬਾਹਰ। ਨੂਰਾ ਭੇਤੀ ਹੋਣ ਕਰਕੇ ਸਭ ਦੀ ਅਗਵਾਈ ਕਰ ਰਿਹਾ ਸੀ। ਘਰ ਨੂੰ ਮੁੜਦੀ ਗਲੀ ਤੋਂ ਉਹ ਇਕੱਠੇ ਹੀ ਭੱਜ ਪਏ। ਘਰ ਵੜਦਿਆਂ ਹੀ ਸ਼ਾਮੋ ਦੀ ਸੱਸ ਕਿਸੇ ਗੁਆਂਢੀ ਘਰੋਂ ਕੋਈ ਚੀਜ਼ ਲੈਣ ਜਾਂਦੀ ਮਿਲ ਗਈ। ਉਸ ਝੱਟ ਸਮਝ ਲਿਆ ਕਿ ਉਨ੍ਹਾਂ ਦੇ ਘਰ ਡਾਕੂ ਆ ਗਏ ਹਨ। ਨੂਰੇ ਨੇ ਉਸ ਨੂੰ ਬਾਹੋਂ ਫੜ ਕੇ ਅੰਦਰ ਨੂੰ ਖਿੱਚਿਆ। ਉਸ ਬੂ ਪਾਹਰਿਆਂ ਕਰਦਿਆਂ ਕਿਹਾ, 'ਨਾ ਵੇ ਭਾਈ ਮੈਂ ਤਾਂ ਗੁਆਂਢਣ ਆਂ।'

'ਚਲ ਛੱਡ ਪਰ੍ਹਾਂ ਕਲਮੂੰਹੀਂ ਨੂੰ।' ਅਰਜਨ ਨੇ ਵਿਹੜੇ ਵੱਲ ਵਧਦਿਆਂ ਕਿਹਾ।

ਸ਼ਾਮੋ ਦੀ ਸੱਸ ਦੇ ਕਾਹਲੇ ਅਤੇ ਲੇਲੜੀਆਂ ਕੱਢਦੇ ਬੋਲ ਨੂੰ ਉਸ ਦੇ ਸਹੁਰੇ ਨੇ ਅਚਾਨਕ ਸੁਣਿਆ। ਮੂੰਹ ਬੰਨ੍ਹੇ ਮਨੁੱਖਾਂ ਕੋਲ ਬੰਦੂਕਾਂ ਦੇਖ ਕੇ ਉਹ ਵੀ ਸਮਝ ਗਿਆ ਕਿ ਕਾਰਾ ਹੋ ਗਿਆ। ਉਹ ਪੱਕੀਆਂ ਪੌੜੀਆਂ ਵੱਲ ਨੂੰ ਭੱਜ ਕੇ ਚੜ੍ਹ ਗਿਆ, ਉਦੋਂ ਹੀ ਅਰਜਨ ਨੇ ਉਸ ਨੂੰ ਖਲ੍ਹਾਰਨ ਲਈ ਇਕ ਹਵਾਈ ਫਾਇਰ ਕਰ ਦਿੱਤਾ। ਪਰ ਉਹ ਇਕ ਪਲ ਵੀ ਅਟਕਣ ਬਗੈਰ ਗੁਆਂਢੀਆਂ ਦੇ ਘਰ ਛਾਲ ਮਾਰ ਗਿਆ।

ਸ਼ਾਮੋ ਰਸੋਈ ਵਿਚ ਆਟਾ ਗੁੰਨ੍ਹ ਰਹੀ ਸੀ। ਵਿਹੜੇ ਵਿਚ ਡਾਕੂ ਦੇਖ ਕੇ ਉਹ ਵੀ ਘਬਰਾ ਗਈ। ਉਸ ਤੋਂ ਬਿਨਾ ਹੋਰ ਕੋਈ ਘਰ ਨਹੀਂ ਸੀ। ਨੂਰੇ ਦੇ ਪਿੱਛੇ ਤਾਰਾ ਸਾਹਮਣਲੇ ਅੰਦਰ ਵੜਿਆ। ਅਰਜਨ ਦੀ ਸ਼ਾਮੋ ਵੱਲ ਪਿੱਠ ਸੀ। ਉਹ ਮੌਕਾ ਤਾੜ ਕੇ ਇਕ ਦਮ ਰਸੋਈ 'ਚੋਂ ਨਿਕਲੀ ਤੇ ਚੁਬਾਰੇ ਦੀਆਂ ਪੌੜੀਆਂ ਚੜ੍ਹਨ ਲੱਗੀ। ਪੌੜੀ ਚੜ੍ਹਦਿਆਂ ਉਸ ਨੂੰ ਦਿਆਲੇ ਨੇ ਦੇਖ ਲਿਆ। ਉਹ ਵੀ ਉਸ ਦੇ ਪਿੱਛੇ ਸਿਰਤੋੜ ਭੱਜ ਕੇ ਚੜ੍ਹਿਆ। ਪਰ ਸ਼ਾਮੋ ਨੇ ਦਿਆਲੇ ਦੇ ਪੁੱਜਣ ਤੋਂ ਅੱਗੋਂ ਹੀ ਚੁਬਾਰੇ ਦੇ ਬਾਰ ਨੂੰ ਧੱਕਾ ਮਾਰਿਆ, ਤਖਤੇ ਪਿੱਛੇ ਹਟ ਕੇ ਮੁੜ ਆਪਣੀ ਪਹਿਲੀ ਅਸਲੀ ਥਾਂ ਆ ਗਏ। ਬਾਰ ਵਲੋਂ ਭਉਂ ਕੇ ਉਹ ਬਾਰੀ ਅੱਗੇ ਆ ਖਲੋਤਾ। ਸ਼ਾਮੋ ਕੰਬਦੀ ਕੋਈ ਅੰਦਰੋਂ ਤਖਤੇ ਧੱਕੀ ਖਲੋਤੀ ਸੀ। ਦਿਆਲੇ ਨੇ ਖੁੱਲ੍ਹ ਬਾਰੀ ਵਿਚ ਬਦੂੰਕ ਦੀ ਨਾਲੀ ਟਿਕਾਉਂਦਿਆਂ ਆਪਣੇ ਮੂੰਹ ਦਾ ਪੱਲਾ ਲਾਹ ਦਿੱਤਾ ਅਤੇ ਕਾਹਲੇ ਸਾਹ ਸ਼ਾਮੋ ਨੂੰ ਕਿਹਾ, 'ਹੁਣ ਸਿੱਧੀ ਤਰ੍ਹਾਂ ਚੁਬਾਰੇ ਦਾ ਬਾਰ ਖੋਲ੍ਹ ਤੇ ਪਤੰਦਰ ਨਾਲ ਤੁਰ।'

ਡਰ ਨਾਲ ਸ਼ਾਮੋ ਦਾ ਅੰਦਰ ਪਹਿਲਾਂ ਹੀ ਕੰਬ ਰਿਹਾ ਸੀ, ਦਿਆਲੇ ਨੂੰ ਬੰਦੂਕ ਚੁੱਕੀ ਖਲੋਤਾ ਵੇਖ ਕੇ ਉਹ ਬੱਗੀ ਪੀਲੀ ਪੈ ਗਈ। ਉਹ ਸਾਹ-ਸਤ ਬਿਨਾ ਕੱਖ-ਫੂਸ ਹੋ ਕੇ ਰਹਿ ਗਈ। ਦਿਆਲਾ ਤਾਂ ਮੈਨੂੰ ਚੁੱਕਣ ਆਇਆ ਹੈ। ਹੁਣ ਕੀ ਕਰਾਂ? ਏਦੂੰ ਤਾਂ ਮਰ ਈ ਜਾਵਾਂ। ਪਤਾ ਨਹੀਂ ਉਸ ਵਿਚ ਕਿਹੜੀ ਸ਼ਕਤੀ ਆ ਗਈ। ਉਸ ਮਣ ਮਣ ਦੇ ਪੈਰਾਂ ਨੂੰ ਖਿੱਚਦਿਆਂ ਆਪਣੇ ਆਪ ਨੂੰ ਬੰਦੂਕ ਦੀ ਨਾਲੀ ਅੱਗੇ ਕਰ ਦਿੱਤਾ। ਉਸ ਦੀਆਂ ਡੌਰ ਭੌਰੀਆਂ ਅੱਖਾਂ ਵਿਚ ਹੰਝੂ ਅਟਕੇ ਹੋਏ ਸਨ। ਉਹ ਇਕ ਟੱਕ ਦਿਆਲੇ ਵੱਲ ਦੇਖ ਰਹੀ ਸੀ। ਜਿਵੇਂ ਕਹਿ ਰਹੀ ਹੋਵੇ, ਮੈਨੂੰ ਤੇਰੇ ਕੋਲੋਂ ਇਹ ਆਸ ਨਹੀਂ ਸੀ, ਤੂੰ ਐਨਾ ਚੰਦਰਾ ਹੋਵੇਂਗਾ, ਮੇਰੇ ਨਾਲ ਇਉਂ ਕਰੇਂਗਾ? ਡਰਾਕਲ ਅਤੇ ਸ਼ੋਖ ਸ਼ਾਮੋ ਦਾ ਚਿਹਰਾ ਦਿਆਲੇ ਨੇ ਇਸ ਤਰ੍ਹਾਂ ਸਹਿਮਿਆ ਪਹਿਲਾਂ ਕਦੇ ਨਹੀਂ ਸੀ ਦੇਖਿਆ। ਬੰਦੂਕ ਫੜੀ ਦਿਆਲੇ ਦੇ ਹੱਥ ਕੰਬੀ ਜਾ ਰਹੇ ਸਨ। ਉਸ ਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ। ਉਸ ਇਕ ਪਲ ਆਪਣੇ ਅੰਦਰ ਝਾਤੀ ਮਾਰੀ, ਸ਼ਾਮੋ ਦਾ ਪਿਆਰ ਉਸ ਨੂੰ ਲਾਹਨਤਾਂ ਪਾ ਰਿਹਾ ਸੀ। ਸ਼ਾਮੋ ਦੇ ਖੁਸ਼ਕ ਗਲੇ ਵਿਚੋਂ ਬੋਲ ਨਹੀਂ ਸੀ ਨਿਕਲਦਾ। ਉਸ ਹਉਕੇ ਦੀ ਘੁੱਟ ਭਰ ਕੇ ਗਲ ਨੂੰ ਤਰ ਕਰਨ ਦਾ ਯਤਨ ਕੀਤਾ ਅਤੇ ਮਸਾਂ ਏਨਾ ਹੀ ਕਹਿ ਸਕੀ, 'ਗੋ..ਅ..ਲੀ।'

ਦਿਆਲੇ ਨੇ ਨਰਮ ਪੈਂਦਿਆਂ ਆਖਿਆ, 'ਸ਼ਾਮੋ ਆ ਚੱਲੀਏ, ਅੱਜ ਵੇਲਾ ਏ।'

ਸ਼ਾਮੋ ਨੇ ਆਪਣੀ ਚੁੰਨੀ ਨਾਲ ਹੰਝੂ ਪੂੰਝੇ ਅਤੇ ਭਰੇ ਗਲੇ ਵਿਚੋਂ ਤਕੜੀ ਹੁੰਦਿਆਂ ਬੋਲੀ, 'ਦਿਆਲਿਆ! ਮੈਂ ਹੱਥ ਜੋੜਦੀ ਆਂ, ਤੂੰ ਜਾਹ ਤੇ ਛੇਤੀ ਮੁੜ ਜਾ।' ਸ਼ਾਮੋ ਨੇ ਆਜਜ਼ਾਂ ਵਾਂਗ ਹੱਥ ਜੋੜੇ ਹੋਏ ਸਨ। ਦਿਆਲੇ ਦੇ ਲੋਹੇ ਵਰਗੇ ਕਰੜੇ ਇਰਾਦੇ, ਸ਼ਾਮੋ ਦੀ ਮਾਸੂਮ ਬੇਬਸੀ ਅੱਗੇ ਢਲ ਕੇ ਪਾਣੀ ਹੋ ਗਏ। ਉਸ ਬੰਦੂਕ ਬਾਰੀ ਵਿਚੋਂ ਖਿੱਚ ਲਈ।

'ਤੇਰੀ ਮਰਜ਼ੀ!' ਦਿਆਲੇ ਨੇ ਲੰਮਾ ਹਉਕਾ ਲਿਆ, ਜਿਵੇਂ ਗੋਲੀ ਉਸ ਨੂੰ ਆ ਵੱਜੀ ਸੀ। ਉਹ ਪੌੜੀਆਂ ਉੱਤਰ ਆਇਆ। ਦਿਆਲੇ ਤੇ ਸ਼ਾਮੋ ਦੀ ਪ੍ਰੇਮ ਕਹਾਣੀ ਦਾ ਇਹ ਦੁਖਦਾਈ ਅੰਤ ਸੀ।

ਉਸ ਆਉਂਦਿਆਂ ਕਿਹਾ, 'ਆਓ ਚੱਲੀਏ।'

'ਕਿਉਂ?' ਵਿਹੜੇ ਵਿਚ ਸੱਪ ਵਾਂਗੂੰ ਮੇਹਲਦੇ ਅਰਜਨ ਨੇ ਪੁੱਛਿਆ।

'ਬਸ ਆਓ ਨਿਕਲ ਚੱਲੀਏ, ਬਾਕੀ ਬਾਹਰ ਦੱਸਾਂਗਾ।' ਉਸ ਬਾਹਰ ਨੂੰ ਤੁਰਦਿਆਂ ਉੱਤਰ ਦਿੱਤਾ। ਉਹ ਹਵਾ ਦੇ ਬੁੱਲ੍ਹੇ ਵਾਂਗ ਆਏ ਅਤੇ ਫੱਰਾਟੇ ਵਾਂਗ ਪਰਤ ਗਏ।"

ਨਾਵਲ ਦੀ ਸਭ ਤੋਂ ਨਾਟਕੀ ਝਾਕੀ ਸ਼ਾਮੋ ਤੇ ਉਸ ਦੇ ਘਰ ਵਾਲੇ ਦਾ ਦਿਆਲੇ ਦੇ ਟਾਂਗੇ ਵਿਚ ਸਵਾਰ ਹੋਣਾ ਹੈ:

ਲੋਕ ਉਸ ਨੂੰ ਦਿਆਲੇ ਤੋਂ ਤਾਂਗੇ ਵਾਲਾ ਅਮਲੀ ਕਹਿਣ ਲੱਗ ਪਏ। ਇਕ ਦਿਨ ਉਹ ਮੋਗੇ ਤਾਂਗਿਆਂ ਦੇ ਅੱਡੇ ਨਿੱਤ ਵਾਂਗ 'ਮਹਿਣੇ ਚੱਲਣਾ ਬਈ ਕਿਸੇ ਮਹਿਣੇ' ਬੋਲ ਕੇ ਸਵਾਰੀਆਂ ਲੱਭ ਰਿਹਾ ਸੀ। ਕੋਟ ਪੈਂਟ ਪਾਈ ਇਕ ਗੱਭਰੂ ਨੇ ਉਸ ਨੂੰ ਪੁੱਛਿਆ, "ਮਹਿਣੇ ਦਾ ਸਾਲਮ ਤਾਂਗਾ ਚਾਹੀਦਾ ਏ।"

ਦਿਆਲੇ ਨੇ ਪੜ੍ਹੇ-ਲਿਖੇ ਸਰਦਾਰ ਵੱਲ ਵੇਖ ਕੇ ਮਨ ਵਿਚ ਕਿਹਾ, "ਕਿਤੇ ਵੇਖਿਆ ਏ।" ਫਿਰ ਉੱਤਰ ਦਿੱਤਾ, "ਸਾਲਮ ਈ ਚਲਦੇ ਰਹਾਂਗੇ ਸਰਦਾਰ ਜੀ।"

"ਦੋ ਸਵਾਰੀਆਂ ਹਾਂ।"

"ਲੈ ਆਓ ਦੂਜੀ ਸਵਾਰੀ ਵੀ।"

"ਹੱਛਾ।" ਸਰਦਾਰ ਨੇ ਆਪਣੇ ਹੱਥ ਵਾਲਾ ਚਮੜੇ ਦਾ ਸੂਟਕੇਸ ਤਾਂਗੇ ਵਿਚ ਰੱਖਦਿਆਂ ਪੁੱਛਿਆ, "ਅੱਗੇ ਕੱਚੇ ਨਹੀਂ ਜਾਵੇਂਗਾ?"

"ਕਿਥੇ ਜੀ।"

"ਕਪੂਰੀ"

"ਓਥੇ ਵੀ ਚਲਦਾ ਰਹਾਂਗਾ।" ਦਿਆਲੇ ਨੇ ਰੁਪਈਆ ਹੋਰ ਬਣ ਜਾਣ ਦੀ ਖੁਸ਼ੀ ਵਿਚ ਆਖਿਆ।

ਸਰਦਾਰ ਸਵਾਰੀ ਲੈਣ ਚਲਾ ਗਿਆ। ਦਿਆਲੇ ਨੇ ਠੇਕੇਦਾਰ ਨੂੰ ਅੱਡੇ ਦਾ ਟੈਕਸ ਦਿੱਤਾ ਅਤੇ ਲਾਗਲੇ ਪੰਪ ਤੋਂ ਪਾਣੀ ਦੀ ਬਾਲਟੀ ਭਰ ਲਿਆਇਆ। ਘੋੜੇ ਨੇ ਪਾਣੀ ਪੀਤਾ। ਉਸ ਅੱਧੀ ਬਾਲਟੀ ਟਾਂਗੇ ਦੇ ਤਿੜਕਦੇ ਪਹੀਆਂ ਉਤੇ ਪਾ ਦਿੱਤੀ। ਜਿਉਂ ਹੀ ਬਾਲਟੀ ਪਿਛਲੇ ਪਾਸੇ ਟੰਗਦਿਆਂ ਉਸ ਜਨਾਨੀ ਸਵਾਰੀ ਨੂੰ ਤੱਕਿਆ, ਹੈਰਾਨ ਹੋ ਕੇ ਰਹਿ ਗਿਆ! ਸ਼ਾਮੋ ਕਿਥੋਂ ਆ ਗਈ? ਹੈਰਾਨੀ 'ਚ ਚੌੜੀਆਂ ਹੋਈਆਂ ਉਸ ਦੀਆਂ ਅੱਖਾਂ ਭੁਲੇਖੇ ਅਤੇ ਹਕੀਕਤ ਵਿਚਕਾਰ ਡੌਰ ਭੌਰ ਹੋ ਰਹੀਆਂ ਸਨ। ਉਸ ਦੀ ਹਾਲਤ ਵੇਖ ਕੇ ਸ਼ਾਮੋ ਅੰਦਰੇ ਅੰਦਰ ਰੋ ਪਈ। ਉਸ ਨੂੰ ਸੁਪਨੇ ਵਿਚ ਵੀ ਕਦੇ ਖਿਆਲ ਨਹੀਂ ਸੀ ਆਇਆ ਕਿ ਦਿਆਲੇ ਨੂੰ ਮੈਂ ਅਜਿਹੀ ਦੁਰਦਸ਼ਾ ਵਿਚ ਦੇਖਾਂਗੀ।

"ਮੈਂ ਘਰ ਲਈ ਕੁਝ ਫਲ ਲੈ ਆਵਾਂ।" ਸ਼ਾਮੋ ਨੇ ਆਪਣੇ ਸਰਦਾਰ ਦੀ ਅਵਾਜ਼ ਸੁਣੀ। ਉਹ ਸੜਕੋਂ ਪਾਰ ਜਾ ਚੁਕਾ ਸੀ।

ਸ਼ਾਮੋ ਦਿਆਲੇ ਨਾਲ ਲੱਖ ਗੁੱਸੇ ਸੀ, ਪਰ ਉਸ ਦੀ ਕੰਗਲੀ ਹਾਲਤ ਵੇਖ ਕੇ ਪਸੀਜ ਗਈ ਅਤੇ ਹਮਦਰਦੀ ਨਾਲ ਪੁੱਛਿਆ, "ਦਿਆਲਿਆ! ਇਹ ਕੀ ਹਾਲਤ ਬਣਾਈ ਏ?"

"ਭਾਵੀ ਦਾ ਚੱਕਰ ਏ।" ਦਿਆਲਾ ਸ਼ਾਮੋ ਦੇ ਸਾਹਮਣੇ ਦੋਸ਼ੀਆਂ ਵਾਂਗ ਲਜਿਤ ਖਲੋਤਾ ਸੀ, ਪਰ ਉਸ ਦਾ ਵਿਰੋਧ ਵਿਚ ਧੜਕਦਾ ਦਿਲ ਕਹਿ ਦੇਣਾ ਚਾਹੁੰਦਾ ਸੀ, "ਇਹ ਮੇਰੀ ਹਾਲਤ ਤੂੰ ਬਣਾਈ ਐ ਵੈਰਨੇ।" ਪਰ ਉਹ ਮੁੜ ਮੁੜ ਸ਼ਾਮੋ ਨੂੰ ਤਕ ਕੇ ਨੀਵੀਂ ਪਾ ਲੈਂਦਾ।

"ਥੋੜ੍ਹਾ ਬਹੁਤ ਤਾਂ ਆਪਣੇ ਆਪ ਦਾ ਖਿਆਲ ਰੱਖ। ਤੂੰ ਤਾਂ ਸਿਆਣਿਆ ਵੀ ਨ੍ਹੀਂ ਜਾਂਦਾ।"

"ਖਿਆਲ ਰੱਖ ਕੇ ਹੁਣ ਕੀ ਕਰਨਾ ਏਂ।"

"ਤੂੰ ਉਂਜ ਤਕੜਾ ਏਂ?" ਸ਼ਾਮੋ ਆਪਣੇ ਸੰਧੂਰੀ ਪੱਗ ਵਾਲੇ ਯਾਰ ਦੇ ਗਲ ਲੀਰਾਂ ਲਮਕਦੀਆਂ ਵੇਖ ਕੇ ਐਨੀ ਦੁਖੀ ਹੋਈ ਕਿ ਅੱਖਾਂ ਮੀਟ ਲੈਣਾ ਚਾਹੁੰਦੀ ਸੀ।

"ਤਕੜਾ ਹੋ ਕੇ ਕੀ ਕਰਾਂਗਾ, ਤੂੰ ਮੌਜਾਂ ਮਾਣ!"

ਪਿਛਲੀ ਗੱਲ ਸ਼ਾਮੋ ਦੀ ਹਿੱਕ ਵਿਚ ਸੇਲੇ ਦੀ ਨੋਕ ਵਾਂਗ ਬਹਿ ਗਈ। ਉਹ ਹਉਕਾ ਲੈ ਕੇ ਖਾਮੋਸ਼ ਹੋ ਗਈ। ਦੋ ਹੰਝੂ ਉਸ ਦੇ ਕੋਇਆਂ 'ਤੇ ਕੰਬ ਰਹੇ ਸਨ। ਬੇਬਸ ਜ਼ਿੰਦਗੀ ਫਰਜ਼ ਅਤੇ ਪਿਆਰ ਦੀ ਰੱਸੀ ਨਾਲ ਫਾਹਾ ਲੈ ਰਹੀ ਜਾਪਦੀ ਸੀ। ਐਨੇ ਨੂੰ ਸਰਦਾਰ ਫਲਾਂ ਦੀ ਟੋਕਰੀ ਲੈ ਕੇ ਆ ਗਿਆ। ਉਸ ਅੱਗੇ ਬਹਿੰਦਿਆਂ ਆਖਿਆ, "ਚਲ ਬਈ ਅਮਲੀਆ, ਹੁਣ ਫਟਾ ਫਟ।"

"ਲਓ ਜੀ, ਥੋਡੀ ਇੰਤਜ਼ਾਰ ਵਿਚ ਹੀ ਖੜ੍ਹਾ ਸੀ ਮੈਂ ਤਾਂ।" ਦਿਆਲਾ ਘੋੜੇ ਨੂੰ ਤੋਰ ਕੇ ਸੱਜੇ ਬਾਂਸ 'ਤੇ ਬਹਿ ਗਿਆ। ਤਹਿਸੀਲ ਲੰਘ ਕੇ ਸਰਦਾਰ ਅਮਲੀ ਨਾਲ ਫਿਰ ਗੱਲੀਂ ਜੁਟ ਗਿਆ, "ਘੋੜਾ ਤਾਂ ਅਮਲੀਆ ਬੜਾ ਤਿੱਖਾ ਈ ਤੇਰਾ।"

"ਹੁਆਂ ਜੀ।"

"ਕੁਝ ਕਮਾ ਵੀ ਲੈਨਾਂ ਏਂ।"

"ਕਮਾ ਕੇ ਆਪਾਂ ਕਿਹਨੂੰ ਦੇਣਾ ਏਂ।"

"ਬਸ 'ਕੱਲਾ ਈ ਏਂ, ਵਹੁਟੀ?"

ਦਿਆਲੇ ਨੇ ਪਿਛਾਂਹ ਪਰਤ ਕੇ ਤੱਕਿਆ, ਸ਼ਾਮੋ ਨੇ ਉਸ ਨੂੰ ਵੇਖ ਕੇ ਨੀਵੀਂ ਪਾ ਲਈ।

"ਵਹੁਟੀ ਨਿਕਲ ਗਈ ਸੀ ਜੀ।" ਦਿਆਲੇ ਨੇ ਜਾਣ ਕੇ ਸ਼ਾਮੋ ਨੂੰ ਸੁਣਾਉਣ ਲਈ ਝੂਠਾ ਜਵਾਬ ਦੇ ਮਾਰਿਆ।

"ਹੱਛਾ! ਕਿਉਂ ਕਮਾ ਕੇ ਨਹੀਂ ਖਵਾਉਂਦਾ ਹੋਵੇਂਗਾ?" ਸਰਦਾਰ ਨੇ ਹਮਦਰਦੀ, ਹੈਰਾਨੀ ਅਤੇ ਸਾਂਝੇ ਗਿਲੇ ਵਿਚ ਕਿਹਾ।

"ਆਹੋ ਜੀ, ਨਹੀਂ, ਜ਼ੋਰਾਵਰ ਖੋਹ ਕੇ ਲੈ ਗਏ!"

ਸ਼ਾਮੋ ਦਾ ਦਿਲ ਪੱਛਿਆ ਜਾ ਰਿਹਾ ਸੀ। ਉਹ ਆਪਣੇ ਸਰਦਾਰ 'ਤੇ ਕੁੜ੍ਹ ਰਹੀ ਸੀ। ਤੈਨੂੰ ਮਝੇਰੂਆ, ਏਨ੍ਹਾਂ ਗੱਲਾਂ ਨਾਲ ਕੀ ਪਈ? ਪੜ੍ਹਿਆ ਲਿਖਿਆ ਹੋਣ ਦੇ ਬਾਵਜੂਦ ਉਹ ਉਸ ਨੂੰ ਬੁੱਧੂ ਸਮਝਦੀ ਸੀ। ਇਹ ਦਿਆਲੇ ਦੀ ਸ਼ਾਮੋ ਨਾਲ ਆਖਰੀ ਮੁਲਕਾਤ ਸੀ। ਉਹ ਉਬਲ ਉਬਲ ਪੈਂਦੇ ਜਜ਼ਬਾਤ ਨੂੰ ਦਬਾਉਂਦਾ ਤਾਂਗਾ ਹੱਕਦਾ ਰਿਹਾ। ਭੋਲਾ ਸਰਦਾਰ ਸਾਰੇ ਰਾਹ ਉਸ ਨੂੰ ਚੁਆਤੀਆਂ ਲਾਉਂਦਾ ਆਇਆ। ਦਿਆਲਾ ਸਮਝਦਾ ਸੀ, ਮੇਰੀ ਸਾਰੀ ਜਿੰਦਗਾਨੀ 'ਤੇ ਕਹਿਰ ਹੋਇਆ ਹੈ। ਮੇਰੀ ਜਵਾਨੀ, ਘਰ ਘਾਟ, ਜਮੀਨ ਤੇ ਆਪਣਾ ਆਪ ਸਭ ਕੁਝ ਇਕ ਤਰ੍ਹਾਂ ਪਿਆਰ ਦੀ ਭੇਟਾ ਚੜ੍ਹ ਗਏ। ਤਿੱਲੇ ਵਾਲੀਆਂ ਜੁੱਤੀਆਂ ਅਤੇ ਲੱਠੇ ਦੇ ਚਾਦਰੇ ਹੰਢਾਉਣ ਵਾਲਾ ਭਰਿਆ ਭਰਿਆ ਦਿਆਲਾ ਅੱਜ ਤਾਂਗੇ ਵਾਲਾ ਮਾੜੂਆ ਜਿਹਾ ਅਮਲੀ ਰਹਿ ਗਿਆ ਏ।

**ਇਸ ਅਧਿਆਏ ਦਾ ਅੰਤ ਕੰਵਲ ਨੇ ਇਸ ਲੋਕ ਗੀਤ ਨਾਲ ਕੀਤਾ ਸੀ:**

ਮੁੰਡਾ ਸੁੱਕ ਗਿਆ ਚੰਨਣ ਦਾ ਬੂਟਾ,
ਤੇਰੇ ਪਿੱਛੇ ਗੋਰੀਏ ਰੰਨੇ।

'ਪੂਰਨਮਾਸ਼ੀ' ਨਾਵਲ ਜਿਨ੍ਹਾਂ ਦਿਨਾਂ ਵਿਚ ਲਿਖਿਆ ਗਿਆ ਕੰਵਲ ਨੇ ਉਸ ਤੋਂ ਸਾਲ ਕੁ ਪਹਿਲਾਂ 1947 ਵਾਲਾ ਘੱਲੂਘਾਰਾ ਅੱਖੀਂ ਵੇਖਿਆ ਸੀ। ਸਾਧਾਂ ਸੰਤਾਂ ਤੋਂ ਵੇਦਾਂਤ ਪੜ੍ਹਿਆ ਸੀ ਅਤੇ ਕਮਿਊਨਿਸਟਾਂ ਤੋਂ ਮਾਰਕਸਵਾਦ ਦੀ ਸਕੂਲਿੰਗ ਲਈ ਸੀ। ਚੂਹੜਚੱਕ ਦਾ ਬਾਬਾ ਰੂੜ ਸਿੰਘ ਉਸ ਦਾ ਸਿਆਸੀ ਗੁਰੂ ਸੀ। ਵੇਦਾਂਤ ਦਾ ਉਪਦੇਸ਼ ਦੇਣ ਲਈ ਉਸ ਨੇ ਨਾਵਲ 'ਪਾਲੀ' ਵਿਚ ਆਦਰਸ਼ਕ ਪਾਤਰ ਗੁਰਦੇਵ ਨੂੰ ਲਿਆਂਦਾ ਸੀ। ਪਾਠਕਾਂ ਨੇ ਗੁਰਦੇਵ ਦੇ ਬਚਨ ਆਪਣੀਆਂ ਨੋਟ ਬੁੱਕਾਂ ਵਿਚ ਨੋਟ ਕੀਤੇ ਸਨ। ਨਾਵਲ 'ਪੂਰਨਮਾਸ਼ੀ' ਵਿਚ ਪ੍ਰਚਾਰਕ ਪਾਤਰ ਗਿਆਨੀ ਪਾਇਆ ਗਿਆ, ਜੋ ਕੰਵਲ ਆਪ ਹੈ। ਨਾਵਲ ਦਾ ਪੱਚੀਵਾਂ ਕਾਂਡ ਨਿਰਾ ਪ੍ਰਚਾਰ ਹੈ, ਜੋ ਕਲਾਤਮਿਕ ਪੱਖੋਂ ਰੜਕਦਾ ਹੈ। ਵੰਨਗੀਆਂ ਵੇਖੋ:

"ਰੱਬ ਸ਼ਕਤੀ ਦਾ ਦੂਜਾ ਨਾਂ ਹੈ। ਬਹੁਤ ਸਾਰੇ ਸਾਇੰਸਦਾਨ ਰੱਬ ਦੀ ਹੋਂਦ ਨਹੀਂ ਮੰਨਦੇ ਅਤੇ ਬਹੁਤ ਮੰਨਦੇ ਵੀ ਹਨ। ਜੇ ਰੱਬ ਦਾ ਕੋਈ ਰੂਪ ਹੈ, ਤਦ ਉਹ ਮਾਦਾ ਬਣ ਜਾਵੇਗਾ। ਸਾਡੇ ਮੰਨਣ-ਢੰਗ ਵਿਚੋਂ ਰੱਬ ਦੇ ਰੂਪ-ਰਹਿਤ ਹੋਣ ਨਾਲ ਵੀ ਮੂਰਤੀ ਅਹਿਸਾਸ ਨਹੀਂ ਜਾਂਦਾ। ਇਸ ਸਵਾਲ ਨੂੰ ਬਹੁਤੀ ਮਹੱਤਤਾ ਨਹੀਂ ਦੇਣੀ ਚਾਹੀਦੀ। ਜਿੰਨਾ ਇਸ ਸ਼ਕਤੀ ਦੇ ਭੇਦ ਨੂੰ ਸਾਇੰਸ ਨੇ ਜਾਣਿਆ ਹੈ, ਓਨਾ ਕਿਸੇ ਅਵਤਾਰ ਜਾਂ ਪੈਗੰਬਰ ਨੇ ਨਹੀਂ ਸਮਝਿਆ। ਰੱਬ ਦੀ ਲੋੜ ਜ਼ਿੰਦਗੀ ਵਿਚ ਵਰਤਣ ਵਾਲੀਆਂ ਚੀਜ਼ਾਂ ਤੋਂ ਬਹੁਤੀ ਨਹੀਂ। ਜੇ ਜ਼ਿਹਨ ਥੋੜ੍ਹਾ ਅਨੁਭਵ ਕਰੇ ਵੀ ਤਾਂ ਰੱਬ ਮਾਲਾ ਦੇ ਮਣਕਿਆਂ ਜਾਂ ਪਾਠਾਂ ਨਾਲ ਨਹੀਂ, ਸਗੋਂ ਸਾਇੰਸ ਦੀ ਕਿਸੇ ਲੈਬਾਰਟਰੀ ਵਿਚੋਂ ਮਿਲੇਗਾ। ਮੇਰਾ ਖਿਆਲ ਮਾਦੇ ਵਿਚ ਹਰਕਤ ਕਰਦੀ ਸ਼ਕਤੀ ਨੂੰ ਹੀ ਰੱਬ ਮੰਨਦਾ ਹੈ। ਇਹ ਹਰਕਤ-ਸ਼ਕਤੀ ਮਾਦੇ ਤੋਂ ਕਿਸੇ ਤਰ੍ਹਾਂ ਵੱਖ ਨਹੀਂ ਹੋ ਸਕਦੀ।"

"ਗਿਆਨ ਦੀ ਤੱਤ-ਸ੍ਰੇਸ਼ਟਤਾ ਇਸ ਵਿਚ ਹੈ ਕਿ ਜ਼ਿੰਦਗੀ ਤੋਂ ਕੋਈ ਵੀ ਉੱਚਾ ਅਤੇ ਸੁੱਚਾ ਨਹੀਂ। ਧਰਮ, ਸਾਇੰਸ ਅਤੇ ਸਮਾਜ ਮਨੁੱਖਤਾ ਨੇ ਜਨਮੇ ਹਨ। ਜਿਹੜਾ ਜ਼ਿੰਦਗੀ ਦਾ ਕੁਦਰਤੀ ਸੇਵਕ ਨਹੀਂ ਰਹਿੰਦਾ ਅਤੇ ਹੁਕਮਰਾਨੀ ਦੀ ਸ਼ਕਲ ਅਖਤਿਆਰ ਕਰ ਲੈਂਦਾ ਹੈ, ਉਹ ਨਿਕੰਮਾ ਹੋ ਕੇ ਇਕ ਦਿਨ ਸੁੱਕ ਸੜ ਜਾਂਦਾ ਹੈ। ਜ਼ਿੰਦਗੀ ਅਮਰ ਹੈ ਅਤੇ ਲੋਕਤਾ ਅਪਾਰ ਸ਼ਕਤੀ।"

"ਨੇੜਲੇ ਭਵਿੱਖ ਵਿਚ ਕਾਮਿਆਂ ਅਤੇ ਕਿਰਤੀਆਂ ਦੀ ਜਿੱਤ ਉਨ੍ਹਾਂ ਨੂੰ ਅਸ਼ੀਰਵਾਦ ਦੇਣ ਵਾਲੀ ਹੈ। ਲੋਕ-ਇਨਕਲਾਬ ਦੇ ਹੜ੍ਹ ਵਿਚ ਸਾਰੇ ਗੰਦ ਹੂੰਝੇ ਜਾਣਗੇ ਅਤੇ ਇਨ੍ਹਾਂ ਜੱਟਾਂ ਦੀਆਂ ਸਿਹਤਾਂ ਤੇ ਉਮਰਾਂ ਦੁਗਣੀਆਂ ਹੋ ਜਾਣਗੀਆਂ। ਪਿਆਰ ਅਤੇ ਹਮਦਰਦੀ ਜ਼ਿੰਦਗੀ ਦਾ ਮੂੰਹ ਚੁੰਮਣਗੀਆਂ।"

ਕੰਵਲ ਨੇ ਇਹ ਨਾਵਲ ਤੀਹਵੇਂ ਸਾਲ ਦੀ ਉਮਰ ਵਿਚ ਲਿਖਿਆ ਸੀ। ਤਦ ਤਕ ਦਸਵੀਂ ਜਮਾਤ ਤੱਕ ਦੀ ਪੜ੍ਹਾਈ, ਮੇਲਿਆਂ 'ਚੋਂ ਖਰੀਦੇ ਕਿੱਸੇ, ਵਾਰਸ ਦੀ ਹੀਰ ਪੜ੍ਹਨੀ ਤੇ ਗਾਉਣੀ, ਲੋਕ ਗੀਤ, ਮਲਾਇਆ ਵਿਚ ਜਾਗੇ ਦੀ ਨੌਕਰੀ, ਚੀਨਣ ਤੇ ਮਲਾਇਣ ਨਾਲ ਇਸ਼ਕ, ਪਿੰਡ ਪਰਤ ਕੇ ਖੇਤੀ ਵਾਹੀ, ਪ੍ਰਸਿੱਧ ਸਾਹਿਤਕ ਪੁਸਤਕਾਂ ਦੀ ਪੜ੍ਹਾਈ, ਸ਼੍ਰੋਮਣੀ ਕਮੇਟੀ ਦੀ ਕਲਰਕੀ, 1947 ਦਾ ਉਜਾੜਾ, ਵੇਦਾਂਤ ਤੇ ਮਾਰਕਸਵਾਦ ਦੇ ਸਬਕ; 'ਜੀਵਨ ਕਣੀਆਂ', 'ਸੱਚ ਨੂੰ ਫਾਂਸੀ' ਤੇ 'ਪਾਲੀ' ਪੁਸਤਕਾਂ ਲਿਖਣਾ ਉਹਦਾ ਪਿਛੋਕੜ ਤੇ ਤਜਰਬਾ ਸੀ। ਉਹ ਕਮਿਊਨਿਸਟ ਬਣਨ ਦੇ ਰਾਹ ਪੈ ਗਿਆ ਸੀ, ਪਰ ਕਮਿਊਨਿਸਟ ਪਾਰਟੀ ਦਾ ਮੈਂਬਰ ਨਹੀਂ ਸੀ ਬਣਿਆ। ਬਾਬਾ ਰੂੜ ਸਿੰਘ ਚੂਹੜਚੱਕ ਦੀ ਸੰਗਤ ਕਰਕੇ ਕਮਿਊਨਿਸਟ ਪਾਰਟੀ ਦਾ ਹਮਦਰਦ ਜ਼ਰੂਰ ਬਣ ਗਿਆ ਹੋਇਆ ਸੀ। ਇਹੋ ਕਾਰਨ ਹੈ ਕਿ ਮਾਲਵੇ ਦੇ ਪਿੰਡਾਂ ਦੀ ਪ੍ਰੀਤ ਕਹਾਣੀ ਦੇ ਵਿਸ਼ੇ ਵਾਲੇ ਨਾਵਲ ਵਿਚ ਉਸ ਤੋਂ ਧਰਮ ਤੇ ਸਾਇੰਸ ਦਾ ਵਾਦ-ਵਿਵਾਦ ਅਤੇ ਮਾਰਕਸਵਾਦ ਦਾ ਲੋਕ-ਇਨਕਲਾਬ ਮੱਲੋ-ਮੱਲੀ ਘੁਸੜ ਗਿਆ ਸੀ।

ਨਿੱਕੇ-ਮੋਟੇ ਨੁਕਸਾਂ ਦੇ ਬਾਵਜੂਦ 'ਪੂਰਨਮਾਸ਼ੀ' ਫਿਰ ਵੀ ਉਹਦਾ ਸ਼ਾਹਕਾਰ ਨਾਵਲ ਗਿਣਿਆ ਜਾਂਦਾ ਹੈ। ਨਾਵਲ ਵਿਚ ਏਨਾ ਰਸ ਹੈ ਕਿ ਪਾਠਕ ਚਾਹੁੰਦਾ ਹੈ, ਨਾਵਲ ਕਦੇ ਮੁੱਕੇ ਨਾ। ਨਾਵਲ ਮੁੱਕਣ 'ਤੇ ਪਾਠਕ ਝੂਰਦਾ ਹੈ ਕਿ ਏਨੀ ਛੇਤੀ ਮੁੱਕ ਕਿਉਂ ਗਿਆ? ਇਸ ਨਾਲ ਪੰਜਾਬ ਦਾ ਪੇਂਡੂ ਜੀਵਨ ਪਹਿਲੀ ਵਾਰ ਭਰਵੇਂ ਰੂਪ ਵਿਚ ਪੇਸ਼ ਹੋਇਆ ਸੀ, ਜੋ ਬਾਅਦ ਵਿਚ ਹੋਰਨਾਂ ਪੰਜਾਬੀ ਲੇਖਕਾਂ ਦਾ ਗਾਡੀਰਾਹ ਬਣ ਗਿਆ।

***(ਸਮਾਪਤ)***

# ਰਿਪੋਰਟ ਕਾਰਡ

## ਮਿਨੀ ਕਹਾਣੀ



**ਜੇ. ਬੀ. ਸਿੰਘ, ਕੈਂਟ**
Email: jupneja@gmail.com

ਸਵੇਰੇ ਉਠਦਿਆਂ ਕਰਮ ਚੰਦ ਨੇ ਆਪਣੇ ਬਿਸਤਰੇ ਨਾਲ ਪਏ ਡੈਸਕ 'ਤੇ ਵੇਖਿਆ। ਅੱਗੇ ਰੋਜ਼ ਇਸ 'ਤੇ ਗਰਮ ਚਾਹ ਦਾ ਕੱਪ ਪਿਆ ਹੁੰਦਾ ਸੀ, ਜੋ ਉਸ ਦਾ ਬੇਟਾ ਕਾਲਜ ਜਾਣ ਲੱਗਿਆਂ ਉਸ ਲਈ ਬਣਾ ਕੇ ਜਾਂਦਾ ਸੀ। ਅੱਜ ਕੱਪ ਦੀ ਥਾਂ ਇਕ ਬੰਦ ਲਿਫਾਫਾ ਪਿਆ ਸੀ। ਕਰਮ ਚੰਦ ਨੇ ਐਨਕ ਲਾਈ ਤੇ ਲਿਫਾਫਾ ਖੋਲ੍ਹਿਆ। ਇਹ ਉਸ ਦੇ ਬੇਟੇ ਵਲੋਂ ਇਕ ਪੱਤਰ ਸੀ।

"ਪਿਆਰੇ ਪਿਤਾ ਜੀ, ਮੁਆਫ ਕਰਨਾ ਮੇਰੇ ਵਿਚ ਹਿੰਮਤ ਨਹੀਂ ਸੀ ਕਿ ਤੁਹਾਡੇ ਸਾਹਮਣੇ ਬੈਠ ਕੇ ਗੱਲ ਕਰ ਸਕਾਂ। ਸੋ, ਮੈਂ ਪੱਤਰ ਰਾਹੀਂ ਦੱਸ ਰਿਹਾਂ।

ਮੈਂ ਇਕ ਮੁਸਲਮਾਨ ਲੜਕੀ ਅਬੀਦਾ ਨੂੰ ਪਿਆਰ ਕਰਦਾ ਹਾਂ, ਜਿਸ ਦੀ ਹਾਲਤ ਬਹੁਤ ਤਰਸਯੋਗ ਹੈ। ਉਹਨੂੰ ਯਕੀਨ ਦੁਆਉਣ ਲਈ ਕਿ ਮੈਂ ਸੱਚਮੁੱਚ ਉਸ ਨੂੰ ਪਿਆਰ ਕਰਦਾ ਹਾਂ, ਅੱਜ ਕਾਜ਼ੀ ਕੋਲ ਜਾ ਕੇ ਉਸ ਨਾਲ ਸ਼ਾਦੀ ਕਰਾ ਰਿਹਾ ਹਾਂ। ਮੈਂ ਜਾਣਦਾ ਸੀ ਕਿ ਤੁਸੀਂ ਇਹ ਰਿਸ਼ਤਾ ਪ੍ਰਵਾਨ ਨਹੀਂ ਕਰੋਗੇ, ਸੋ ਤੁਹਾਨੂੰ ਦੱਸੇ ਬਿਨਾ, ਘਰ ਵਿਚ ਕੋਈ ਕਲੇਸ਼ ਜਾਂ ਤਮਾਸ਼ਾ ਕੀਤੇ ਬਿਨਾ ਮੈਂ ਹਮੇਸ਼ਾ ਲਈ ਘਰ ਛੱਡ ਰਿਹਾ ਹਾਂ।

ਮੈਂ ਅਬੀਦਾ ਨੂੰ ਤੁਹਾਡੇ ਨਾਲ ਮਿਲਾਉਣਾ ਚਾਹੁੰਦਾ ਸੀ, ਪਰ ਤਦ ਦੇਰ ਹੋ ਚੁਕੀ ਸੀ। ਅਬੀਦਾ ਮੇਰੇ ਬੱਚੇ ਦੀ ਮਾਂ ਬਣਨ ਵਾਲੀ ਸੀ। ਤੁਹਾਥੋਂ ਇਹ ਗੱਲ ਬਰਦਾਸ਼ਤ ਨਹੀਂ ਸੀ ਹੋਣੀ, ਸੋ ਮੇਰੀ ਹਿੰਮਤ ਬਿਲਕੁਲ ਟੁੱਟ ਗਈ।

ਅਬੀਦਾ ਦੇ ਮਾਪੇ ਬਹੁਤ ਚੰਗੇ ਹਨ, ਪਰ ਗਰੀਬ ਹਨ। ਉਸ ਦਾ ਡੈਡੀ ਬਹੁਤ ਮਿਹਨਤ ਕਰਦਾ ਹੈ, ਪਰ ਮਾੜੀ ਕਿਸਮਤ ਕਰਕੇ ਹਰ ਵਾਰ ਜੂਏ ਵਿਚ ਹਾਰ ਜਾਂਦਾ ਹੈ। ਉਹ ਮੈਨੂੰ ਘਰ ਜਵਾਈ ਬਣਾਉਣ ਲਈ ਰਾਜ਼ੀ ਹਨ। ਮੇਰੀ ਕਮਾਈ ਨਾਲ ਉਨ੍ਹਾਂ ਦਾ ਗੁਜ਼ਾਰਾ ਚਲ ਸਕਦਾ ਹੈ।

ਅਬੀਦਾ ਨੂੰ ਦਿਲ ਦਾ ਰੋਗ ਹੈ। ਇਸ ਕਰਕੇ ਡਾਕਟਰ ਨੇ ਉਹਨੂੰ ਇਕ ਪੈਗ ਤੋਂ ਵੱਧ ਸ਼ਰਾਬ ਦਾ ਪੀਣ ਤੋਂ ਮਨ੍ਹਾਂ ਕੀਤਾ ਸੀ। ਕਦੇ ਕਦੇ ਮੈਂ ਵੀ ਉਹਦਾ ਸਾਥ ਦੇ ਦਿੰਦਾ ਸੀ, ਪਰ ਆਦਮੀ ਜਦ ਪੀਣੀ ਸ਼ੁਰੂ ਕਰ ਦੇਵੇ ਤਾਂ ਇਕ ਪੈਗ 'ਤੇ ਨਹੀਂ ਰਹਿੰਦਾ। ਸੋ, ਹੌਲੀ ਹੌਲੀ ਆਦਤ ਵਧਦੀ ਗਈ। ਇਕ ਦਿਨ ਅਬੀਦਾ ਨੇ ਮੇਰੀ ਸ਼ਰਾਬ ਵਿਚ ਭੰਗ ਮਿਲਾ ਦਿਤੀ। ਉਸੇ ਦਿਨ ਹੀ ਉਹ ਪ੍ਰੈਗਨੈਂਟ ਹੋ ਗਈ।

ਡਾਕਟਰਾਂ ਨੇ ਦਸਿਆ ਹੈ ਕਿ ਅਬੀਦਾ ਨੂੰ ਏਡਜ਼ ਦੀਆਂ ਨਿਸ਼ਾਨੀਆਂ ਹਨ। ਇਹ ਬਿਮਾਰੀ ਜਰੂਰ ਉਹਨੂੰ ਆਪਣੇ ਪਹਿਲੇ ਬੁਆਏ ਫਰੈਂਡ ਤੋਂ ਲੱਗੀ ਹੋਵੇਗੀ। ਮੇਰੀ ਸਿਹਤ ਹਰ ਤਰ੍ਹਾਂ ਠੀਕ ਹੈ। ਮੇਰਾ ਫਿਕਰ ਨਾ ਕਰਨਾ।

ਇਸ ਤੋਂ ਅੱਗੇ ਕੁਝ ਗੱਲਾਂ ਮੈਂ ਆਪਣੀ ਮਾਂ ਨਾਲ ਕਰਨਾ ਚਾਹੁੰਦਾ ਹਾਂ। ਅਗਲੇ ਸਫੇ 'ਤੇ ਲਿਖ ਰਿਹਾਂ ਹਾਂ। ਮੈਨੂੰ ਯਕੀਨ ਹੈ, ਤੁਸੀ ਮਾਂ-ਪੁੱਤ ਦੀ ਗੱਲ ਨਹੀਂ ਪੜ੍ਹੋਗੇ।"

ਕਰਮ ਚੰਦ ਨੇ ਮੱਥੇ 'ਤੇ ਹੱਥ ਮਾਰਿਆ, ਤੇ ਆਪਣੀ ਪਤਨੀ ਨੂੰ ਅਵਾਜ਼ ਮਾਰੀ, "ਆਹ ਦੇਖ ਲਾ, ਆਪਣੇ ਪੁੱਤ ਦੇ ਲੱਛਣ! ਚੰਗਾ ਹੁੰਦਾ ਇਹਨੂੰ ਕਾਲਜ ਹੀ ਨਾ ਭੇਜਦਾ। ਅਨਪੜ੍ਹ ਰਹਿੰਦਾ।"

ਉਹਨੇ ਕਾਗਜ਼ ਦਾ ਪੰਨਾ ਪਰਤਿਆ ਤੇ ਬਿਨਾ ਪੜ੍ਹੇ ਆਪਣੀ ਪਤਨੀ ਦੇ ਹੱਥ ਪਕੜਾ ਦਿੱਤਾ। ਮਾਂ ਨੇ ਕੰਬਦੇ ਹੱਥਾਂ ਨਾਲ ਕਾਗਜ਼ ਫੜਿਆ ਤੇ ਕਮਰੇ ਤੋਂ ਬਾਹਰ ਆ ਗਈ।

"ਮਾਂ ਜੀ, ਰਸੋਈ ਵਿਚ ਮੈਂ ਇਕ ਲਿਫਾਫਾ ਰੱਖਿਆ ਹੈ। ਉਸ ਵਿਚ ਕਾਲਜ ਤੋਂ ਮਿਲਿਆ ਇਕ ਰਿਪੋਰਟ ਕਾਰਡ ਹੈ, ਤੇ ਨਾਲ ਦੇ ਕਾਗਜ਼ 'ਤੇ ਮੇਰਾ ਮੁਆਫੀਨਾਮਾ ਹੈ। ਪਹਿਲਾਂ ਡੈਡੀ ਨੂੰ ਕਾਰਡ ਦੇ ਦੇਣਾ। ਜੇ ਉਨ੍ਹਾਂ ਨੂੰ ਕਾਰਡ ਪੜ੍ਹ ਕੇ ਗੁੱਸਾ ਆਇਆ, ਤਾਂ ਇਹ ਮੁਆਫੀਨਾਮਾ ਵੀ ਦੇ ਦੇਣਾ। ਗੁੱਸਾ ਠੰਡਾ ਹੋ ਜਾਵੇਗਾ।"

ਮਾਂ ਨੇ ਉਵੇਂ ਹੀ ਕੀਤਾ। ਰਸੋਈ ਵਿਚ ਗਈ। ਲਿਫਾਫਾ ਖੋਲ੍ਹਿਆ। ਇਸ ਵਿਚੋਂ ਕਾਲਜ਼ ਵਲੋਂ ਮਿਲਿਆ ਰਿਪੋਰਟ ਕਾਰਡ ਕੱਢਿਆ। 'ਆਹ ਲਓ ਉਸ ਦਾ ਰਿਪੋਰਟ ਕਾਰਡ,' ਕਹਿੰਦਿਆਂ ਕਰਮ ਚੰਦ ਨੂੰ ਫੜਾਇਆ।

"ਅੱਗ ਲਾ ਇਸ ਰਿਪੋਰਟ ਕਾਰਡ ਨੂੰ। ਮੈਂ ਇਹਨੂੰ ਕਾਲਜ ਭੇਜ ਕੇ ਈ ਸ਼ਰਮਾ ਰਿਹਾਂ। ਪਿਛਲੇ ਸਾਲ ਵਾਂਗ ਫੇਲ੍ਹ ਹੀ ਹੋਣਾ ਹੈ। ਮੈਨੂੰ ਇਸ ਦੀ ਕੋਈ ਚਿੰਤਾ ਨਹੀਂ, ਪਰ ਜੋ ਉਹਨੇ ਅੱਜ ਕਾਰਾ ਕਰ ਕੇ ਦਿਖਾਇਆ ਹੈ, ਮੈਨੂੰ ਜਿਉਣ ਜੋਗਾ ਨਹੀਂ ਛੱਡਿਆ।" ਕਰਮ ਚੰਦ ਗੁੱਸੇ ਵਿਚ ਬੋਲੀ ਗਿਆ। ਆਪਣੀ ਕਿਸਮਤ ਨੂੰ ਕੋਸਦਾ ਰਿਹਾ।

ਤਦੇ ਮਾਂ ਨੇ ਨਾਲ ਵਾਲਾ ਕਾਗਜ਼ ਵੀ ਫੜਾ ਦਿਤਾ।

"ਮੁਆਫ ਕਰਨਾ ਪਿਤਾ ਜੀ, ਮੈਂ ਜੋ ਕੁਝ ਪਹਿਲੇ ਲਿਖਿਆ ਹੈ, ਸਭ ਝੂਠ ਹੈ। ਰੱਬ ਕਰੇ ਤੁਹਾਨੂੰ ਇਹੋ ਜਿਹਾ ਸਦਮਾ ਮੈਂ ਕਦੇ ਵੀ ਨਾ ਦਿਆਂ। ਹਾਂ, ਫੇਲ੍ਹ ਹੋਣ 'ਤੇ ਸ਼ਰਮਿੰਦਾ ਹਾਂ।"

ਕਰਮ ਚੰਦ ਨੇ ਸੁੱਖ ਦਾ ਡੂੰਘਾ ਸਾਹ ਲਿਆ। ਸਿਰ ਹਿਲਾਉਂਦਿਆਂ ਮੁਸਕਰਾ ਕੇ ਕਹਿਣ ਲੱਗਾ, "ਦਸ ਵਾਰ ਫੇਲ੍ਹ ਹੋ ਮੇਰੇ ਲਾਡਲੇ, ਪਰ ਅਜਿਹਾ ਖਤ ਕਦੇ ਫਿਰ ਨਾ ਲਿਖੀਂ।"

# ਸੋ ਕਿਉ ਮੰਦਾ ਆਖੀਐ...

**ਵਿਚਾਰ-ਚਰਚਾ**

ਆਸਾ ਕੀ ਵਾਰ ਦੀ 19ਵੀਂ ਪਉੜੀ ਦੇ ਦੂਸਰੇ ਸ਼ਲੋਕ ਵਿਚ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ,

ਭੰਡਿ ਜੰਮੀਐ ਭੰਡਿ ਨਿੰਮੀਐ
ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ
ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ
ਭੰਡਿ ਹੋਵੈ ਬੰਧਾਨੁ॥

ਸੇਵਕ ਸਿੰਘ ਕੋਟਕਪੂਰਾ
ਫੋਨ: 661-444-3657

ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ॥
ਭੰਡਹੁ ਹੀ ਭੰਡੁ ਊਪਜੈ
ਭੰਡੈ ਬਾਝੁ ਨ ਕੋਇ॥
ਨਾਨਕ ਭੰਡੈ ਬਾਹਰਾ
ਏਕੋ ਸਚਾ ਸੋਇ॥
ਜਿਤੁ ਮੁਖਿ ਸਦਾ ਸਾਲਾਹੀਐ
ਭਾਗਾ ਰਤੀ ਚਾਰਿ॥
ਨਾਨਕ ਤੇ ਮੁਖ ਊਜਲੇ
ਤਿਤੁ ਸਚੈ ਦਰਬਾਰਿ॥2॥

ਔਰਤ ਜਾਤ ਬਾਰੇ ਭਾਰਤੀ ਸਮਾਜ ਵਿਚ ਬਹੁਤ ਹੀ ਮੰਦੇ ਸ਼ਬਦ ਵਰਤੇ ਜਾਂਦੇ ਰਹੇ ਹਨ, ਤੇ ਹੁਣ ਵੀ ਵਰਤ ਹੋ ਰਹੇ ਹਨ। ਸਿੱਖ ਸਮਾਜ ਵਿਚ ਵੀ ਇਸ ਦਾ ਦਰਜਾ ਕੋਈ ਬਹੁਤ ਉਤਮ ਨਹੀਂ ਹੈ। ਮਰਦ ਜਾਂ ਪਿਤਰੀ ਸੱਤਾ ਅਜੇ ਵੀ ਭਾਰੂ ਹੈ। ਔਰਤ ਨੂੰ ਅਜੇ ਵੀ ਪੈਰ ਪੈਰ 'ਤੇ ਆਪਣੀ ਇੱਜਤ-ਆਬਰੂ ਅਤੇ ਸਵੈਮਾਣ ਬਚਾਉਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਮਾਦਾ ਭਰੂਣ ਹੱਤਿਆ ਆਮ ਹੀ ਹੋ ਰਹੀ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ ਆਮ ਵਰਤਿਆ ਸ਼ਬਦ ਭੰਡ ਭਾਵ ਨਿੰਦਣ ਯੋਗ ਸੀ, ਜਿਸ ਨੂੰ ਆਧਾਰ ਬਣਾ ਕੇ ਗੁਰੂ ਸਾਹਿਬ ਨੇ ਉਸ ਸਮੇਂ ਦੇ ਸਮਾਜ ਨੂੰ ਇਹ ਸਮਝਾਇਆ ਹੈ ਕਿ ਔਰਤ ਤੋਂ ਹੀ ਮਰਦ ਦੀ ਉਤਪਤੀ ਹੁੰਦੀ ਹੈ, ਉਸ ਦਾ ਦੁੱਧ ਚੁੰਘ ਕੇ ਹੀ ਮਰਦ ਵੱਡਾ ਹੁੰਦਾ ਹੈ, ਔਰਤ ਨਾਲ ਹੀ ਰਿਸ਼ਤਾ ਅਤੇ ਵਿਆਹ ਕਰਵਾਉਂਦਾ ਹੈ। ਔਰਤ ਨਾਲ ਹੀ ਦੋਸਤੀ ਭਾਵ ਆਪਣੇ ਸਾਰੇ ਰਾਜ਼ ਸਾਂਝੇ ਕਰਦਾ ਹੈ, ਉਸ ਤੋਂ ਹੀ ਅੱਗੇ ਪੀੜ੍ਹੀ ਚਲਦੀ ਹੈ। ਜੇ ਇੱਕ ਦੀ ਮੌਤ ਹੋ ਜਾਵੇ ਤਾਂ ਦੂਜੀ ਲੈ ਆਉਂਦਾ ਹੈ। ਔਰਤ ਨਾਲ ਹੀ ਭਾਵਨਾਤਮਕ ਲਗਾਓ ਹੁੰਦਾ ਹੈ। ਫਿਰ ਵੀ ਉਹ ਔਰਤ ਦੀ ਵਾਰ ਵਾਰ ਨਿੰਦਾ ਕਿਉਂ ਕਰਦਾ ਹੈ? ਜਦੋਂ ਕਿ ਹਰ ਇਕ ਉਤਮ ਮਰਦ ਵੀ ਔਰਤ ਦੀ ਕੁੱਖੋਂ ਜਨਮ ਲੈਂਦਾ ਹੈ। ਔਰਤ ਤੋਂ ਹੀ ਔਰਤ ਪੈਦਾ ਹੁੰਦੀ ਹੈ ਅਤੇ ਔਰਤ ਤੋਂ ਬਿਨਾ ਉਤਪਤੀ ਦਾ ਹੋਰ ਕੋਈ ਵੀ ਸਾਧਨ ਨਹੀਂ ਹੈ। ਸਿਰਫ ਪਰਮਾਤਮਾ ਹੀ ਆਪਣੇ ਆਪ ਤੋਂ ਉਤਪੰਨ ਹੋਇਆ ਹੈ, ਉਸ ਪਰਮਾਤਮਾ ਦੀ ਸਿਫਤ ਸਾਲਾਹ ਕਰਨੀ ਚਾਹੀਦੀ ਹੈ, ਜਿਸ ਦੇ ਵੱਡੇ ਭਾਗ ਹੁੰਦੇ ਹਨ, ਉਸ 'ਤੇ ਹੀ ਇਹ ਕਿਰਪਾ ਹੁੰਦੀ ਹੈ ਅਤੇ ਉਹ ਵਿਅਕਤੀ ਹੀ ਉਜਲਾ ਮੁੱਖ ਲੈ ਕੇ ਉਸ ਪ੍ਰਭੂ ਦੇ ਸੱਚੇ ਦਰਬਾਰ ਵਿਚ ਪਹੁੰਚਦਾ ਹੈ। ਸੋ ਇਸ ਤਰ੍ਹਾਂ ਗੁਰੂ ਸਾਹਿਬ ਨੇ ਔਰਤ ਦੀ ਉਤਮਤਾ ਦਰਸਾਈ ਹੈ।

'ਪੰਜਾਬ ਟਾਈਮਜ਼' ਦੇ 13 ਜੁਲਾਈ ਦੇ ਅੰਕ ਵਿਚ ਸਰਵਜੀਤ ਸਿੰਘ ਸੈਕਰਾਮੈਂਟੋ ਦੀ ਅਜੀਬ ਜਿਹੀ ਟਿੱਪਣੀ ਆਈ ਹੈ ਕਿ ਉਹ ਔਰਤ ਦੇ ਸਤਿਕਾਰ ਬਾਰੇ ਤਾਂ ਬਹੁਤ ਫਿਕਰਮੰਦ ਹੈ ਪਰ ਆਪ ਹੀ ਔਰਤ ਦਾ ਅਪਮਾਨ ਕਰ ਰਿਹਾ ਹੈ। ਜੇ ਦਸਮ ਗ੍ਰੰਥ ਸਿਰਫ ਦੋ ਟਿਪਣੀਆਂ ਕਰਕੇ ਹੀ ਨਿੰਦਨਯੋਗ ਹੈ ਤਾਂ ਉਹ ਇਹ ਕਿਉਂ ਭੁੱਲ ਗਿਆ ਕਿ ਉਸੇ ਹੀ ਗ੍ਰੰਥ ਵਿਚ ਪ੍ਰਥਮ ਔਰਤ ਆਦਿ ਸ਼ਕਤੀ, ਪਰਮਾਤਮਾ ਦੇ ਔਰਤ ਰੂਪ ਭਗਾਉਤੀ ਦੀ ਪੰਜ ਵਾਰ ਕਥਾ ਕੀਤੀ ਹੈ!

ਮੇਰੇ ਇਸ ਲੇਖ ਨੂੰ ਪਿਛਲੇ ਲੇਖ 'ਪ੍ਰਿਥਮ ਭਗਉਤੀ ਸਿਮਰ ਕੈ' ਦੀ ਨਿਰੰਤਰਤਾ ਵਿਚ ਹੀ ਦੇਖਿਆ ਜਾਵੇ। ਉਹ ਤਰਕ ਫਿਰ ਦਹਰਾਉਣ ਦੀ ਕੋਈ ਲੋੜ ਨਹੀਂ ਹੈ। ਜੇ ਅਸੀਂ ਆਪਣੀ ਮਾਤਾ, ਭੈਣ, ਪਤਨੀ ਅਤੇ ਬੇਟੀ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਹਰ ਵੇਲੇ ਤਿਆਰ ਰਹਿੰਦੇ ਹਾਂ ਅਤੇ ਹਰ ਕੁਰਬਾਨੀ ਕਰਨ ਨੂੰ ਤਿਆਰ ਰਹਿੰਦੇ ਹਾਂ, ਤਾਂ ਕੀ ਆਦਿ ਸ਼ਕਤੀ ਭਗਵਤੀ ਇੰਨੀ ਹੀ ਨਖਿੱਧ ਹੋ ਗਈ ਕਿ ਉਸ ਦਾ ਜ਼ਿਕਰ ਕਰਨ ਨਾਲ ਹੀ ਦਸਮ ਗ੍ਰੰਥ ਨਖਿੱਧ ਤੇ ਝੂਠਾ ਹੋ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਕਿਤੇ ਵੀ ਭਗਾਉਤੀ ਨੂੰ ਆਪਣਾ ਇਸ਼ਟ ਨਹੀਂ ਕਿਹਾ। ਉਸ ਦਾ ਇਸ ਕਰਕੇ ਸਤਿਕਾਰ ਕੀਤਾ ਹੈ ਕਿ ਜਿਥੇ ਬੜੇ ਬੜੇ ਬਲਸ਼ਾਲੀ ਅਤੇ ਸ਼ਕਤੀਸ਼ਾਲੀ ਦੇਵਤੇ ਹਾਰ ਮੰਨ ਕੇ ਆ ਗਏ, ਉਥੇ ਇਕ ਅਬਲਾ ਕਹੀ ਜਾਂਦੀ ਔਰਤ ਨੇ ਫਤਿਹ ਹਾਸਲ ਕੀਤੀ।

ਇਸ ਕਥਾ ਦਾ ਮਹੱਤਵ ਉਸ ਸਮੇਂ ਹੋਰ ਵੀ ਵੱਧ ਜਾਂਦਾ ਹੈ, ਜਦੋਂ ਕਿ ਹਿੰਦੂ ਸਮਾਜ ਲਗਾਤਾਰ ਕਈ ਸੌ ਸਾਲਾਂ ਦੀ ਗੁਲਾਮੀ ਅਤੇ ਨਮੋਸ਼ੀ ਭੋਗ ਰਿਹਾ ਹੈ ਅਤੇ ਕੋਈ ਉਜਰ ਨਹੀਂ ਕਰ ਰਿਹਾ। ਗੁਰੂ ਜੀ ਉਸ ਸਮਾਜ ਨੂੰ ਇਹ ਅਹਿਸਾਸ ਕਰਵਾ ਰਹੇ ਹਨ ਕਿ ਤੁਸੀਂ ਇੰਨੇ ਨਿਤਾਣੇ ਅਤੇ ਹਾਰ ਮੰਨੀ ਬੈਠੇ ਹੋ, ਜਦੋਂ ਕਿ ਤੁਹਾਡੀਆਂ ਔਰਤਾਂ ਵੀ ਇੰਨੀਆਂ ਬਲਸ਼ਾਲੀ ਹਨ/ਸਨ, ਜਿਨ੍ਹਾਂ ਨੇ ਇਤਨੇ ਭਿਆਨਕ ਰਾਖਸ਼ਾਂ ਦਾ ਨਾਸ਼ ਕੀਤਾ ਹੈ। ਤੁਸੀਂ ਇੰਨੇ ਬੁਜ਼ਦਿਲ ਕਿਉਂ ਬਣੇ ਬੈਠੇ ਹੋ? ਉਠੋ ਆਪਣੇ ਆਪ ਨੂੰ ਸੰਭਾਲੋ ਅਤੇ ਨਮੋਸ਼ੀ ਤੇ ਗੁਲਾਮੀ ਤੋਂ ਮੁਕਤ ਹੋਵੋ। ਇਸ ਦਾ ਅਸਰ ਹੋਇਆ ਵੀ, ਇਕ ਅਜਿਹੀ ਲਹਿਰ ਉਠੀ, ਜਿਸ ਨੇ ਮੁਗਲ ਸਾਮਰਾਜ ਦੀ ਸਫ ਲਪੇਟ ਦਿੱਤੀ।

ਜੇ ਕਿਸੇ ਦੀ ਪਤਨੀ ਹੋਣ ਨਾਲ ਹੀ ਕਿਸੇ ਔਰਤ ਦੇ ਅਧਿਕਾਰ ਖਤਮ ਹੋ ਜਾਂਦੇ ਹਨ, ਤਾਂ ਥਰੀਸਾ ਮੇ ਦੇ ਅਧਿਕਾਰਾਂ ਦਾ ਕੀ ਬਣੇਗਾ? ਕੱਲ ਨੂੰ ਜੇ ਹਿਲੇਰੀ ਕਲਿੰਟਨ ਜਾਂ ਕਮਲਾ ਹੈਰਿਸ ਅਮਰੀਕਾ ਦੇ ਰਾਸ਼ਟਰ ਮੁਖੀ ਬਣ ਜਾਂਦੇ ਹਨ, ਤਾਂ ਕੀ ਉਨ੍ਹਾਂ ਦੇ ਅਧਿਕਾਰ ਕਿਸੇ ਵੀ ਤਰ੍ਹਾਂ ਟਰੰਪ ਤੋਂ ਘੱਟ ਹੋਣਗੇ?

ਮਹਾਂਦੇਵ ਅਤੇ ਚੰਡਿਕਾ ਮੌਤ ਦੇ ਦਫਤਰ ਦੇ ਅਧਿਕਾਰੀ ਹਨ। ਕੀ ਸਰਵਜੀਤ ਸਿੰਘ ਮੌਤ ਤੋਂ ਪਰੇ ਅਤੇ ਬਰੀ ਹੈ, ਜਦੋਂ ਉਹ ਇਸ ਦਫਤਰ ਪਹੁੰਚਿਆ ਤਾਂ ਕੀ ਜਵਾਬ ਦੇਵੇਗਾ? ਇਸ ਦੀ ਤਿਆਰੀ ਹੁਣ ਤੋਂ ਹੀ ਕਰ ਲੈਣੀ ਚਾਹੀਦੀ ਹੈ। ਮੌਤ ਅਟੱਲ ਸੱਚਾਈ ਹੈ, ਇਹ ਨਹੀਂ ਭੁੱਲਣਾ ਚਾਹੀਦਾ।

ਜੇ ਉਸ ਗ੍ਰੰਥ ਦੀਆਂ ਪੰਗਤੀਆਂ ਨਾਲ ਸਮਾਗਮ ਦਾ ਅਰੰਭ ਹੋ ਗਿਆ ਤਾਂ ਕੀ ਭੁਚਾਲ ਆ ਗਿਆ। ਪੰਗਤੀਆਂ ਵੀ ਉਸੇ ਆਦਿ ਸ਼ਕਤੀ ਭਗਵਤੀ ਦੀ ਉਸਤਤਿ ਵਿਚ ਹੀ ਸਨ, ਜੋ ਪ੍ਰਥਮ ਔਰਤ ਹੈ। ਔਰਤਾਂ ਸਬੰਧੀ ਸਮਾਗਮ ਵਿਚ ਪ੍ਰਥਮ ਔਰਤ ਦਾ ਸਨਮਾਨ ਕੀ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਦਾ ਅਪਮਾਨ ਹੈ? ਜੇ ਹੈ ਤਾਂ ਕਿਵੇਂ ਹੈ? ਮੈਨੂੰ ਸਮਝ ਨਹੀਂ ਆਈ।

ਦੂਜੀ ਗੱਲ, ਅੰਮ੍ਰਿਤ ਦੀਆਂ ਪੰਜ ਬਾਣੀਆਂ ਵਿਚੋਂ ਤਿੰਨ ਬਾਣੀਆਂ ਉਸੇ ਦਸਮ ਗ੍ਰੰਥ ਵਿਚੋਂ ਹਨ। ਕਿਸੇ ਵੀ ਸਿੱਖ ਜਾਂ ਹੋਰ ਵਿਅਕਤੀ ਦੀ ਹਿੰਮਤ ਹੈ ਕਿ ਇਹ ਬਾਣੀਆਂ ਬਦਲ ਸਕੇ, ਜਾਂ ਤਰਤੀਬ ਹੀ ਬਦਲ ਸਕੇ। ਹੈ ਕੋਈ ਮਰਦ ਤਾਂ ਸਾਹਮਣੇ ਆਵੇ! ਐਵੇਂ ਸਿਰਫ ਪ੍ਰਚਾਰ, ਦਿਮਾਗੀ ਅੱਯਾਸ਼ੀ ਅਤੇ ਪਖੰਡ ਕਰਨ ਲਈ ਜੇ ਕੋਈ ਅਜਿਹਾ ਕਰਦਾ ਹੈ ਤਾਂ ਕਰੀ ਜਾਵੇ। ਇਸ ਦਾ ਕੀ ਅਸਰ ਹੈ! ਮੈਂ ਔਰਤ ਲੇਖਕਾਂ ਦੀ ਇਸ ਚੁੱਪ ਤੋਂ ਵੀ ਹੈਰਾਨ ਹਾਂ ਕਿ ਉਹ ਵੀ ਇਸ ਬੇਹੂਦਗੀ ਬਾਰੇ ਕਿਉਂ ਚੁੱਪ ਹਨ? ਉਨ੍ਹਾਂ ਨੂੰ ਇਹ ਅਪਮਾਨ ਕਿਉਂ ਨਹੀਂ ਮਹਿਸੂਸ ਹੁੰਦਾ? ਉਹ ਹੋਰ ਵਿਸ਼ਿਆਂ ਬਾਰੇ ਤਾਂ ਬਹੁਤ ਫਿਕਰਮੰਦ ਹਨ ਪਰ ਇਸ ਸਿਧਾਂਤਕ ਅਪਮਾਨ ਬਾਰੇ ਕਿਉਂ ਨਹੀਂ ਬੋਲਦੀਆਂ? ਕੀ ਆਦਿ ਸ਼ਕਤੀ ਦਾ ਅਪਮਾਨ ਉਨ੍ਹਾਂ ਨੂੰ ਆਪਣਾ ਅਪਮਾਨ ਮਹਿਸੂਸ ਨਹੀਂ ਹੁੰਦਾ?

ਅਖੀਰ ਵਿਚ ਮੈਂ ਸਰਵਜੀਤ ਸਿੰਘ ਰਾਹੀਂ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਾਹਿਬ ਤੋਂ ਇਹ ਸਵਾਲ ਪੁੱਛਦਾ ਹਾਂ ਕਿ ਜਦੋਂ ਉਨ੍ਹਾਂ ਨੇ 'ਚਰਨ ਚਲਉ ਮਾਰਗਿ ਗੋਬਿੰਦ' ਨਾਂ ਦੀ ਵੀਡੀਓ ਕੈਸਟ ਜਾਰੀ ਕੀਤੀ ਸੀ, ਕੀ ਉਦੋਂ ਉਨ੍ਹਾਂ ਨੂੰ ਨਹੀਂ ਪਤਾ ਸੀ ਕਿ ਬਚਿੱਤਰ ਨਾਟਕ ਝੂਠਾ ਹੈ? ਤੇ ਹੇਮਕੁੰਟ ਦੀ ਯਾਤਰਾ ਕਿਉਂ ਕੀਤੀ ਅਤੇ ਕਰਵਾਈ ਸੀ?

ਕੀ ਉਨ੍ਹਾਂ ਦੇ ਸਮੇਂ 'ਪ੍ਰਥਮ ਭਗਉਤੀ ਸਿਮਰ ਕੈ' ਸ਼ਬਦ ਨਹੀਂ ਸੀ ਪੜ੍ਹੇ ਜਾਂਦੇ? ਕੀ ਉਸ ਵੇਲੇ ਉਨ੍ਹਾਂ ਨੇ ਇਸ ਦਾ ਵਿਰੋਧ ਕੀਤਾ ਸੀ? ਜੇ ਨਹੀਂ ਤਾਂ ਕਿਓਂ? ਤੇ ਹੁਣ ਕਿਓਂ? ਉਨ੍ਹਾਂ ਦੇ ਸਮੇਂ ਅੰਮ੍ਰਿਤ ਛਕਾਉਣ ਵੇਲੇ ਕਿਹੜੀਆਂ ਪੰਜ ਬਾਣੀਆਂ ਦਾ ਪਾਠ ਹੁੰਦਾ ਸੀ, ਕੀ ਉਸ ਸਮੇਂ ਉਨ੍ਹਾਂ ਨੇ ਵਿਰੋਧ ਕੀਤਾ ਸੀ। ਜੇ ਨਹੀਂ ਤਾਂ ਹੁਣ ਕਿਉਂ?

ਕੀ ਸੇਵਾ ਮੁਕਤ ਹੋਣ ਪਿਛੋਂ ਸਿੱਖ ਧਰਮ ਅਤੇ ਸਿੱਖ ਸਮਾਜ ਪ੍ਰਤੀ ਉਨ੍ਹਾਂ ਦੀ ਜਿੰਮੇਵਾਰੀ ਤੇ ਜਵਾਬਦੇਹੀ ਖਤਮ ਹੋ ਗਈ ਹੈ?

# ਦੋ ਧੀਆਂ ਦੇ ਮਾਣਮੱਤੇ ਮਾਪੇ

ਹਾਲ ਹੀ ਵਿਚ ਜਨਮੀ ਮੇਰੀ ਭਤੀਜੀ ਦਾ ਨਾਂ ਨਾਨਕੀ ਰੱਖਿਆ ਗਿਆ ਹੈ। ਉਸ ਦੇ ਜਨਮ ਨਾਲ ਮੈਨੂੰ ਇਕ ਅਦੁੱਤੀ ਖੁਸ਼ੀ ਮਿਲੀ। ਅਜਿਹਾ ਤਾਂ ਨਹੀਂ ਹੈ ਕਿ ਉਹ ਸਾਡੇ ਖਾਨਦਾਨ ਵਿਚ ਪਹਿਲੀ ਬੱਚੀ ਹੈ, ਪਰ ਮੇਰੀਆਂ ਅੱਖਾਂ ਸਾਹਮਣੇ ਉਹ ਅਜਿਹੀ ਪਹਿਲੀ ਬੱਚੀ ਹੈ, ਜਿਸ ਦੀ ਬਿਲਕੁਲ ਉਸੇ ਵਰਗੀ ਇਕ ਵੱਡੀ ਭੈਣ ਵੀ ਹੈ। ਫਿਰ ਵੀ ਇਸ ਬੱਚੀ ਦੇ ਜਨਮ ਤੋਂ ਪਹਿਲਾਂ ਜਾਂ ਪਿੱਛੋਂ ਮੈਂ ਕਿਸੇ ਨੂੰ ਮੁੰਡਾ-ਮੁੰਡਾ ਦਾ ਰਾਗ ਅਲਾਪਦੇ ਨਹੀਂ ਸੁਣਿਆ। ਮੇਰੇ ਭਰਾ-ਭਰਜਾਈ ਦੇ ਦਿਮਾਗ ਵਿਚ ਬੱਚੇ ਦੇ ਲਿੰਗ ਨੂੰ ਲੈ ਕੇ ਕੋਈ ਸਨਕ ਨਹੀਂ ਸੀ ਤੇ ਨਾ ਹੀ ਉਹ ਮੁੰਡੇ ਦੀ ਚਾਹਤ ਵਿਚ ਤੀਜਾ ਬੱਚਾ ਪੈਦਾ ਕਰਨਗੇ। ਇਕ ਪੰਜਾਬੀ ਪਰਿਵਾਰ ਵਿਚ ਇਹ ਕੋਈ ਮਾਮੂਲੀ ਘਟਨਾ ਨਹੀਂ ਹੈ। ਇਹ ਇਕ ਸ਼ਰਮਨਾਕ ਅਤੇ ਤ੍ਰਾਸਦੀ ਭਰੇ ਯੁਗ ਵਿਚ ਆ ਰਹੇ ਬਦਲਾਓ ਦੀ ਪ੍ਰਤੀਕ ਹੈ। ਜੋ ਸਦੀਆਂ ਤੋਂ ਕਰੋੜਾਂ-ਅਰਬਾਂ ਧੀਆਂ ਦੀ ਜਨਮ ਤੋਂ ਪਹਿਲਾਂ ਤੇ ਪਿੱਛੋਂ



ਸ਼ਮਿੰਦਰ ਕੌਰ ਲੱਖੇਵਾਲੀ
ਫੋਨ: 91-75268-08047

ਮੌਤ ਦਾ ਕਾਰਨ ਬਣਿਆ।

ਪਹਿਲੀ, ਦੂਜੀ ਜਾਂ ਤੀਜੀ ਬੇਟੀ ਵਾਲੇ ਪਰਿਵਾਰ ਸਾਡੇ ਆਲੇ-ਦੁਆਲੇ ਹੋਣਗੇ ਜ਼ਰੂਰ, ਪਰ ਅਸੀਂ ਸਾਰੇ ਜਾਣਦੇ ਹਾਂ ਕਿ ਉਨ੍ਹਾਂ ਬੱਚੀਆਂ ਨੂੰ ਇੱਕੀਵੀਂ ਸਦੀ ਵਿਚ ਵੀ ਕਿਵੇਂ ਤ੍ਰਿਸਕਾਰਿਆ ਜਾਂਦਾ ਹੈ। 'ਓ ਹੋ ਗੁਡੀਆ ਆ ਗਈ!', 'ਚਲੋ ਜਿਵੇਂ ਰੱਬ ਨੂੰ ਮਨਜੂਰ', 'ਰੱਬ ਜਵਾਕ ਦੇ ਦਿੰਦਾ, ਉਹਦੇ ਘਰ ਕਿਹੜਾ ਘਾਟਾ ਸੀ' ਵਰਗੇ ਅਪਸ਼ਬਦ ਕੁੜੀਆਂ, ਅਤੇ ਉਨ੍ਹਾਂ ਦੇ ਮਾਂ-ਬਾਪ ਲਈ ਮਾਨਸਿਕ ਸੰਤਾਪ ਬਣ ਜਾਂਦੇ ਹਨ। ਮਾਣ ਨਾਲ ਦੂਜੀ ਬੱਚੀ ਦਾ ਜਨਮ ਹੁੰਦਾ ਸ਼ਾਇਦ ਹੀ ਕਿਤੇ ਦੇਖੀਏ। ਬਿਨਾ ਮੁੰਡੇ ਵਾਲੇ ਪਰਿਵਾਰ ਨੂੰ ਲੋਕ ਇਸ ਤਰ੍ਹਾਂ ਦੇਖਦੇ ਹਨ, ਜਿਵੇਂ ਉਨ੍ਹਾਂ ਨੂੰ ਕੋਈ ਭਿਆਨਕ ਬਿਮਾਰੀ ਲੱਗੀ ਹੋਵੇ, ਤੇ ਇਹ ਬਿਮਾਰੀ ਹੈ, ਵੰਸ਼ ਦਾ ਅੱਗੇ ਨਾ ਚਲ ਸਕਣਾ। ਜੋ ਲੋਕ ਇਸ ਵਿਸ਼ੇ ਨੂੰ ਇੰਨੀ ਮਹੱਤਤਾ ਦਿੰਦੇ ਹਨ, ਉਨ੍ਹਾਂ ਲਈ ਕੁਝ ਸਵਾਲ ਹਨ,

ਵੰਸ਼ ਕੀ ਹੁੰਦਾ ਹੈ?

ਤੁਹਾਡਾ ਕਿਹੜਾ ਵੰਸ਼ ਹੈ?

ਉਹ ਅੱਗੇ ਕਿਵੇਂ ਚਲਦਾ ਹੈ?

ਉਹ ਬੇਟੀ ਨਾਲ ਅੱਗੇ ਕਿਉਂ ਨਹੀਂ ਚਲ ਸਕਦਾ?

ਉਸ ਨੂੰ ਅੱਗੇ ਚਲਾਉਣਾ ਕਿਉਂ ਜ਼ਰੂਰੀ ਹੈ?

ਨਸਲਕੁਸ਼ੀ ਕਰਨ ਵਾਲੇ ਬੰਦੇ ਲਈ ਇਹ ਸਵਾਲ ਜ਼ਿਆਦਾ ਨਹੀਂ ਹਨ। ਅਸਲ ਵਿਚ ਜਿਨ੍ਹਾਂ ਸਮਾਜਾਂ ਵਿਚ ਪਰਮਾਤਮਾ ਨੂੰ ਪੁਰਖ ਰੂਪ ਵਿਚ ਵੇਖਿਆ ਜਾਂਦਾ ਹੈ, ਉਹ ਸਮਝਦੇ ਹਨ ਕਿ ਵੰਸ਼ ਪੁੱਤਰ ਨਾਲ ਅੱਗੇ ਚੱਲੇਗਾ ਅਤੇ ਜਿਨ੍ਹਾਂ ਵਿਚ ਇਸਤਰੀ ਦੇ ਰੂਪ ਵਿਚ ਦੇਖਿਆ ਜਾਂਦਾ ਹੈ, ਉਹ ਸਮਝਦੇ ਹਨ ਕਿ ਵੰਸ਼ ਧੀ ਨਾਲ ਅੱਗੇ ਚੱਲੇਗਾ। ਵਿਆਹ ਪਿਛੋਂ ਧੀ ਹੀ ਘਰ ਛੱਡ ਕੇ ਜਾਵੇ ਅਤੇ ਸੰਪਤੀ ਪੁੱਤਰ ਨੂੰ ਹੀ ਦਿੱਤੀ ਜਾਵੇ, ਇਹ ਕੋਈ ਜ਼ਰੂਰੀ ਨਹੀਂ ਹੈ। ਇਹ ਰਿਵਾਜ਼ ਸਾਰੀ ਦੁਨੀਆਂ ਵਿਚ ਪ੍ਰਚਲਿਤ ਨਹੀਂ ਹੈ। ਕਈ ਦੇਸ਼ਾਂ ਵਿਚ ਅਲਗ ਸਥਿਤੀ ਦੇਖਣ ਨੂੰ ਮਿਲਦੀ ਹੈ।

ਕੋਈ ਵੀ ਮਨੁੱਖ ਜਨਮ ਸਮੇਂ ਸੱਭਿਆਚਾਰ ਨਾਲ ਲੈ ਕੇ ਪੈਦਾ ਨਹੀਂ ਹੁੰਦਾ, ਸਮਾਜ ਉਸ ਬੱਚੇ ਦੇ ਜੀਵਨ ਨੂੰ ਆਸਾਨ ਕਰਨ ਲਈ ਅਤੇ ਉਸ ਦੀਆਂ ਸਰੀਰਕ ਤੇ ਮਾਨਸਿਕ ਲੋੜਾਂ ਦੀ ਪੂਰਤੀ ਲਈ ਉਸ ਨੂੰ ਖਾਸ ਰਸਮੋ ਰਿਵਾਜ, ਵਿਹਾਰ, ਢਾਂਚਾ, ਵਿਸ਼ਵਾਸ ਅਤੇ ਮੁੱਲ ਪ੍ਰਦਾਨ ਕਰਦਾ ਹੈ।

ਰਸਮੋ ਰਿਵਾਜ ਸਾਡੀ ਖੁਸ਼ੀ ਵਿਚ ਹੋਰ ਵਾਧਾ ਕਰਨ ਅਤੇ ਗਮ ਨੂੰ ਘੱਟ ਕਰਨ ਲਈ ਹੁੰਦੇ ਹਨ, ਪਰ ਅਕਸਰ ਇਹ ਸਾਨੂੰ ਸਮਾਜ ਵਲੋਂ ਮਿਲੀ ਸਜ਼ਾ ਪ੍ਰਤੀਤ ਹੁੰਦੇ ਹਨ।

ਕੋਈ ਵੀ ਸਭਿਆਚਾਰ ਇਤਿਹਾਸ, ਮਿਥਿਹਾਸ ਤੇ ਮੌਸਮ ਦੇ ਆਧਾਰ 'ਤੇ ਬਣਦਾ ਹੈ। ਇਸ ਵਿਚ ਵਿਸ਼ਵਾਸ ਤੇ ਕਦਰਾਂ-ਕੀਮਤਾਂ ਸ਼ਾਮਿਲ ਹੁੰਦੀਆਂ ਹਨ। ਯਕੀਨਨ ਕਦਰਾਂ-ਕੀਮਤਾਂ ਤੇ ਰਿਵਾਜਾਂ ਦਾ ਟੀਚਾ ਮਨੁੱਖੀ ਭਲਾਈ ਤੇ ਸਰਵਪੱਖੀ ਵਿਕਾਸ ਹੀ ਹੋਣਾ ਚਾਹੀਦਾ ਹੈ। ਸੱਭਿਆਚਾਰ ਸ਼ਬਦ ਦੋ ਸ਼ਬਦਾਂ-ਸੱਭਿਆ ਅਤੇ ਆਚਾਰ ਤੋਂ ਮਿਲ ਕੇ ਬਣਿਆ ਹੈ, ਜਿਸ ਦਾ ਅਰਥ ਹੈ, ਅਜਿਹਾ ਵਿਹਾਰ ਕਰਨਾ, ਜੋ ਸੱਭਿਅਕ ਹੈ। ਕੀ ਅਸੀਂ ਕਦੇ ਸੋਚਣ ਦੀ ਜ਼ਹਿਮਤ ਕੀਤੀ ਹੈ ਕਿ ਅਸੀਂ ਵਾਕਿਆ ਹੀ ਸੱਭਿਆ ਆਚਾਰ ਕਰ ਰਹੇ ਹਾਂ? ਸਾਡੀਆਂ ਜੋ ਸਮਾਜਕ ਮਾਨਤਾਵਾਂ ਮਨੁੱਖਤਾ ਦੇ ਵਿਨਾਸ਼ ਦਾ ਕਾਰਨ ਬਣ ਰਹੀਆਂ ਹਨ, ਅਸੀਂ ਉਨ੍ਹਾਂ ਦਾ ਪਾਲਣ ਆਖਿਰ ਕਿਉਂ ਕਰ ਰਹੇ ਹਾਂ? ਰਸਮੋ ਰਿਵਾਜ ਸਮਾਜਕ ਢਾਂਚੇ ਨੂੰ ਸੁਚਾਰੂ ਰੂਪ ਨਾਲ ਚਲਾਉਣ ਲਈ ਹੁੰਦੇ ਹਨ, ਤਾਂ ਜੋ ਅਸੀਂ ਲਗਾਤਾਰ ਵਿਕਸਿਤ ਹੁੰਦੇ ਰਹੀਏ। ਜਦ ਉਹੀ ਰਿਵਾਜ ਵਿਗੜ ਕੇ ਮਨੁੱਖਤਾ ਦੇ ਦੁਸ਼ਮਣ ਬਣ ਜਾਣ ਤਾਂ ਉਨ੍ਹਾਂ ਦੀ ਅੰਧਾ-ਧੁੰਦ ਪਾਲਣਾ ਬੰਦ ਕਿਉਂ ਨਹੀਂ ਕੀਤੀ ਜਾਂਦੀ? ਗਲਤ ਉਤੇ ਸਹੀ ਦੀ ਮੋਹਰ ਲੱਗ ਜਾਣਾ ਹੋਰ ਵੀ ਵਿਨਾਸ਼ਕ ਹੁੰਦਾ ਹੈ।

ਪੰਜਾਬੀ ਨਾਟਕਕਾਰ ਗੁਰਸ਼ਰਨ ਸਿੰਘ



ਸਟੇਜ 'ਤੇ ਬੋਲਦੇ ਸਨ ਕਿ ਜੋ ਵੀ ਮਾਦਾ ਭਰੂਣ ਹੱਤਿਆ ਕਰਦਾ ਹੈ, ਉਸ 'ਤੇ ਧਾਰਾ 302 ਤਹਿਤ ਕਤਲ ਦਾ ਮੁਕੱਦਮਾ ਚਲਣਾ ਚਾਹੀਦਾ ਹੈ; ਪਰ ਔਰਤਾਂ ਦੇ ਦੋਖੀਆਂ ਲਈ ਸਖਤ ਸਜ਼ਾਵਾਂ ਪਤਾ ਨਹੀਂ ਕਦੋਂ ਲਾਗੂ ਹੋਣਗੀਆਂ? 2019 ਵਿਚ ਵੀ ਔਰਤਾਂ ਮੌਲਿਕ ਹੱਕਾਂ ਤੋਂ ਵਾਂਝੀਆਂ ਹਨ। ਭਾਰਤੀ ਸੰਵਿਧਾਨ ਦੀ ਧਾਰਾ 14 ਤੋਂ 18 ਅਨੁਸਾਰ ਕਿਸੇ ਵੀ ਭਾਰਤੀ ਨਾਗਰਿਕ ਨਾਲ ਲਿੰਗ, ਧਰਮ, ਜਾਤ ਆਦਿ ਦੇ ਆਧਾਰ 'ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ। ਧਾਰਾ 19 ਤੋਂ 22 ਸਭ ਨੂੰ ਇੱਕੋ ਜਿਹੀ ਸੁਤੰਤਰਤਾ, ਧਾਰਾ 21 ਸਭ ਨੂੰ ਜੀਵਨ ਅਤੇ ਨਿੱਜੀ ਸੁਤੰਤਰਤਾ ਦੀ ਰੱਖਿਆ ਦੀ ਵਿਵਸਥਾ ਕਰਦੀ ਹੈ; ਪਰ ਕੀ ਸਭ ਭਾਰਤੀ ਔਰਤਾਂ ਇਹ ਹੱਕ ਮਾਣ ਰਹੀਆਂ ਹਨ?

ਔਰਤ ਕੋਲ ਅੱਜ ਵੀ ਸਿਰਫ ਕਾਗਜ਼ੀ ਬਰਾਬਰੀ ਹੈ। ਉਸ ਨੂੰ ਅਜੇ ਵੀ ਬਰਾਬਰੀ ਦਾ ਹੱਕ ਨਹੀਂ ਮਿਲਿਆ। ਅਜਿਹੀਆਂ ਕਰੋੜਾਂ ਔਰਤਾਂ ਹਨ, ਜੋ 18-20 ਸਾਲ ਦੀ ਉਮਰ ਵਿਚ ਵਿਆਹ ਕਰਾ ਕੇ ਸਹੁਰੇ ਘਰ ਆਈਆਂ, 50-60 ਸਾਲ ਤਨ-ਮਨ ਨਾਲ ਉਸ ਘਰ ਨੂੰ ਸਾਂਭਿਆ-ਸਵਾਰਿਆ, ਨੀਂਦ ਤਿਆਗੀ, ਸਿਹਤ ਗਵਾਈ ਪਰ ਘਰ ਦੀ ਜਾਇਦਾਦ ਵਿਚੋਂ ਉਨ੍ਹਾਂ ਦੇ ਨਾਂ ਇਕ ਉੜਾ ਵੀ ਨਹੀਂ ਹੈ। ਉਨ੍ਹਾਂ ਦੇ ਪੁੱਤਰਾਂ ਅਤੇ ਪੋਤਿਆਂ ਦੇ ਨਾਂ ਜਾਇਦਾਦ ਕਰ ਦਿੱਤੀ ਜਾਂਦੀ ਹੈ, ਪਰ ਮਾਂ ਜਾਂ ਦਾਦੀ ਦੇ ਨਾਂ ਨਹੀਂ। ਕਿਉਂ? ਕਿਉਂਕਿ ਉਹ ਔਰਤ ਹੈ! ਇਹੀ ਇਕ ਜਵਾਬ ਹੈ, ਜੋ ਬੜੇ ਸਵਾਲਾਂ ਦੇ ਜਵਾਬ ਵਿਚ ਔਰਤਾਂ ਨੂੰ ਅਕਸਰ ਸੁਣਨਾ ਪੈਂਦਾ ਹੈ। ਔਰਤ ਅਸਲ ਵਿਚ ਹੈ ਕਿਸ ਘਰ ਦੀ? ਇਸ ਦਾ ਫੈਸਲਾ ਨਾ ਹੋਣ ਕਰਕੇ ਉਸ ਦੇ ਆਰਥਕ ਹੱਕ ਮਾਰੇ ਜਾਂਦੇ ਹਨ।

ਨਾ ਹੀ ਔਰਤਾਂ ਨੂੰ ਸੁਰੱਖਿਆ ਦਾ ਮੁੱਢਲਾ ਹੱਕ ਪ੍ਰਾਪਤ ਹੈ। ਭਾਰਤ ਵਿਚ ਔਰਤਾਂ, ਬੱਚੀਆਂ ਕਿੰਨੀਆਂ ਸੁਰੱਖਿਅਤ ਹਨ? ਇਹ ਸਭ ਨੂੰ ਪਤਾ ਹੀ ਹੈ। ਉਹ ਸੁਰੱਖਿਅਤ ਨਹੀਂ ਹਨ, ਇਹ ਜਵਾਬ ਉਨ੍ਹਾਂ ਦੀ ਸੁਤੰਤਰਤਾ ਖੋਹਣ ਲਈ ਕਾਫੀ ਹੈ।

ਅਕਸਰ ਅਸੀਂ ਧੀ ਨੂੰ ਪੁੱਤ ਕਹਿ ਕੇ ਸੰਬੋਧਨ ਕਰਦੇ ਹਾਂ। ਕਿਉਂ? ਕਿਉਂਕਿ ਅਸੀਂ ਸਮਝਦੇ ਹਾਂ ਕਿ ਧੀ ਹੋਣਾ ਸਨਮਾਨਜਨਕ ਨਹੀਂ ਹੈ, ਇਸ ਲਈ ਵਡਿਆਈ ਦੇਣ ਲਈ ਮਰਦ ਦਾ ਸੰਬੋਧਨ ਵਰਤਦੇ ਹਾਂ। ਬਹਾਦਰ ਔਰਤ ਨੂੰ ਵਡਿਆਈ ਦੇਣ ਸਮੇਂ ਮਰਦ ਸਮਾਜ ਉਸ ਨੂੰ ਮਰਦਾਨੀ ਕਹਿ ਕੇ ਇਕ ਵਾਰ ਫਿਰ ਮਰਦ ਨੂੰ ਹੀ ਵਡਿਆ ਦਿੰਦਾ ਹੈ। ਇਹ ਮਾਨਸਿਕਤਾ ਸਾਡੇ ਇਤਿਹਾਸ, ਮਿਥਿਹਾਸ ਅਤੇ ਲੋਕ ਸਾਹਿਤ ਵਿਚ ਭਰੀ ਪਈ ਹੈ। ਬੜੀ ਮਿਹਨਤ ਅਤੇ ਚਾਅ ਨਾਲ ਆਪਣੀ ਦਾਦੀ ਤੋਂ ਇਕੱਠੇ ਕੀਤੇ ਗੀਤ ਮੈਂ ਅੱਗੇ ਸਾਂਝੇ ਨਹੀਂ ਕਰਾਂਗੀ, ਸਗੋਂ ਨਸ਼ਟ ਕਰ ਦੇਵਾਂਗੀ, ਕਿਉਂਕਿ ਉਹ ਵੀ ਮਰਦ ਦੀ ਪ੍ਰਧਾਨਗੀ ਨੂੰ ਉਤਸ਼ਾਹ ਦਿੰਦੇ ਹਨ ਅਤੇ ਔਰਤ ਨੂੰ ਹੀਣ ਨਜ਼ਰੀਏ ਨਾਲ ਦੇਖਦੇ ਹਨ।

ਔਰਤ ਕਿਸੇ ਬਜੁਰਗ ਦੀ ਸੇਵਾ ਕਰੇ ਤਾਂ ਅਸੀਸ ਉਸ ਦੇ ਭਾਈ ਜਾਂ ਪਤੀ ਨੂੰ ਦਿੱਤੀ ਜਾਂਦੀ ਹੈ। ਕਿਉਂ? ਕਿਉਂਕਿ ਪੁਰਾਤਨ ਭਾਰਤੀ ਰੂੜੀਵਾਦੀ ਸਮਾਜ ਅਨੁਸਾਰ ਮਰਦ ਦੀ ਛਤਰ-ਛਾਇਆ ਵਿਚ ਹੀ ਔਰਤ ਦਾ ਸਵਰਗ ਹੈ। ਆਪਣੇ ਆਸੇ-ਪਾਸੇ ਦੇ ਹਜ਼ਾਰਾਂ ਲੋਕਾਂ ਵਿਚੋਂ ਮੈਂ ਸਿਰਫ ਪੰਜ ਪਰਿਵਾਰ ਅਜਿਹੇ ਦੇਖੇ ਹਨ, ਜਿਨ੍ਹਾਂ ਦੇ ਦੋ ਬੇਟੀਆਂ ਹਨ ਤੇ ਜਿਨ੍ਹਾਂ ਨੇ ਬੇਟੇ ਲਈ ਧੀ ਨੂੰ ਨਹੀਂ ਮਾਰਿਆ। ਇਨ੍ਹਾਂ 'ਚੋਂ ਦੋ ਪਰਿਵਾਰ ਕੁਝ ਸਾਲ ਪਹਿਲਾਂ ਕੈਨੇਡਾ ਜਾ ਵਸੇ ਸਨ। ਤਿੰਨ ਪਰਿਵਾਰ ਪੰਜਾਬ ਵਿਚ ਹੀ ਹਨ। ਕੈਨੇਡਾ ਵਾਲੇ ਪਰਿਵਾਰਾਂ ਨੂੰ ਬੇਟਾ ਨਾ ਹੋਣ ਬਾਰੇ ਓਨਾ ਨਹੀਂ ਸੁਣਨਾ ਪੈਂਦਾ, ਜਿੰਨਾ ਪੰਜਾਬ ਰਹਿੰਦੇ ਜੋੜਿਆਂ ਨੂੰ ਸੁਣਨਾ ਪੈਂਦਾ ਹੈ। ਬੇਟਾ ਨਾ ਹੋਣ ਕਰਕੇ ਆਲੇ-ਦੁਆਲੇ ਦੇ ਲੋਕ ਬੱਚੀਆਂ ਤੇ ਮਾਤਾ-ਪਿਤਾ ਦਾ ਮਾਨਸਿਕ ਸ਼ੋਸ਼ਣ ਕਰਦੇ ਹਨ, ਜੋ ਉਨ੍ਹਾਂ ਨੂੰ ਇਹ ਗੱਲ ਸੋਚਣ ਲਈ ਮਜਬੂਰ ਕਰਦਾ ਹੈ ਕਿ ਕੀ ਪੁੱਤਰ ਹੋਣਾ ਏਨਾ ਹੀ ਜਰੂਰੀ ਹੈ?

ਇਕ ਜੋੜਾ ਅਜਿਹਾ ਹੈ, ਜੋ ਆਪਣੀਆਂ ਦੋਹਾਂ ਬੇਟੀਆਂ ਨੂੰ ਖੁਸ਼ੀ-ਖੁਸ਼ੀ ਪਾਲਣਾ ਚਾਹੁੰਦਾ ਹੈ, ਪਰ ਲੋਕ ਉਨ੍ਹਾਂ 'ਤੇ ਇਕ ਹੋਰ ਬੱਚਾ ਪੈਦਾ ਕਰਨ ਲਈ ਦਬਾਓ ਬਣਾ ਰਹੇ ਹਨ। ਅਜਿਹੇ ਜੋੜੇ ਵੀ ਹਨ, ਜੋ ਸਮਾਜ ਦੀ ਭੇਡ-ਚਾਲ ਪੁੱਤਰ ਦਾ ਹੋਣਾ ਜਰੂਰੀ ਸਮਝਦੇ ਹਨ। ਉਹ ਇਹ ਸੋਚਦੇ ਹੀ ਨਹੀਂ ਕਿ ਉਹ ਖੁਦ ਕੀ ਚਾਹੁੰਦੇ ਹਨ? ਇਕ ਪਰਿਵਾਰ ਦੀ ਇਕ ਇੱਕਲੀ ਬੇਟੀ ਹੈ, ਜਦ ਮੈਂ ਇਸ ਬਾਰੇ ਉਨ੍ਹਾਂ ਦੇ ਵਿਚਾਰ ਜਾਨਣ ਲਈ ਕਾਲ ਕੀਤੀ ਤਾਂ ਬੱਚੀ ਦੀ ਮਾਂ ਨੂੰ ਕੋਈ ਜਵਾਬ ਨਾ ਅਹੁੜਿਆ, ਉਸ ਨੇ ਝੱਟ ਫੋਨ ਕਟ ਦਿੱਤਾ। ਯਕੀਨਨ ਉਹ ਇਸ ਸਬੰਧੀ ਕਿਸੇ ਕਾਰਨ ਸੰਤੁਸ਼ਟ ਨਹੀਂ ਸੀ।

ਪੰਜਾਬੀ ਜਾਂ ਕੈਨੇਡੀਅਨ ਪੰਜਾਬੀ-ਦੋਹਾਂ ਪਰਿਵਾਰਾਂ ਵਿਚ ਹੀ ਦੋ ਬੱਚੀਆਂ ਨੂੰ ਪੈਦਾ ਕਰਨਾ ਚੰਗੀ ਖਬਰ ਹੈ, ਕਿਉਂਕਿ ਕੈਨੇਡਾ ਵਾਲੇ ਵੀ ਘੱਟ ਨਹੀਂ ਹਨ। ਉਹ ਖਾਸ ਤੌਰ 'ਤੇ ਭਰੂਣ ਹੱਤਿਆ ਕਰਨ ਲਈ ਪੰਜਾਬ ਫੇਰੀ ਪਾਉਂਦੇ ਰਹੇ ਹਨ।


ਇਹ ਸਾਰਾ ਜੰਜਾਲ, ਜੋ ਮਨੁੱਖੀ ਨਸਲਕੁਸ਼ੀ ਦਾ ਕਾਰਨ ਹੈ, ਇਸ ਪਿੱਛੇ ਪ੍ਰਮੁੱਖ ਤੱਤ ਛੋਟੀ ਮਾਨਸਿਕਤਾ ਹੈ। ਬੁਢਾਪੇ ਵਿਚ ਸੁੱਖ ਦੀ ਗਾਰੰਟੀ ਨਾ ਧੀ ਦੇ ਸਕਦੀ ਹੈ, ਨਾ ਪੁੱਤ। ਉਂਜ ਇਹ ਸਭ ਨੂੰ ਪਤਾ ਹੀ ਹੈ ਕਿ ਧੀਆਂ ਮਾਂ-ਬਾਪ ਦਾ ਵੱਧ ਖਿਆਲ ਰੱਖਦੀਆਂ ਹਨ।

15 ਅਗਸਤ 2014 ਤੋਂ ਰਾਜਸਥਾਨ ਸਰਕਾਰ (ਵਸੁੰਧਰਾ ਰਾਜੇ) ਨੇ ਭਾਮਾਸ਼ਾਹ ਯੋਜਨਾ ਸ਼ੁਰੂ ਕਰਕੇ ਔਰਤ ਦੀ ਸਥਿਤੀ ਸੁਧਾਰਨ ਵਿਚ ਵੱਡਾ ਯੋਗਦਾਨ ਪਾਇਆ ਹੈ। ਭਾਰਤ ਨੂੰ ਅਜਿਹੀਆਂ ਯੋਜਨਾਵਾਂ ਦੀ ਬਹੁਤ ਲੋੜ ਹੈ।

ਦੋ ਜਾਂ ਚਾਰ ਧੀਆਂ ਨੂੰ ਜਨਮ ਦੇਣਾ ਹੀ ਕਾਫੀ ਨਹੀਂ ਹੈ। ਅਹਿਮ ਹੈ ਉਸ ਸਮਾਜ ਦੀ ਉਸਾਰੀ, ਜਿਸ ਵਿਚ ਉਹ ਆਜ਼ਾਦੀ, ਬਰਾਬਰੀ ਤੇ ਸੁਰੱਖਿਆ ਭਰਿਆ ਜੀਵਨ ਜਿਉਂ ਸਕਣ। ਆਪਣੀ ਸਮਰਥਾ ਨਾਲ ਖੁਦ ਦੀ ਅਤੇ ਦੇਸ਼ ਦੀ ਤਰੱਕੀ ਵਿਚ ਹਿੱਸਾ ਪਾ ਸਕਣ।

# ਵਾਹਗਾ ਗੇਟ

ਭਾਰਤ ਦੀ ਪੱਛਮੀ ਸਰਹੱਦ 'ਤੇ ਇਕ ਬੁਲੰਦ ਗੇਟ ਹੈ, ਜਿਸ ਨੂੰ 'ਗੇਟ ਵੇ ਆਫ ਇੰਡੀਆ' ਕਹਿੰਦੇ ਹਨ। ਮਹਾਤਮਾ ਗਾਂਧੀ ਇਸ ਗੇਟ 'ਤੇ ਖੜ੍ਹੇ ਮੁਸਕਰਾ ਰਹੇ ਹਨ। 1947 ਦੀ ਭਾਰਤ-ਪਾਕਿਸਤਾਨ ਵੰਡ ਸਮੇਂ ਅਟਾਰੀ ਤੋਂ ਅੱਗੇ ਪਿੰਡ ਵਾਹਗਾ ਲਾਗੇ ਇਹ ਕੌਮਾਂਤਰੀ ਹੱਦ ਨਿਯਤ ਹੋਈ ਸੀ। ਪੰਜਾਬ ਦੇ ਦੋ ਟੁਕੜੇ ਹੋ ਗਏ। ਅੰਮ੍ਰਿਤਸਰ ਤੋਂ ਲਾਹੌਰ ਜਾਂਦੀ ਰੇਲਵੇ ਲਾਈਨ ਤੇ ਜੀ. ਟੀ. ਰੋਡ ਵਾਹਗੇ ਆ ਕੇ ਕੱਟੀਆਂ ਗਈਆਂ। ਉਸ ਪਾਰ ਦਾ ਇਲਾਕਾ ਪੱਛਮੀ ਪੰਜਾਬ ਪਾਕਿਸਤਾਨੀ ਪੰਜਾਬ ਬਣ ਗਿਆ ਤੇ ਇੱਧਰਲਾ ਪੂਰਬੀ ਪੰਜਾਬ। ਸਦੀਆਂ ਤੋਂ ਇਕੱਠੇ ਹੱਸਦੇ-ਰਸਦੇ ਹਿੰਦੂ, ਮੁਸਲਿਮ, ਸਿੱਖ, ਇਸਾਈ ਸਾਰੇ ਦੋ ਦੇਸ਼ਾਂ ਵਿਚਾਲੇ ਵੰਡੇ




**ਚਰਨਜੀਤ ਸਿੰਘ ਪੰਨੂ**
**ਫੋਨ: 408-608-4961**

ਗਏ।

ਹੁਣ 'ਪੰਜਾਬ ਸਿੰਘ' ਜਦ ਕਦੇ ਇਸ ਗੇਟ ਦੇ ਮੁੱਢ ਬੈਠ ਕੇ ਆਪਣੀ ਕਹਾਣੀ ਸੁਣਾਉਂਦਾ ਹੈ ਤਾਂ ਸੁਣਨ ਵਾਲਾ ਤੇ ਸੁਣਾਉਣ ਵਾਲਾ-ਦੋਵੇਂ ਭੁੱਬਾਂ ਮਾਰਨ ਲੱਗਦੇ ਹਨ। ਕੀ ਸੋਚਿਆ ਸੀ! ਕੀ ਹੋ ਗਿਆ! ਇਹ ਵਿਸ਼ਾਲ ਪੰਜਾਬ, ਜੋ ਰਿਗੁ ਵੇਦ ਸਮੇਂ 'ਸਪਤ ਸਿੰਧੂ' ਸਤ ਨਦੀਆਂ-ਯਮੁਨਾ, ਸਤਲੁਜ, ਬਿਆਸ, ਰਾਵੀ, ਝਨਾਂ, ਜਿਹਲਮ ਤੇ ਸਿੰਧ ਦਾ ਦੇਸ਼ ਕਿਹਾ ਜਾਂਦਾ ਸੀ; ਚੰਦਰ ਗੁਪਤ ਮੋਰੀਆ ਦੇ ਜ਼ਮਾਨੇ ਤੱਕ ਪੰਚ ਨਦ ਯਾਨਿ ਸਤਲੁਜ ਤੋਂ ਲੈ ਕੇ ਹਿੰਦੂਕੁਸ਼ ਤੱਕ ਨਦੀਆਂ ਵਿਚਾਲੇ ਸੁੰਗੜ ਗਿਆ। ਮੁਗਲਾਂ ਵੇਲੇ ਪੰਜ+ਆਬ ਭਾਵ ਸਤਲੁਜ, ਬਿਆਸ, ਰਾਵੀ, ਝਨਾਂ ਤੇ ਜਿਹਲਮ ਦੀ ਧਰਤੀ ਪੰਜਾਬ ਬਣ ਗਈ।

ਸਿੱਖ ਰਾਜ ਸਮੇਂ ਦਾ ਪੰਜਾਬ ਸਭ ਤੋਂ ਵੱਡਾ ਪੰਜਾਬ ਸੀ, ਜਿਸ ਦੇ ਛੇ ਸੂਬੇ ਸਨ-ਮੁਲਤਾਨ, ਰਾਵਲਪਿੰਡੀ, ਪੇਸ਼ਾਵਰ, ਕਸ਼ਮੀਰ, ਲਾਹੌਰ ਤੇ ਸੂਬਾ ਸਰਹਿੰਦ। ਉਸ ਪਿਛੋਂ ਬਹੁਤ ਵਾਰ ਪੰਜਾਬ ਦੀ ਕਾਟ ਛਾਂਟ ਹੁੰਦੀ ਰਹੀ। 1849 ਵਿਚ ਇਸ ਨਾਲੋਂ ਕਸ਼ਮੀਰ ਟੁੱਟ ਗਿਆ। 1901 ਵਿਚ ਉਤਰ ਪੱਛਮੀ ਸਰਹੱਦ ਦਾ ਸੂਬਾ ਵੱਖ ਹੋ ਗਿਆ ਤੇ 1911 ਵਿਚ ਦਿੱਲੀ ਕੱਟ ਕੇ ਪਾਸੇ ਕਰ ਦਿੱਤੀ ਗਈ। 1947 ਵਿਚ ਪੱਛਮੀ ਪੰਜਾਬ ਦਾ ਪਾਕਿਸਤਾਨ ਬਣਾ ਦਿੱਤਾ ਗਿਆ ਤੇ ਪੂਰਬੀ ਪੰਜਾਬ ਹਿੰਦੁਸਤਾਨ ਦੇ ਹਿੱਸੇ ਆ ਗਿਆ।

ਇੱਥੇ ਹੀ ਬੱਸ ਨਹੀਂ, 1947 ਪਿਛੋਂ ਪਹਾੜੀ ਰਿਆਸਤਾਂ ਵਿਚੋਂ ਹਿਮਾਚਲ ਪ੍ਰਦੇਸ਼ ਬਣਾ ਦਿੱਤਾ ਗਿਆ। ਪੰਜਾਬ ਦਾ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਇਸ ਸੁੰਦਰ ਸੁਹਣੇ ਪੰਜਾਬ ਨੂੰ ਮਥੁਰਾ, ਗਵਾਲੀਅਰ ਤੱਕ ਮਹਾਂ ਪੰਜਾਬ ਬਣਾਉਣਾ ਲੋਚਦਾ ਸੀ, ਪਰ ਅਕਾਲੀਆਂ ਦੇ ਮੋਰਚਿਆਂ ਨੇ 1966 ਵਿਚ ਇਸ ਦੇ ਚਾਰ ਟੁਕੜੇ ਕਰਾ ਦਿੱਤੇ। ਹਰਿਆਣਾ, ਹਿਮਾਚਲ, ਚੰਡੀਗੜ੍ਹ ਕੇਂਦਰ ਕੱਢ ਕੇ ਚੌਥਾ ਕੇਵਲ ਦੋ ਦਰਿਆਵਾਂ ਦੇ ਦੋਆਬ ਪੰਜਾਬ ਦੇ ਹਿੱਸੇ ਰਹਿ ਗਿਆ। ਹੁਣ ਉਪਰਲੇ ਡਾਢਿਆਂ ਦੀ ਪੰਜਾਬ ਦੇ ਪਾਣੀਆਂ 'ਤੇ ਵੀ ਅੱਖ ਹੈ। ਐ ਪੰਜਾਬ! ਕਰਾਂ ਕੀ ਸਿਫਤ ਤੇਰੀ। ਇਕ ਭਰਾ ਪੱਛਮੀ ਪੰਜਾਬ ਤਾਂ ਅੱਡ ਹੋ ਕੇ ਸਦੀਵੀ ਤੌਰ 'ਤੇ ਦੁਸ਼ਮਣ ਗੁਆਂਢੀ ਵਾਂਗ ਵਿਚਰ ਰਿਹਾ ਹੈ ਤੇ ਇਧਰਲੇ ਦੇ ਅੱਗੇ ਹੋਰ ਵੱਖਰੀਆਂ ਰਿਆਸਤਾਂ ਬਣ ਕੇ ਕਰੀਬੀ ਸ਼ਰੀਕ ਫਰੀਕ ਬਣ ਗਏ।

14-15 ਅਗਸਤ 1947 ਦੀ ਭਿਆਨਕ ਰਾਤ 48 ਘੰਟਿਆਂ ਦੇ ਲੰਮੇ ਕਹਿਰ ਨੇ ਡੇਢ ਕਰੋੜ ਤੋਂ ਵੱਧ ਹਿੰਦੂ, ਸਿੱਖ, ਮੁਸਲਮਾਨਾਂ ਨੂੰ ਵੱਸਦੇ ਰਸਦੇ ਘਰ ਘਾਟ ਛੱਡ ਕੇ ਦੂਜੇ ਨਵਜੰਮੇ ਦੇਸ਼ ਵੱਲ ਕੂਚ ਕਰਨਾ ਪਿਆ। ਬੇਗੁਨਾਹ ਨੌਜੁਆਨ, ਬੱਚੇ, ਬੁੱਢੇ, ਮਰਦ, ਔਰਤਾਂ ਇਸ ਵੰਡ ਦੀ ਭੇਟ ਚੜ੍ਹੇ। ਇਸ ਵੰਡ ਸਮੇਂ ਕੁਝ ਸਿਆਸੀ ਚੌਧਰੀਆਂ ਦੀ ਹਉਮੈ ਖਾਤਰ ਕੋਈ ਢਾਈ ਲੱਖ ਲੋਕਾਂ ਨੇ ਜਾਨਾਂ ਗਵਾਈਆਂ। ਆਮ ਨਾਗਰਿਕ ਦੋਹਾਂ ਪੁੜਾਂ ਥੱਲੇ ਘੁਣ ਵਾਂਗ ਪਿਸ ਗਿਆ। ਕੋਈ ਇਕ ਕਰੋੜ ਸਾਢੇ ਤਿੰਨ ਲੱਖ ਲੋਕਾਂ ਦੀ ਜਮੀਨ ਜਾਇਦਾਦ ਦਾ ਵਿਨਾਸ਼ ਹੋਇਆ। ਕੋਈ ਇਕ ਕਰੋੜ 32 ਹਜ਼ਾਰ ਔਰਤਾਂ ਨਾਲ ਬੇਹੁਰਮਤੀ, ਬਲਾਤਕਾਰ ਹੋਏ।

1947 ਪਿਛੋਂ ਹਿੰਦੁਸਤਾਨ ਤੇ ਪਾਕਿਸਤਾਨ ਵਿਚਾਲੇ ਹੁਣ ਤੱਕ ਕਈ ਜੰਗਾਂ ਹੋਈਆਂ। ਅੱਸੀ ਹਜ਼ਾਰ ਤੋਂ ਵੱਧ ਫੌਜੀ ਜਵਾਨ ਸ਼ਹੀਦ ਹੋਏ ਤੇ ਇਕ ਲੱਖ 8 ਹਜ਼ਾਰ ਫੌਜੀ ਜੰਗੀ ਕੈਦੀ ਹੋਏ। ਵਾਹਗਾ ਸਰਹੱਦ ਦੇ ਦੋਵੇਂ ਪਾਸੇ ਹੈਵਾਨੀਅਤ ਦਾ ਨੰਗਾ ਨਾਚ ਹੋਇਆ। ਸੈਂਕੜੇ ਸਾਲਾਂ ਤੋਂ ਇਕੱਠੇ ਰਹਿੰਦੇ ਹਿੰਦੂ, ਮੁਸਲਮਾਨ ਤੇ ਸਿੱਖ ਇਕ ਦੂਜੇ ਦੇ ਜਾਨੀ ਦੁਸ਼ਮਣ ਬਣ ਗਏ। ਔਰਤਾਂ ਦੀਆਂ ਪੱਤਾਂ ਰੋਲੀਆਂ ਗਈਆਂ; ਜਵਾਨ, ਬਜੁਰਗ, ਬੱਚੇ ਅਤੇ ਔਰਤਾਂ ਨੂੰ ਮੂਲੀਆਂ-ਗਾਜਰਾਂ ਵਾਂਗ ਕੱਟਿਆ ਗਿਆ। ਗੁਰੂਆਂ, ਪੀਰਾਂ ਤੇ ਵਾਰਸ ਸ਼ਾਹ, ਬੁੱਲੇ ਸ਼ਾਹ ਵਰਗੇ ਫੱਕਰਾਂ ਦੀ ਧਰਤੀ ਬੇਦੋਸ਼ੇ ਲੋਕਾਂ ਦੇ ਖੂਨ ਨਾਲ ਰੰਗੀ ਗਈ। ਆਪਣੇ ਵੱਡੇ ਵੱਡੇ ਘਰ, ਮਹਿਲ ਮੁਨਾਰੇ ਪਾ ਕੇ ਬੈਠੇ ਬਹੁਤ ਸਾਰੇ ਹਿੰਦੂ, ਸਿੱਖ ਜਿਮੀਂਦਾਰ, ਅਮੀਰ ਵਜੀਰ ਆਪਣੇ ਤੰਗੜ ਤੱਪੜ ਸਮੇਤ ਵਾਹਗਾ ਤੋਂ ਆਰ-ਪਾਰ ਹੋ ਗਏ।

ਇਹ ਕੌਮਾਂਤਰੀ ਸਰਹੱਦ ਪਾਕਿਸਤਾਨ ਤੇ ਹਿੰਦੁਸਤਾਨ ਦੇ ਪੰਜਾਬੀਆਂ ਦੇ ਧਾਰਮਿਕ ਰਸਮੋ ਰਿਵਾਜ, ਰਹਿਣੀ-ਬਹਿਣੀ, ਸਭਿਆਚਾਰ ਤੇ ਆਪਸੀ ਪ੍ਰੇਮ ਪਿਆਰ ਨਾ ਵੰਡ ਸਕੀ। ਕੁਝ ਦੇਰ ਪਿਛੋਂ ਜਦ 1947 ਦੀ ਵੱਢ ਟੁੱਕ ਦੇ ਜ਼ਖਮਾਂ 'ਤੇ ਕੁਝ ਅੰਗੂਰ ਆਇਆ ਤਾਂ ਸਰਹੱਦ 'ਤੇ 'ਕੇਰਾਂ ਫਿਰ ਧੂੜ ਧਮੱਕੇ ਦੇ ਬੱਦਲ ਛਾ ਗਏ। ਪਾਕਿਸਤਾਨ ਇਕ ਭਰਾ ਨਾ ਰਹਿ ਕੇ ਇਕ ਦੁਸ਼ਮਣ ਬਣ ਲਿਆ। 1971 ਵਿਚ ਢਾਕਾ, ਬੰਗਲਾ ਦੇਸ਼ ਉਸ ਤੋਂ ਅੱਡ ਹੋ ਗਿਆ। ਪੰਜਾਬ ਵਿਚ ਜੋ ਪਿਛਲੇ 70 ਸਾਲਾਂ ਤੋਂ ਹੋਇਆ ਹੈ ਜਾਂ ਜੰਮੂ ਕਸ਼ਮੀਰ ਵਿਚ ਅੱਜ ਹੋ ਰਿਹਾ ਹੈ, ਇਹ ਪਾਕਿਸਤਾਨ ਦੀ ਉਹੀ ਕਿੜ ਕੱਢਣ ਦਾ ਇਕ ਹਿੱਸਾ ਹਨ। ਮਾੜਾ ਗੁਆਂਢੀ ਰੱਜੇ ਨੂੰ ਦੇਖ ਕੇ ਈਰਖਾ ਕਰਦਾ ਹੈ। ਨਾ ਖਾਣਾ, ਨਾ ਖਾਣ ਦੇਣਾ; ਨਾ ਨੱਚਣਾ, ਨਾ ਨੱਚਣ ਦੇਣਾ। ਇਸ ਲਈ ਭਾਰਤ ਦੀ ਖੁਸ਼ਹਾਲੀ ਉਸ ਦੀਆਂ ਅੱਖਾਂ ਵਿਚ ਰੋੜਾ ਬਣ ਕੇ ਰੜਕੀ ਤੇ ਭਾਰਤ ਦਾ ਨੁਕਸਾਨ ਕਰਨ ਲਈ ਉਹ ਹਰ ਸਿੱਧਾ-ਅਸਿੱਧਾ ਹਰਬਾ ਵਰਤਣ ਲੱਗਾ।

1965 ਤੇ 1971 ਦੀਆਂ ਲੜਾਈਆਂ ਤੇ ਕਸ਼ਮੀਰ ਦੇ ਭਖਦੇ ਮੁੱਦੇ ਨੇ ਸਾਬਤ ਕਰ ਦਿੱਤਾ ਕਿ ਇਹ ਰਿਸ਼ਤੇ ਤੇ ਸਾਂਝਾਂ ਹੁਣ ਕਦੇ ਵੀ ਮੁੜ ਨਹੀਂ ਜੁੜਨ ਲੱਗੀਆਂ। ਦੋਹਾਂ ਲੜਾਈਆਂ ਵਿਚ ਭਾਰਤੀ ਫੌਜਾਂ ਇਸੇ ਰਸਤੇ ਹੀ ਪਾਕਿਸਤਾਨੀ ਇਲਾਕੇ ਵਿਚ ਦਾਖਲ ਹੋਈਆਂ ਸਨ ਤੇ ਪਾਕਿਸਤਾਨੀ ਫੌਜ ਨੂੰ ਪਿੱਛੇ ਲਾਹੌਰ ਲਾਗੇ ਇੱਛੋਗਿਲ ਕੈਨਾਲ ਤੱਕ ਧੱਕ ਕੇ ਲੈ ਗਈਆਂ ਸਨ। ਇਕ ਪਾਕਿਸਤਾਨੀ ਕਸਬਾ ਡੋਗਰਾਈ ਵਾਹਗੇ ਦੀ ਸਰਹੱਦ ਤੋਂ ਕੋਈ 10-12 ਕਿੱਲੋਮੀਟਰ ਹੈ, ਮੈਂ ਖੁਦ ਜਾ ਕੇ ਦੇਖਿਆ ਸੀ। ਇੱਥੇ ਭਾਰਤੀ ਫੌਜੀ, ਟੈਂਕਾਂ ਜਾਂ ਗੱਡੀਆਂ ਜਾਂ ਗੋਲਿਆਂ ਦੇ ਨਿਸ਼ਾਨਾਂ ਤੋਂ ਬਿਨਾ ਹੋਰ ਕੁਝ ਵੀ ਨਹੀਂ ਸੀ ਦਿਸ ਰਿਹਾ। ਇਸ ਗੇਟ ਦਾ ਜ਼ਿਹਨ ਬਹੁਤ ਸਬਰ ਵਾਲਾ ਹੈ। 'ਅੰਨ੍ਹਾ ਮਾਰੇ ਅੰਨ੍ਹੀ ਨੂੰ, ਘਸੁੰਨ ਵਜੇ ਥੰਮ੍ਹੀਂ ਨੂੰ' ਵਾਂਗ ਇਸ ਨੂੰ ਦੋਹਾਂ ਭਰਾਵਾਂ ਕੋਲੋਂ ਹੁੱਝਾਂ ਪੈਂਦੀਆਂ ਰਹੀਆਂ ਹਨ। ਦੋਹਾਂ ਦੀਆਂ ਗੋਲੀਆਂ, ਗੋਲੇ ਇਸ ਦਾ ਸਰੀਰ ਛਲਣੀ ਕਰਦੇ ਰਹੇ ਹਨ।

ਪੰਜਾਬ ਦੇ ਕੌਮਾਂਤਰੀ ਸੰਤਾਪ ਤੋਂ ਕੁਝ ਫੁਰਸਤ ਪਾ ਕੇ ਭਾਰਤ ਦੇ ਖਾਸ ਕਰ ਕੇ ਪੰਜਾਬ ਦੇ ਬੁੱਧੀਜੀਵੀਆਂ, ਲੇਖਕਾਂ ਸਾਹਿਤਕਾਰਾਂ ਤੇ ਕਲਾਕਾਰਾਂ ਨੇ ਮਸ਼ਵਰਾ ਕੀਤਾ ਕਿ ਪਾਕਿਸਤਾਨੀ ਲੋਕਾਂ ਨੂੰ ਜਾਗਰੂਕ ਕਰ ਕੇ ਉਨ੍ਹਾਂ ਅੰਦਰਲੀ ਪੰਜਾਬੀਅਤ ਨੂੰ ਹਲੂਣ ਕੇ, ਆਪਣੇ ਸਭਿਆਚਾਰ ਦੀ ਸਾਂਝ ਦਾ ਵਾਸਤਾ ਦੇ ਕੇ ਦੋਹਾਂ ਦੇਸ਼ਾਂ ਦੀਆਂ ਫੌਜਾਂ ਵਿਚਲਾ ਕਲੇਸ਼ ਮਿਟਾ ਕੇ ਸ਼ਾਂਤੀ ਦਾ ਮਾਹੌਲ ਸਿਰਜਿਆ ਜਾਵੇ। ਸੈਂਕੜਿਆਂ ਦੀ ਗਿਣਤੀ ਵਿਚ ਪੰਜਾਬ ਤੇ ਪੰਜਾਬੀਅਤ ਦੇ ਲੰਬੜਦਾਰ ਤੇ ਮੰਨੇ-ਪ੍ਰਮੰਨੇ ਬੁੱਧੀਜੀਵੀਆਂ ਦੀ ਅਗਵਾਈ ਵਿਚ ਸਰਹੱਦ 'ਤੇ ਜਾ ਕੇ ਉਧਰ ਰਹਿੰਦੇ ਪੰਜਾਬੀਆਂ ਨੂੰ ਅਵਾਜ਼ਾਂ ਮਾਰਨ ਦੀ ਰਿਹਰਸਲ ਕਰਨ ਲੱਗੇ।

'ਵੀਰੋ ਆ ਜਾਓ! ਸਾਡੇ ਕੋਲ ਆਓ, ਸਾਡੇ ਨਾਲ ਮਿਲ ਕੇ ਰਹੋ, ਅਸੀਂ ਇਕ ਹਾਂ, ਆਓ ਰਲ ਕੇ ਰਹੀਏ।' ਜੇ ਮਾੜਾ ਮੋਟਾ ਹੁੰਗਾਰਾ ਉਧਰ ਦੇ ਲੋਕਾਂ ਨੇ ਭਰਿਆ ਤਾਂ ਉਨ੍ਹਾਂ ਦਾ ਮੂੰਹ ਪਾਕਿਸਤਾਨੀ ਸਰਕਾਰ ਨੇ ਬੰਦ ਕਰ ਦਿੱਤਾ। ਉਧਰਲੇ ਲੋਕਾਂ ਨੂੰ ਮੁੜ ਹੇਜ ਚੜ੍ਹਿਆ। ਉਨ੍ਹਾਂ ਮੋਮਬਤੀਆਂ ਬਾਲ ਕੇ ਬਾਰਡਰ ਵੱਲ ਮਾਰਚ ਕੀਤਾ। ਰੇਡੀਓ ਤੇ ਮੀਡੀਏ ਵਿਚ ਕੁਝ ਦੇਰ ਚਰਚਾ ਹੋਈ। ਉਨ੍ਹਾਂ ਦੀਆਂ ਮੋਮਬੱਤੀਆਂ ਸਰਕਾਰਾਂ ਦਾ ਦਿਲ ਰੌਸ਼ਨ ਨਾ ਕਰ ਸਕੀਆਂ। ਉਧਰਲੇ ਅਦੀਬ ਵੀ ਨਿਰਾਸ਼ ਪਰਤ ਗਏ।

ਇਹ ਗੇਟ ਪੰਜਾਬ ਨਾਲ ਹੁੰਦੇ ਤ੍ਰਾਸਦਿਕ ਵਰਤਾਰੇ ਦੀ ਸ਼ਹਾਦਤ ਭਰਦਾ ਹੈ। ਫਿਰ ਇਕ ਲਹਿਰ ਚੱਲੀ ਸੀ, ਇਸ ਗੇਟ 'ਤੇ ਭਾਰਤ-ਪਾਕਿਸਤਾਨ ਦੋਸਤੀ ਦੀ ਸਾਂਝ ਦੇ ਫੁੱਲ ਬੂਟੇ ਲਾਉਣ ਦੀ। ਗੇਟ ਦੇ ਅੰਦਰ ਪੌਦੇ ਲਾਉਣੇ ਸਨ। ਮੇਲਾ ਲੱਗਾ, ਕਵੀ ਦਰਬਾਰ ਹੋਇਆ, ਦੋਹਾਂ ਪੰਜਾਬਾਂ ਦੀ ਸਾਂਝ ਦੇ ਗੀਤ ਗਾਏ ਗਏ। 'ਇਸ ਕੰਡਿਆਲੀ ਤਾਰ ਨੇ ਇਕ ਦਿਨ ਫੁੱਲ ਬਣਨਾ' ਜਾਂ 'ਕਦੇ ਚੰਦ ਅਸਮਾਨ ਤੋਂ ਆ ਕੇ ਖੇਡੂ ਸਾਡੇ ਬਾਲਾਂ ਨਾਲ' ਵਾਂਗ ਇਕ ਸੁਪਨਾ ਸੀ, ਜੋ ਇਕ-ਪਾਸੜ ਹੀ ਪਲਮਦਾ ਰਿਹਾ। ਲਹਿੰਦੇ ਪਾਸਿਓਂ ਕੋਈ ਹੁੰਗਾਰਾ ਨਾ ਆਇਆ। ਇਧਰਲੇ ਸ਼ੌਕੀਨਾਂ ਦੇ ਲਾਏ ਤੰਬੂ ਕਨਾਤਾਂ ਝੱਖੜ ਉਡਾ ਕੇ ਲੈ ਗਿਆ। ਕੁੱਝ ਲੇਖਕਾਂ ਨੂੰ ਪੁਲਿਸ ਦੀਆਂ ਡਾਂਗਾਂ ਖਾਣੀਆਂ ਪਈਆਂ, ਪਰ ਹੱਥ ਪੱਲੇ ਕੁਝ ਨਾ ਪਿਆ।

ਇੰਗਲੈਂਡ ਤੋਂ ਆਇਆ ਨਾਵਲਕਾਰ ਹਰਜੀਤ ਅਟਵਾਲ, ਅੰਮ੍ਰਿਤਸਰ ਤੋਂ ਤਲਵਿੰਦਰ, ਡਾ. ਜੋਗਿੰਦਰ ਕੈਰੋਂ, ਹਰਭਜਨ ਸਿੰਘ ਹੁੰਦਲ, ਚਰਨਜੀਤ ਪੰਨੂ, ਜਲੰਧਰ ਤੋਂ ਜਿੰਦਰ, ਭਗਵੰਤ ਰਸੂਲਪੁਰੀ, ਦੇਸ ਰਾਜ ਕਾਲੀ, ਤੇ ਕਈ ਹੋਰ ਸਾਹਿਤਕਾਰ ਸੱਜਣ ਪੱਕੀ ਸੜਕ 'ਤੇ ਹੀ ਸ਼ਹੀਦਾਂ ਦੀ ਲਾਟ ਨੇੜੇ ਮਿੱਟੀ ਦੀਆਂ ਚਾਰ ਮੁੱਠਾਂ ਰੱਖ ਕੇ ਤੀਲ੍ਹਿਆਂ ਵਾਂਗ ਕੁਝ ਬੂਟੇ ਗੱਡ ਆਏ। ਗੇਟ ਤੋਂ ਪਾਰਲੇ ਲੋਕਾਂ ਨੂੰ ਪਾਕਿਸਤਾਨੀ ਰੇਂਜਰਾਂ ਨੇ ਜਿਸ ਤਰ੍ਹਾਂ ਡਾਂਗਾਂ ਵਰ੍ਹਾ ਕੇ ਲੰਙੇ ਲੂੰਜੇ ਕਰ ਕੇ ਵਾਪਸ ਮੋੜਿਆ, ਉਹ ਵੀ ਅਗਲੇ ਦਿਨ ਅਖਬਾਰਾਂ ਦੀਆਂ ਸੁਰਖੀਆਂ ਵਿਚ ਸੀ। ਫਿਰ ਬਹੁਤ ਦੇਰ ਕਿਸੇ ਨੇ ਉਧਰ ਮੂੰਹ ਕਰਨ ਦੀ ਜੁਰਅਤ ਨਾ ਕੀਤੀ। ਨਾ ਹੀ ਕੰਡਿਆਲੀ ਤਾਰ ਫੁਲ ਬਣੀ ਤੇ ਨਾ ਉਸ ਨੇ ਕਦੇ ਬਣਨਾ ਹੈ। ਸਾਡੇ ਇਕਪਾਸੜ ਉਪਰਾਲੇ ਕਦੇ ਵੀ ਕੁਝ ਨਹੀਂ ਸਵਾਰਦੇ। ਉਸ ਦਿਨ ਭਾਰਤੀ ਰਾਖਿਆਂ ਨੇ ਅੰਦਰਲੇ ਗੇਟ ਦੀਆਂ ਸੀਖਾਂ ਨੂੰ ਜਾਣ ਬੁਝ ਕੇ ਤਾਜ਼ਾ ਕਾਲਾ ਰੰਗ ਲਾ ਰੱਖਿਆ ਸੀ, ਸ਼ਾਇਦ ਭੀੜ ਰੋਕਣ ਲਈ। ਮੇਰੇ ਚਿੱਟੇ ਕਮੀਜ਼ ਦੀ ਜੇਬ ਨੂੰ ਲੱਗਾ ਇਹ ਰੰਗ ਬਹੁਤ ਦੇਰ ਇਸ ਘਟਨਾ ਨੂੰ ਤਾਜ਼ਾ ਰੱਖਦਾ ਰਿਹਾ।



ਹੁਣ ਵੀ 14-15 ਅਗਸਤ ਨੂੰ ਹਰ ਸਾਲ ਹਿੰਦੁਸਤਾਨ ਅਤੇ ਪਾਕਿਸਤਾਨ ਆਜ਼ਾਦੀ ਦੇ ਜਸ਼ਨ ਮਨਾਉਂਦੇ ਹਨ ਤਾਂ ਦੋਹਾਂ ਦੇਸ਼ਾਂ ਦੀਆਂ ਕੁਝ ਜਥੇਬੰਦੀਆਂ ਆਪਸੀ ਪ੍ਰੇਮ ਪਿਆਰ ਦੀ ਮੁੜ ਸੁਰਜੀਤੀ ਵਾਸਤੇ ਬੜੀ ਸ਼ਿੱਦਤ ਨਾਲ ਕੋਸ਼ਿਸ਼ਾਂ ਕਰਦੀਆਂ ਹਨ। ਦਿੱਲੀ ਅਤੇ ਹੋਰ ਥਾਂਵਾਂ ਤੋਂ ਹਰ ਸਾਲ ਅਮਨ ਸ਼ਾਂਤੀ ਮਾਰਚ ਵਾਹਗਾ ਬਾਰਡਰ ਤੱਕ ਕੱਢੇ ਜਾਂਦੇ ਹਨ। ਵਾਹਗਾ ਸਰਹੱਦ ਗੇਟ ਅਤੇ ਡੇਰਾ ਬਾਬਾ ਨਾਨਕ ਵਿਖੇ ਦੋਹਾਂ ਦੇਸ਼ਾਂ ਵਿਚਾਲੇ ਮੇਲ ਮਿਲਾਪ ਨੂੰ ਸਮਰਪਿਤ ਮੇਲਿਆਂ ਵਿਚ ਸਤਨਾਮ ਮਾਣਕ, ਰਮੇਸ਼ ਯਾਦਵ, ਕੁਲਦੀਪ ਨਈਅਰ, ਡਾ. ਜਗੀਰ ਸਿੰਘ ਨੂਰ, ਡਾ. ਕੈਰੋਂ, ਹਰਭਜਨ ਹੁੰਦਲ, ਸੁਰਜੀਤ ਪਾਤਰ, ਕੁਲਦੀਪ ਸਿੰਘ ਵਡਾਲਾ, ਪ੍ਰੋ. ਬਲਵਿੰਦਰਪਾਲ ਸਿੰਘ ਆਦਿ ਬਹੁਤ ਸਾਰੇ ਬੁੱਧੀਜੀਵੀ ਤੇ ਸਾਹਿਤਕਾਰ ਰਲ ਕੇ ਦੇਸ਼ ਵਿਦੇਸ਼ ਵਿਚ ਯੋਗਤਾ ਅਨੁਸਾਰ ਆਪਣੀ ਕਲਮ ਅਜ਼ਮਾਉਂਦੇ ਰਹੇ। ਇਨ੍ਹਾਂ ਸਰਹੱਦਾਂ 'ਤੇ ਪਿਆਰ ਦੇ ਗੁਲਦਸਤੇ ਵੰਡੇ ਜਾਂਦੇ ਹਨ। ਪਾਕਿਸਤਾਨ ਦੇ ਬੁੱਧੀਜੀਵੀਆਂ ਵੱਲੋਂ ਵੀ ਹੁੰਗਾਰਾ ਮਿਲਦਾ ਹੈ। ਪੱਛਮੀ ਪੰਜਾਬ ਦੇ ਲੋਕ ਵੀ ਸਦਭਾਵਨਾ ਗੁਲਦਸਤੇ ਲੈ ਕੇ ਕੌਮਾਂਤਰੀ ਸਰਹੱਦ 'ਤੇ ਪਹੁੰਚ ਕੇ ਮੁੜ ਮਿਲਣ ਦੀ ਸਿੱਕ ਪ੍ਰਗਟਾਉਂਦੇ ਹਨ। ਮਾਸ਼ਾ ਅੱਲਾ! ਕਿਸੇ ਭਲੇ ਵੇਲੇ ਦੀ ਅਰਦਾਸ ਅੱਲਾ ਤਾਲਾ, ਰੱਬ ਦੀ ਦਰਗਾਹ ਵਿਚ ਮਨਜ਼ੂਰ ਹੋ ਜਾਵੇ ਤੇ ਇਹ ਸਰਹੱਦ ਆਮ ਆਵਾਮ ਦੇ ਦਿਲਾਂ ਦੀਆਂ ਦੂਰੀਆਂ ਮਿਟਾ ਦੇਵੇ।

ਅੰਦਰਲੇ ਗੇਟ ਤੋਂ ਮੇਰਾ ਮਤਲਬ ਜ਼ੀਰੋ ਲਾਈਨ ਤੇ ਉਹ ਗੇਟ ਹੈ, ਜੋ 'ਨੋ ਮੈਨ ਲੈਂਡ' 'ਤੇ ਸਥਿਤ ਹੈ। ਉਧਰਲੇ ਪਾਸੇ 'ਨੋ ਮੈਨ ਲੈਂਡ' ਤੋਂ ਪਾਰ ਅਜਿਹਾ ਹੀ ਇਕ ਪਾਕਿਸਤਾਨੀ ਸੀਖਾਂ ਵਾਲਾ ਦਰਵਾਜਾ ਹੈ। ਇਨ੍ਹਾਂ ਦੋਹਾਂ ਦਰਵਾਜਿਆਂ 'ਤੇ ਆਪਣੇ ਆਪਣੇ ਝੰਡੇ ਝੂਲਦੇ ਰਹਿੰਦੇ ਹਨ। ਹਰ ਰੋਜ਼ ਸ਼ਾਮ ਨੂੰ ਸੂਰਜ ਛਿਪਣ ਸਮੇਂ ਝੰਡਾ ਉਤਾਰਨ ਦੀ ਰੋਮਾਂਚਕ ਰਸਮ ਦੋਹਾਂ ਦੇਸ਼ਾਂ ਦੇ ਸਿਪਾਹੀ ਦੋਸਤ ਸ਼ਰੀਕਾਂ ਵਾਂਗ ਰਲ ਕੇ ਕਰਦੇ ਹਨ। ਇਹ ਬੜਾ ਸੁੰਦਰ ਦ੍ਰਿਸ਼ ਹੁੰਦਾ ਹੈ। ਇਨ੍ਹਾਂ ਦਰਵਾਜਿਆਂ ਸਾਹਮਣੇ ਦੋਹਾਂ ਦੇਸ਼ਾਂ ਦੇ ਸ਼ਾਨਦਾਰ ਦਰਸ਼ਨੀ ਕੱਦ ਵਾਲੇ ਜੁਆਨ ਮਰਦ ਔਰਤਾਂ ਪਰੇਡ ਕਰਦੇ ਬੂਟਾਂ ਦੀ ਧਮਕ ਨਾਲ ਧਰਤੀ ਹਿਲਾ ਛੱਡਦੇ ਹਨ। ਵਾਰੀ ਵਾਰੀ ਦੋਹਾਂ ਦੇਸ਼ਾਂ ਦੇ ਜਵਾਨ ਅੱਗੇ ਵਧਦੇ ਹਨ ਤੇ 'ਨੋ ਮੈਨ ਲੈਂਡ' 'ਤੇ ਸਲਾਮੀ ਦੇ ਕੇ ਵਾਪਸ ਮੁੜਦੇ ਹਨ। ਦਰਸ਼ਕ ਤਾੜੀਆਂ ਨਾਲ ਉਨ੍ਹਾਂ ਦਾ ਸੁਆਗਤ ਕਰਦੇ ਹਨ। ਇਹ ਦ੍ਰਿਸ਼ ਦੇਖਣ ਲਈ ਦੋਹਾਂ ਦੇਸ਼ਾਂ ਦੇ ਵਾਸੀ ਤੇ ਵਿਦੇਸ਼ੀ ਸੈਲਾਨੀ ਵੀ ਬੜੀ ਦੂਰ-ਦੂਰ ਤੋਂ ਆਉਂਦੇ ਹਨ।

ਐਨ ਸੂਰਜ ਛਿਪਣ ਸਮੇਂ ਦੋਹਾਂ ਦੇਸਾਂ ਦੇ ਬਿਗਲ ਦੀ ਧੁਨ ਉਭਰਦੀ ਹੈ। ਇਕ-ਇਕ ਜੁਆਨ ਆਪੋ ਆਪਣੇ ਝੰਡੇ ਦੀ ਡੋਰ ਬਿਗਲ ਦੀ ਧੁਨੀ 'ਤੇ ਥੱਲੇ ਨੂੰ ਖਿਸਕਾਉਂਦੇ ਜਾਂਦੇ ਹਨ। ਠੀਕ ਸੂਰਜ ਦੀ ਆਖਰੀ ਕਿਰਨ ਨਾਲ ਇਹ ਦੋਵੇਂ ਝੰਡੇ ਬੜੇ ਆਦਰ ਸਤਿਕਾਰ ਨਾਲ ਉਤਾਰ ਕੇ ਪਿੱਛੇ ਤਹਿਖਾਨੇ ਵਿਚ ਲੈ ਜਾਏ ਜਾਂਦੇ ਹਨ। ਝੰਡਾ ਉਤਾਰਨ ਤੋਂ ਬਾਅਦ ਦੋਵੇਂ ਗੇਟ ਬੰਦ ਹੋ ਜਾਂਦੇ ਹਨ। ਬਾਹਰ ਖੜ੍ਹੀ ਭੀੜ ਜਾਂ ਉਨ੍ਹਾਂ ਦੇ ਚੋਣਵੇਂ ਸਿਫਾਰਸ਼ੀ ਬੰਦੇ ਗੇਟ ਦੇ ਨਾਲ ਜਾ ਕੇ ਉਧਰਲੀ ਭੀੜ ਨੂੰ ਟਾਟਾ ਕਰਦੇ ਹਨ। ਹੁਣ ਇੱਥੇ ਪੰਜਾਹ ਹਜਾਰ ਦਰਸ਼ਕਾਂ ਦੇ ਬੈਠਣ ਲਈ ਇਕ ਸੁੰਦਰ ਦੋ ਮੰਜ਼ਿਲੀ ਦਰਸ਼ਕ ਗੈਲਰੀ ਬਣ ਗਈ ਹੈ। ਕੁਰਸੀਆਂ 'ਤੇ ਨਾ ਬਹਿਣ ਵਾਲੀ ਭੀੜ ਲਈ ਬਾਹਰ ਵੱਡੀਆਂ ਟੀ. ਵੀ. ਸਕਰੀਨਾਂ ਲਾਈਆਂ ਗਈਆਂ ਹਨ, ਜਿੱਥੋਂ ਇਹ ਨਜ਼ਾਰਾ ਵੇਖਿਆ ਜਾ ਸਕਦਾ ਹੈ।

ਮੋਮਬਤੀਆਂ ਤੋਂ ਲੈ ਕੇ, ਸਾਂਝ ਦੇ ਪੌਦੇ ਲਾਉਣ ਤੱਕ ਤੇ ਫਿਰ 1993 ਵਿਚ ਭਾਰਤ ਵੱਲੋਂ ਇਕ ਬੱਸ ਤਤਕਾਲੀ ਪ੍ਰਧਾਨ ਮੰਤਰੀ ਅਟੱਲ ਬਿਹਾਰੀ ਵਾਜਪਾਈ ਦੇ ਹੱਥ ਸ਼ਾਂਤੀ ਦਾ ਸੁਨੇਹਾ ਲੈ ਕੇ ਇਸੇ ਰਸਤੇ ਲਾਹੌਰ ਪਹੁੰਚੀ ਸੀ। ਦੋਹਾਂ ਪੰਜਾਬਾਂ ਦੇ ਲੋਕਾਂ ਨੇ ਸੁਖ ਦਾ ਸਾਹ ਲਿਆ। ਸ਼ਾਇਦ ਹੁਣ ਸੱਚ-ਮੁੱਚ ਹੀ ਦੋਵੇਂ ਦੇਸ਼ ਕੁੜਿੱਤਣ ਭੁਲਾ ਕੇ ਇਕ ਦੂਜੇ ਦੀਆਂ ਖੁਸ਼ੀਆਂ ਗਮੀਆਂ ਵਿਚ ਸ਼ਰੀਕ ਹੋ ਸਕਣਗੇ, ਪਰ ਇਹ ਇਕ ਭੁਲੇਖਾ ਹੀ ਰਿਹਾ। ਸ਼ਿਵਾ ਜੀ ਮਰਹੱਟਾ ਨੂੰ ਅਫਜ਼ਲ ਖਾ ਨੇ ਮਿਲ ਕੇ ਦੋਸਤੀ ਪਾਉਣ ਦੀ ਇੱਛਾ ਪ੍ਰਗਟ ਕੀਤੀ, ਪਰ ਮੌਕਾ ਮਿਲਦਿਆਂ ਅਫਜ਼ਲ ਨੇ ਬੁੱਕਲ ਦੀ ਕਟਾਰ ਸ਼ਿਵਾ ਜੀ ਦੇ ਖੋਭਣ ਦੀ ਕੋਸ਼ਿਸ਼ ਕੀਤੀ, ਜੋ ਉਨ੍ਹਾਂ ਬੜੀ ਫੁਰਤੀ ਨਾਲ ਨਿਸਫਲ ਕਰ ਦਿੱਤੀ।

1961 ਵਿਚ ਚੀਨੀਆਂ ਨੇ 'ਹਿੰਦੀ ਚੀਨੀ ਭਾਈ-ਭਾਈ' ਦਾ ਨਾਅਰਾ ਲਾ ਕੇ ਸੁਹਿਰਦ ਭਾਰਤੀਆਂ ਨਾਲ ਦਗਾ ਕੀਤਾ ਤੇ ਉਪਰੋਂ ਭਾਈ-ਭਾਈ ਕਹਿੰਦੇ ਬੰਬ ਵਰ੍ਹਾਏ ਤੇ ਭਾਰਤੀ ਇਲਾਕਾ ਨਿਗਲਨ ਦੀ ਕੋਸ਼ਿਸ਼ ਕੀਤੀ। 1971 ਵਿਚ ਪਾਕਿਸਤਾਨ ਦਾ ਜਨਰਲ ਯਾਹੀਆ ਖਾਂ ਜੰਗ-ਬੰਦੀ ਦੇ ਅਖੀਰਲੇ ਪਲ ਢਾਕਾ ਹਰਾ ਕੇ ਪਾਕਿਸਤਾਨੀ ਰੇਡੀਓ ਤੋਂ ਸਭ ਕੁਝ ਭੁੱਲਣ ਦਾ ਪੈਗਾਮ ਦੇ ਰਿਹਾ ਸੀ, ਪਰ ਠੀਕ ਉਸ ਵੇਲੇ ਉਸ ਦੇ ਜਹਾਜਾਂ ਦੀ ਇਕ ਫਲੀਟ ਛੇਹਰਟੇ ਦੇ ਸੰਘਣੇ ਬਾਜ਼ਾਰ ਵਿਚ ਗੋਲੀਆਂ ਦਾ ਛੱਰਾਟਾ ਵਰਾ ਰਹੀ ਸੀ। ਪਿੱਛੇ ਛੇ ਸੱਤ ਸੌ ਲਾਸ਼ਾਂ ਛੇਹਰਟੇ ਦੇ ਬਾਜ਼ਾਰ ਵਿਚ ਵਿਛਾ ਕੇ ਕਈ ਵੱਸਦੇ ਘਰਾਂ ਵਿਚ ਸੋਗ ਦੇ ਸੁਨੇਹੇ ਸੁੱਟ ਗਿਆ ਸੀ। ਉਹ ਫਿਰੇ ਨੱਥ ਘੜਾਉਣ ਨੂੰ ਉਹ ਫਿਰੇ ਨੱਕ ਵਢਾਉਣ ਨੂੰ। ਅਜਿਹਾ ਹੀ ਭਾਰਤ ਦੇ ਸੁਹਿਰਦ ਲੋਕਾਂ ਦਾ ਹਾਲ ਜਾਪਦਾ ਹੈ। ਇਹ ਕੀ ਸੋਚਦੇ ਹਨ, ਉਹ ਕੀ ਸੋਚਦੇ ਹਨ। ਅਸੀਂ ਵਾਹਗਾ ਸਰਹੱਦ 'ਤੇ ਖੜੋ ਕੇ ਢੋਲ ਵਜਾਉਂਦੇ ਅਵਾਜ਼ਾਂ ਲਾਉਂਦੇ ਸਾਂਝ ਦੇ ਗੀਤ ਗਾਉਂਦੇ ਹਾਂ, 'ਆ ਜਾਓ ਭਰਾਓ ਢੋਲ ਦੇ ਡਗੇ 'ਤੇ ਇਕੱਠੇ ਹੋ ਕੇ ਨੱਚੀਏ।' ਪਰ ਇਹ ਸਭ ਕੁਝ ਉਨ੍ਹਾਂ ਦੀਆਂ ਮਜਬੂਰੀਆਂ ਵਿਚ ਦਫਨ ਹੋ ਜਾਂਦਾ ਹੈ। ਉਹ ਚਾਹੁੰਦਿਆਂ ਵੀ ਸਾਰਥਕ ਹੁੰਗਾਰਾ ਨਹੀਂ ਭਰ ਸਕਦੇ। ਜਦ ਇੱਧਰ ਨਵਾਜ਼ ਸ਼ਰੀਫ ਤੇ ਅਟੱਲ ਬਿਹਾਰੀ ਵਾਜਪਾਈ ਮਠਿਆਈਆਂ ਦੇ ਟੋਕਰੇ ਤੇ ਫੁੱਲਾਂ ਦੇ ਗੁਲਦਸਤੇ ਵਟਾ ਰਹੇ ਸਨ, ਠੀਕ ਉਸੇ ਵੇਲੇ ਪਾਕਿਸਤਾਨੀ ਫੌਜ ਕਾਰਗਿਲ 'ਤੇ ਕਬਜਾ ਕਰਨ ਦੀ ਯੁੱਧ ਨੀਤੀ ਅਪਨਾ ਰਹੀ ਸੀ, ਜੋ ਬਾਅਦ ਵਿਚ ਜੱਗ ਜਾਹਰ ਹੋ ਗਈ।

ਮੋਮਬਤੀਆਂ ਮਿਥਿਹਾਸ ਤਾਂ ਸਿਰਜ ਸਕਦੀਆਂ ਹਨ, ਪਰ ਇਤਿਹਾਸ ਨਹੀਂ ਬਣ ਸਕਦੀਆਂ। ਸੂਰਜ ਨੂੰ ਦੀਵਾ ਦਿਖਾਉਣਾ ਕੋਈ ਮਤਲਬ ਨਹੀਂ ਰੱਖਦਾ! ਅਸੀਂ ਦੋ ਧਮਾਕੇ ਕੀਤੇ, ਉਨ੍ਹਾਂ ਚਾਰ ਕਰ ਦਿੱਤੇ। ਅਸੀਂ ਸ਼ਾਂਤੀ ਦੀ ਬੱਸ ਲਾਹੌਰ ਭੇਜੀ, ਉਨ੍ਹਾਂ ਕਾਰਗਿਲ 'ਤੇ ਡੇਰੇ ਜਾ ਲਾਏ। ਉਨ੍ਹਾਂ ਸਾਡੇ ਫੌਜੀ ਸ਼ਹੀਦ ਕੀਤੇ, ਮਿੱਗ ਡੇਗੇ ਪਰ ਸਾਡਾ ਸ਼ਾਂਤੀ ਦਾ ਨਾਅਰਾ, "ਜਾਓ ਵੀਰੋ ਸਾਡੇ ਘਰੋਂ ਸਹੀ ਸਲਾਮਤ ਚਲੇ ਜਾਓ" ਗੂੰਜਦਾ ਰਿਹਾ। ਬਾਬਾ ਸ਼ੇਖ ਫਰੀਦ ਦੇ "ਜੋ ਤੈ ਮਾਰਨ ਮੁੱਕੀਆਂ ਤਿਨ੍ਹਾਂ ਨਾ ਮਾਰੇ ਘੁੰਮ...॥" ਵਾਂਗ ਅਸੀਂ ਗਾਂਧੀਵਾਦ ਸਿਧਾਂਤ 'ਤੇ ਚੱਲਦੇ ਰਹੇ। ਅਸੀਂ ਕਹਿੰਦੇ ਹਾਂ ਇਸ ਕੰਡਿਆਲੀ ਤਾਰ ਨੂੰ ਫੁੱਲ ਬਣਾਈਏ, ਉਹ ਇਸ ਵਿਚ ਬਿਜਲੀ ਦਾ ਕਰੰਟ ਛੱਡ ਰਹੇ ਨੇ।

ਦੋਹਾਂ ਦੇਸ਼ਾਂ ਦੇ ਸਕੱਤਰ ਮਿਲਦੇ ਹਨ, ਮਿਲਦੇ ਰਹਿਣਗੇ, ਵਿਦੇਸ਼ ਮੰਤਰੀ ਮਿਲਦੇ ਹਨ, ਮਿਲਦੇ ਰਹਿਣਗੇ। ਹਥਿਆਰ ਮਿਲਦੇ ਹਨ, ਮਿਲਦੇ ਰਹਿਣਗੇ; ਤੋਪਾਂ ਚੱਲਦੀਆਂ ਹਨ, ਚੱਲਦੀਆਂ ਰਹਿਣਗੀਆਂ; ਮਨੁੱਖੀ ਜਾਨਾਂ ਜਾਂਦੀਆਂ ਹਨ, ਜਾਂਦੀਆਂ ਰਹਿਣਗੀਆਂ। ਨਾ ਇਹ ਕੰਧਾਂ ਢਹਿਣਗੀਆਂ, ਨਾ ਇਹ ਤਾਰਾਂ ਲਹਿਣਗੀਆਂ, ਕਿਉਂਕਿ ਇਹ ਸਿਆਸਤ ਦਾ ਖੇਲ੍ਹ ਹੈ ਪਿਆਰੇ! ਸਰਹੱਦ ਦੇ ਨਾਲ ਇੱਧਰਲੇ ਜਾਂ ਉਪਰਲੇ ਬਾਸ਼ਿੰਦਿਆਂ ਦਾ, ਕਿਸਾਨਾਂ ਦਾ ਕੀ ਹਾਲ ਹੁੰਦਾ ਹੈ, ਇਹ ਉਹ ਹੀ ਜਾਣਦੇ ਹਨ। ਜਦ ਕਦੇ ਕਿਸੇ ਧਿਰ ਵੱਲੋਂ ਵੀ ਕੋਈ ਧਮਕੀ ਨਿਕਲਦੀ ਹੈ, ਸਾਹ ਉਨ੍ਹਾਂ ਦੇ ਹੀ ਸੁੱਕਦੇ ਹਨ।

ਵੈਸੇ ਜੰਗ ਦੇ ਭੈਅ ਨੇ ਇਸ ਵਾਹਗੇ ਦੀ ਰੌਣਕ 'ਤੇ ਕੋਈ ਫਰਕ ਨਹੀਂ ਪਾਇਆ। ਹਰ ਸ਼ਾਮ ਇੱਥੇ ਝੰਡਾ ਉਤਾਰਨ ਦੀ ਰਸਮ ਸਮੇਂ ਦਰਸ਼ਕਾਂ ਦੀ ਭੀੜ ਪਹਿਲਾਂ ਤੋਂ ਵੀ ਵੱਧ ਹੁੰਦੀ ਹੈ। ਰਿਹਰਸਲ ਸਮੇਂ ਕਈ ਵੇਰਾਂ ਦੋਹਾਂ ਦੇਸ਼ਾਂ ਦੇ ਸਿਪਾਹੀ ਤਨਜਾਂ ਕੱਸਦੇ, ਆਪੋ ਵਿਚ ਭਿੜ ਪੈਂਦੇ ਹਨ ਤੇ ਇਕ ਦੂਜੇ ਵੱਲ ਸੰਗੀਨਾਂ ਤਾਣ ਕੇ ਦਰਸ਼ਕਾਂ ਵਿਚ ਭਾਜੜ ਪਾ ਦਿੰਦੇ ਹਨ। ਹੁਣ ਲਾਹੌਰ-ਅੰਮ੍ਰਿਤਸਰ-ਦਿੱਲੀ ਵਿਚਾਲੇ ਸਮਝੌਤਾ ਐਕਸਪ੍ਰੈਸ ਰੇਲ ਗੱਡੀ ਤੇ ਬੱਸਾਂ ਆਮ ਵਾਂਗ ਚੱਲ ਪਈਆਂ ਹਨ, ਪਰ ਬਾਰਡਰ 'ਤੇ ਖੜਕਾ-ਦੜਕਾ ਵੀ ਚੱਲਦਾ ਹੀ ਰਹਿੰਦਾ ਹੈ। ਹੁਣ ਫੇਰ ਇਸ ਗੇਟ ਦੀ ਕਿਸਮਤ ਜਾਗੀ ਹੈ। ਕਈ ਸਾਲਾਂ ਬਾਅਦ ਬੱਸਾਂ, ਟਰੱਕਾਂ, ਗੱਡੀਆਂ ਦੇ ਕਾਫਲੇ ਚੱਲ ਪਏ ਹਨ। ਫੁੱਲਾਂ-ਫਲਾਂ ਮਠਿਆਈਆਂ ਦੀ ਦੇਣ ਲੈਣ ਹੁੰਦੀ ਹੈ। ਬੁੱਧੀਜੀਵੀ, ਲਿਖਾਰੀ, ਸਿਆਸਤਦਾਨ, ਸੌਦਾਗਰ ਤੇ ਹੋਰ ਹਰ ਕਿਸਮ ਦੇ ਸੱਜਣ ਉਧਰ ਇੱਧਰ ਆਪੋ-ਆਪਣੇ ਇਸ਼ਕ ਸ਼ੌਕ ਆਦਾਨ-ਪ੍ਰਦਾਨ ਕਰਨ ਲੱਗੇ ਹਨ। ਕਾਸ਼! ਮੇਰੀ 'ਸਾਂਝੀਵਾਲਤਾ' ਕਵਿਤਾ ਦਾ ਇਹ ਸੁਨੇਹਾ ਦੋਹਾਂ ਸਰਕਾਰਾਂ ਵਾਸਤੇ ਕਾਰਗਰ ਹੋ ਜਾਵੇ:

ਦਿਲਾਂ ਵਿਚੋਂ ਮਾਈਨਾਂ ਹਟਾਓ ਦੋਸਤੋ,
ਪਿਆਰ ਦੀ ਪਨੀਰੀ ਉਗਾਓ ਦੋਸਤੋ।
ਪੁੱਟ ਸੁੱਟੋ ਕੰਡੇ ਵਾਲੀ ਤਾਰ ਬੇਲੀਓ,
ਸੁੱਟ ਦਿਓ ਮਾਰੂ ਹਥਿਆਰ ਬੇਲੀਓ।
ਹਿੰਦ ਪਾਕ ਭਾਈ-ਭਾਈ ਯਾਰ ਬੇਲੀਓ,
ਦੇ ਦਿਓ ਸੁਨੇਹਾ ਹੱਦ ਪਾਰ ਬੇਲੀਓ।

'ਹੇ ਅੱਲਾ... ਹੇ ਵਾਹਿਗੁਰੂ... ਹੇ ਗਾਡ ਸਾਨੂੰ ਵਿਛੜੇ ਭਰਾਵਾਂ ਨੂੰ ਮੁੜ ਕੇ ਇਕੱਠੇ ਮਿਲਵਰਤਨ ਦੀ ਬਲ ਬੁੱਧ ਬਖਸ਼ ਦੇਹ।'

***('ਪਾਕਿਸਤਾਨ ਸਫਰਨਾਮਾ-ਮਿੱਟੀ ਦੀ ਮਹਿਕ' ਵਿਚੋਂ)***

# ਪੰਜਾਬੀ ਚਿੰਤਨ ਦੀ ਮੂਲ ਸਮੱਸਿਆ ਤੇ ਹੱਲ ਇੱਕੋ ਹੀ: ਵਿਗਿਆਨ

ਪੰਜਾਬ ਟਾਈਮਜ਼ ਦੇ 22 ਜੂਨ 2019 ਦੇ ਅੰਕ ਵਿਚ ਪ੍ਰਕਾਸ਼ਿਤ ਰਾਜਪਾਲ ਸਿੰਘ ਦੇ ਲੇਖ 'ਪੰਜਾਬੀ ਚਿੰਤਨ ਦੀ ਹਕੀਕਤ' ਵਿਚ ਲੇਖਕ ਅਨੁਸਾਰ ਪੰਜਾਬ ਅੱਜ ਕੱਲ ਕਿਸੇ ਲਹਿਰ 'ਚੋਂ ਨਹੀਂ, ਸਗੋਂ ਚਿੰਤਨ/ਮੰਥਨ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਸ ਦੌਰ ਵਿਚ 'ਹਰ ਵਿਚਾਰ ਤੇ ਵਰਤਾਰੇ ਨੂੰ ਪੜਚੋਲਵੀਂ ਨਿਗ੍ਹਾ ਨਾਲ ਦੇਖਿਆ ਜਾ ਰਿਹਾ ਹੈ, ਪਰ ਕੋਈ ਵੀ ਸਪਸ਼ਟ ਸੇਧ ਜਾਂ ਅਜਿਹੇ ਸਾਰਥਕ ਸਿੱਟੇ ਨਿਕਲ ਕੇ ਸਾਹਮਣੇ ਨਹੀਂ ਆ ਰਹੇ।' ਸਿੱਟੇ ਵਜੋਂ ਮੌਜੂਦਾ ਪੰਜਾਬੀ ਚਿੰਤਨ ਅੱਜ ਦੇ ਪੰਜਾਬੀ ਸਮਾਜ ਦੀਆਂ ਨਵੀਆਂ ਸਮੱਸਿਆਵਾਂ ਦੇ ਹੱਲ ਪੇਸ਼ ਕਰਨ ਵਿਚ ਅਸਫਲ ਹੋ ਰਿਹਾ ਹੈ।

ਰਾਜਪਾਲ ਸਿੰਘ ਇਸ ਅਸਫਲਤਾ ਦੇ ਮੁੱਖ ਕਾਰਨ ਤਿੰਨ ਕਾਰਕਾਂ ਨੂੰ ਠਹਿਰਾਉਂਦਾ ਹੈ: (1) ਚਿੰਤਨ ਦਾ ਭਵਿੱਖ-ਮੁਖੀ ਹੋਣ ਦੀ ਥਾਂ ਭੂਤ-ਮੁਖੀ ਹੋਣਾ, (2) ਆਪਣੇ ਵਿਚਾਰਾਂ ਨੂੰ ਅੰਤਿਮ



ਡਾ. ਸੁਖਪਾਲ ਸੰਘੇੜਾ
dr.sukhpal.sanghera@gmail.com

ਸੱਚ ਮਨ ਲੈਣ ਦਾ ਰੁਝਾਨ ਅਤੇ (3) ਵਿਦਵਾਨਾਂ ਤੇ ਆਮ ਲੋਕਾਂ ਦੇ ਵਿਚਾਰਾਂ ਵਿਚਾਲੇ ਵੱਡਾ ਪਾੜਾ। ਮੈਂ ਪਹਿਲੇ ਦੋ ਕਾਰਨਾਂ ਨਾਲ ਸਹਿਮਤ ਹਾਂ, ਪਰ ਤੀਜਾ ਕਾਰਨ ਹੋਰ ਪੜਤਾਲ ਦੀ ਮੰਗ ਕਰਦਾ ਹੈ; ਕਿਵੇਂ ਪੰਜਾਬੀ ਚਿੰਤਨ ਦੀ ਅਸਫਲਤਾ ਦੇ ਇਹ ਤੇ ਹੋਰ ਕਾਰਨ ਇੱਕੋ ਹੀ ਕਾਰਨ ਵਿਚ ਆ ਮਿਲਦੇ ਨੇ, ਜਿਸ ਦਾ ਨਾਂ ਹੈ, ਵਿਗਿਆਨ। ਸੋ, ਇਥੇ ਮੈਂ ਚਰਚਾ ਕਰਾਂਗਾ ਕਿ ਕਿਵੇਂ ਪੰਜਾਬੀ ਚਿੰਤਨ ਦਾ ਮੂਲ ਸਮੱਸਿਆ ਹੈ, ਇਸ ਵਿਚ ਵਿਗਿਆਨ ਦੇ ਅੰਸ਼ਾਂ ਦੀ ਗੈਰ-ਹਾਜ਼ਰੀ ਤੇ ਸਮੱਸਿਆ ਦਾ ਹੱਲ ਹੈ, ਇਨ੍ਹਾਂ ਵਿਗਿਆਨ ਅੰਸ਼ ਦੀ ਸ਼ਮੂਲੀਅਤ? ਵਿਗਿਆਨ ਅੰਸ਼ਾਂ ਵਿਚ ਸ਼ਾਮਲ ਹਨ-ਵਿਗਿਆਨ, ਵਿਗਿਆਨਕ ਪਹੁੰਚ ਜਾਂ ਵਿਧੀ, ਵਿਗਿਆਨਕ ਸੋਚ, ਤੇ ਵਿਗਿਆਨਕ ਤਰਕ ਵਿਧਾਨ।

ਮੇਰੀ ਜਾਚੇ ਉਕਤ ਚਰਚਿਤ ਪੰਜਾਬੀ ਚਿੰਤਨ ਦੇ ਮੁੱਖ ਦੋਸ਼ਾਂ 'ਚੋਂ ਸਭ ਤੋਂ ਅਹਿਮ ਹੈ, ਚਿੰਤਨ ਦਾ ਭੂਤ-ਮੁਖੀ ਹੋਣਾ, ਤੇ ਨਤੀਜੇ ਵਜੋਂ ਅੱਜ ਦੀਆਂ ਸਮੱਸਿਆਵਾਂ ਦੇ ਹੱਲ ਬੀਤੇ ਵਿਚੋਂ ਖੋਜਣ ਦੀ

***ਗਰੀਕ ਫਲਸਫੇ ਤੋਂ ਇਲਾਵਾ ਪੱਛਮੀ ਸੰਸਕ੍ਰਿਤੀ ਤੇ ਚਿੰਤਨ ਦੇ ਵਿਕਾਸ ਵਿਚ 14ਵੀਂ ਤੋਂ 17ਵੀਂ ਸਦੀ ਤੱਕ ਯੂਰਪ ਵਿਚ ਚੱਲੀ ਜਾਗ੍ਰਿਤੀ ਲਹਿਰ ਦਾ ਵਿਸ਼ੇਸ਼ ਰੋਲ ਰਿਹਾ ਹੈ। ਇਸ ਲਹਿਰ ਨੇ ਮਨੁੱਖੀ ਜ਼ਿੰਦਗੀ ਦੇ ਹਰ ਖੇਤਰ ਨੂੰ ਪ੍ਰਭਾਵਿਤ ਕਰਦਿਆਂ ਹੌਲੀ ਹੌਲੀ ਯੂਰਪ ਨੂੰ ਮੱਧਕਾਲੀਨ ਯੁੱਗ ਵਿਚੋਂ ਕੱਢ ਕੇ ਆਧੁਨਿਕ ਯੁੱਗ ਨਾਲ ਜੋੜ ਦਿੱਤਾ। ਜਾਗ੍ਰਿਤੀ ਲਹਿਰ ਨੂੰ ਪੈਦਾ ਤੇ ਵਿਕਸਿਤ ਕਰਨ ਵਿਚ ਵਿਗਿਆਨ ਨੇ ਸਿੱਧੇ ਤੇ ਅਸਿੱਧੇ ਤੌਰ 'ਤੇ ਅਹਿਮ ਭੂਮਿਕਾ ਨਿਭਾਈ। ਇਹ ਸਮੇਂ ਦੌਰਾਨ ਵਿਗਿਆਨਕ ਖੋਜ ਨੇ ਧਾਰਮਿਕ ਲੀਡਰਾਂ ਨੂੰ ਕ੍ਰੋਧਿਤ ਕਰਦਿਆਂ ਬ੍ਰਹਿਮੰਡ ਦਾ ਮਾਡਲ ਬਦਲ ਕੇ ਰੱਖ ਦਿੱਤਾ, ਜਿਸ ਵਿਚ ਹੁਣ ਧਰਤੀ ਬ੍ਰਹਿਮੰਡ ਦੀ ਕੇਂਦਰ ਨਹੀਂ, ਸਗੋਂ ਹੋਰਾਂ ਗ੍ਰਹਿਆਂ ਸਮੇਤ ਸੂਰਜ ਦੁਆਲੇ ਘੁੰਮਦੀ ਹੈ।***

ਕੋਸ਼ਿਸ਼ ਕਰਨਾ। ਨਿੱਜੀ ਤਜਰਬੇ 'ਚੋਂ ਇੱਕ ਢੁਕਵੀਂ ਕਾਤਰ ਦੇ ਤਿੰਨ ਪੱਖ ਪੇਸ਼ ਹਨ,

(1) ਭਾਰਤ ਵਿਚ 1960ਵਿਆਂ ਦੇ ਅਖੀਰਲੇ ਸਾਲਾਂ ਤੋਂ ਲੈ ਕੇ 1982 ਦੇ ਸ਼ੁਰੂ ਤੱਕ ਪੰਜਾਬ ਵਿਚ ਪ੍ਰਗਤੀਸ਼ੀਲ/ਕ੍ਰਾਂਤੀਕਾਰੀ ਲਹਿਰ ਚੱਲਦੀ ਰਹੀ; ਉਸ ਪੰਜਾਬ 'ਚੋਂ ਵਿਚਰਨ ਪਿੱਛੋਂ ਮੈਂ ਵਿਗਿਆਨ ਦੇ ਖੇਤਰ ਵਿਚ ਉਚ-ਵਿਦਿਆ ਤੇ ਖੋਜ ਦੇ ਸਿਲਸਿਲੇ ਵਿਚ ਪੱਛਮ ਦੀ ਧਰਤੀ 'ਤੇ ਆਣ ਉਤਰਿਆ।

(2) ਇੱਕ ਵਿਗਿਆਨੀ ਦੇ ਤੌਰ 'ਤੇ ਯੂਰਪ ਵਿਚ ਦੁਨੀਆਂ ਦੀ ਸਭ ਤੋਂ ਵੱਡੀ ਵਿਗਿਆਨ ਰਿਸਰਚ ਪ੍ਰਯੋਗਸ਼ਾਲਾ ਸਰਨ (CERN) ਵਿਚ ਕੈਮਬਰੇਜ਼ ਤੋਂ ਹਾਇਡਲਬਰਗ ਤੱਕ ਅਤੇ ਅਮਰੀਕਾ ਦੀ ਕੌਰਨੈਲ ਯੂਨੀਵਰਸਿਟੀ ਦੀ ਨਿਊਕਲੀਅਰ ਰਿਸਰਚ ਪ੍ਰਯੋਗਸ਼ਾਲਾ ਵਿਚ ਸਟੈਨੇਫੋਰਡ ਤੋਂ ਹਾਰਵਰਡ ਤੱਕ ਅਨੇਕ ਯੂਨੀਵਰਸਿਟੀਆਂ ਦੇ ਵਿਗਿਆਨੀਆਂ ਨਾਲ ਕੰਮ ਕਰਨ ਦਾ ਤਜਰਬਾ ਹਾਸਿਲ ਹੋਇਆ।

(3) ਇਸ ਵਿਸ਼ਾਲ ਘੁੰਮਾਤਰੂ ਭੂਗੋਲਕ ਤੇ ਵਿਗਿਆਨਕ ਤਜਰਬੇ ਦੀ ਧਰਾਤਲ 'ਤੇ ਵਿਚਰਦਿਆਂ ਬ੍ਰਹਿਮੰਡ ਦੇ ਮੁੱਢ ਅਤੇ ਮਾਦੇ ਦੇ ਮੂਲ ਕਣਾਂ ਤੇ ਵਰਤਾਰਿਆਂ ਬਾਰੇ ਸੁਆਲਾਂ ਸੰਗ ਘੁਲਦਿਆਂ ਮੇਰੇ ਅਚੇਤ ਮਨ ਵਿਚ ਪੰਜਾਬ ਦੇ ਮੇਰੇ ਸਿੱਧੇ ਤਜਰਬੇ ਅਤੇ ਪਿੱਛੋਂ ਪੰਜਾਬੋਂ ਮਿਲਦੀਆਂ ਖਬਰਾਂ 'ਤੇ ਆਧਾਰਿਤ ਅਸਿੱਧੇ ਤਜਰਬੇ 'ਤੇ ਚਿੰਤਨ ਮੰਥਨ ਚੱਲਦਾ ਰਿਹਾ। ਇਸ ਚਿੰਤਨ ਮੰਥਨ ਵਿਚੋਂ ਸਾਹਿਤਕ ਰੂਪ ਵਿਚ ਬਿਨਾ ਪ੍ਰਗਤੀਸ਼ੀਲ ਲੱਗਣ ਯੋਜਨਾ ਦੇ, ਸੁਭਾਵਿਕ ਹੀ ਕੁਝ ਕਵਿਤਾਵਾਂ ਨਿਕਲੀਆਂ, ਜੋ 'ਕਿੱਸਿਆਂ ਦੇ ਕੈਦੀ' (1997) ਤੇ 'ਭੂਤ ਨਗਰੀ' (2003) ਕਾਵਿ ਸੰਗ੍ਰਿਹਾਂ ਵਿਚ ਪ੍ਰਕਾਸ਼ਕ ਹੋਈਆਂ। ਇਨ੍ਹਾਂ ਦੋਹਾਂ ਕਾਵਿ ਸੰਗ੍ਰਿਹਾਂ ਦੀਆਂ ਕਵਿਤਾਵਾਂ ਇੱਕੋ ਹੀ ਕੇਂਦਰੀ ਥੀਮ ਦੇ ਵੱਖ ਵੱਖ ਪੱਖਾਂ ਨੂੰ ਉਜਾਗਰ ਤੇ ਫਾਸ਼ ਕਰਦੀਆਂ ਨੇ, ਤੇ ਉਹ ਥੀਮ ਹੈ: ਪੰਜਾਬੀ ਜੀਵਨ ਜਾਂਚ ਤੇ ਪੰਜਾਬੀ ਚਿੰਤਨ ਦਾ ਭਵਿੱਖ-ਮੁਖੀ ਹੋਣ ਦੀ ਥਾਂ ਭੂਤ-ਮੁਖੀ ਹੋਣਾ। ਇਸ ਸਮੁੱਚੇ ਤਜਰਬੇ ਤੋਂ ਮੈਂ ਮਹਿਸੂਸ ਕੀਤਾ ਕਿ ਸਿਰਫ ਆਮ ਪੰਜਾਬੀ ਲੋਕ ਤੇ 'ਹੋਰ' ਚਿੰਤਕ ਨਹੀਂ, ਸਗੋਂ ਬਾਹਲੇ ਅਗਾਂਹਵਧੂ/ਪ੍ਰਗਤੀਸ਼ੀਲ ਚਿੰਤਕ ਵੀ ਸੁਤੇ-ਸਿੱਧ ਭੂਤ-ਮੁਖੀ ਪਹੁੰਚ ਦੇ ਸ਼ਿਕਾਰ ਹਨ।

ਮੇਰੀ ਜਾਚੇ ਰਾਜਪਾਲ ਸਿੰਘ ਦੀ ਪੜਚੋਲਵੀਂ ਨਿਗ੍ਹਾ ਵਿਚ ਕਾਣ ਹੈ। ਇਸ ਕਾਣ ਦੀ ਇੱਕ ਇਲਾਮਤ ਹੈ, ਆਪਣੇ ਵਿਚਾਰਾਂ ਨੂੰ ਅੰਤਿਮ ਸੱਚ ਮਨ ਲੈਣ ਤੇ ਸੰਵਾਦ ਵਿਚ ਦੂਜੇ ਨੂੰ ਗਲਤ ਸਿੱਧ ਕਰਕੇ ਆਪਣਾ ਲੋਹਾ ਮੰਨਵਾਉਣ ਦਾ ਰੁਝਾਨ। ਇਹ ਕਾਣ ਸਾਨੂੰ ਭਾਰਤੀ ਸੰਸਕ੍ਰਿਤੀ ਦੇ ਧਾਰਮਿਕ ਵਿਸ਼ਵਾਸ ਦੀ ਜਕੜ ਵਿਚ ਵਿਕਸਿਤ ਹੋਏ ਤਰਕ ਸ਼ਾਸਤਰ ਤੋਂ ਵਿਰਸੇ ਵਿਚ ਮਿਲਿਆ ਹੈ; ਤਰਕ ਸ਼ਾਸਤਰ ਜਾਂ ਤਰਕ ਵਿਧਾਨ, ਜੋ ਸੱਚਾਈ ਲੱਭਣ ਦੇ ਮਨੋਰਥ ਨਾਲ ਤਰਕ ਦੇ ਖਰੇ ਜਾਂ ਖੋਟੇ ਹੋਣ 'ਤੇ ਘੱਟ ਆਧਾਰਿਤ ਹੈ ਅਤੇ ਜਿੱਤਣ ਦੀ ਨੀਅਤ ਤੇ ਚਲਾਕੀ 'ਤੇ ਵੱਧ। ਇਹ ਤਾਂ ਹੈ, ਕਿਉਂਕਿ ਪ੍ਰਾਚੀਨ ਭਾਰਤੀ ਸੰਸਕ੍ਰਿਤੀ 'ਚ ਫਲਸਫੇ ਨੇ ਨਾ ਤਾਂ ਵਿਗਿਆਨ ਨੂੰ ਜਨਮ ਦਿੱਤਾ ਤੇ ਨਾ ਹੀ ਵਿਗਿਆਨਕ ਤਰਕ ਵਿਧਾਨ ਵਿਕਸਿਤ ਕੀਤਾ; ਨਾ ਹੀ ਪੰਜਾਬ ਜਾਂ ਭਾਰਤ ਵਿਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਵਿਗਿਆਨ 'ਤੇ ਆਧਾਰਿਤ ਕੋਈ ਲਹਿਰ ਹੀ ਚੱਲੀ ਹੈ। ਇਹਦੀ ਤੁਲਨਾ ਕਰੋ ਪੱਛਮੀ ਫਲਸਫੇ ਵਿਚ ਹੋਏ ਵਿਗਿਆਨ ਦੇ ਜਨਮ ਤੇ ਵਿਗਿਆਨਕ ਤਰਕ ਵਿਧਾਨ ਦੇ ਵਿਕਾਸ ਨਾਲ।

ਪੱਛਮ ਵਿਚ ਫਲਸਫਾ ਗਰੀਕ ਫਿਲਾਸਫਰਾਂ ਤੋਂ ਸ਼ੁਰੂ ਹੋਇਆ, ਤੇ ਗਰੀਕ ਫਲਸਫੇ ਨੇ ਪੱਛਮੀ ਸੱਭਿਅਤਾ ਦੇ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਈ ਹੈ। ਪ੍ਰਾਚੀਨ ਫਲਸਫੇ ਵਿਚ ਘੱਟੋਘੱਟ ਪੱਛਮ ਵਿਚ, ਸਾਰੇ ਬੌਧਿਕ ਪ੍ਰਯਤਨ ਤੇ ਗਿਆਨ ਵਿਸ਼ੇ-ਧਰਮ, ਧਰਮ ਸ਼ਾਸਤਰ, ਨੈਤਿਕਤਾ, ਤਰਕ, ਭੌਤਿਕ ਵਿਗਿਆਨ, ਜੀਵ ਵਿਗਿਆਨ ਆਦਿ ਸ਼ਾਮਲ ਸਨ। ਪ੍ਰਾਚੀਨ ਕਾਲ ਵਿਚ ਕੁਦਰਤੀ ਵਰਤਾਰਿਆਂ ਬਾਰੇ ਮਨੁੱਖ ਦੇ ਅਗਿਆਨ ਨੇ ਰੱਬ ਤੇ ਦੇਵੀ ਦੇਵਤਿਆਂ ਨੂੰ ਜਨਮ ਦਿੱਤਾ, ਜੋ ਕਈ ਰੂਪਾਂ ਵਿਚ ਪ੍ਰਾਚੀਨ ਪੂਰਬੀ ਤੇ ਕਿਸੇ ਹੱਦ ਤੱਕ ਪੱਛਮੀ ਫਲਸਫੇ ਵੀ ਭਾਰੂ ਰਹੇ। ਕਰੀਬ 2600 ਸੌ ਸਾਲ ਪਹਿਲਾਂ ਪੱਛਮੀ ਫਲਸਫੇ ਵਿਚ ਇਹ ਸਥਿਤੀ ਬਦਲਣੀ ਸ਼ੁਰੂ ਹੋ ਗਈ ਸੀ, ਜਦੋਂ ਗਰੀਕ ਫਿਲਾਸਫਰ ਥੇਲਜ਼ (624 ਤੋਂ 546 ਈਸਾ ਪੂਰਵ) ਨੇ ਇਹ ਵਿਚਾਰ ਵਿਕਸਿਤ ਕੀਤਾ ਕਿ ਬ੍ਰਹਿਮੰਡ ਤੇ ਇਸ ਵਿਚਲੇ ਵਰਤਾਰਿਆਂ ਨੂੰ ਬਿਨਾ ਰੱਬ, ਧਰਮ ਤੇ ਮਿਥਹਾਸ ਦਾ ਸਹਾਰਾ ਲਿਆਂ ਸਮਝਿਆ ਜਾ ਸਕਦਾ ਹੈ। ਉਸ ਅਨੁਸਾਰ ਜਟਿਲ ਦਿਸਦੇ ਕੁਦਰਤੀ ਵਰਤਾਰਿਆਂ ਨੂੰ ਸਾਦੇ ਸਿਧਾਂਤਾਂ ਵਿਚ ਸੰਗੋੜ ਕੇ ਉਨ੍ਹਾਂ ਵਰਤਾਰਿਆਂ ਦੀ ਵਿਆਖਿਆ ਕੀਤੀ ਜਾ ਸਕਦੀ ਹੈ। ਇਥੋਂ ਪੱਛਮੀ ਫਲਸਫੇ ਵਿਚ ਵਿਗਿਆਨ ਦਾ ਮੁੱਢ ਬੱਝਦਾ ਹੈ। ਮਿਸਾਲ ਵਜੋਂ ਫਿਲਾਸਫਰ ਅਰਸਤੂ (384-322 ਈਸਾ ਪੂਰਵ) ਦੁਨੀਆਂ ਦਾ ਪਹਿਲਾ ਭੌਤਿਕ ਵਿਗਿਆਨੀ ਮੰਨਿਆ ਜਾਂਦਾ ਹੈ। ਸਾਰੇ ਬੁੱਧੀਜੀਵੀ ਸਣੇ ਵਿਗਿਆਨੀ, ਫਿਲਾਸਫਰਾਂ ਦੀ ਵੱਖੋ ਵੱਖਰੀਆਂ ਕਿਸਮਾਂ ਸਨ। ਵਿਗਿਆਨ ਤੇ ਵਿਗਿਆਨੀ ਦੇ ਸੰਕਲਪ ਉਨੀਵੀਂ ਸਦੀ ਦੀ ਪੈਦਾਵਾਰ ਹਨ; ਪਹਿਲਾਂ ਸਦੀਆਂ ਤੀਕ ਵਿਗਿਆਨ ਨੂੰ ਕੁਦਰਤੀ ਫਲਸਫਾ ਕਿਹਾ ਜਾਂਦਾ ਸੀ ਤੇ ਵਿਗਿਆਨੀਆਂ ਨੂੰ ਕੁਦਰਤੀ ਫਿਲਾਸਫਰ।

ਗਰੀਕ ਫਲਸਫੇ ਤੋਂ ਇਲਾਵਾ ਪੱਛਮੀ ਸੰਸਕ੍ਰਿਤੀ ਤੇ ਚਿੰਤਨ ਦੇ ਵਿਕਾਸ ਵਿਚ 14ਵੀਂ ਤੋਂ 17ਵੀਂ ਸਦੀ ਤੱਕ ਯੂਰਪ ਵਿਚ ਚੱਲੀ ਜਾਗ੍ਰਿਤੀ

***ਜੇ ਮੌਜੂਦਾ ਪੰਜਾਬੀ ਚਿੰਤਨ ਦੀਆਂ ਮੂਲ ਸਮੱਸਿਆਵਾਂ ਦਾ ਕਾਰਨ ਵਾਕਈ ਵਿਗਿਆਨ, ਵਿਗਿਆਨਕ ਵਿਧੀ/ਪਹੁੰਚ, ਵਿਗਿਆਨਕ ਸੋਚ, ਤੇ ਵਿਗਿਆਨਕ ਤਰਕ ਵਿਧਾਨ ਦੀ ਲਗਭਗ ਗੈਰਹਾਜ਼ਰੀ ਹੈ, ਤਾਂ ਇਨ੍ਹਾਂ ਸਮੱਸਿਆਵਾਂ ਦਾ ਹੱਲ ਨਿਸ਼ਚੇ ਹੀ ਇਨ੍ਹਾਂ ਗਾਇਬ ਵਿਗਿਆਨਕ ਅੰਸ਼ਾਂ ਦੀ ਹਾਜ਼ਰੀ ਹੀ ਹੋਏਗਾ। ਮੌਜੂਦਾ ਪੰਜਾਬੀ ਚਿੰਤਨ ਦੀਆਂ ਮੂਲ ਸਮੱਸਿਆਵਾਂ ਹੱਲ ਕਰਨ ਲਈ ਲੋੜ ਹੈ ਇੱਕ ਮੁਹਿੰਮ ਜਾਂ ਲਹਿਰ ਦੀ, ਜਿਸ ਦੌਰਾਨ ਪੰਜਾਬ ਇਨ੍ਹਾਂ ਵਿਗਿਆਨਕ ਅੰਸ਼ਾਂ ਸੰਗ ਲੈਸ ਹੋ ਜਾਵੇ। ਜੇ ਖੜੋਤ ਨੂੰ ਉਸਾਰੂ ਢੰਗ ਨਾਲ ਤੋੜਨ ਦਾ ਇਰਾਦਾ ਹੈ ਤਾਂ ਸ਼ਾਇਦ, ਪੰਜਾਬ ਦੀ ਮੌਜੂਦਾ ਖੜੋਤ ਨੂੰ ਤੋੜਨ ਹਿੱਤ ਇਹ ਅਗਲਾ ਕਦਮ ਹੋਏਗਾ, ਭਵਿੱਖ ਵੱਲ ਨੂੰ ਮੂੰਹ ਕਰ ਕੇ ਭਵਿੱਖ ਨੂੰ ਖੁੱਲ੍ਹਦਾ ਬੂਹਾ ਖੋਲ੍ਹਣ ਦੇ ਯੋਗ ਹੋਣਾ ਦਾ।***

ਲਹਿਰ ਦਾ ਵਿਸ਼ੇਸ਼ ਰੋਲ ਰਿਹਾ ਹੈ। ਇਸ ਲਹਿਰ ਨੇ ਮਨੁੱਖੀ ਜ਼ਿੰਦਗੀ ਦੇ ਹਰ ਖੇਤਰ ਨੂੰ ਪ੍ਰਭਾਵਿਤ ਕਰਦਿਆਂ ਹੌਲੀ ਹੌਲੀ ਯੂਰਪ ਨੂੰ ਮੱਧਕਾਲੀਨ ਯੁੱਗ ਵਿਚੋਂ ਕੱਢ ਕੇ ਆਧੁਨਿਕ ਯੁੱਗ ਨਾਲ ਜੋੜ ਦਿੱਤਾ। ਜਾਗ੍ਰਿਤੀ ਲਹਿਰ ਨੂੰ ਪੈਦਾ ਤੇ ਵਿਕਸਿਤ ਕਰਨ ਵਿਚ ਵਿਗਿਆਨ ਨੇ ਸਿੱਧੇ ਤੇ ਅਸਿੱਧੇ ਤੌਰ 'ਤੇ ਅਹਿਮ ਭੂਮਿਕਾ ਨਿਭਾਈ। ਇਹ ਸਮੇਂ ਦੌਰਾਨ ਵਿਗਿਆਨਕ ਖੋਜ ਨੇ ਧਾਰਮਿਕ ਲੀਡਰਾਂ ਨੂੰ ਕ੍ਰੋਧਿਤ ਕਰਦਿਆਂ ਬ੍ਰਹਿਮੰਡ ਦਾ ਮਾਡਲ ਬਦਲ ਕੇ ਰੱਖ ਦਿੱਤਾ, ਜਿਸ ਵਿਚ ਹੁਣ ਧਰਤੀ ਬ੍ਰਹਿਮੰਡ ਦੀ ਕੇਂਦਰ ਨਹੀਂ, ਸਗੋਂ ਹੋਰਾਂ ਗ੍ਰਹਿਆਂ ਸਮੇਤ ਸੂਰਜ ਦੁਆਲੇ ਘੁੰਮਦੀ ਹੈ। ਇਸ ਸਮੇਂ ਦੌਰਾਨ ਵਿਗਿਆਨ ਹੀ ਨਿਊਟਨ ਦਾ ਗੁਰੂਤਾ ਖਿੱਚ ਦਾ ਨਿਯਮ ਵਿਕਸਿਤ ਹੋਇਆ, ਜਿਸ ਅਨੁਸਾਰ ਕੇਵਲ ਧਰਤੀ 'ਤੇ ਹੀ ਨਹੀਂ, ਸਗੋਂ ਸਾਰੇ ਬ੍ਰਹਿਮੰਡ ਵਿਚ ਹਰ ਮਾਦਿਕ ਚੀਜ਼ ਦੂਜੀਆਂ ਸਭ ਮਾਦਿਕ ਚੀਜ਼ਾਂ ਨੂੰ ਆਪਣੇ ਵੱਲ ਖਿੱਚਦੀ ਹੈ ਤੇ ਇਹ ਖਿੱਚ ਸ਼ਕਤੀ ਮਿਣੀ ਜਾ ਸਕਦੀ ਹੈ। ਇਸ ਖੋਜ ਨੇ ਕੇਵਲ ਵਿਗਿਆਨੀਆਂ ਵਿਚ ਹੀ ਨਹੀਂ, ਸਗੋਂ ਹੋਰ ਚਿੰਤਕਾਂ ਤੇ ਆਮ ਲੋਕਾਂ ਵਿਚ ਵੀ ਨਵਾਂ ਉਤਸ਼ਾਹ ਭਰ ਦਿੱਤਾ; ਉਨ੍ਹਾਂ ਨੂੰ ਦਿਸਣ ਲੱਗ ਪਿਆ ਕਿ ਹੁਣ ਸਿਰਫ ਇਸ ਦੁਨੀਆਂ ਨੂੰ ਹੀ ਨਹੀਂ, ਸਗੋਂ ਵਿਗਿਆਨਕ ਨਿਯਮ ਖੋਜ ਕੇ ਸਾਰੇ ਬ੍ਰਹਿਮੰਡ ਨੂੰ ਸਮਝਿਆ ਜਾ ਸਕਦਾ ਹੈ।

ਮੁੱਕਦੀ ਗੱਲ, ਵਿਗਿਆਨ ਸ਼ੁਰੂ ਤੋਂ ਹੀ ਪੱਛਮੀ ਫਲਸਫੇ ਦਾ ਅਹਿਮ ਹਿੱਸਾ ਹੈ; ਪੱਛਮੀ ਆਵਾਮ ਸਮੇਂ ਸਮੇਂ ਰੂੜ੍ਹੀਆਂ ਤੇ ਅੰਧਵਿਸ਼ਵਾਸਾਂ ਦੀ ਰਾਖੀ ਕਰਦੇ ਧਰਮ ਨੂੰ ਵਿਗਿਆਨ ਦਾ ਰਸਤਾ ਰੋਕ ਕੇ ਖੜ੍ਹਦਿਆਂ ਦੇਖਦਾ ਰਿਹਾ ਹੈ; ਧਰਮ ਤੇ ਵਿਗਿਆਨ ਇਸ ਸ਼ਰੇਆਮ ਲੜਾਈ ਵਿਚ ਵਿਗਿਆਨ ਨੂੰ ਜਿੱਤਦਿਆਂ ਤੱਕਦਾ ਰਿਹਾ ਹੈ; ਤੇ ਵਿਗਿਆਨ ਦੀਆਂ ਜਿੱਤਾਂ ਦੇ ਫਲ ਬਾਕੀ ਦੁਨੀਆਂ ਤੋਂ ਪਹਿਲਾਂ ਚੱਖਦਾ ਰਿਹਾ ਹੈ। ਇਨ੍ਹਾਂ ਫਲਾਂ ਵਿਚ ਸ਼ਾਮਲ ਨੇ ਆਧੁਨਿਕ ਯੁੱਗ ਦੀਆਂ ਅਣਗਿਣਤ ਤੇ ਕਰੀਬ ਸਭ ਲੋੜਾਂ ਤੇ ਸਹੂਲਤਾਂ-ਇੰਜਣ ਤੋਂ ਟਿਊਬਵੈਲ, ਟਰੱਕ/ਕਾਰਾਂ, ਤੇ ਹਵਾਈ ਜਹਾਜ਼ਾਂ ਤੱਕ; ਬਿਜਲਈ ਚੁੱਲ੍ਹਿਆਂ, ਫਰਿੱਜਾਂ, ਤੇ ਏਅਰਕੰਡੀਸ਼ਨਰਾਂ ਤੋਂ ਘਰਾਂ, ਸੜਕਾਂ ਤੇ ਸ਼ਹਿਰਾਂ ਨੂੰ ਜਗਮਗਾਉਂਦੀ ਰੰਗ-ਬਰੰਗੀ ਰੋਸ਼ਨੀ ਤੱਕ; ਰੇਡੀਓ, ਟੀ. ਵੀ. ਅਤੇ ਕੰਪਿਊਟਰਾਂ ਤੋਂ ਇੰਟਰਨੈਟ, ਸ਼ੋਸ਼ਲ ਮੀਡੀਆ, ਤੇ ਸਮਾਰਟ ਫੋਨਾਂ ਤੱਕ ਅਤੇ ਵੈਕਸੀਨਾਂ ਤੋਂ ਭਿੰਨ ਭਿੰਨ ਬਿਮਾਰੀਆਂ ਦੇ ਇਲਾਜਾਂ ਤੱਕ। ਇੰਜ ਵਿਗਿਆਨਕ ਸੋਚ ਕਿਸੇ ਹੱਦ ਤੱਕ ਸਹਿਜ ਹੀ ਪੱਛਮੀ ਸੰਸਕ੍ਰਿਤੀ, ਸਮਾਜ ਤੇ ਮਨੁੱਖ ਵਿਚ ਘਰ ਕਰਦੀ ਰਹੀ ਹੈ। ਮਿਸਾਲ ਵਜੋਂ ਪੱਛਮ ਵਿਚ ਆਮ ਕਹਾਵਤ ਹੈ, 'ਇਟ ਡਜ਼ ਨਾਟ ਵਰਕ', ਭਾਵ 'ਇਹ ਸੂਤ ਨਹੀਂ ਬਹਿੰਦੀ' ਜਾਂ 'ਇਹ ਚੱਲਦੀ ਨਹੀਂ।' ਲੋਕ ਇਹ ਕਹਾਵਤ ਉਦੋਂ ਵਰਤਦੇ ਨੇ, ਜਦ ਕਿਸੇ ਚੀਜ਼, ਵਿਧੀ ਜਾਂ ਖਿਆਲ ਦੀ ਵਰਤੋਂ ਕਰਨ ਨਾਲ ਲੋੜੀਂਦੇ ਸਿੱਟੇ ਨਾ ਨਿਕਲਣ; ਫਿਰ ਉਹ ਹੋਰ ਕੋਈ ਚੀਜ਼, ਵਿਧੀ ਜਾਂ ਖਿਆਲ ਅਜ਼ਮਾਉਂਦੇ ਹਨ।

ਇੰਜ ਵਿਗਿਆਨਕ ਸੋਚ ਨਾਲ ਮੇਲ ਖਾਂਦੇ ਅਨੇਕਾਂ ਲੱਛਣ/ਰੁਝਾਨ ਪੱਛਮੀ ਸੰਸਕ੍ਰਿਤੀ ਤੇ ਆਵਾਮੀ ਸੋਚ ਦਾ ਹਿੱਸਾ ਬਣੇ ਹੋਏ ਨੇ। ਪ੍ਰਾਚੀਨ ਭਾਰਤੀ ਫਲਸਫੇ ਭਾਵੇਂ ਗਰੀਕ ਫਲਸਫੇ ਵਾਂਗ ਐਟਮਵਾਦ ਦੇ ਕੁਝ ਅੰਸ਼ ਸਨ: ਵੈਦਿਕ ਰਿਸ਼ੀ ਅਰੁਨੀ (8ਵੀਂ ਈਸਾ ਪੂਰਵ) ਤੇ ਚਾਰਵਕਾ, ਜੈਨ ਤੇ ਅਜੀਵਿਕਾ (7ਵੀਂ ਈਸਾ ਪੂਰਵ) ਵਰਗਿਆਂ ਸਦਕਾ, ਪਰ ਕੱਟੜ ਹਿੰਦੂ ਧਾਰਮਿਕ ਫਲਸਫਾ ਹੀ ਸਮੁੱਚੇ ਫਲਸਫੇ 'ਤੇ ਭਾਰੂ ਰਿਹਾ। ਐਟਮਵਾਦ, ਜਿਸ ਅਨੁਸਾਰ ਬਹੁਤ ਛੋਟੇ, ਨਾ ਦਿਸਣ ਵਾਲੇ ਅਣੂ ਇਕੱਠੇ ਹੋ ਕੇ ਦਿਸਣ ਵਾਲੀਆਂ ਚੀਜ਼ਾਂ ਬਣਾਉਂਦੇ ਨੇ, ਭਾਰਤੀ ਫਲਸਫੇ 'ਚ ਵਿਗਿਆਨ ਦੀ ਪੱਧਰ ਤੱਕ ਵਿਕਸਿਤ ਨਾ ਹੋ ਸਕਿਆ।

ਮੁੱਕਦੀ ਗੱਲ, ਪ੍ਰਾਚੀਨ ਭਾਰਤੀ ਫਲਸਫੇ ਤੇ ਸੰਸਕ੍ਰਿਤੀ ਵਿਚੋਂ ਵਿਗਿਆਨ ਇਸ ਲਈ ਵਿਗਿਆਨਕ ਪਹੁੰਚ ਤੇ ਵਿਗਿਆਨਕ ਸੋਚ ਵੀ, ਗਾਇਬ ਹੀ ਰਹੇ ਨੇ; ਇਸੇ ਕਰਕੇ ਅੱਜ ਤੱਕ ਕੋਈ ਵਿਗਿਆਨਕ, ਜਾਂ ਵਿਗਿਆਨ ਤੋਂ ਉਪਜੀ ਜਾਂ ਪ੍ਰਭਾਵਿਤ ਕੋਈ ਅਸਰਦਾਇਕ ਲਹਿਰ ਨਹੀਂ ਚੱਲੀ; ਤੇ ਇਸੇ ਲਈ ਵਿਗਿਆਨਕ ਤਰਕ ਵਿਧੀ ਵੀ ਵਿਕਸਿਤ ਨਾ ਹੋ ਸਕੀ, ਜਿਵੇਂ ਪੱਛਮ 'ਚ ਹੋਈ।

ਮੇਰੀ ਜਾਚੇ ਭਾਰਤ ਵਿਚ ਸ਼ੁਰੂ ਤੋਂ ਵਿਗਿਆਨ ਵਿਕਸਿਤ ਨਾ ਹੋਣ ਦਾ ਮੂਲ ਕਾਰਨ ਵਿਦਵਾਨਾਂ ਅਤੇ ਆਮ ਲੋਕਾਂ ਵਿਚ ਵੱਡੇ ਪਾੜੇ ਦਾ ਹੋਣਾ ਨਹੀਂ ਸੀ, ਸਗੋਂ ਭਾਰਤੀ ਫਲਸਫੇ ਵਿਚੋਂ ਵਿਗਿਆਨ ਦਾ ਲਗਭਗ ਗੈਰਹਾਜ਼ਰ ਹੋਣਾ ਸੀ। ਵਿਦਵਾਨਾਂ, ਭਾਵ ਬ੍ਰਾਹਮਣ ਵਰਗ, ਕੋਲ ਵਿਗਿਆਨ ਤੇ ਵਿਗਿਆਨਕ ਸੋਚ ਹੈ ਹੀ ਨਹੀਂ ਸੀ, ਤਾਂ ਵਿਕਾਸ ਕਿੱਥੋਂ ਹੁੰਦਾ! ਜੋ ਗਿਆਨ ਉਨ੍ਹਾਂ ਕੋਲ ਸੀ, ਉਹ ਦਿੱਤਾ ਤੇ ਲੋਕਾਂ ਵਿਚ ਮਕਬੂਲ ਵੀ ਚੜ੍ਹਿਆ: ਬ੍ਰਹਮਾ, ਆਤਮਾ, ਦੇਵੀ-ਦੇਵਤੇ, ਨਿਰਵਾਣਾ, ਧਰਮ/ਕਰਮ, ਪੁਨਰ-ਜਨਮ, ਤੇ ਹੋਰ ਧਾਰਮਿਕ ਨਿਕ-ਸੁੱਕ ਬਾਰੇ ਸਿਧਾਂਤ ਤੇ ਕਹਾਣੀਆਂ।

ਜੇ ਸਾਰੇ ਨਹੀਂ, ਬਹੁਤੇ ਧਰਮ ਸੁਭਾਵਿਕ ਹੀ ਪਿਛਾਂਹ-ਖਿਚੂ ਹੁੰਦੇ ਨੇ ਜਾਂ ਹੋ ਨਿਬੜਦੇ ਨੇ। ਇਸ ਦੇ ਉਲਟ ਵਿਗਿਆਨ ਆਪਣੀ ਪਰਿਭਾਸ਼ਾ ਤੋਂ ਹੀ ਅਗਾਂਹ-ਵਧੂ ਹੁੰਦੀ ਹੈ ਅਤੇ ਵਿਗਿਆਨਕ ਸੋਚ ਤੇ ਪਹੁੰਚ ਭਵਿੱਖ-ਮੁਖੀ ਵੀ। ਪੱਛਮ ਵਿਚ ਵਿਗਿਆਨ ਤੇ ਧਰਮ ਵਿਚਾਲੇ ਸ਼ੁਰੂ ਤੋਂ ਹੀ ਚੱਲੀ ਆਉਂਦੀ ਟੱਕਰ ਇਸ ਸੱਚ ਦੀ ਗਵਾਹ ਹੈ। "ਪਹਿਲਾਂ ਯੁੱਗ ਸਤਯੁਗ ਸੀ ਤੇ ਤ੍ਰੇਤਾ ਤੇ ਦੁਆਪਰ ਤੋਂ ਬਾਅਦ ਹੁਣ ਦਾ ਯੁੱਗ ਕਲਯੁੱਗ ਹੈ।" ਇਸ ਸਮੇਤ ਹਿੰਦੂ ਧਾਰਮਿਕ ਫਲਸਫੇ ਤੇ ਚਿੰਤਨ ਵਿਚਲੀਆਂ ਅਜਿਹੀਆਂ ਪਿਛਲਖੁਰੀ ਧਾਰਨਾਵਾਂ ਨੇ ਵਿਗਿਆਨ ਤੇ ਵਿਗਿਆਨਕ ਸੋਚ ਦੀ ਗੈਰਹਾਜ਼ਰੀ ਸਦਕਾ ਭਾਰਤੀ ਲੋਕਾਂ ਦੀ ਮਾਨਸਿਕਤਾ ਤੇ ਚਿੰਤਨ 'ਚ ਭੂਤ-ਮੁਖੀ ਪਹੁੰਚ ਕੁੱਟ ਕੁੱਟ ਕੇ ਭਰ ਦਿੱਤੀ, ਜੋ ਅੱਜ ਤੱਕ ਅਮਰ ਹੈ।

ਸੋ, ਪੰਜਾਬੀ ਮਾਨਸਿਕਤਾ ਤੇ ਚਿੰਤਨ ਵਿਚ ਭੂਤ-ਮੁਖੀ ਪਹੁੰਚ ਦੇ ਦਾਖਲੇ ਦਾ ਮੁਢਲਾ ਕਾਰਨ ਵਿਗਿਆਨ ਤੇ ਵਿਗਿਆਨਕ ਸੋਚ ਦੀ ਗੈਰਹਾਜ਼ਰੀ ਹੈ, ਕਿਉਂਕਿ ਜੇ ਵਿਗਿਆਨ ਤੇ ਵਿਗਿਆਨਕ ਸੋਚ ਹਾਜ਼ਰ ਹੁੰਦੀਆਂ ਤਾਂ ਉਹ ਇਸ ਦਾਖਲੇ ਦਾ ਵਿਰੋਧ ਕਰਦੀਆਂ। ਵਿਗਿਆਨ ਤੇ ਵਿਗਿਆਨਕ ਸੋਚ ਦੀ ਗੈਰਹਾਜ਼ਰੀ ਸਦਕਾ ਵਿਗਿਆਨਕ ਤਰਕ ਵਿਧਾਨ ਵੀ ਵਿਕਸਿਤ ਨਾ ਹੋ ਸਕਿਆ, ਜੋ ਪੂਰੀ ਤਰ੍ਹਾਂ ਖਰੇ ਜਾਂ ਖੋਟੇ ਤਰਕ 'ਤੇ ਆਧਾਰਿਤ ਹੋਵੇ, ਨਾ ਕਿ ਚਲਾਕੀ 'ਤੇ। ਸੋ, ਆਪਣੇ ਵਿਚਾਰਾਂ ਨੂੰ ਅੰਤਿਮ ਸੱਚ ਮੰਨ ਕੇ ਸੰਵਾਦ ਵਿਚ ਹਿੱਸਾ ਲੈਣਾ ਦੇ ਰੁਝਾਨ ਦੀਆਂ ਜੜ੍ਹਾਂ ਵੀ ਵਿਗਿਆਨਕ ਸੋਚ ਤੇ ਵਿਗਿਆਨਕ ਤਰਕ ਵਿਧਾਨ ਦੀ ਗੈਰਹਾਜ਼ਰੀ ਵਿਚ ਹੀ ਹਨ।

ਇੰਜ ਮੌਜੂਦਾ ਪੰਜਾਬੀ ਚਿੰਤਨ ਦੀਆਂ ਮੂਲ ਸਮੱਸਿਆਵਾਂ ਦੀਆਂ ਜੜ੍ਹਾਂ ਪ੍ਰਾਚੀਨ ਭਾਰਤੀ ਫਲਸਫੇ ਤੇ ਚਿੰਤਨ ਵਿਚ ਵਿਗਿਆਨ, ਵਿਗਿਆਨਕ ਪਹੁੰਚ ਜਾਂ ਵਿਧੀ, ਵਿਗਿਆਨਕ ਸੋਚ, ਤੇ ਵਿਗਿਆਨਕ ਤਰਕ ਵਿਧਾਨ ਦੀ ਗੈਰਹਾਜ਼ਰੀ ਵੱਲ ਨੂੰ ਜਾਂਦੀਆਂ ਹਨ। ਵਿਗਿਆਨ ਉਸ ਗਿਆਨ ਤੇ ਖੋਜ ਖੇਤਰ ਦਾ ਨਾਂ ਹੈ, ਜਿਸ ਵਿਚ ਬ੍ਰਹਿਮੰਡ ਤੇ ਇਸ ਵਿਚਲੀਆਂ ਚੀਜ਼ਾਂ ਤੇ ਵਰਤਾਰਿਆਂ ਬਾਰੇ ਪ੍ਰਮਾਣ 'ਤੇ ਆਧਾਰਿਤ ਵਿਗਿਆਨਕ ਵਿਧੀਆਂ ਵਰਤ ਕੇ ਗਿਆਨ ਖੋਜਿਆ ਤੇ ਇਕੱਤਰ ਕੀਤਾ ਜਾਂਦਾ ਹੈ। ਇਨ੍ਹਾਂ ਵਿਧੀਆਂ ਵਿਚ ਕੁਝ ਤੱਤ ਸਾਂਝੇ ਹੁੰਦੇ ਨੇ, ਤੇ ਇਨ੍ਹਾਂ ਤੱਤਾਂ ਤੋਂ ਬਣਦੀ ਹੈ, ਵਿਗਿਆਨਕ ਵਿਧੀ ਜਾਂ ਵਿਗਿਆਨਕ ਪਹੁੰਚ।

ਇਸ ਵਿਧੀ ਅਧੀਨ ਕਿਸੇ ਵਿਚਾਰ-ਗੋਚਰੇ ਚੀਜ਼, ਵਰਤਾਰੇ, ਜਾਂ ਸਮੱਸਿਆ ਦੀ ਨਜ਼ਰਸਾਨੀ ਜਾਂ ਨਿਰੀਖਣ ਦੌਰਾਨ ਇਕੱਤਰ ਕੀਤੇ ਤੱਥਾਂ ਜਾਂ ਅੰਕੜਿਆਂ ਦਾ ਵਿਸ਼ਲੇਸ਼ਣ ਕਰਕੇ ਤਰਕਸ਼ੀਲ ਢੰਗ ਨਾਲ ਨਤੀਜੇ 'ਤੇ ਪਹੁੰਚਿਆ ਜਾਂਦਾ ਹੈ, ਜਿਸ ਦੇ ਆਧਾਰ 'ਤੇ ਸੱਚਾਈ ਦਾ ਅੰਦਾਜ਼ਾ ਲਾਇਆ ਜਾਂਦਾ ਹੈ, ਬਿਆਨ ਜਾਂ ਬਿਆਨਾਂ ਦੇ ਰੂਪ ਵਿਚ, ਜਿਹਨੂੰ ਪਰੀਸਿਧਾਂਤ ਜਾਂ ਪਰੀਨਿਯਮ ਯਾਨਿ ਹਾਈਪੋਥੇਸਿਜ਼ ਕਿਹਾ ਜਾਂਦਾ ਹੈ। ਹਰ ਪਰੀਸਿਧਾਂਤ ਦਾ ਇੱਕ ਲਾਜ਼ਮੀ ਲੱਛਣ ਹੈ ਕਿ ਉਹ ਚੀਜ਼ਾਂ ਤੇ ਵਰਤਾਰਿਆਂ ਬਾਰੇ ਭਵਿੱਖਵਾਣੀਆਂ ਕਰੇ। ਜੇ ਇਨ੍ਹਾਂ ਭਵਿੱਖਵਾਣੀਆਂ ਵਿਚੋਂ ਇੱਕ ਵੀ ਪ੍ਰਯੋਗ ਦੀ ਕਸੌਟੀ 'ਤੇ ਪੂਰੀ ਨਾ ਉਤਰੇ ਤਾਂ ਪਰੀਸਿਧਾਂਤ ਨੂੰ ਜਾਂ ਤਾਂ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ, ਜਾਂ ਸੋਧ ਕੇ ਫਿਰ ਪਰਖਿਆ ਜਾਂਦਾ ਹੈ; ਤੇ ਜਾਂ ਉਹਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤਾ ਜਾਂਦਾ ਹੈ। ਇਹਦੇ ਉਲਟ, ਜਿਸ ਪਰੀਸਿਧਾਂਤ ਦੀਆਂ ਭਵਿੱਖਵਾਣੀਆਂ ਵਾਰ ਵਾਰ ਵਰ੍ਹਿਆਂ-ਬੱਧੀ ਵੱਖ ਵੱਖ ਹਾਲਾਤਾਂ ਅਧੀਨ ਪ੍ਰਯੋਗ ਦੀ ਕਸੌਟੀ 'ਤੇ ਪੂਰੀਆਂ ਉਤਰਦੀਆਂ ਚਲੀਆਂ ਜਾਣ ਤਾਂ ਉਹ ਪਰੀਸਿਧਾਂਤ ਫਿਰ ਸਿਧਾਂਤ ਬਣ ਜਾਂਦਾ ਹੈ।

ਇਸ ਵਿਗਿਆਨਕ ਪਹੁੰਚ ਦੇ ਨਜ਼ਰੀਏ ਤੋਂ ਚੀਜ਼ਾਂ, ਚੀਜ਼ਾਂ ਦੇ ਆਪਸੀ ਸਬੰਧਾਂ, ਵਰਤਾਰਿਆਂ ਤੇ ਸਮੱਸਿਆਵਾਂ ਬਾਰੇ ਸੋਚਣ ਢੰਗ ਨੂੰ ਹੀ ਵਿਗਿਆਨਕ ਸੋਚਣੀ ਕਿਹਾ ਜਾਂਦਾ ਹੈ, ਜਿਸ ਦੀਆਂ ਪਰਿਭਾਸ਼ਾ ਤੇ ਵਿਆਖਿਆ ਤੋਂ ਸਪੱਸ਼ਟ ਹੈ ਕਿ ਵਿਗਿਆਨਕ ਪਹੁੰਚ ਤੇ ਵਿਗਿਆਨਕ ਸੋਚਣੀ ਕੇਵਲ ਵਿਗਿਆਨ ਵਿਚ ਹੀ ਨਹੀਂ, ਸਗੋਂ ਕਿਸੇ ਵੀ ਖੇਤਰ ਵਿਚ ਵਰਤੀ ਜਾ ਸਕਦੀ ਹੈ, ਕਿਉਂਕਿ ਗਿਆਨ, ਸੋਚ, ਅੰਕੜੇ, ਪ੍ਰਯੋਗ ਤੇ ਸਬੂਤ ਸਿਰਫ ਠੋਸ ਵਿਗਿਆਨ-ਵਿਸ਼ਿਆਂ ਤੱਕ ਹੀ ਸੀਮਿਤ ਨਹੀਂ। ਪੱਛਮੀ ਫਲਸਫੇ ਵਿਚ ਵਿਕਸਿਤ ਹੋਇਆ ਤਰਕਸ਼ੀਲ ਢੰਗ ਖਰੇ ਜਾਂ ਖੋਟੇ ਤਰਕ ਦੇ ਨਿਸ਼ਚਿਤ ਨਿਯਮਾਂ 'ਤੇ ਆਧਾਰਿਤ ਹੈ, ਨਾ ਕਿ ਚਲਾਕੀ ਤੇ ਦੂਜੇ ਨੂੰ ਗਲਤ ਸਿੱਧ ਕਰਕੇ ਆਪਣਾ ਲੋਹਾ

***ਭਾਰਤ ਵਿਚ ਸ਼ੁਰੂ ਤੋਂ ਵਿਗਿਆਨ ਵਿਕਸਿਤ ਨਾ ਹੋਣ ਦਾ ਮੂਲ ਕਾਰਨ ਵਿਦਵਾਨਾਂ ਅਤੇ ਆਮ ਲੋਕਾਂ ਵਿਚ ਵੱਡੇ ਪਾੜੇ ਦਾ ਹੋਣਾ ਨਹੀਂ ਸੀ, ਸਗੋਂ ਭਾਰਤੀ ਫਲਸਫੇ ਵਿਚੋਂ ਵਿਗਿਆਨ ਦਾ ਲਗਭਗ ਗੈਰਹਾਜ਼ਰ ਹੋਣਾ ਸੀ। ਵਿਦਵਾਨਾਂ, ਭਾਵ ਬ੍ਰਾਹਮਣ ਵਰਗ, ਕੋਲ ਵਿਗਿਆਨ ਤੇ ਵਿਗਿਆਨਕ ਸੋਚ ਹੈ ਹੀ ਨਹੀਂ ਸੀ, ਤਾਂ ਵਿਕਾਸ ਕਿੱਥੋਂ ਹੁੰਦਾ! ਜੋ ਗਿਆਨ ਉਨ੍ਹਾਂ ਕੋਲ ਸੀ, ਉਹ ਦਿੱਤਾ ਤੇ ਲੋਕਾਂ ਵਿਚ ਮਕਬੂਲ ਵੀ ਚੜ੍ਹਿਆ: ਬ੍ਰਹਮਾ, ਆਤਮਾ, ਦੇਵੀ-ਦੇਵਤੇ, ਨਿਰਵਾਣਾ, ਧਰਮ/ਕਰਮ, ਪੁਨਰ-ਜਨਮ, ਤੇ ਹੋਰ ਧਾਰਮਿਕ ਨਿਕ-ਸੁੱਕ ਬਾਰੇ ਸਿਧਾਂਤ ਤੇ ਕਹਾਣੀਆਂ।***

ਮੰਨਵਾਉਣ ਦੇ ਰੁਝਾਨ 'ਤੇ। ਕਿਉਂਕਿ ਇਹ ਤਰਕ ਵਿਧਾਨ ਹੋਰ ਵਿਸ਼ਿਆਂ ਸਮੇਤ ਵਿਗਿਆਨ ਵਿਚ ਵੀ ਵਰਤਿਆ ਜਾਂਦਾ ਹੈ, ਮੈਂ ਇਹਨੂੰ ਵਿਗਿਆਨਕ ਤਰਕ ਵਿਧਾਨ ਕਿਹਾ ਹੈ।

ਜੇ ਮੌਜੂਦਾ ਪੰਜਾਬੀ ਚਿੰਤਨ ਦੀਆਂ ਮੂਲ ਸਮੱਸਿਆਵਾਂ ਦਾ ਕਾਰਨ ਵਾਕਈ ਵਿਗਿਆਨ, ਵਿਗਿਆਨਕ ਵਿਧੀ/ਪਹੁੰਚ, ਵਿਗਿਆਨਕ ਸੋਚ, ਤੇ ਵਿਗਿਆਨਕ ਤਰਕ ਵਿਧਾਨ ਦੀ ਲਗਭਗ ਗੈਰਹਾਜ਼ਰੀ ਹੈ, ਤਾਂ ਇਨ੍ਹਾਂ ਸਮੱਸਿਆਵਾਂ ਦਾ ਹੱਲ ਨਿਸ਼ਚੇ ਹੀ ਇਨ੍ਹਾਂ ਗਾਇਬ ਵਿਗਿਆਨਕ ਅੰਸ਼ਾਂ ਦੀ ਹਾਜ਼ਰੀ ਹੀ ਹੋਏਗਾ। ਮੌਜੂਦਾ ਪੰਜਾਬੀ ਚਿੰਤਨ ਦੀਆਂ ਮੂਲ ਸਮੱਸਿਆਵਾਂ ਹੱਲ ਕਰਨ ਲਈ ਲੋੜ ਹੈ ਇੱਕ ਮੁਹਿੰਮ ਜਾਂ ਲਹਿਰ ਦੀ, ਜਿਸ ਦੌਰਾਨ ਪੰਜਾਬ ਇਨ੍ਹਾਂ ਵਿਗਿਆਨਕ ਅੰਸ਼ਾਂ ਸੰਗ ਲੈਸ ਹੋ ਜਾਵੇ। ਜੇ ਖੜੋਤ ਨੂੰ ਉਸਾਰੂ ਢੰਗ ਨਾਲ ਤੋੜਨ ਦਾ ਇਰਾਦਾ ਹੈ ਤਾਂ ਸ਼ਾਇਦ, ਪੰਜਾਬ ਦੀ ਮੌਜੂਦਾ ਖੜੋਤ ਨੂੰ ਤੋੜਨ ਹਿੱਤ ਇਹ ਅਗਲਾ ਕਦਮ ਹੋਏਗਾ, ਭਵਿੱਖ ਵੱਲ ਨੂੰ ਮੂੰਹ ਕਰ ਕੇ ਭਵਿੱਖ ਨੂੰ ਖੁੱਲ੍ਹਦਾ ਬੂਹਾ ਖੋਲ੍ਹਣ ਦੇ ਯੋਗ ਹੋਣਾ ਦਾ।

# ਸਮਾਜ ਦੇ ਪਿੰਡੇ ਉਤੇ ਦੇਵਦਾਸੀਆਂ ਦਾ ਦਾਗ

***ਦੇਵਦਾਸੀ ਪ੍ਰਥਾ ਔਰਤ ਜਾਤ ਨਾਲ ਸਰਾਸਰ ਜ਼ਿਆਦਤੀ ਹੈ। ਇਹ ਪ੍ਰਥਾ ਧਰਮ ਨੂੰ ਆਧਾਰ ਕੇ ਸ਼ੁਰੂ ਕੀਤੀ ਗਈ ਅਤੇ ਫਿਰ ਸਮਾਂ ਪਾ ਕੇ ਇਹ ਔਰਤਾਂ ਦੇ ਗਲ ਦਾ ਫਾਹਾ ਬਣ ਗਈ। ਡਾ. ਪਰਮਜੀਤ ਢੀਂਗਰਾ ਨੇ ਇਸ ਪ੍ਰਥਾ ਦੀ ਸ਼ੁਰੂਆਤ ਅਤੇ ਇਤਿਹਾਸ ਬਾਰੇ ਕੁਝ ਨੁਕਤੇ ਆਪਣੇ ਇਸ ਲੇਖ ਅੰਦਰ ਵਿਚਾਰੇ ਹਨ। -ਸੰਪਾਦਕ***

ਭਾਰਤੀ ਇਤਿਹਾਸ ਵਿਚ ਮਿਲਦੀਆਂ ਕਈ ਪਰੰਪਰਾਵਾਂ ਨਾਕਾਰਾਤਮਕ ਮੁੱਲਾਂ ਵਾਲੀਆਂ ਹਨ। ਇਨ੍ਹਾਂ ਨੂੰ ਸ਼ੁਰੂ ਕਰਨ ਸਮੇਂ ਧਰਮ ਦਾ ਆਸਰਾ ਲਿਆ ਗਿਆ ਅਤੇ ਬਾਅਦ ਵਿਚ ਇਹ ਇੰਨੀਆਂ ਪੀਢੀਆਂ ਹੋ ਗਈਆਂ ਕਿ ਕਾਨੂੰਨ ਵੀ ਇਨ੍ਹਾਂ 'ਤੇ ਬਹੁਤੇ ਅਸਰਅੰਦਾਜ਼ ਨਹੀਂ ਹੋ ਸਕੇ। ਇਨ੍ਹਾਂ ਵਿਚੋਂ ਦੇਵਦਾਸੀ ਪਰੰਪਰਾ ਮੁੱਖ ਹੈ। ਦੇਵਦਾਸੀ ਅਰਥਾਤ ਦੇਵਤਿਆਂ ਦੀ ਦਾਸੀ ਹੈ ਜੋ ਪੂਰੀ ਉਮਰ ਦੇਵਤਿਆਂ ਦੇ ਚਰਨਾਂ ਵਿਚ ਗੁਜ਼ਾਰਦੀ ਹੈ ਤੇ ਉਨ੍ਹਾਂ ਦੀ ਟਹਿਲ ਸੇਵਾ ਕਰਦੀ ਹੈ।

ਪ੍ਰਸਿਧ ਲੇਖਕ ਡੂਬਵਾ ਆਪਣੀ ਪੁਸਤਕ 'ਹਿੰਦੂ ਮੈਨਰਜ਼, ਕਸਟਮਜ਼ ਐਂਡ ਸੈਰੇਮਨੀਜ਼' ਵਿਚ ਲਿਖਦਾ ਹੈ: ਹਰ ਦੇਵਦਾਸੀ ਨੂੰ ਮੰਦਿਰ ਵਿਚ ਨੱਚਣਾ ਤੇ ਗਾਉਣਾ ਪੈਂਦਾ ਹੈ। ਮੰਦਿਰ ਵਿਚ ਬਾਹਰੋਂ ਆਉਣ ਵਾਲੇ ਖਾਸ ਮਹਿਮਾਨਾਂ ਨਾਲ ਸੌਣਾ ਪੈਂਦਾ ਹੈ। ਇਸ ਦੇ ਇਵਜ਼ ਵਿਚ ਉਸ ਨੂੰ ਅਨਾਜ, ਨਕਦੀ ਮਿਹਨਤਾਨਾ ਮਿਲਦਾ ਹੈ। ਮੰਦਿਰਾਂ ਵਿਚ ਦੇਵਦਾਸੀਆਂ ਦੀ ਨਿਯੁਕਤੀ ਮਹੀਨਾਵਾਰ ਜਾਂ ਸਾਲ ਭਰ ਦੀ ਤਨਖਾਹ 'ਤੇ ਵੀ ਕੀਤੀ ਜਾਂਦੀ ਹੈ।



**ਡਾ. ਪਰਮਜੀਤ ਢੀਂਗਰਾ**

ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਸਿਰਫ ਪੈਂਤੀ ਵਰ੍ਹਿਆਂ ਦੌਰਾਨ ਤਕਰੀਬਨ ਡੇਢ ਲੱਖ ਔਰਤਾਂ ਦੇਵੀ ਦੇਵਤਿਆਂ ਨੂੰ ਭੇਟ ਕੀਤੀਆਂ ਗਈਆਂ। ਹਰ ਸਾਲ ਸਾਢੇ ਚਾਰ ਹਜ਼ਾਰ ਔਰਤਾਂ ਦੇਵਦਾਸੀਆਂ ਬਣਾਈਆਂ ਗਈਆਂ। ਪੈਂਤੀ ਵਰ੍ਹਿਆਂ ਬਾਅਦ ਇਹ ਗਿਣਤੀ ਬੜੀ ਤੇਜ਼ੀ ਨਾਲ ਵਧੀ। ਇਹੀ ਕਾਰਨ ਹੈ ਕਿ ਕਈ ਸੂਬਿਆਂ ਲਈ ਇਹ ਬੜੀ ਗੰਭੀਰ ਸਮੱਸਿਆ ਬਣ ਗਈ ਹੈ।

ਇਸ ਪ੍ਰਥਾ ਦੇ ਸ਼ੁਰੂ ਹੋਣ ਪਿੱਛੇ ਬੈਬੀਲੋਨ ਦੀ ਸਭਿਅਤਾ ਵਿਚ ਪ੍ਰਸਿਧ ਮਿਲਿਟਾ ਦੇਵੀ ਦੀ ਉਦਾਹਰਨ ਵੀ ਲਈ ਜਾਂਦੀ ਹੈ। ਇਹ ਦੇਵੀ ਆਜ਼ਾਦੀ ਦੀ ਪ੍ਰਤੀਕ ਮੰਨੀ ਜਾਂਦੀ ਹੈ। ਉਹ ਲੰਮੀ ਉਮਰ ਭੋਗਣ ਦੀ ਇਛਾ ਰੱਖਦੀ ਸੀ। ਵਰ੍ਹੇ ਵਿਚ ਇਕ ਵਾਰ ਉਸ ਦੇਵੀ ਦੀ ਯਾਤਰਾ ਹੁੰਦੀ ਸੀ। ਯਾਤਰਾ ਵਾਲੇ ਦਿਨ ਮੰਦਿਰ ਆਉਣ ਵਾਲਾ ਕੋਈ ਵੀ ਪੁਰਸ਼ ਜਿਸ ਵੀ ਔਰਤ ਦਾ ਹੱਥ ਫੜ ਲੈਂਦਾ



ਸੀ, ਉਸ ਨੂੰ ਬਿਨਾ ਕਿਸੇ ਹੀਲ ਹੁੱਜਤ ਦੇ ਉਸ ਪੁਰਸ਼ ਨਾਲ ਸੌਣਾ ਪੈਂਦਾ ਸੀ। ਕਈ ਵਰ੍ਹਿਆਂ ਤਕ ਇਹ ਪ੍ਰਥਾ ਚਲਦੀ ਰਹੀ। ਪੁਰਸ਼ ਬਾਅਦ ਵਿਚ ਉਸ ਔਰਤ ਨੂੰ ਇਨਾਮ ਦਿੰਦਾ ਸੀ ਜਿਸ ਨੂੰ ਉਹ ਮੰਦਿਰ ਦੀ ਦਾਨ-ਪੇਟੀ ਵਿਚ ਪਾ ਦਿੰਦੀ ਸੀ। ਇਸ ਤਰ੍ਹਾਂ ਪੁਰਸ਼ ਉਸ ਔਰਤ ਨੂੰ ਦੇਵੀ ਦੇ ਨਾਂ 'ਤੇ ਆਪਣੀ ਰਖੇਲ ਵਜੋਂ ਵੀ ਰੱਖ ਲੈਂਦਾ ਸੀ।

ਦੇਵਦਾਸੀ ਪ੍ਰਥਾ ਸ਼ੁਰੂ ਹੋਣ ਦਾ ਇਕ ਕਾਰਨ ਇਹ ਵੀ ਮੰਨਿਆ ਜਾਂਦਾ ਹੈ ਕਿ ਵਿਆਹ ਸਮੇਂ ਹਰ ਹਿੰਦੂ ਦੁਲਹਨ ਨੂੰ ਇੰਦਰ ਸਮੇਤ ਪੰਜ ਦੇਵਤਿਆਂ ਨਾਲ ਵਿਆਹਿਆ ਜਾਂਦਾ ਹੈ। ਇਸ ਤੋਂ ਬਾਅਦ ਹੀ ਉਸ ਦਾ ਆਪਣੇ ਵਰ ਨਾਲ ਵਿਆਹ ਹੁੰਦਾ ਹੈ। ਪੁਰਾਣਾਂ ਵਿਚ ਵੀ ਇਸ ਦਾ ਜ਼ਿਕਰ ਮਿਲਦਾ ਹੈ।

ਮੱਧ ਯੁੱਗ ਵਿਚ ਵੀ ਇਸ ਦੇ ਕਈ ਹਵਾਲੇ ਮਿਲਦੇ ਹਨ। 1351 ਵਿਚ ਅਰਬ ਦੇ ਦੋ ਯਾਤਰੀ ਭਾਰਤ ਪਹੁੰਚੇ ਅਤੇ ਉਨ੍ਹਾਂ ਨੇ ਵੇਸਵਾਵਾਂ ਨੂੰ ਹੀ ਦੇਵਦਾਸੀ ਪਰੰਪਰਾ ਨਾਲ ਜੋੜਿਆ। ਉਨ੍ਹਾਂ ਦਾ ਕਥਨ ਹੈ ਕਿ ਸੰਤਾਨ ਦੀ ਇਛਾ ਰੱਖਣ ਵਾਲੀ ਕਿਸੇ ਵੀ ਔਰਤ ਦੀ ਮੰਨਤ ਪੂਰੀ ਕਰਨ ਲਈ ਅਤੇ ਸੁੰਦਰ ਪੁੱਤਰ ਦੀ ਪ੍ਰਾਪਤੀ ਲਈ ਉਹ ਬੋਂਡ ਨਾਂ ਦੀ ਮੂਰਤੀ ਕੋਲ ਲਿਜਾ ਕੇ ਉਸ ਨੂੰ ਭੇਟ ਕਰ ਦਿੱਤੀ ਜਾਂਦੀ ਹੈ। ਉਹ ਔਰਤ ਜਵਾਨ ਹੋਣ ਤੋਂ ਬਾਅਦ ਕਿਸੇ ਜਨਤਕ ਸਥਾਨ 'ਤੇ ਰਹਿਣ ਲੱਗ ਜਾਂਦੀ ਹੈ। ਉਥੇ ਆਉਣ ਜਾਣ ਵਾਲੇ ਯਾਤਰੂਆਂ ਤੋਂ ਜਿਸਮਫਰੋਸ਼ੀ ਬਦਲੇ ਲਿਆ ਪੈਸਾ ਉਹ ਮੂਰਤੀ ਦੇ ਪੁਜਾਰੀ ਨੂੰ ਦੇ ਦਿੰਦੀ ਹੈ।


ਕਰਨਾਟਕ ਵਿਚ ਪਹਿਲਾਂ ਦੇਵਦਾਸੀ ਨੂੰ ਸੁੱਲੇ (ਵੇਸਵਾ) ਕਿਹਾ ਜਾਂਦਾ ਸੀ। ਸਮੇਂ ਦੇ ਨਾਲ ਨਾਲ ਉਥੇ ਇਨ੍ਹਾਂ ਨੂੰ 'ਭੋਗੰਦ' ਅਥਵਾ 'ਅਗੰਦ ਸੁੱਲੇ' ਕਿਹਾ ਜਾਣ ਲੱਗਿਆ। ਅੱਜ ਵੀ ਕੋਈ ਦੇਵਦਾਸੀ ਵਿਧਵਾ ਨਹੀਂ ਹੁੰਦੀ, ਕਿਉਂਕਿ ਉਹ ਦੇਵਤੇ ਨੂੰ ਭੇਟ ਕੀਤੀ ਜਾਂਦੀ ਹੈ ਅਤੇ ਉਹ ਅਮਰ ਮੰਨਿਆ ਜਾਂਦਾ ਹੈ।

ਪੁਰਾਣੇ ਸਮੇਂ ਵਿਚ ਦੇਵਦਾਸੀ ਬਣਨ 'ਤੇ ਔਰਤ ਦੀ ਬਾਂਹ 'ਤੇ ਸਬੰਧਿਤ ਮੰਦਿਰ ਦੀ ਮੋਹਰ ਦਾਗਣ ਦੀ ਪਰੰਪਰਾ ਸੀ। ਇਹ ਦਾਗ ਉਸ ਦੀ ਮੌਤ ਤਕ ਕਾਇਮ ਰਹਿੰਦਾ ਸੀ। ਇਸ ਨਾਲ ਸਮਾਜ ਵਿਚ ਉਸ ਦੀ ਪਛਾਣ ਦੇਵਦਾਸੀ ਵਜੋਂ ਦ੍ਰਿੜ ਕੀਤੀ ਗਈ। ਉਹ ਚਾਹ ਕੇ ਵੀ ਆਪਣਾ ਘਰ ਨਹੀਂ ਸੀ ਵਸਾ ਸਕਦੀ ਕਿਉਂਕਿ ਇਹ ਦਾਗ਼ ਉਸ ਨੂੰ ਹਮੇਸ਼ਾ ਇਸ ਗੱਲ ਦੀ ਯਾਦ ਦਿਵਾਉਂਦਾ ਸੀ ਕਿ ਉਹ ਦੇਵਦਾਸੀ ਹੈ।

ਆਂਧਰਾ ਪ੍ਰਦੇਸ਼ ਵਿਚ ਦੇਵਦਾਸੀ ਪ੍ਰਥਾ ਨੂੰ 'ਜੋਗਿਨੀ' ਨਾਂ ਨਾਲ ਪਛਾਣ ਮਿਲੀ। ਦੰਦਕਥਾ ਹੈ ਕਿ ਸੈਂਕੜੇ ਵਰ੍ਹੇ ਪਹਿਲਾਂ ਕਿਸੇ ਬ੍ਰਾਹਮਣ ਕੰਨਿਆ ਨਾਲ ਕੁਝ ਲੋਕਾਂ ਨੇ ਜਬਰ ਜਨਾਹ ਕਰਨ ਦੀ ਕੋਸ਼ਿਸ਼ ਕੀਤੀ। ਖੁਦ ਨੂੰ ਬਚਾਉਣ ਲਈ ਉਹ ਦੌੜਨ ਲੱਗੀ। ਦੌੜਦੇ ਦੌੜਦੇ ਉਹ ਕਿਸੇ ਦਲਿਤ ਮੁਟਿਆਰ ਦੇ ਘਰ ਜਾ ਵੜੀ। ਉਸ ਮੁਟਿਆਰ ਦਾ ਨਾਂ ਚੇਲੰਮਾ ਸੀ। ਉਸ ਨੇ ਉਸ ਬ੍ਰਾਹਮਣ ਮੁਟਿਆਰ ਨੂੰ ਉਨ੍ਹਾਂ ਆਦਮੀਆਂ ਤੋਂ ਬਚਾ ਲਿਆ। ਉਸ ਪਿੰਡ ਦੇ ਲੋਕਾਂ ਨੇ ਚੇਲੰਮਾ ਨੂੰ ਹੀ ਦੇਵੀ ਦੇ ਰੂਪ ਵਿਚ ਪ੍ਰਸਿਧ ਕਰ ਦਿੱਤਾ। ਉਸ ਦੀ ਮੌਤ ਤੋਂ ਬਾਅਦ ਉਸ ਦੇ ਨਾਂ 'ਤੇ ਮੰਦਿਰ ਬਣਾਇਆ ਗਿਆ ਜਿਸ ਵਿਚ ਚੇਲੰਮਾ ਦੇਵੀ ਦੀ ਮੂਰਤੀ ਸਥਾਪਤ ਕੀਤੀ ਗਈ। ਇਕ ਮੁਟਿਆਰ ਨੂੰ ਬਚਾਉਣ ਕਰਕੇ ਲੋਕ ਆਪਣੀਆਂ ਧੀਆਂ ਦੀ ਰੱਖਿਆ ਲਈ ਉਸ ਨੂੰ ਧੀਆਂ ਭੇਟ ਕਰਨ ਲੱਗੇ। ਇਨ੍ਹਾਂ ਨੂੰ ਜੋਗਨੀਆਂ ਕਿਹਾ ਜਾਂਦਾ ਹੈ। ਕੋਈ ਵੀ ਅਮੀਰ ਜਾਂ ਧਨੀ ਪੁਰਸ਼ ਉਨ੍ਹਾਂ ਨੂੰ ਘਰੇ ਬੁਲਾ ਕੇ ਉਨ੍ਹਾਂ ਨਾਲ ਸਬੰਧ ਬਣਾ ਸਕਦਾ ਹੈ। ਇਸ ਬਦਲੇ ਉਹ ਉਨ੍ਹਾਂ ਨੂੰ ਪੈਸੇ ਤੇ ਵਸਤਾਂ ਦਿੰਦਾ ਹੈ। ਇਸ ਪ੍ਰਥਾ ਨਾਲ ਇਹ ਦਹਿਸ਼ਤ ਵੀ ਫੈਲਾ ਦਿੱਤੀ ਗਈ ਕਿ ਜੇ ਕੋਈ ਘਰ ਦੇਵੀ ਨੂੰ ਆਪਣੀ ਧੀ ਭੇਟ ਨਹੀਂ ਕਰਦਾ ਤਾਂ ਦੇਵੀ ਨਾਰਾਜ਼ ਹੋ ਸਕਦੀ ਹੈ ਜਿਸ ਨਾਲ ਸਾਰੇ ਪਿੰਡ 'ਤੇ ਆਫਤ ਆ ਸਕਦੀ ਹੈ।

ਕਰਨਾਟਕ ਅਤੇ ਮਹਾਰਾਸ਼ਟਰ ਦੀਆਂ ਦੇਵਦਾਸੀਆਂ ਵਿਚੋਂ ਨੱਬੇ ਫੀਸਦੀ ਯੇਲੰਮਾ ਨੂੰ ਸਮਰਪਿਤ ਹਨ। ਅਨੇਕਾਂ ਥਾਵਾਂ 'ਤੇ ਇਸ ਦੇਵੀ ਦੇ ਮੰਦਿਰ ਹਨ ਪਰ ਬੇਲਗਾਮ ਜ਼ਿਲ੍ਹੇ ਦੇ ਸੌਂਦਤੀ, ਕੋਕਟਨੂਰ ਅਤੇ ਸ਼ਿਮੋਗਾ ਜ਼ਿਲ੍ਹੇ ਦੇ ਚੰਦਰਗੁਤੀ ਮੰਦਿਰ ਵਿਚ ਵੱਡੀ ਗਿਣਤੀ ਵਿਚ ਕੁੜੀਆਂ ਨੂੰ





ਮੰਦਿਰਾਂ ਵਿਚ ਦੇਵਦਾਸੀਆਂ ਵਜੋਂ ਸੌਂਪਿਆ ਜਾਂਦਾ ਹੈ।

ਯੇਲੰਮਾ ਦੇਵੀ ਬਾਰੇ ਕਈ ਕਥਾਵਾਂ ਪ੍ਰਚਲਿਤ ਹਨ। ਉਸ ਦੀ ਮਹਿਮਾ ਰੇਣੂਕਾ ਮਹਾਤਮ ਵਿਚ ਵੀ ਦੱਸੀ ਗਈ ਹੈ। ਰੇਣੂਕਾ ਦਾ ਦੂਜਾ ਨਾਂ ਯੇਲੰਮਾ ਹੈ। ਦੇਵਦਾਸੀ ਪ੍ਰਥਾ ਦਾ ਮੁੱਖ ਕੇਂਦਰ ਸੌਂਦਤੀ ਵਿਚ ਸਥਿਤ ਯੇਲੰਮਾ ਮੰਦਿਰ ਹੀ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਹੁਲਗੇਮਾ ਦੇਵੀ ਦੇ ਮੰਦਿਰ ਵਿਚ ਵੀ ਬੱਚੀਆਂ ਅਰਪਿਤ ਕੀਤੀਆਂ ਜਾਂਦੀਆਂ ਹਨ। ਇਹ ਸਥਾਨ ਕਰਨਾਟਕ ਦੇ ਬੇਲਾਰੀ ਜ਼ਿਲ੍ਹੇ ਦੇ ਪਿੰਡ ਹੁਲਗੇ ਵਿਚ ਹੈ। ਹੁਲਗੇ ਪਿੰਡ ਦੀ ਅੰਮਾ ਹੁਲਗੇਮਾ ਬਣੀ। ਯੇਲੰਮਾ ਵਾਂਗ ਹੁਲਗੇਮਾ ਦਾ ਮੰਦਿਰ ਵੀ ਪਹਾੜ ਉਤੇ ਹੈ ਜਿਥੇ ਹਰ ਸਾਲ ਸੈਂਕੜੇ ਕੁੜੀਆਂ ਨੂੰ ਦੇਵਦਾਸੀਆਂ ਬਣਾਇਆ ਜਾਂਦਾ ਹੈ।

ਹੁਲਗੇਮਾ ਬੜੇ ਸਖਤ ਸੁਭਾਅ ਦੀ ਮੰਨੀ ਜਾਂਦੀ ਹੈ। ਉਸ ਦੇ ਕ੍ਰੋਧ ਤੋਂ ਬਚਣ ਲਈ ਲੋਕ ਉਸ ਦੀ ਪੂਜਾ ਕਰਦੇ ਹਨ ਤੇ ਉਸ ਦੇ ਗੁੱਸੇ ਤੋਂ ਬਚਣ ਲਈ ਹੀ ਕੰਨਿਆਵਾਂ ਭੇਟ ਕਰਦੇ ਹਨ।

ਕਰਨਾਟਕ ਦੇ ਚਿਤਰਦੁਰਗ, ਬੇਲਾਰੀ, ਸ਼ਿਮੋਗਾ ਆਦਿ ਜ਼ਿਲ੍ਹਿਆਂ ਵਿਚ ਹਰ ਪਿੰਡ ਵਿਚ ਗ੍ਰਾਮ ਦੇਵਤਾ ਹੁੰਦਾ ਹੈ ਜਿਸ ਨੂੰ ਦੇਵਦਾਸੀਆਂ ਭੇਟ ਕਰਨ ਦੀ ਪ੍ਰਥਾ ਹੈ। ਮੰਦਿਰ ਵਿਚ ਹੋਣ ਵਾਲੀਆਂ ਵੱਖ ਵੱਖ ਧਾਰਮਿਕ ਵਿਧੀਆਂ ਅਤੇ ਸਮਾਗਮਾਂ ਵਿਚ ਉਹ ਸ਼ਾਮਲ ਹੁੰਦੀਆਂ ਹਨ। ਮੰਦਿਰਾਂ ਵਿਚ ਚੜ੍ਹਨ ਵਾਲੇ ਚੜ੍ਹਾਵੇ ਦਾ ਕੁਝ ਹਿੱਸਾ ਉਨ੍ਹਾਂ ਨੂੰ ਦਿੱਤਾ ਜਾਂਦਾ ਹੈ। ਫਸਲ ਜਾਂ ਤਿਉਹਾਰਾਂ ਵੇਲੇ ਲੋਕ ਉਨ੍ਹਾਂ ਨੂੰ ਕੱਪੜੇ, ਅਨਾਜ ਤੇ ਹੋਰ ਵਸਤੂਆਂ ਦਿੰਦੇ ਹਨ। ਹਰ ਪਿੰਡ ਵਿਚ ਅਕਸਰ ਦੋ ਤਿੰਨ ਦੇਵਦਾਸੀਆਂ ਜ਼ਰੂਰ ਹੁੰਦੀਆਂ ਹਨ। ਕੋਈ ਦੇਵਦਾਸੀ ਆਪਣਾ ਪਿੰਡ ਛੱਡ ਕੇ ਦੂਜੇ ਕਿਸੇ ਪਿੰਡ ਮੰਗਣ ਜਾਂ ਧਾਰਮਿਕ ਰਹੁਰੀਤਾਂ ਕਰਨ ਨਹੀਂ ਜਾ ਸਕਦੀ। ਕਈਆਂ ਦਾ ਗੁਜ਼ਾਰਾ ਨਹੀਂ ਹੁੰਦਾ ਤਾਂ ਉਹ ਮਜ਼ਦੂਰੀ ਵੀ ਕਰਦੀਆਂ ਹਨ। ਕਈ ਪਿੰਡ ਦੇ ਕਿਸੇ ਧਨਾਢ ਨੂੰ 'ਮਾਲਕ' ਮੰਨ ਕੇ ਉਸ ਦੀਆਂ ਰਖੇਲਾਂ ਬਣ ਜਾਂਦੀਆਂ ਹਨ।

ਦਿਲਚਸਪ ਤੱਥ ਇਹ ਹੈ ਕਿ ਕਈ ਪਿੰਡਾਂ ਵਿਚ ਹਨੂੰਮਾਨ ਜੀ ਪਿੰਡ ਦੇ ਗ੍ਰਾਮ ਦੇਵਤਾ ਹਨ ਤੇ ਉਹ ਜਤੀ ਸਤੀ ਮੰਨੇ ਜਾਂਦੇ ਹਨ ਪਰ ਕਰਨਾਟਕ ਦੇ ਕੁਝ ਪਿੰਡਾਂ ਵਿਚ ਉਨ੍ਹਾਂ ਨੂੰ ਵੀ ਦੇਵਦਾਸੀਆਂ ਭੇਟ ਕੀਤੀਆਂ ਜਾਂਦੀਆਂ ਹਨ। ਮੰਦਿਰ ਤੇ ਮੰਦਿਰ ਤੋਂ ਬਾਹਰ ਦੇਵਦਾਸੀਆਂ ਨਾਚ ਗਾਣਾ ਕਰਦੀਆਂ ਹਨ। ਤਾਮਿਲ ਦਾ ਪ੍ਰਸਿਧ ਨਾਚ ਭਰਤਨਾਟਯਮ ਮੁੱਢਲੇ ਰੂਪ ਵਿਚ ਇਨ੍ਹਾਂ ਦੀ ਦੇਣ ਹੈ। ਦੇਵਦਾਸੀ ਪ੍ਰਥਾ ਜਿਸ ਪਰਿਵਾਰ ਵਿਚ ਸ਼ੁਰੂ ਹੁੰਦੀ ਹੈ, ਉਸ ਵਿਚ ਇਸ ਨੂੰ ਹਮੇਸ਼ਾ ਕਾਇਮ ਰੱਖਿਆ ਜਾਂਦਾ ਹੈ। ਮਾਂ ਤੋਂ ਬਾਅਦ ਧੀ, ਫਿਰ ਉਸ ਦੀ ਧੀ ਅਤੇ ਲੜੀ ਤੁਰਦੀ ਜਾਂਦੀ ਹੈ। ਢੋਲਕੀ ਇਕ ਗਲੇ 'ਚੋਂ ਦੂਜੇ ਗਲੇ ਵਿਚ ਲਟਕ ਜਾਂਦੀ ਹੈ। ਇਹ ਪ੍ਰਥਾ ਜਾਰੀ ਰੱਖਣ ਵਾਲੇ ਲੋਕਾਂ ਵਿਚ ਦੇਵੀ ਦਾ ਭੈਅ ਹੈ ਕਿ ਜੇ ਇਸ ਨੂੰ ਤੋੜ ਦਿੱਤਾ ਗਿਆ ਤਾਂ ਦੇਵੀ ਨਰਾਜ਼ ਹੋ ਕੇ ਨੁਕਸਾਨ ਕਰ ਸਕਦੀ ਹੈ, ਬੱਚੇ ਮਾਰ ਸਕਦੀ ਹੈ, ਬਿਮਾਰੀ ਦੇ ਸਕਦੀ ਹੈ, ਗ਼ਰੀਬ ਕਰ ਸਕਦੀ ਹੈ, ਆਫਤ ਲਿਆ ਸਕਦੀ ਹੈ, ਮਹਾਂਮਾਰੀ ਫੈਲਾ ਸਕਦੀ ਹੈ। ਅਜਿਹੇ ਅੰਧ-ਵਿਸ਼ਵਾਸਾਂ ਕਰਕੇ ਹੀ ਇਹ ਪ੍ਰਥਾ ਅੱਗੇ ਤੋਂ ਅੱਗੇ ਤੁਰਦੀ ਜਾਂਦੀ ਹੈ। ਇਸ ਪਿੱਛੇ ਇਕ ਕਾਰਨ ਇਹ ਵੀ ਹੈ ਕਿ ਜਦੋਂ ਪਿੰਡ ਦਾ ਕੋਈ ਅਮੀਰ ਬੰਦਾ ਦੇਵਦਾਸੀ ਦਾ ਸਰਪ੍ਰਸਤ ਬਣ ਜਾਂਦਾ ਹੈ ਤਾਂ ਗ਼ਰੀਬ ਘਰਾਂ ਨੂੰ ਪੈਸਾ ਤੇ ਵਸਤਾਂ ਮਿਲਣ ਲੱਗ ਜਾਂਦੀਆਂ ਹਨ। ਇਸ ਲਈ ਗ਼ਰੀਬ ਮਾਪੇ ਕੰਨਿਆ ਨੂੰ ਦੇਵਦਾਸੀ ਬਣਾ ਕੇ ਇਸ ਝਾਕ ਵਿਚ ਰਹਿੰਦੇ ਹਨ ਕਿ ਕੋਈ ਅਮੀਰ ਬੰਦਾ ਉਸ ਦਾ ਸਰਪ੍ਰਸਤ ਬਣ ਜਾਵੇ ਤੇ ਇਸ ਦੇ ਇਵਜ਼ ਵਿਚ ਮਿਲਣ ਵਾਲੀਆਂ ਵਸਤਾਂ ਜਾਂ ਪੈਸਾ ਟਕਾ, ਜਿਸ ਨੂੰ ਝੁਲਵਾ ਕਿਹਾ ਜਾਂਦਾ ਹੈ, ਉਨ੍ਹਾਂ ਨੂੰ ਮਿਲਦਾ ਰਹੇ।

ਅੱਜ ਦੇ ਸਮੇਂ ਵਿਚ ਬਣਨ ਵਾਲੀਆਂ ਦੇਵਦਾਸੀਆਂ ਵਿਚੋਂ ਅੱਸੀ ਫੀਸਦੀ ਜਿਸਮਫਰੋਸ਼ੀ ਦੇ ਧੰਦੇ ਵਿਚ ਲੱਗ ਰਹੀਆਂ ਹਨ। ਗਲ ਵਿਚ ਦੇਵੀ ਦੇ ਨਾਂ ਦੀ ਮਣੀ ਪਾ ਕੇ ਉਹ ਸਿੱਧਾ ਸ਼ਹਿਰਾਂ ਵਲ ਰੁਖ ਕਰਦੀਆਂ ਹਨ ਤੇ ਪੈਸਾ ਕਮਾਉਂਦੀਆਂ ਹਨ। ਪੈਸਾ ਘਰ ਵੀ ਭੇਜਦੀਆਂ ਹਨ। ਇਹ ਵੀ ਮਾਨਤਾ ਹੈ ਕਿ ਦੇਵਦਾਸੀ ਦੇਵੀ ਦਾ ਰੂਪ ਹੈ। ਇਸ ਲਈ ਉਨ੍ਹਾਂ ਨੂੰ ਕੁਝ ਵੀ ਕਰਨ ਦਾ ਅਧਿਕਾਰ ਹੈ। ਅੱਜ ਮਥੁਰਾ ਅਤੇ ਹੋਰ ਧਾਰਮਿਕ ਸ਼ਹਿਰਾਂ ਵਿਚ ਦੇਹ ਵਪਾਰ ਕਰਦੀਆਂ ਦੇਵਦਾਸੀਆਂ ਆਮ ਦੇਖੀਆਂ ਜਾ ਸਕਦੀਆਂ ਹਨ ਜਿਨ੍ਹਾਂ ਦੀ ਹਾਲਤ ਬੜੀ ਤਰਸਯੋਗ ਹੈ।

ਜੇ ਕਿਸੇ ਨੂੰ ਦਾਦ ਜਾਂ ਖਸਰਾ ਨਿਕਲ ਆਵੇ ਤਾਂ ਇਸ ਨੂੰ ਯੇਲੰਮਾ ਦੇਵੀ ਦੀ ਕਰੋਪੀ ਮੰਨਿਆ ਜਾਂਦਾ ਹੈ। ਜਿਸ ਬੱਚੇ ਦੇ ਸਿਰ ਵਿਚ ਜਟਾਵਾਂ ਨਿਕਲ ਆਉਣ ਤਾਂ ਉਹ ਸੰਕੇਤ ਮੰਨਿਆ ਜਾਂਦਾ ਹੈ ਕਿ ਇਸ ਨੂੰ ਦੇਵੀ ਨੂੰ ਅਰਪਿਤ ਕੀਤਾ ਜਾਵੇਗਾ। ਕਈ ਔਰਤਾਂ ਮੰਨਤ ਮੰਨਦੀਆਂ ਹਨ ਕਿ ਜੇ ਉਨ੍ਹਾਂ ਦੇ ਬੱਚਾ ਹੋ ਜਾਵੇ ਤਾਂ ਉਹ ਦੇਵੀ ਨੂੰ ਅਰਪਿਤ ਕਰ ਦੇਣਗੀਆਂ।

ਦੇਵਦਾਸੀ ਪ੍ਰਥਾ ਧਾਰਮਿਕ ਆਸਥਾ ਨਾਲ ਜੁੜੀ ਹੋਣ ਕਰਕੇ ਇਸ ਨੂੰ ਕਾਨੂੰਨੀ ਰੂਪ ਵਿਚ ਬੰਦ ਕਰਨ ਦੇ ਜ਼ੋਰ ਜ਼ਬਰਦਸਤੀ ਵਾਲੇ ਕਦਮ ਨਹੀਂ ਚੁੱਕੇ ਗਏ। ਇਥੋਂ ਤਕ ਕਿ ਸੌਂਦਤੀ ਮੰਦਿਰ ਨੇੜੇ ਤਾਇਨਾਤ ਪੁਲਿਸ ਵਾਲੇ ਚਮੜੇ ਦੀ ਪੇਟੀ ਨਹੀਂ ਬੰਨ੍ਹਦੇ, ਪੈਰਾਂ ਵਿਚ ਜੁੱਤੀ ਨਹੀਂ ਪਾਉਂਦੇ ਅਤੇ ਆਪਣੀਆਂ ਅੱਖਾਂ ਸਾਹਮਣੇ ਮਾਸੂਮ ਬਾਲੜੀਆਂ ਨੂੰ ਦੇਵਦਾਸੀਆਂ ਬਣਦਿਆਂ ਦੇਖ ਕੇ ਵੀ ਅੱਖਾਂ ਮੀਟੀ ਰੱਖਦੇ ਹਨ। ਉਨ੍ਹਾਂ ਵਿਚ ਇਹ ਅੰਧਵਿਸ਼ਵਾਸ ਹੈ ਕਿ ਜੇ ਉਹ ਦੇਵੀ ਦੇ ਕੰਮਾਂ ਵਿਚ ਦਖਲਅੰਦਾਜ਼ੀ ਕਰਨਗੇ ਤਾਂ ਦੇਵੀ ਉਨ੍ਹਾਂ ਨੂੰ ਵੀ ਸਾੜ੍ਹੀ ਪਾਉਣ ਲਈ ਮਜਬੂਰ ਕਰ ਦੇਵੇਗੀ। ਹੁਣ ਤਕ ਬਣੇ ਕਾਨੂੰਨ ਇਸ ਆਸਥਾ ਅੱਗੇ ਬੌਣੇ ਹਨ। ਸਿਰਫ ਹੁਣ ਤਕ ਇਕ ਕੇਸ ਮਿਲਦਾ ਹੈ। ਸ਼ਿਰਗਾਂਵ ਪਿੰਡ ਵਿਚ 23 ਜਨਵਰੀ 1931 ਨੂੰ ਦੇਵਦਾਸੀ ਬਣਾਉਣ ਦੀ ਵਿਧੀ ਕਰਨ ਵਾਲਿਆਂ ਨੂੰ ਅਦਾਲਤ ਨੇ ਜੁਰਮਾਨਾ ਕੀਤਾ। ਇਸ ਤੋਂ ਪਹਿਲਾਂ ਇਕ ਇਤਿਹਾਸਕ ਹਵਾਲਾ ਮਿਲਦਾ ਹੈ। ਜਦੋਂ ਔਰੰਗਜ਼ੇਬ 1652 ਤੋਂ 58 ਤਕ ਦੱਖਣ ਦਾ ਸੂਬੇਦਾਰ ਬਣ ਕੇ ਆਇਆ ਤਾਂ ਉਸ ਨੇ ਇਸ ਬਾਰੇ ਲਿਖਿਆ ਹੈ: ਔਰੰਗਾਬਾਦ ਦੇ ਦੱਖਣ ਵਿਚ ਛੇ ਮੀਲ ਦੀ ਦੂਰੀ 'ਤੇ ਸਿਤਾਰਾ ਨਾਂ ਦਾ ਛੋਟਾ ਜਿਹਾ ਪਿੰਡ ਹੈ। ਮੈਂ ਇਸ ਇਲਾਕੇ ਵਿਚ ਸ਼ਿਕਾਰ ਖੇਡਣ ਜਾਂਦਾ ਸੀ। ਇਸ ਪਿੰਡ ਦੇ ਨਾਲ ਪਹਾੜੀ 'ਤੇ ਸ੍ਰੀ ਖੰਡੇਰਾਓ ਦਾ ਮੰਦਿਰ ਹੈ। ਅੱਲ੍ਹਾ ਦੀ ਮਰਜ਼ੀ ਨਾਲ ਮੈਂ ਉਸ ਨੂੰ ਜ਼ਮੀਂਦੋਜ਼ ਕਰਕੇ ਮੁਰਕੀ (ਦੇਵਦਾਸੀ) ਵਰਗੀ ਸ਼ਰਮਨਾਕ ਰਸਮ 'ਤੇ ਬੰਦਿਸ਼ ਲਾ ਦਿੱਤੀ ਹੈ।

ਇਹ ਪ੍ਰਥਾ ਭਾਵੇਂ ਬੰਦ ਨਹੀਂ ਹੋ ਸਕੀ ਪਰ ਕੁਝ ਲੋਕਾਂ ਨੇ ਸੁਧਾਰ ਕਰਨ ਲਈ ਉਘੇ ਕੰਮ ਕੀਤੇ ਹਨ। ਕਰਨਾਟਕ ਦੇ ਤਤਕਾਲੀ ਪੁਲਿਸ ਮੁਖੀ ਰਮੇਸ਼ ਨੇ 22 ਜਨਵਰੀ 1984 ਨੂੰ ਮਹਾਂਲਿੰਗਪੁਰ ਵਿਚ 57 ਦੇਵਦਾਸੀਆਂ ਦਾ ਸਮੂਹਿਕ ਵਿਆਹ ਕਰਵਾਇਆ; ਹਾਲਾਂਕਿ ਕੁਝ ਦੇ ਬੱਚੇ ਵੀ ਸਨ ਤੇ ਕੁਝ ਅੱਧਖੜ ਉਮਰ ਦੀਆਂ ਵੀ ਸਨ। ਇਸੇ ਤਰ੍ਹਾਂ ਪੁਲਿਸ ਮੁਖੀ ਸੁਭਾਸ਼ ਭਰਣੀ ਨੇ 28 ਅਪਰੈਲ ਤੇ 11 ਮਈ 1986 ਨੂੰ 100 ਦੇਵਦਾਸੀਆਂ ਦੇ ਸਮੂਹਿਕ ਵਿਆਹ ਕਰਵਾ ਕੇ ਉਨ੍ਹਾਂ ਨੂੰ ਜ਼ਿਲਤ ਭਰੀ ਜ਼ਿੰਦਗੀ ਤੋਂ ਮੁਕਤੀ ਦਿਵਾਈ।

ਇਸ ਪ੍ਰਥਾ ਨੇ ਸਦੀਆਂ ਤੋਂ ਧਰਮ ਦੇ ਨਾਂ 'ਤੇ ਔਰਤ ਦਾ ਸ਼ੋਸ਼ਣ ਕੀਤਾ ਹੈ। ਹੁਣ ਹੌਲੀ ਹੌਲੀ ਜਾਗ੍ਰਿਤੀ ਆ ਰਹੀ ਹੈ। ਅੰਦੋਲਨ ਵੀ ਹੋਏ ਹਨ ਪਰ ਧਰਮ ਤੇ ਆਸਥਾ ਦੇ ਨਾਂ 'ਤੇ ਸਖਤੀ ਕਰਨ ਤੋਂ ਹਰ ਸਰਕਾਰ ਡਰਦੀ ਹੈ ਕਿਉਂਕਿ ਇਸ ਨਾਲ ਉਨ੍ਹਾਂ ਦੇ ਵੋਟ ਬੈਂਕਾਂ ਨੂੰ ਢਾਹ ਲੱਗਦੀ ਹੈ।

## ਤਿਤਲੀਆਂ

ਇਸ ਧਰਤੀ 'ਤੇ 'ਚੰਨ' ਡੁੱਬ ਜਾਂਦਾ
ਚੰਨ ਅੰਬਰ ਦੇ ਵਿਚ ਚੜ੍ਹਦਾ ਹੈ।
ਭੇਸ ਧਾਰ ਕੇ 'ਗੌਤਮ' ਦਾ
ਕੋਈ ਗੌਤਮ ਘਰ ਜਾ ਵੜਦਾ ਹੈ।

ਕਤਲਾਂ ਦੀ ਹਨੇਰੀ ਚੱਲ ਰਹੀ
ਸਭ ਲਾਉਂਦੇ ਦੋਸ਼ ਦੀਵਾਨੇ 'ਤੇ,
ਦੰਦਾਂ ਵਿਚ ਉਂਗਲਾਂ ਆ ਜਾਵਣ
ਜਦ 'ਬਾਬਾ' ਜੇਲ੍ਹੀਂ ਸੜ੍ਹਦਾ ਹੈ।

ਕਾਮ ਦੀ ਗੰਗਾ ਰੋਕ ਦਿਉ
ਸਭ ਧਰਮ ਸਾਸ਼ਤਰੀ ਕਹਿੰਦੇ ਨੇ,
ਜਦ ਕਾਮ ਦੀ ਗੰਗਾ ਚੱਲਦੀ ਸੀ
ਸਭ ਕਹਿੰਦੇ ਪਾਣੀ ਹੜ੍ਹ ਦਾ ਹੈ।

'ਰੁੱਖ' ਸਾਰੇ ਹੀ ਕੱਟ ਰਹੇ
ਨਹੀਂ ਝੁਕਦੇ ਝੱਖੜਾਂ ਦੇ ਮੂਹਰੇ,
ਰੁੱਖ ਉਹੀ ਅਸੀਂ ਲਾਵਾਂਗੇ ਜੋ,
ਹਨੇਰੀਆਂ ਅੱਗੇ ਅੜਦਾ ਹੈ।

ਜਿਹਨੂੰ ਪਿੰਡ ਨੇ ਸਿਰ 'ਤੇ ਚੁੱਕਿਆ ਸੀ
ਉਹਦੇ ਪੈਰ ਫਸੇ ਵਿਚ ਲੁੱਕਾਂ ਦੇ,
ਉਹ ਸੱਥਾਂ ਦੇ ਵਿਚ ਨਹੀਂ ਆਉਂਦਾ
ਨਿੱਤ ਨਵੇਂ ਬਹਾਨੇ ਘੜਦਾ ਹੈ।

ਜੋ 'ਗੱਲਾਂ' ਦੇ ਨਾਲ 'ਮੋਹ' ਲੈਂਦਾ
ਉਹਨੂੰ ਲੋੜ ਨਹੀਂ ਤਲਵਾਰਾਂ ਦੀ,
ਪਰ ਰਾਖੀ ਕਰਕੇ ਜੰਗਲ ਦੀ
ਉਹ ਰੋਜ 'ਤਿਤਲੀਆਂ' ਫੜਦਾ ਹੈ।

***-ਹਰਜਿੰਦਰ ਸਿੰਘ ਗੁਲਪੁਰ***
***h.gulpur@gmail.com***

# ਆਰਟੀਕਲ 15: ਜਾਤ ਵਿਵਸਥਾ ਦੇ ਸੰਵਿਧਾਨਕ ਦਾਇਰੇ 'ਚ ਉਲਝੀ ਕਥਾ

***ਹੁਣ ਹੁਣੇ ਆਈ ਫਿਲਮ 'ਆਰਟੀਕਲ 15' ਨੇ ਬੌਧਿਕ ਹਲਕਿਆਂ ਵਿਚ ਇਕ ਵਾਰ ਫਿਰ ਜਾਤ ਪ੍ਰਥਾ ਬਾਰੇ ਭਕਵੀਂ ਬਹਿਸ ਛੇੜੀ ਹੈ ਅਤੇ ਜਾਤ ਦੇ ਆਧਾਰ ਉਤੇ ਦਲਿਤਾਂ ਨਾਲ ਹੁੰਦੀਆਂ ਵਧੀਕੀਆਂ ਇਕ ਵਾਰ ਫਿਰ ਉਭਰ ਕੇ ਸਾਹਮਣੇ ਆਈਆਂ ਹਨ। ਇਸ ਫਿਲਮ ਬਾਰੇ ਲਿਖੇ ਸਾਂਝੇ ਲੇਖ ਵਿਚ ਡਾ. ਕੁਲਦੀਪ ਕੌਰ ਅਤੇ ਡਾ. ਅਮਨਦੀਪ ਕੌਰ ਨੇ ਜਾਤ ਪ੍ਰਥਾ ਦੇ ਸਿਆਸੀ ਅਤੇ ਸਮਾਜਿਕ ਪੱਖਾਂ ਬਾਰੇ ਚਰਚਾ ਕੀਤੀ ਹੈ। ਇਨ੍ਹਾਂ ਨੇ ਉਸ ਕਾਣੇ ਸਿਸਟਮ ਵਲ ਇਸ਼ਾਰੇ ਸੁੱਟੇ ਹਨ ਜਿਸ ਨੇ ਅਜਿਹੀਆਂ ਵਧੀਕੀਆਂ ਬਾਰੇ ਅੱਖਾਂ ਮੁੰਦੀਆਂ ਹੋਈਆਂ ਹਨ। -ਸੰਪਾਦਕ***



ਡਾ. ਕੁਲਦੀਪ ਕੌਰ
ਫੋਨ: +91-98554-04330
------------
ਡਾ. ਅਮਨਦੀਪ ਕੌਰ
ਫੋਨ: +91-94783-34242




ਫਿਲਮ 'ਆਰਟੀਕਲ 15' ਆਉਣ ਵਾਲੇ ਸਾਲਾਂ ਵਿਚ ਦੋ ਨੁਕਤਿਆਂ ਲਈ ਯਾਦ ਰੱਖੀ ਜਾਵੇਗੀ। ਪਹਿਲਾ, ਫਿਲਮ ਉਸ ਦੌਰ ਵਿਚ ਸੰਵਿਧਾਨਕ ਪੇਸ਼ਬੰਦੀਆਂ ਦੀ ਸਾਰਥਿਕਤਾ ਦੀ ਬਾਤ ਪਾਉਂਦੀ ਹੈ ਜਦੋਂ ਪੂਰਾ ਮੁਲਕ 'ਇਕ ਰਾਸ਼ਟਰ, ਇਕ ਨੇਤਾ, ਇਕ ਭਾਸ਼ਾ' ਰੂਪੀ ਫਾਸ਼ੀਵਾਦ ਬਲੈਕ ਹੋਲ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਦੂਜਾ, ਫਿਲਮ ਆਧੁਨਿਕ ਸੰਚਾਰ ਮਾਧਿਅਮਾਂ ਦੀ ਅਰਾਜਕ ਸੱਤਾ ਦੇ ਬਾਵਜੂਦ ਤਤਕਾਲੀ ਸਿਆਸੀ-ਸਮਾਜਿਕ ਹਕੀਕਤ ਦੀਆਂ ਦੋ ਖਤਰਨਾਕ, ਦਰਦਨਾਕ ਅਤੇ ਸੰਵੇਦਨਸ਼ੀਲ ਤਸਵੀਰਾਂ ਨੂੰ ਉਨ੍ਹਾਂ ਦੇ ਸਹੀ ਪ੍ਰਸੰਗ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕਰਦੀ ਹੈ। ਪਹਿਲੀ ਤਸਵੀਰ ਦਰੱਖਤ 'ਤੇ ਲਟਕ ਰਹੀਆਂ ਦੋ ਮਾਸੂਮ ਬੱਚੀਆਂ ਦੀ ਹੈ ਜੋ ਤਤਕਾਲੀ ਦੌਰ ਵਿਚ ਲਿੰਗਕ ਹਿੰਸਾ ਦੀ ਹਕੀਕਤ ਅਤੇ ਅਜਿਹੇ ਜੁਰਮਾਂ ਬਾਰੇ ਸਾਡੀ 'ਸਾਜ਼ਿਸ਼ੀ ਚੁੱਪ' ਉਤੇ ਮੋਹਰ ਲਗਾਉਂਦੀ ਹੈ; ਦੂਜੀ ਤਸਵੀਰ ਸੀਵਰੇਜ ਵਿਚੋਂ ਨਿਕਲੇ ਮਨੁੱਖ ਦੀ ਹੈ ਜਿਹੜਾ ਭਾਰਤ ਦੀ ਤਿੰਨ ਟ੍ਰਿਲੀਅਨ ਡਾਲਰ ਦੀ ਆਰਥਿਕਤਾ ਦੀ ਮਿੱਥ ਨੂੰ ਇਕੋ ਝਟਕੇ ਨਾਲ ਚਕਨਾਚੂਰ ਕਰ ਦਿੰਦੀ ਹੈ।

ਫਿਲਮ ਦਾ ਧੁਰਾ ਭਾਰਤੀ ਸਮਾਜਿਕ ਵਿਵਸਥਾ ਦੀ ਮੁਢਲੀ ਚੂਲ ਜਾਤੀ ਪ੍ਰਬੰਧ ਹੈ ਅਤੇ ਫਿਲਮ ਭਾਰਤ ਦੇ ਸੂਬੇ ਉਤਰ ਪ੍ਰਦੇਸ਼ ਵਿਚ ਵਾਪਰੇ ਬਦਾਯੂੰ ਕਾਂਡ ਦੇ ਘਟਨਾ-ਚੱਕਰ ਤੋਂ ਪ੍ਰੇਰਿਤ ਹੈ। ਇਥੇ ਇਹ ਲਿਖਣਾ ਕੁਥਾਂ ਨਹੀਂ ਹੋਵੇਗਾ ਕਿ ਇਹ ਕਾਂਡ ਵਾਪਰਨ ਤੋਂ ਬਾਅਦ ਮਨੁੱਖੀ ਅਧਿਕਾਰਾਂ ਨਾਲ ਜੁੜੀਆਂ ਕੌਮਾਂਤਰੀ ਸੰਸਥਾਵਾਂ, ਔਰਤ ਦੇ ਹੱਕਾਂ ਬਾਰੇ ਕੰਮ ਕਰ ਰਹੇ ਵੱਖ-ਵੱਖ ਸਮਾਜਿਕ ਤੇ ਸਿਆਸੀ ਸੰਗਠਨ, ਬੱਚਿਆਂ ਦੇ ਮੁਢਲੇ ਹੱਕਾਂ ਦੀ ਵਕਾਲਤ ਕਰ ਰਹੀਆਂ ਜਥੇਬੰਦੀਆਂ ਅਤੇ ਭਾਰਤੀ ਸਮਾਜ ਦਾ ਜਾਗਰੂਕ ਤਬਕਾ ਸਕਤੇ ਵਿਚ ਆ ਗਿਆ ਸੀ। ਸੀ.ਬੀ.ਆਈ. ਤੇ ਪੁਲਿਸ ਦੀ ਜਾਂਚ ਵਿਚ, ਕੁੜੀਆਂ ਦੇ ਮਾਪਿਆਂ ਦੇ ਸੱਚ ਵਿਚ, ਬਲਾਤਕਾਰੀਆਂ ਦੇ ਬਿਆਨਾਂ ਵਿਚ, ਕਾਗਜ਼ੀ/ਕਾਨੂੰਨੀ ਕਾਰਵਾਈ ਵਿਚ ਬਹੁਤ ਕੁਝ ਅਜਿਹਾ ਸੀ ਜਿਸ ਦੀ ਕੋਈ ਤਾਰਕਿਕ ਵਿਆਖਿਆ ਨਹੀਂ ਕੀਤੀ ਜਾ ਸਕਦੀ ਸੀ। ਐਪਰ, ਇਕ ਸੱਚ ਸਭ ਦੇ ਸਾਹਮਣੇ ਚਿੱਟੇ ਦਿਨ ਵਾਂਗ ਸਪਸ਼ਟ ਸੀ ਕਿ ਅੰਬ ਦੇ ਉਸ ਦਰੱਖਤ 'ਤੇ ਦੋ ਛੋਟੀਆਂ ਬੱਚੀਆਂ ਦੀਆਂ ਲਹੂ-ਲੁਹਾਣ ਦੇਹਾਂ ਲਟਕ ਰਹੀਆਂ ਸਨ ਜਿਨ੍ਹਾਂ ਨੂੰ ਕਈ ਦਿਨ ਬਲਾਤਕਾਰ ਕਰਨ ਤੋਂ ਬਾਅਦ ਫਾਂਸੀ ਦੇ ਦਿੱਤੀ ਗਈ ਸੀ। ਇਹ ਕਿਸੇ ਮਨੁੱਖੀ ਜ਼ਿੰਦਗੀ ਦਾ ਸਭ ਤੋਂ ਤਰਾਸਦਿਕ ਅਤੇ ਭਿਅੰਕਰ ਅੰਤ ਹੋ ਸਕਦਾ ਹੈ।

ਫਿਲਮ 'ਆਰਟੀਕਲ 15' ਬਾਰੇ ਵੱਖ-ਵੱਖ ਫਿਲਮ ਆਲੋਚਕਾਂ ਅਤੇ ਸਮਾਜ ਸ਼ਾਸਤਰੀਆਂ ਨੇ ਲਿਖਿਆ ਹੈ। ਫਿਲਮ ਪਿਛਲੇ ਸਾਲਾਂ ਦੌਰਾਨ ਜਾਤ ਕੁ-ਪ੍ਰਥਾ ਦੇ ਆਧਾਰ 'ਤੇ ਬਣੀਆਂ ਅਨੇਕਾਂ ਫਿਲਮਾਂ 'ਫੰਡਰੀ', 'ਸੈਰਾਟ' (ਮਰਾਠੀ) ਆਦਿ ਵਰਗੀ ਬਿਰਤਾਂਤਕ ਅਤੇ ਵਿਚਾਰਧਾਰਕ ਕਲਾਤਮਿਕਤਾ ਦੀ ਥਾਂ ਮੌਜੂਦਾ ਦੌਰ ਦੀਆਂ ਵੈਬ-ਸੀਰੀਜ਼ ਦੀ ਰਹੱਸਮਈ ਅਤੇ 'ਕਦੇ ਵੀ, ਕਿਵੇਂ ਵੀ, ਕੁਝ ਵੀ ਵਾਪਰ ਸਕਦਾ ਹੈ' ਦਾ ਫਾਰਮੂਲਾ ਅਪਣਾਉਂਦੀ ਹੈ। ਫਿਲਮ ਦੀ ਪੂਰੀ ਸੰਰਚਨਾ ਵਿਚ ਚਿੰਨ੍ਹਾਂ, ਬਿੰਬਾਂ, ਪ੍ਰਤੀਕਾਂ ਅਤੇ ਮੈਟਾਫਰਾਂ ਜਿਵੇਂ ਸਭ ਤੋਂ ਮਾੜੇ ਕਿਰਦਾਰ ਬ੍ਰਹਮ ਦੱਤ ਦਾ ਕੁੱਤਿਆਂ ਨਾਲ ਇਸ਼ਕ, ਥਾਣੇ ਦਾ ਲਗਾਤਾਰ ਲੀਕ ਹੋ ਰਿਹਾ ਸੀਵਰੇਜ ਅਤੇ ਅਪਹੁੰਚ ਦਲਦਲੀ ਜ਼ਮੀਨ ਦੇ ਜੰਗਲ (ਇਹ ਜਿਸ ਤਰ੍ਹਾਂ ਨਾਲ ਵਸ ਰਹੀਆਂ ਇਨਸਾਨੀ ਬਸਤੀਆਂ ਲਈ ਲਗਾਤਾਰ ਬਦਬੂ, ਘੁਟਨ, ਦਹਿਸ਼ਤ ਤੇ ਬੇਵਸੀ ਦਾ ਸਬੱਬ ਬਣਦੇ ਹਨ, ਇਹ ਨਿਰਦੇਸ਼ਕ ਦੀ ਬਹੁਪੱਖੀ ਕਲਪਨਾ ਦਾ ਕਮਾਲ ਹੀ ਹੈ) ਆਦਿ ਦੁਆਰਾ ਅਜਿਹੇ ਹਾਲਾਤ ਦਾ ਚਿਤਰਨ ਹੈ, ਜਿਥੇ ਬਹੁਤੇ ਪਾਤਰ ਜ਼ਿੰਦਗੀ ਅਤੇ ਮੌਤ ਵਿਚਲਾ ਮੂਲ ਫਰਕ ਭੁੱਲ ਕੇ ਅਗਲੇ ਦਿਨ ਦੇ ਤਸ਼ੱਦਦ ਲਈ ਤਿਆਰ ਹੋ ਰਹੇ ਹਨ। ਜਿਥੇ ਆਰਥਿਕ-ਸਮਾਜਿਕ ਸੌਖ ਹੈ, ਉਥੇ ਮਾਨਸਿਕ ਦਵੰਦਾਂ ਅਤੇ ਮਨੁੱਖੀ ਹੋਂਦ ਦੇ ਸੰਸਿਆਂ ਨਾਲ ਕਿਰਦਾਰ ਉਲਝੇ ਹੋਏ ਹਨ।

ਬਹਰਹਾਲ ਫਿਲਮ ਦਾ ਕੇਂਦਰੀ ਨੁਕਤਾ ਜਾਤ ਰੱਖਿਆ ਗਿਆ ਹੈ ਭਾਵੇਂ ਕੁੱਝ ਕੁ ਮੁਢਲੇ ਦ੍ਰਿਸ਼ਾਂ ਤੋਂ ਬਾਅਦ ਇਹ ਭਲੀਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਜਾਤ ਇਸ ਸਿਨੇਮਈ ਹਕੀਕਤ ਦੀ ਮਹਿਜ਼ ਇਕ ਕੜੀ ਹੈ। ਇਸ ਕੜੀ ਨੂੰ ਨਿਰਦੇਸ਼ਕ, ਸੂਤਰਧਾਰ ਦੇ ਤੌਰ 'ਤੇ ਵਰਤਦਾ ਹੈ। ਫਿਲਮ ਦੇ ਕਥਾਨਿਕ ਵਿਚ ਪਹਿਲਾ ਚਿੱਬ ਉਦੋਂ ਨਜ਼ਰ ਆਉਂਦਾ ਹੈ, ਜਦੋਂ ਫਿਲਮ ਭਾਰਤ ਦੀ ਜਾਤੀ ਵਿਵਸਥਾ ਨੂੰ ਪੇਂਡੂ ਵਰਤਾਰਾ ਮੰਨਦਿਆਂ ਸ਼ਹਿਰ/ਵਿਦੇਸ਼ ਤੋਂ ਜਮਹੂਰੀਅਤ ਅਤੇ ਬਰਾਬਰੀ ਦਾ ਚੈਪਟਰ ਪੜ੍ਹ ਕੇ ਆਏ ਨੌਜਵਾਨ ਪੁਲਿਸ ਅਫਸਰ ਨੂੰ ਉਸ ਸ਼ਹਿਰੀ ਤਬਕੇ ਦੇ ਤੌਰ 'ਤੇ ਪ੍ਰੀਭਾਸ਼ਤ ਕਰਦੀ ਹੈ ਜਿਸ ਨੂੰ ਇਹ ਦਸਿਆ ਹੀ ਨਹੀਂ ਗਿਆ ਕਿ ਖੇਤਾਂ, ਬਾਗਾਂ ਅਤੇ ਪਿੰਡਾਂ ਵਿਚ ਦੇਹ ਤੇ ਵਾਪਰਦਾ ਜਾਤ ਦਾ ਵਰਤਾਰਾ ਸ਼ਹਿਰੀ ਲਹਿਜੇ ਵਿਚ ਜ਼ਿਆਦਾ ਘਾਤਕ, ਮਨੋਵਿਗਿਆਨਕ ਅਤੇ ਮਾਰੂ ਰੂਪ ਅਖਤਿਆਰ ਕਰ ਲੈਂਦਾ ਹੈ। 'ਦਸਿਆ ਹੀ ਨਹੀਂ ਗਿਆ' ਦੇ ਕਟਹਿਰੇ ਵਿਚ ਮਾਪੇ, ਅਧਿਆਪਕ, ਸਕੂਲ, ਕਾਲਜ, ਯੂਨੀਵਰਸਿਟੀ, ਧਾਰਮਿਕ ਤੇ ਸਮਾਜਿਕ ਸੰਸਥਾਵਾਂ ਦੀ 'ਇਮਾਨਦਾਰ ਬੇਈਮਾਨੀ' ਸਾਫ ਝਲਕਦੀ ਹੈ।

ਇਸ ਫਿਲਮ ਦਾ ਲੇਖਕ ਕਵੀ ਹੈ। ਫਿਲਮ ਲਿਖਣ ਦੌਰਾਨ ਉਹ ਰੋਹਿਤ ਵੇਮੁਲਾ ਦੀ ਖੁਦਕੁਸ਼ੀ,



*ਫਿਲਮਸਾਜ਼ ਅਨੁਭਵ ਸਿਨਹਾ*

ਚੰਦਰ ਸ਼ੇਖਰ ਦੀ ਗ੍ਰਿਫਤਾਰੀ, ਯੂ.ਪੀ. ਵਿਚ ਦਲਿਤ ਨੇਤਾਵਾਂ ਦੇ ਫਰਜ਼ੀ ਪੁਲਿਸ ਮੁਕਾਬਲਿਆਂ ਅਤੇ ਬੱਚਿਆਂ-ਔਰਤਾਂ ਖਿਲਾਫ ਵਧ ਰਹੇ ਲਿੰਗਕ ਅਪਰਾਧਾਂ ਨੂੰ ਨੀਝ ਨਾਲ ਪੜ੍ਹਦਾ ਹੈ ਤੇ ਪਟਕਥਾ ਵਿਚ ਬੁਣਦਾ ਚਲਾ ਜਾਂਦਾ ਹੈ। ਇਸ ਦੇ ਬਾਵਜੂਦ ਉਹ ਥਾਣੇ ਨੂੰ 'ਵਿਵਸਥਾ 'ਚ ਸੁਧਾਰ' ਲਈ ਮੁਢਲੇ ਯੂਨਿਟ ਵਜੋਂ ਵਰਤਣ ਦਾ ਯਤਨ ਕਰਦਾ ਹੈ।

ਕੀ ਜਾਤ ਨਿਆਇਕ ਵਿਵਸਥਾ ਜਾਂ ਅਮਨ-ਕਾਨੂੰਨ ਦੇ ਅਧਿਐਨਾਂ ਨਾਲ ਹੱਲ ਹੋਣ ਵਾਲਾ ਮਸਲਾ ਹੈ? ਇਸ ਦਾ ਜਵਾਬ ਭਗਤ ਸਿੰਘ ਆਪਣੇ ਲੇਖ 'ਅਛੂਤ ਸਮੱਸਿਆ' ਵਿਚ ਦਿੰਦਾ ਹੈ। ਇਥੇ ਇਹ ਤੱਥ ਮਹੱਤਵਪੂਰਨ ਹੈ ਕਿ ਭਗਤ ਸਿੰਘ ਨੇ ਇਹ ਲੇਖ ਉਨ੍ਹਾਂ ਦਿਨਾਂ ਵਿਚ ਲਿਖਿਆ, ਜਦੋਂ ਭੀਮ ਰਾਓ ਅੰਬੇਡਕਰ ਆਪਣੇ ਸਾਥੀਆਂ ਨਾਲ ਮਿਲ ਕੇ ਮਨੂ ਸਮ੍ਰਿਤੀ ਜਲਾ ਚੁੱਕਾ ਸੀ ਅਤੇ ਕਵਰਡ ਟੈਂਕ (ਮਹਦ) ਤੋਂ ਪਾਣੀ ਪੀ ਚੁੱਕਾ ਸੀ ਜਿਥੇ ਦਲਿਤ ਦਾ ਦਾਖਲ ਹੋਣਾ ਮਨ੍ਹਾ ਸੀ।

ਇਨ੍ਹਾਂ ਹੀ ਦਿਨਾਂ ਵਿਚ ਕੈਥਰੀਨ ਮਿਉ ਦੀ ਭਾਰਤੀ ਜਾਤੀ ਦਮਨ 'ਤੇ ਆਧਾਰਤ ਕਿਤਾਬ 'ਮਦਰ ਇੰਡੀਆ' ਛਪੀ ਸੀ ਜਿਸ ਨੂੰ ਮਹਾਤਮਾ ਗਾਂਧੀ ਨੇ 'ਗਟਰ ਰਿਪੋਰਟ' ਆਖਦਿਆਂ ਜ਼ਬਰਦਸਤ ਵਿਰੋਧ ਕੀਤਾ ਸੀ। ਭਗਤ ਸਿੰਘ ਆਪਣੇ ਲੇਖ ਵਿਚ ਆਪਣੇ ਵਕੀਲ ਦੋਸਤ ਨੂਰ ਮੁਹੰਮਦ ਦੀਆਂ ਇਕ ਕੇਸ ਦੇ ਸਿਲਸਿਲੇ ਵਿਚ ਦਿਤੀਆਂ ਦਲੀਲਾਂ ਦਾ ਹਵਾਲਾ ਦਿੰਦਿਆਂ ਦਲਿਤ ਨੇਤਾਵਾਂ ਨੂੰ ਸੰਬੋਧਿਤ ਹੁੰਦਿਆਂ ਆਖਦਾ ਹੈ- 'ਅਫਸਰਸ਼ਾਹੀ ਦੇ ਚੁੰਗਲ ਤੋਂ ਬਚੋ। ਉਨ੍ਹਾਂ ਦਾ ਤੁਹਾਡੀ ਮਦਦ ਕਰਨ ਦਾ ਕੋਈ ਇਰਾਦਾ ਨਹੀਂ। ਉਨ੍ਹਾਂ ਲਈ ਤੁਸੀਂ ਸਿਰਫ ਯਥਾ-ਸਥਿਤੀ ਨੂੰ ਬਰਕਰਾਰ ਰੱਖਣ ਦਾ ਸੰਦ ਹੋ। ਇਹ ਪੂੰਜੀਵਾਦੀ ਅਫਸਰਸ਼ਾਹੀ ਹੀ ਤਾਂ ਤੁਹਾਡੀ ਗਰੀਬੀ ਅਤੇ ਦੁਰਦਸ਼ਾ ਦਾ ਮੁੱਖ ਕਾਰਨ ਹੈ। ਇਨ੍ਹਾਂ ਨਾਲ ਸਮਝੌਤਾ ਨਾ ਕਰੋ।'

ਇਥੇ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਭਗਤ ਸਿੰਘ ਇਸ ਨੂੰ 'ਅੰਗਰੇਜ਼ੀ ਅਫਸਰਸ਼ਾਹੀ' ਦੀ ਥਾਂ 'ਪੂੰਜੀਵਾਦੀ ਅਫਸਰਸ਼ਾਹੀ' ਆਖਦਾ ਹੈ। ਫਿਲਮ 'ਆਰਟੀਕਲ 15' ਦੀ ਸਭ ਤੋਂ ਵੱਡੀ ਵਿਚਾਰਧਾਰਕ ਊਣਤਾਈ ਵੀ ਇਸੇ ਗੁੰਝਲ ਵਿਚ ਹੈ। ਜਾਤ ਨਾਲ ਜੁੜੀ ਸਾਧਨਾਂ ਦੀ ਗੈਰ-ਕੁਦਰਤੀ ਵੰਡ ਦੀ ਵਿਵਸਥਾ, ਭੂਮੀ ਸੁਧਾਰਾਂ ਦੇ ਲਾਗੂ ਕਰਨ ਦੇ ਪ੍ਰਬੰਧ ਬਾਰੇ ਬਿਲਕੁਲ ਚੁੱਪ ਅਤੇ ਨਿਆਂ ਦੇ ਮਨੁੱਖੀ ਹੱਕਾਂ ਨੂੰ ਕਾਨੂੰਨੀ ਦਿਆਨਤਦਾਰੀ ਤੱਕ ਮਹਿਦੂਦ ਕਰਦੀ ਇਹ ਫਿਲਮ ਇਹ ਪੁੱਛਣਾ ਭੁੱਲ ਹੀ ਜਾਂਦੀ ਹੈ ਕਿ 'ਸੱਤਾ' ਦਾ ਸਵਾਲ ਪ੍ਰਸ਼ਾਸਕੀ ਤੇ ਕਾਨੂੰਨੀ ਸੁਧਾਰਾਂ ਦਾ ਸਵਾਲ ਨਹੀਂ ਹੈ।


ਇਸ ਬਾਬਤ ਅਹਿਮ ਟਿਪਣੀ ਜਰਮਨ ਫਿਲਾਸਫਰ ਕਾਰਲ ਮਾਰਕਸ ਦੀ ਹੈ ਜੋ ਉਹ ਸਮਾਜਿਕ ਚਿੰਤਕ ਜੋਸਫ ਪਰੂਧੋਂ ਦੀ ਕਿਤਾਬ 'ਫਿਲਾਸਫੀ ਆਫ ਪਾਵਰਟੀ' ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਕਰਦਾ ਹੈ; ਉਸ ਅਨੁਸਾਰ- 'ਕੀ ਜਾਤੀ ਵਿਵਸਥਾ ਕਿਰਤ ਵੰਡ ਦੀ ਪ੍ਰਣਾਲੀ ਦਾ ਹਿੱਸਾ ਨਹੀਂ?' 1847 ਵਿਚ ਕਾਰਲ ਮਾਰਕਸ ਇਸ ਕਿਤਾਬ ਦੇ ਜਵਾਬ ਵਿਚ ਲਿਖੀ ਆਪਣੀ ਕਿਤਾਬ 'ਪਾਵਰਟੀ ਆਫ ਫਿਲਾਸਫੀ' ਵਿਚ ਇਸ ਸਵਾਲ ਦੀ ਵਿਆਖਿਆ ਕਰਦਾ ਹੈ:

'ਪਿਤਾ ਪੁਰਖੀ ਸਮਾਜਾਂ ਵਿਚ, ਜਾਤ ਆਧਾਰਤ ਵਿਵਸਥਾ ਵਿਚ, ਜਗੀਰੂ ਢਾਂਚਿਆਂ ਵਿਚ ਅਤੇ ਕਾਰਪੋਰੇਸ਼ਨਾਂ ਦੇ ਰਾਜ ਵਿਚ ਸਖਤ ਨੇਮਾਂ ਤਹਿਤ ਕਿਰਤ ਦੀ ਸ਼੍ਰੇਣੀ ਵੰਡ ਮੌਜੂਦ ਹੈ। ਇਨ੍ਹਾਂ ਨੂੰ ਘੜਨ ਵਾਲਾ ਕੌਣ ਹੈ? ਕੋਈ ਕਾਨੂੰਨਦਾਤਾ ਹੈ? ਨਹੀਂ, ਇਹ ਉਤਪਾਦਨ ਦੇ ਸਾਧਨਾਂ ਦੀ ਵੰਡ ਵਿਚੋਂ ਪੈਦਾ ਹੋਏ ਹਾਲਾਤ ਹਨ। ਇਨ੍ਹਾਂ ਬਾਰੇ ਕਾਨੂੰਨ ਤਾਂ ਬਹੁਤ ਬਾਅਦ ਵਿਚ ਘੜੇ ਗਏ ਹਨ। ਕਿਰਤ ਦੀ ਇਸ ਸ਼੍ਰੇਣੀ ਵੰਡ ਦੇ ਆਧਾਰ ਉਤੇ ਤਾਂ ਵੱਖ-ਵੱਖ ਸਮਾਜਿਕ ਸੰਸਥਾਵਾਂ ਦੀ ਉਤਪਤੀ ਹੋਈ ਹੈ।'' (ਪੰਨਾ 118)।

ਇਸੇ ਦਲੀਲ ਨੂੰ ਹੋਰ ਵਿਸਥਾਰ ਦਿੰਦਿਆਂ ਕਾਰਲ ਮਾਰਕਸ 1859 ਵਿਚ ਲਿਖੇ ਇਕ ਹੋਰ ਲੇਖ 'ਏ ਕੰਟਰੀਬਿਊਸ਼ਨ ਟੂ ਦੀ ਕ੍ਰਿਟੀਕ ਆਫ ਪੋਲੀਟੀਕਲ ਇਕਾਨਮੀ' ਵਿਚ ਲਿਖਦੇ ਹਨ, ''ਕਾਨੂੰਨ ਘਾੜੇ ਕੁਝ ਖਾਸ ਪਰਿਵਾਰਾਂ/ਤਬਕੇ ਤੱਕ ਜ਼ਮੀਨੀ ਹੱਕ ਮਹਿਦੂਦ ਕਰ ਦਿੰਦੇ ਹਨ। ਬਹੁਤ ਵਾਰ ਕਿਰਤ ਖਾਨਦਾਨੀ ਰੀਤ ਵਜੋਂ ਅਪਣਾ ਲਈ/ਥੋਪੀ ਜਾਂਦੀ ਹੈ।''

ਇਸ ਬਾਰੇ ਸਭ ਤੋਂ ਦਿਲਚਸਪ ਤੱਥ ਇਹ ਹੈ ਕਿ ਕਾਰਲ ਮਾਰਕਸ ਬਹੁਤ ਬਾਰੀਕੀ ਨਾਲ ਅੰਗਰੇਜ਼ ਸਰਕਾਰ, ਭਾਰਤ ਦੀ ਇਲੀਟ ਕਲਾਸ ਅਤੇ ਜਾਤੀ ਵਿਵਸਥਾ ਦੇ ਸਵਾਲ ਦੀ ਚੀਰ-ਫਾੜ ਕਰਦਿਆਂ ਨਤੀਜਾ ਕੱਢਦਾ ਹੈ, ''ਅੰਗਰੇਜ਼ ਅਤੇ ਬੁਰਜ਼ੂਆ ਜਮਾਤ ਨਾ ਤਾਂ ਸਾਧਨਾਂ ਵਜੋਂ ਅਤੇ ਨਾ ਹੀ ਅਮਲੀ ਰੂਪ ਵਿਚ ਭਾਰਤੀ ਜਨਤਾ ਦੀ ਹਾਲਤ ਸੁਧਾਰਨ ਵਿਚ ਕੋਈ ਦਿਲਚਸਪੀ ਲਵੇਗੀ। ਉਲਟਾ, ਉਨ੍ਹਾਂ ਦਾ ਸਾਰਾ ਜ਼ੋਰ ਸ਼ੋਸ਼ਣ ਦੇ ਪਦਾਰਥਿਕ ਹਾਲਾਤ ਨੂੰ ਜਿਉਂ ਦਾ ਤਿਉਂ ਬਣਾਈ ਰੱਖਣ 'ਤੇ ਲੱਗਦਾ ਹੈ।''

ਹੁਣ ਇਥੇ ਉਸ 'ਬਰਾਬਰੀ ਦੇ ਵਿਚਾਰ' ਦਾ ਖਾਕਾ ਅਤੇ ਖਾਸਾ ਸਮਝਣ ਦੀ ਲੋੜ ਹੈ, ਜਿਸ ਨੂੰ ਫਿਲਮ ਵਿਚ ਵਾਰ-ਵਾਰ ਦੁਹਰਾਇਆ ਗਿਆ ਹੈ। ਬਰਾਬਰੀ ਦਾ ਇਹ ਵਿਚਾਰ ਨਿਆਂ ਦੀ ਕਿਸੇ ਪ੍ਰਣਾਲੀ ਅੱਗੇ ਇਕੋ ਜਿਹੇ ਜੁਰਮ ਦੀ 'ਇਕੋ ਜਿਹੀ ਸਜ਼ਾ' ਜਾਂ 'ਸਭ ਲਈ ਇਕੋ ਜਿਹਾ ਦੰਡ' ਦੀ ਧਾਰਨਾ ਤੋਂ ਅੱਗੇ ਸ਼ੋਸ਼ਣ ਆਧਾਰਤ 'ਪਦਾਰਥਿਕ ਵੰਡ' ਅਤੇ 'ਉਤਪਾਦਨ ਰਿਸ਼ਤਿਆਂ' ਨੂੰ ਸ਼ੋਸ਼ਣ ਰਹਿਤ ਸਮਾਜਿਕ ਰਿਸ਼ਤਿਆਂ ਵਿਚ ਬਦਲਨਾ ਹੈ। ਇਸ ਨੂੰ ਇੰਦਾਂ ਹੀ ਸਮਝਿਆ ਜਾ ਸਕਦਾ ਹੈ ਕਿ ਭਾਰਤ ਦੀਆਂ ਨੀਵੀਆਂ ਗਿਣੀਆਂ ਜਾਂਦੀਆਂ ਸਾਰੀਆਂ ਜਾਤਾਂ ਪ੍ਰੋਲੋਤਾਰੀ ਵਰਗ ਦਾ ਹਿੱਸਾ ਹਨ ਅਤੇ ਉਨ੍ਹਾਂ ਦੀ





*ਫਿਲਮ 'ਆਰਟੀਕਲ 15' ਦਾ ਪੋਸਟਰ।*

ਲੜਾਈ ਵਰਗ-ਵੰਡ ਦੀ ਲੜਾਈ ਹੈ।

ਫਿਲਮ ਪੁਲਿਸ ਜਾਂਚ ਦੀ ਗੁੰਝਲਦਾਰ ਪ੍ਰਕਿਰਿਆ 'ਤੇ ਆਧਾਰਤ ਹੈ ਜਿਸ ਵਿਚ ਸਬੂਤਾਂ ਅਤੇ ਗਵਾਹਾਂ ਦੀ ਤਲਾਸ਼ ਇਮਾਨਦਾਰ ਅਫਸਰ ਲਈ ਪਹਿਲੀ ਤੇ ਵੱਡੀ ਵੰਗਾਰ ਹੈ। ਇਸ ਪੱਖੋਂ ਫਿਲਮ ਦੀ ਸ਼ੁਰੂਆਤ ਤੋਂ ਅੰਤ ਤੱਕ 'ਕਿਸੇ ਹੀਰੋ ਦੀ ਤਲਾਸ਼ ਨਾ ਕਰਨ ਦੀ ਜ਼ਿੱਦ' ਕਰਦੀ ਕਰਦੀ ਅੰਤ ਤਕ 'ਮਸੀਹਾ' ਦੀ ਘਾੜਤ ਘੜ ਲੈਂਦੀ ਹੈ। ਫਿਲਮ ਦਾ ਇਕ ਹੋਰ ਕਮਜ਼ੋਰ ਪੱਖ ਪੀੜਤ ਧਿਰ ਨੂੰ ਕਿਸੇ ਵੀ ਕਿਸਮ ਦੀ ਹਥਿਆਰਬੰਦ ਜਾਂ ਜਥੇਬੰਦਕ ਹਿੰਸਾ ਦੀ ਮਦਦ ਨਾ ਲੈਣ ਦੀ ਮੱਤ ਦੇਣਾ ਹੈ ਜਦਕਿ ਫਿਲਮ ਦਾ 'ਆਦਰਸ਼ਵਾਦੀ' ਹੀਰੋ ਖੁਦ ਮੰਨਦਾ ਹੈ ਕਿ ਜਾਤੀ ਵਿਵਸਥਾ ਵਿਚ ਪਈ ਲੁਪਤ ਹਿੰਸਾ ਸਭ ਤੋਂ ਕਰੂਰ ਅਤੇ ਖਤਰਨਾਕ ਹੈ।

ਜੇ ਇਤਿਹਾਸਕ ਤੌਰ 'ਤੇ ਦੇਖਿਆ ਜਾਵੇ ਤਾਂ ਦਮਿਤ ਧਿਰ ਵੀ ਹਿੰਸਾ 'ਤੇ ਉਤਰ ਆਉਣ ਦਾ ਫੈਸਲਾ ਉਨ੍ਹਾਂ ਹੀ ਹਾਲਾਤ ਵਿਚ ਲੈਂਦੀ ਹੈ, ਜਦੋਂ ਉਸ ਲਈ ਅਹਿੰਸਕ ਅਤੇ ਜਥੇਬੰਦਕ ਵਿਰੋਧ ਦੀ ਆਖਰੀ ਉਮੀਦ ਵੀ ਖਤਮ ਹੋ ਜਾਂਦੀ ਹੈ। ਇਸ ਹਿੰਸਾਤਮਕ ਵਿਰੋਧ ਵਿਚ ਵੀ ਤੁਲਨਾਤਮਕ ਤੌਰ 'ਤੇ ਹਾਲਾਤ ਨੂੰ ਯਥਾ-ਸਥਿਤੀ ਵਿਚ ਵਾਪਸ ਲਿਆਉਣ ਦੀ ਪ੍ਰਕਿਰਿਆ ਦਮਿਤ ਧਿਰ ਲਈ ਵੱਧ ਭਿਆਨਕ ਹੋ ਨਿਬੜਦੀ ਹੈ।

ਭਾਰਤੀ ਜਾਤੀ ਵਿਵਸਥਾ ਨਸਲਵਾਦ ਜਾਂ ਰੰਗ-ਭੇਦ ਵਾਂਗ ਸਿਰਫ ਦੋ ਧਿਰਾਂ ਵਿਚਲਾ ਮਸਲਾ ਨਹੀਂ ਸਗੋਂ ਜਿਵੇਂ ਇਹ ਫਿਲਮ ਵਾਰ-ਵਾਰ ਇਸ਼ਾਰਾ ਕਰਦੀ ਹੈ, ਇਸ ਵਿਵਸਥਾ 'ਚ ਹੀ ਆਪਸੀ ਦਮਿਤ ਚੱਕਰ ਵੀ ਚੱਲਦਾ ਰਹਿੰਦਾ ਹੈ ਜਿਹੜਾ ਸਮਾਜਿਕ ਰਿਸ਼ਤਿਆਂ ਦੀ ਵਿਆਕਰਨ ਅਤੇ ਸਮਾਜ ਦੀਆਂ ਆਰਥਿਕ ਗਤੀਵਿਧੀਆਂ ਦੀ ਦਸ਼ਾ ਤੇ ਦਿਸ਼ਾ ਤੈਅ ਕਰਦਾ ਹੈ। ਇਸ ਨੂੰ ਉਨ੍ਹਾਂ ਹਾਲਾਤ ਅਤੇ ਆਲੋਚਨਾਤਮਕ ਬਹਿਸਾਂ ਵਿਚੋਂ ਆਸਾਨੀ ਨਾਲ ਪੜ੍ਹਿਆ ਜਾ ਸਕਦਾ ਹੈ, ਜੋ ਰਾਜਾ ਰਾਮ ਮੋਹਨ ਰਾਏ, ਡਾ. ਰਾਬਿੰਦਰਨਾਥ ਟੈਗੋਰ ਅਤੇ ਸ਼ਰਤ ਚੰਦਰ ਚੈਟਰਜੀ ਤੋਂ ਲੈ ਕੇ ਮੁਨਸ਼ੀ ਪ੍ਰੇਮ ਚੰਦ ਤੇ ਓਮ ਬਾਲਮੀਕੀ ਵਰਗੇ ਲੇਖਕਾਂ ਨੂੰ ਉਨ੍ਹਾਂ ਦੇ ਆਪਣੇ ਹੀ ਦੋਸਤਾਂ, ਹਮ-ਮਜ਼੍ਹਬੀਆਂ ਅਤੇ ਸੰਗੀ-ਸਾਥੀਆਂ ਨਾਲ ਲਗਾਤਾਰ ਉਲਝਾਉਂਦੀਆਂ ਰਹੀਆਂ।

ਦਰਅਸਲ, ਇਹ ਮਸਲੇ 'ਨੈਤਿਕਤਾ', 'ਸੁੱਚਤਾ', 'ਉਚਤਾ', 'ਪਵਿੱਤਰਤਾ' ਵਰਗੀਆਂ ਮਿਥਕ ਅਤੇ ਸਭਿਆਚਾਰਕ ਧਾਰਨਾਵਾਂ ਤੇ ਘਾੜਤਾਂ ਦੇ ਦਾਇਰਿਆਂ ਵਿਚ ਆ ਫਸਦੇ ਹਨ। ਫਿਲਮ ਦੇਖਦਿਆਂ ਇਹ ਗੱਲ ਆਸਾਨੀ ਨਾਲ ਮਹਿਸੂਸ ਕੀਤੀ ਜਾ ਸਕਦੀ ਹੈ ਕਿ ਅਯਾਨ (ਫਿਲਮ ਦਾ ਨਾਇਕ) ਦਾ ਪੁਲਿਸ ਅਫਸਰ ਹੋਣਾ ਹੀ ਉਸ ਨੂੰ ਅਜਿਹੀਆਂ ਗੁੰਝਲਦਾਰ ਜਾਤੀ ਅੜਾਉਣੀਆਂ ਤੋਂ ਆਸਾਨੀ ਨਾਲ ਬਚਾ ਲੈ ਜਾਂਦਾ ਹੈ। ਕੀ ਇਹ ਹੋ ਸਕਦਾ ਸੀ, ਜੇ ਉਹ ਉਸੇ ਥਾਣੇ ਵਿਚ ਬਤੌਰ ਸਿਪਾਹੀ ਸੇਵਾ ਕਰ ਰਿਹਾ ਹੁੰਦਾ?

ਫਿਲਮ ਵਿਚ ਬਹੁਤੇ ਔਰਤ ਕਿਰਦਾਰ ਪੀੜਤ ਧਿਰ ਹਨ। ਉਨ੍ਹਾਂ ਦੇ ਚਿਹਰੇ ਭੈਅ ਨਾਲ ਲਗਾਤਾਰ ਤਿੜਕੇ ਰਹਿੰਦੇ ਹਨ। ਗੌਰਾ ਆਪਣੇ ਪ੍ਰੇਮੀ ਨਿਸ਼ਾਦ ਨਾਲ ਮਿਲ ਕੇ ਇਸ ਫਿਲਮ ਦੀ ਆਤਮਾ/ਚੇਤਨਾ ਬਣ ਕੇ ਉਭਰਦੀ ਹੈ। ਨਿਸ਼ਾਦ ਦੇ ਫਰਜ਼ੀ ਮੁਕਾਬਲੇ ਤੋਂ ਬਾਅਦ ਜਿਹੜੀ ਸੁੰਨ ਗੋਰਾ ਅਤੇ ਉਸ ਥਾਣੇ ਵਿਚ ਸਿਆਸਤ ਅਤੇ ਥਾਣੇ ਦੀ ਸੰਰਚਨਾ ਖਿਲਾਫ ਲੜ ਰਹੇ ਲੋਕਾਂ ਵਿਚ ਪਸਰਦੀ ਹੈ, ਉਹ ਨਿਰਾਸ਼ਾਜਨਕ ਹੈ।

ਇਹ ਸਵਾਲ ਡਾ. ਅੰਬੇਡਕਰ ਦੀ ਭਾਸ਼ਾ ਵਿਚ ਪੁਛਿਆ ਜਾਣਾ ਬਣਦਾ ਹੈ ਜਿਥੇ ਉਹ ਉਚ ਜਾਤੀ ਦੁਆਰਾ ਸਮਾਜਿਕ ਸੁਧਾਰਾਂ ਅਤੇ ਸਿਆਸੀ ਸੱਤਾ ਨੂੰ ਚਲਾਉਣ ਬਾਰੇ ਜ਼ਰੂਰੀ ਯੋਗਤਾ 'ਤੇ ਵਿਅੰਗ ਕਰਦਿਆਂ ਆਖਦੇ ਹਨ ਕਿ ਉਸ ਧਿਰ ਤੋਂ ਜਮਹੂਰੀਅਤ ਅਤੇ ਸੱਤਾ ਦੀ ਭਲਾਈ ਆਧਾਰਤ ਵਿਵਸਥਾ ਕੀਤੇ ਜਾਣ ਦੀ ਕੀ ਉਮੀਦ ਕੀਤੀ ਜਾ ਸਕਦੀ ਹੈ ਜਿਹੜੀ ਮੁਲਕ ਦੇ ਹਜ਼ਾਰਾਂ ਨਾਗਰਿਕਾਂ ਨੂੰ ਸਕੂਲਾਂ-ਕਾਲਜਾਂ ਵਿਚ ਪੜ੍ਹਨ, ਮਨਪਸੰਦ ਭੋਜਣ ਖਾਣ, ਮਨਪਸੰਦ ਢੰਗ ਦੇ ਕਪੜੇ ਪਹਿਨਣ ਅਤੇ ਮਰਜ਼ੀ ਨਾਲ ਜਿਊਣ ਦੇਣ ਤੱਕ ਦੀ ਆਜ਼ਾਦੀ ਦਾ ਵਿਚਾਰ ਵੀ ਬਰਦਾਸ਼ਤ ਨਹੀਂ ਕਰ ਸਕਦੀ? ਜੇ ਫਿਲਮ ਵਾਂਗ ਸੰਵਿਧਾਨ ਦੇ ਘੇਰੇ ਵਿਚ ਰਹਿ ਕੇ ਵੀ ਇਸ ਦਲੀਲ ਨੂੰ ਪਰਖਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਗਾਂਧੀ ਅਤੇ ਅੰਬੇਡਕਰ ਦੀਆਂ ਦੋ ਉਲਟ-ਦਿਸ਼ਾਵੀ ਧਾਰਾਵਾਂ ਦੇ ਟਕਰਾਉ ਵਿਚ ਘੱਟੋ-ਘੱਟ ਇਸ ਫਿਲਮ ਵਿਚ ਤਾਂ ਫਿਰ ਤੋਂ ਗਾਂਧੀ ਹੀ ਜੇਤੂ ਹੋ ਨਿਕਲਿਆ ਹੈ।


Dedicated to Sri Guru Nanak Dev ji's 550th Parkash Purb
UNITED SPORTS CLUB CALIFORNIA, AMERICA
15TH WORLD KABADDI CUP
15 SEPTEMBER 2019, SUNDAY
(Timing 09:00am - 06pm)
(James Logan High School 1800 H Street, Union City, California 94587)
ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਣ ਵਾਲਾ
'15ਵਾਂ ਵਿਸ਼ਵ ਕਬੱਡੀ ਕੱਪ 2019' ਇਤਿਹਾਸਿਕ ਹੋਵੇਗਾ
ਇਸ ਵਿਸ਼ਵ ਕੱਪ ਵਿਚ ਡਰੱਗ ਫ੍ਰੀ ਸਰਟੀਫਿਕੇਟ ਪ੍ਰਾਪਤ ਖਿਡਾਰੀ ਹੀ ਖੇਡ ਸਕਣਗੇ
ਤੀਰਥ ਗਾਖਲ
ਰੰਗ ਕਬੱਡੀ ਦੇ
Amolak Singh Gakhal
Chief Patron, United Sports Club
Sponsor of 1st Prize
Jagjit Singh Rakkar
Ocean Transport
Kuljit Singh Nijjar
White Hawlk
Sponsor of 2nd Prize
Jugraj Singh Sahota & Narinder Singh Sahota of Sahota Family
Late. Kashmir Singh Sahota
Sponsor of 3rd Prize
Jaswinder Boparai, Dalbir Boparai
Malkit Bopari, Gurdev Boparai
Diamond Sponsor
Inder Dosanjh
Dosanjh Family
Auto Group Inc.
Diamond Sponsor
In the loving Memory of
Late S. Mehnga Singh Sarai
By: Sarai Family
Sponsor of U-25
1st Prize Sponsored by
TAKHAR FAMILY
in loving memory of Late. Santokh Singh Takhar Apna Punjab & Northern California Club
OPENING
ਮੁੱਖ ਮਹਿਮਾਨ
ਮੈਨੀ ਗਰੇਵਾਲ
ਸੁਰਜੀਤ ਸਿੰਘ ਟੁੱਟ
ਸੇਵਾ ਸਿੰਘ ਰੰਧਾਵਾ
ਜਸਪ੍ਰੀਤ ਸਿੰਘ ਅਟਾਰਨੀ
ਰਾਜ ਸਲਵਾਨ
ਵਾਈਸ ਮੇਅਰ ਫਰੀਮੌਂਟ
ਮੇਜਰ ਸਿੰਘ ਬੈਂਸ
ਵਿਸ਼ੇਸ਼ ਮਹਿਮਾਨ
ਸ.ਮਹਿੰਦਰ ਸਿੰਘ ਗਿੱਲ
ਗੈਰੀ ਸਿੰਘ
ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਸ. ਤਰਲੋਚਨ ਸਿੰਘ ਦੁਪਾਲਪੁਰ
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Director
S. Ashok Bhaura Gen. Sec & Media Incharge
Narinder Singh Sahota Treasurer
Pinki Atwal Director
Sadhu Singh Khlaur Advisor
Balvir Singh Bhatia Director
Natha Singh Gakhal Advisor
Makhan Singh Dhaliwal
ਗਾਖਲ ਭਰਾਵਾਂ ਵਲੋਂ ਆਪਣੇ ਪਿਤਾ ਸ੍ਰ. ਨਸੀਬ ਸਿੰਘ ਗਾਖਲ ਦੀ ਯਾਦ ਵਿਚ ਨੇਕੀ ਸਿੱਧਵਾਂ, ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ ਅਤੇ ਸੁਲਤਾਨ ਸ਼ਮਸ਼ਪੁਰ ਦਾ ਗੋਲਡ ਮੈਡਲਾਂ ਨਾਲ ਸਨਮਾਨ ਕੀਤਾ ਜਾਵੇਗਾ
ਗੋਲਡ ਮੈਡਲ ਨਾਲ ਸਨਮਾਨ
ਨੇਕੀ ਸਿੱਧਵਾਂ
ਸੰਦੀਪ ਨੰਗਲ ਅੰਬੀਆਂ
ਪਾਲਾ ਜਲਾਲਪੁਰ
ਖੁਸ਼ੀ ਦੁੱਗਾਂ
ਸੁਲਤਾਨ ਸ਼ਮਸਪੁਰ
Debi Sohal Sidhwan Dona Director
Inderjit Singh Thind Director
Bakhtawar Singh Gakhal Director
Gurpreet Singh Gakhal Director
Giani Ravinder Singh Director
Baljinder Singh Gakhal Director
Gulwiner Singh Gakhal Director
Harjinder Ladhar Director
Dalwinder Padda Director
Arundeep Singh Advisor
Baljinder Singh Advisor
Kala Gakhal Director
All Kabaddi Lovers are openly Invited
GUEST OF HONOR
Jagir Singh (Subzi Mandi)
Baljit Singh Sandhu
Rana Tutt
Hardumman Singh (Billa Sanghera)
Pritam Singh Grewal
Bhupinder Singh Parmar
Makhan Sandhu
Amarjit Sangha
Bhjan Singh Thiara
Kuldip S. Sahota
Pamma deol
Jaswant Singh Hothi
Mangal Singh Bhandal
Dr. Harjinder Khehra
Happy Heer
Ram Saroye
Rana Dhillon
Balwinder Walia
Dr. Baljinder Grewal
Gurdeep Singh Gakhal
Nirmal Singh Sahota
Lucky Sahota
Jaskaran Singh Dhaliwal
SP Singh
Ruby Harkhowal
Amrik Chand Lakha CPA
Santokh Singh Judge
Sarabjit Dhaliwal
Satnam Singh Bal
Sukhdev Singh Grewal
Sukhjit Singh Sandhu
Gurcharan Maan
Jaswant Singh Sarai
Media In charge World Kabaddi Cup
S. Ashok Bhaura
Phone: 510 415 3315,
Email: ashokbhaura@gmail.com
ਕੁਮੈਂਟੇਟਰ
ਆਸ਼ਾ ਸ਼ਰਮਾ, ਸ਼ਕਤੀ ਮਾਣਕ, ਇਕਬਾਲ ਗਾਲਿਬ, ਮੱਖਣ ਅਲੀ, ਸੁਰਜੀਤ ਕਕਰਾਲੀ
ਵਿਸ਼ਵ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Bay Are Sports Club 2. United Sports Club
3. Metro Sports Club New York 4. Canada Club
ਅੰਡਰ-25 ਟੀਮਾਂ
ਯੁਨਾਈਟਡ ਸਪੋਰਟਸ ਕਲੱਬ
ਬੇਏਰੀਆ ਸਪੋਰਟਸ ਕਲੱਬ
Spectator Have to reach at James Logan High School, International Law of Kabddi will apply, United Sports Club has reserve the right for last decisions.

# Sher-E-Punjab Sports & Cultural Society
# Cincinnati, Dayton, Lima, Columbus (OH)

## Sher-E-Punjab Khed Mela IX

## August 10, 2019

(Saturday, 8am-6pm)

**Traders World**
601 North Union Road, Lebanon, Ohio

**Open Invitation To All**

**Sports, Entertainment and a lot more**

**Sports:** Athletics Games for Men, Women & Kids Races, Three Leg Race, Shot Put, Tug of War & Other Activities. **Kids Attraction:** Inflatable Bounce Houses and Board Games and much more.

**Lucky Draw**
1st Prize Motercycle
2nd Prize
Laptop
*Entry fee $100*



## Singers



Nimma Dallewala





*Women`s Kabaddi Show Match*

**Free Entry & Free Food**

**Media Sponsor**
Charan Pardesi

**Event Sponsored by**

HACKNEY
Since 1891

Tibbi Express Inc.
18 Endeavor Blvd
East Windsor, NJ 08520
Manpreet Singh (Happy Tibbi)
Phone No. (609)947-4777
Tibbi
EXPRESS INC.
FREIGHT SOLUTIONS

GEMINI JEWELERS
Manufacturers & Wholesalers of Exquisite 22K Jewelry
4836 Business Center Way
Cincinnati, OH 45246
Showroom: 513-874-9303 Factory: 513-783-8689
www.GeminiJewelers.com

SHINE AMUSEMENT
Call: 281-786-7933

Khan
SIGNS & AWNINGS

**No alcohol allowed in playing area.**

## Prizes

**Kabaddi**
1st Prize $10,000
2nd Prize $9,000
3rd Prize $ 8,000

**Volleyball**
1st prize $3100
2nd Prize $2100

**Soccer:**
1st Prize $2100
2nd Prize $1500

**Shoot Volleyball**
1st prize $1100
2nd Prize $500

**Kids Games (Cash Awards)**
1st Prize $50
2nd Prize $25

**For Volleyball Contact:**
Happy Mundi 513-816-2636
Parminder Takhar 937-469-0202
Sarabjit Pappal 330-607-3158

**For Kabbadi Contact:**
Surjeet S. Mavi 513-616-4530
Amarik S. Tiwana 513-410-4101
Happy Matot 513-484-7879
Palwinder Dhillon 718-578-5372

**For Soccer Contact:**
Bobby Sidhu 937-919-4799
Goldi Mundi 732-208-2216
Daljeet Dali 513-720-4375

**Advisory Committee:**
Harinder S. Kang, Gurpreet S. Gill, Vineet Gupta, Mani Ram, Parmjit S. Garcha, Bahadur S. Mundi, Narinderpal Tatla.

SHER-E-PUNJAB SPORTS & CULTURAL SOCIETY INC.

**Society Members:**
Amarjit S. Takhar 937-604-0012
Surjeet S. Mavi 513-616-4530
Kumar Pawandeep 937-838-3767
Charanjit S. Brar 317-903-7400
Amarik S. Tiwana 513-410-4101
Amarjit Aggarwal 937-672-1201
Parminder S. Takhar 937-469-0202
Bobby S. Sidhu (937) 919-4799
Gurminder S. Sandhu 513-550-6134
Bahadur S. Kaler 513-446-9687
Jagtar S. Fantu 513-328-7500
Pritampaul Singh 518-469-7864

www.sherepunjabcincy.com
Email :sherepunjabsociety@gmail.com

## Chief Guest (Salhan Family)



Jathedar Tara Singh Salhan | Baldev Singh Salhan | Gurmit Singh Salhan | Sarabjit Singh Salhan

## Special Guest



Jaspreet Singh Attorney At Law | Harry Ghoman Amarveer Ghoman

## Platinum Sponsors



Amarjit Takhar | Charanjit Brar | Amrik Tiwana | Jaswant S Jassi | Harinder Kang | Bobby Sidhu

## Diamond Sponsors



*Surjeet Mavi | Parminder Takhar | Gurminder Sandhu | Amarjit Aggarwal | Bahadur Kaler | Jagtar Fantu | Pritampaul Singh | Gurpreet Gill*



*Palwinder Dhillon | Vineet Gupta | Sukhdev S. Garcha | Pappal Ghotra | Baljit Singh (Maharaja) | Jas (Amber India) | Pushpinder Bhatti | Gurmail S. Fagura | Happy Matot*

## Gold Sponsors




*Kumar Pawandeep | Agyapal S. Batth | Narinder Pal Tatla | Davinder Mundi | Lakhvir Bassi | Nippy Tiwana | Mani Ram | Bobby New Krishna | Gurcharan S. Kang | Inderjit Begowal | Rajesh Rawal | Bittu Brar | Gurjeet S. Hans | Manpreet (Happy Tibbi) | Jasbir S. Dipty | Balvir S. Dhaliwal*




*Lakhvir Singh | Sonu Sirhind | Davinder Kahlon | J S Chema | Sukhminder Pandher | Makhan Badesha | Balbir Batth | Prithpal Ghotra | Malkit S. Uppal | Sam Moreb | Sukhjinder S.Sandhu | Harpal S. Sangha | Gurdeep S. Sidhu | Pal Khalil*

## Silver Sponsors



*Bahadur S. Mundi | Gurpreet Batth | Sohan Lal Gaba | Avtar S. Springfield | Satwant Deol | Mandeep Badesha | Avtar S. Sohal | Kamaljit Singh | Jatinder Bhatti | Gurinder Maneli | Nishan Singh | Sohan Gill*

## Guests of Honor



*Sarwan Tiwana | Amarjit Dhindsa | Didar Dhanoa | Lakha Dhindsa | Gurwinder Babbu | Sarbjit Sidhu | Rimpy Khatra | Dharminder Khatra | Kuldip Lang | Pyara S. Bhatti | Gurmit Batth | Mandip Bhura | Nidhan Singh Matot | Darshan Darar | Varinder Sahi | Happy Heer | Dr. Harjinder Khaira*

**Sponsors:** Rupinder Batth, Sonu Cheema, Harvinder Kang (Binda), Inderjit Singh (KY), Dr. Baljinder Singh, Dalbir Gill, Dr. Ravinder Mann, Gurmeet Bhatti, Amarjit Singh, Gurpreet Cheema, Sat Parkash Chahal, Buta Singh, Nardeep Mavi, Jagtar Singh Xenia, Vicky Singh, Gemini Jewelers, Moreb Wholesales, Janta Transportation, Sunshine Transportation, Speed 1 Transport, DJ Soni, Clarion Hotel, Tigar Style Corp., Makhan Gill, Kirpal Gill, Harpal Gill, Happy & Rubby Dayton, Kang Transport. **Restaurants:** Amber India, Baba India, Guru India, Kanak India, Raja India, New Krishna, Brij Mohan, Krishna Carry Out, Royal Taj, Tandoor India, Indian Bistro, Bombay Star, Curries, Bombay Blazer, Taj Mahal, Aangan Sweets, Indian Spice, Shaan India, Haveli Indian Grill & Cuisine. **Grocers:** Bombay Grocers, Patel Brothers, Niva Grocers, Indian Bazar. **Supporting Organizations:** (Chicago) Shere Punjab Sports & Cultural Club, Punjab Sports Club Midwest, Punjab Sports & Cultural Club, Punjabi Heritage Organization (PHO), Punjabi American Organization, Punjabi Cultural Society (PCS). (Indiana) Punjabi American Youth Club, Five River Entertainment, Meeri-Peeri Sports Club Greenwood. (Michigan) Punjab Sports & Cultural Organization, PCS Kalamazoo and Punjab Sports Club Cleveland (Ohio), Punjabi Heritage Society Kalamazoo.

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

ਪੰਜਾਬੀ ਢਾਬਾ

1480 N. State Road 1, Cambridge City, IN 47327

ਕੈਬਰਿਜ ਸਿਟੀ (ਇੰਡੀਆਨਾ) ਵਿਚ
ਪੰਜਾਬੀ ਢਾਬੇ ਲਈ

ਡਿਸ਼ਵਾਸ਼ਰ, ਹੈਲਪਰ, ਵੇਟਰ
ਅਤੇ ਕੁਕ ਚਾਹੀਦੇ ਹਨ

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ
ਫੋਨ: 317-750-1900

SERVING
Wisconsin & Illinois State

Residential or Commercial
Buying, Selling, Renting or Investing

**Buying:** We will pay for your inspection, appraisal, attorney fees and much more! Have access to more than 60 websites to find your dream home or future investment!

**Selling:** Your listing will be posted to 60 websites and 80 interconnected websites as well as on social media. Have opportunities to market through Pro-photo, Video Open Houses and many more options!

**Best Investment Possibilities:** Call for any type of investment whether it be commercial or residential



*For the best deal call:*
Jesse Singh (e-PRO, SFR , CIAS)
*Broker/Realtor*
Cell: 847-606-3664
25884 E. Route 83, Long Grove, IL 60060
Email: jsingh@remax.net
Web Site: jsingh.illinoisproperty.com

Call and Let's Find a Great Deal for you Today!

First Time Buyer?? Why pay rent if you can buy??
Find out if you are qualified to buy a home!
Call for a free pre approval letter and the best mortgages rates.
Loan Officer Jagmeet Singh (NMLS #378091), Ph: 815-908-7274

RE/MAX COMMERCIAL · RE/MAX PLATINUM CLUB · e-PRO · SFR SHORT SALES & FORECLOSURE RESOURCE · CIAS Certified Investor Agent Specialist

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

One of the Fastest Growing City in America and Best School System...



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



Manjit Singh Nagra
*Realtor/Broker*
Cell: 317-750-1900
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ
ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Gurdeep (Garry) Chhokar
Realtor/Broker
Cell: 317-500-1247

Star Alliance BROKERAGE



We do all type of Home and Commercial Loan. Same day loan approval...